ਸੋਮਵਾਰ, 25 ਅਗਸਤ, 2025
10 ਭਾਦੋਂ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 84

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • MONDAY, 25 AUGUST, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪ੍ਰਿੰਟ-ਲਾਈਨ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

YouTube nawan zamana TV

ਕੀਮਤ/PRICE : 5.00 ਰੁਪਏ | Regd. No : L-4/Pb-JL-0023/2024-26, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

# ਮੁਕਤ ਵਪਾਰ ਸਮਝੌਤੇ ਖ਼ਿਲਾਫ਼ ਮੋਰਚਾ ਲਾਉਣ ਦਾ ਐਲਾਨ

## ਸਮਰਾਲਾ ਦੀ ਮਹਾਂ-ਪੰਚਾਇਤ 'ਚ ਜੁੜੇ ਹਜ਼ਾਰਾਂ ਕਿਸਾਨ





**ਸਮਰਾਲਾ (ਸੁਰਜੀਤ ਸਿੰਘ)**
ਕਿਸਾਨ ਜਥੇਬੰਦੀਆਂ ਦੇ ਭਾਰੀ ਵਿਰੋਧ ਦੇ ਚਲਦਿਆਂ ਪੰਜਾਬ ਸਰਕਾਰ ਵੱਲੋਂ ਐਲਾਨੀ ਆਪਣੀ ਲੈਂਡ ਪੂਲਿੰਗ ਸਕੀਮ ਦਾ ਭੋਗ ਪਾਉਣ ਦਾ ਐਤਵਾਰ ਪੰਜਾਬ ਭਰ ਦੇ ਕਿਸਾਨਾਂ ਨੇ ਸਮਰਾਲਾ ਵਿਚ ਵਰ੍ਹਦੇ ਮੀਂਹ ਵਿੱਚ ਭਾਰੀ ਜਸ਼ਨ ਮਨਾਇਆ। ਸੰਯੁਕਤ ਕਿਸਾਨ ਮੋਰਚੇ ਦੇ ਬੈਨਰ ਹੇਠ ਸੱਦੀ ਮਹਾਂ-ਪੰਚਾਇਤ ਵਿਚ ਕਿਸਾਨ ਆਗੂਆਂ ਨੇ ਕਿਹਾ ਕਿ ਜੰਗ ਅਜੇ ਮੁੱਕੀ ਨਹੀਂ। ਕੇਂਦਰ ਸਰਕਾਰ ਕਾਰਪੋਰੇਟ ਘਰਾਣਿਆਂ ਦੇ ਦਬਾਅ ਹੇਠ ਆ ਕੇ ਕਿਸਾਨ ਮਾਰੂ ਨੀਤੀਆਂ ਲਿਆ ਰਹੀ ਹੈ, ਜਿਹਨਾਂ ਦੇ ਲਾਗੂ ਹੋਣ ਨਾਲ ਕਿਸਾਨ ਤਬਾਹ ਹੋ ਜਾਵੇਗਾ।

ਸੀਨੀਅਰ ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਸੰਘਰਸ਼ ਦਾ ਅਜੇ ਅੰਤ ਨਹੀਂ ਹੋਇਆ। ਆਲਮੀ ਬੈਂਕ ਨੇ ਰਾਜਾਂ ਨੂੰ ਕਰਜ਼ ਦੇਣ ਲਈ ਲੈਂਡ ਬੈਂਕ ਸਥਾਪਤ ਕਰਨ ਦੀ ਸ਼ਰਤ ਆਇਦ ਕਰ ਦਿੱਤੀ ਹੈ। ਉਹਨਾ ਕਿਹਾ ਕਿ ਕਾਰਪੋਰੇਟ ਸੈਕਟਰ ਦੀ ਅੱਖ ਜ਼ਮੀਨ 'ਤੇ ਹੈ। ਉਹਨਾਂ ਦੀ ਮਨਸ਼ਾ ਹੈ ਕਿ ਜੇਕਰ ਜ਼ਮੀਨ ਉਹਨਾਂ ਦੇ ਹੱਥ ਆ ਗਈ ਤਾਂ ਵਪਾਰ 'ਤੇ ਕਬਜ਼ਾ ਹੋ ਜਾਵੇਗਾ। ਉਹਨਾ ਚੇਤਾਵਨੀ ਦਿੱਤੀ ਕਿ ਕੋਈ ਸਰਕਾਰ ਕਿਸਾਨ ਦੀ ਜ਼ਮੀਨ ਖੋਹਣ ਦੀ ਜੁਰਅਤ ਨਾ ਕਰੇ। ਮੁਕਤ ਵਪਾਰ ਸਮਝੌਤੇ ਦੇ ਖਿਲਾਫ ਐੱਸ ਕੇ ਐੱਮ ਵੱਲੋਂ ਵੱਡਾ ਮੋਰਚਾ ਲਾਇਆ ਜਾਵੇਗਾ। ਉਹਨਾ ਪੰਜਾਬ ਸਰਕਾਰ ਦੀ ਆਲੋਚਨਾ ਕਰਦਿਆਂ ਕਿਹਾ ਕਿ ਪੰਜਾਬ ਵਿੱਚ ਸਰਕਾਰ ਨਾਂਅ ਦੀ ਕੋਈ ਚੀਜ਼ ਨਹੀਂ। ਸਰਕਾਰ ਦਿੱਲੀ ਦੇ ਆਕਾਵਾਂ ਦੀ ਕਠਪੁਤਲੀ ਬਣੀ ਹੋਈ ਹੈ। ਅਗਲੀਆਂ ਵਿਧਾਨ ਸਭਾ ਚੋਣਾਂ ਜਿੱਤਣ ਲਈ ਆਮ ਆਦਮੀ ਪਾਰਟੀ ਦੇ ਆਗੂ ਦੀ ਸਾਮ, ਦਾਮ, ਦੰਡ, ਭੇਦ ਵਾਲੀ ਨੀਤੀ ਤਹਿਤ ਚੋਣਾਂ ਜਿੱਤਣ ਦੀ ਚੁਣੌਤੀ ਕਬੂਲ ਹੈ।

ਜੋਗਿੰਦਰ ਸਿੰਘ ਉਗਰਾਹਾਂ ਨੇ ਕਿਹਾ ਕਿ ਸਰਕਾਰ ਨੂੰ ਕਿਸਾਨੀ ਤਾਕਤ ਨੇ ਲੈਂਡ ਪੂਲਿੰਗ ਪਾਲਸੀ ਵਾਪਸ ਲੈਣ ਲਈ ਮਜਬੂਰ ਕੀਤਾ। ਉਹਨਾ ਕਿਹਾ ਕਿ ਇਹ ਸਰਕਾਰ ਦਾ ਕਾਹਲੀ ਵਿਚ ਲਿਆ ਫੈਸਲਾ ਸੀ। ਉਹਨਾ ਕਿਹਾ ਕਿ ਬਹੁ-ਰਾਸ਼ਟਰੀ ਕੰਪਨੀਆਂ ਭਾਰਤ ਵਿੱਚ ਆਪਣੇ ਅੱਡੇ ਸਥਾਪਤ ਕਰਨ ਦੀ ਫ਼ਿਰਾਕ ਵਿਚ ਹਨ। ਉਹ ਕਿਸਾਨਾਂ ਦੀ ਉਪਜਾਊ ਜ਼ਮੀਨ ਆਪਣੇ ਕਬਜ਼ੇ ਵਿਚ ਲੈਣਾ ਚਾਹੁੰਦੀਆਂ ਹਨ। ਅਕਾਲੀ ਅਤੇ ਕਾਂਗਰਸੀ ਅਜਿਹੀ ਪਾਲਸੀ ਦਾ ਪਹਿਲਾਂ ਹੀ ਸਮਰਥਨ ਕਰ ਚੁੱਕੇ ਹਨ। ਉਹ ਕਿਸਾਨਾਂ ਨਾਲ ਉਦੋਂ ਹੀ ਖੜ੍ਹਦੇ ਹਨ, ਜਦੋਂ ਉਹ ਕੁਰਸੀ ਤੋਂ ਲਾਂਭੇ ਹੁੰਦੇ ਹਨ।

• ਬਾਕੀ ਸਫਾ 2 'ਤੇ

# ਚੇਤਨਾ ਮਾਰਚ ਜਥਿਆਂ ਦਾ ਭਰਵਾਂ ਸਵਾਗਤ










**ਚੇਤਨਪੁਰਾ (ਸੁਖਵੰਤ ਚੇਤਨਪੁਰੀ)**
ਭਾਰਤੀ ਕਮਿਊਨਿਸਟ ਪਾਰਟੀ ਦੇ ਮਹਾਂ-ਸੰਮੇਲਨ ਸੰਬੰਧੀ 21 ਅਗਸਤ ਤੋਂ ਸ਼ੁਰੂ ਹੋਏ ਚੇਤਨਾ ਜਥੇ ਦਾ ਅੰਮ੍ਰਿਤਸਰ ਦਿਹਾਤੀ ਜ਼ਿਲ੍ਹੇ ਅੰਦਰ ਕਮਿਊਨਿਸਟ ਪਾਰਟੀ ਦੇ ਬਾਨੀ ਆਗੂ ਅਤੇ ਪ੍ਰਸਿੱਧ ਦੇਸ਼ ਭਗਤ ਸੋਹਨ ਸਿੰਘ ਜੋਸ਼ ਦੀ ਯਾਦਗਾਰ ਪਿੰਡ ਚੇਤਨਪੁਰਾ ਵਿਖੇ ਪੁੱਜਣ 'ਤੇ ਨਿੱਘਾ ਸਵਾਗਤ ਕੀਤਾ ਗਿਆ। ਜਥੇ ਦੀ ਅਗਵਾਈ ਭਾਰਤੀ ਕਮਿਊਨਿਸਟ ਪਾਰਟੀ ਦੇ ਸੂਬਾ ਸਕੱਤਰ ਬੰਤ ਸਿੰਘ ਬਰਾੜ ਨੇ ਕੀਤੀ। ਇਥੇ ਹੋਏ ਇਕੱਠ ਨੂੰ ਕਾਮਰੇਡ ਜੋਸ਼ ਦੇ ਪੋਤਰੇ ਡਾ: ਪਰਮਜੀਤ ਸਿੰਘ, ਸੁਖਵੰਤ ਸਿੰਘ ਅਤੇ ਟਹਿਲ ਸਿੰਘ ਨੇ ਜੀ ਆਇਆਂ ਕਿਹਾ। ਉਪਰੰਤ ਜੋਸ਼ ਜੀ ਦੀ ਯਾਦਗਾਰ 'ਤੇ ਸ਼ਰਧਾ ਦੇ ਫੁੱਲ ਭੇਟ ਕਰਕੇ ਇਹ ਜਥਾ ਮਜੀਠਾ ਸ਼ਹਿਰ ਤੋਂ ਹੁੰਦਾ ਹੋਇਆ ਪਿੰਡ ਗੋਪਾਲਪੁਰਾ ਪੁੱਜਾ, ਜਿਥੇ ਬਲਾਕ ਮਜੀਠਾ ਵੱਲੋਂ ਅਜ਼ਾਦ ਹਿੰਦ ਫੌਜ ਦੇ ਨੇਤਾ ਸੁਭਾਸ਼ ਚੰਦਰ ਬੋਸ਼ ਦੇ ਸਾਥੀ ਗੁਰਮੁਖ ਸਿੰਘ ਜੈ ਹਿੰਦ ਦੀ ਯਾਦ ਵਿੱਚ ਬਲਕਾਰ ਸਿੰਘ ਅਤੇ ਜੋਗਿੰਦਰ ਸਿੰਘ ਗੋਪਾਲਪੁਰਾ ਵੱਲੋਂ ਕੀਤੇ ਇਕੱਠ ਨੂੰ ਸੰਬੋਧਨ ਕਰਦਿਆਂ ਸੂਬਾ ਸਕੱਤਰ ਨੇ ਪਾਰਟੀ ਪ੍ਰੋਗਰਾਮ ਅਤੇ ਅੱਜ ਦੇ ਹਾਲਤਾਂ 'ਤੇ ਚਾਨਣਾ ਪਾਇਆ। ਇਸ ਤੋਂ ਅਗਲਾ ਪ੍ਰੋਗਰਾਮ ਮਜੀਠਾ ਬਲਾਕ ਦੇ ਪਿੰਡ ਰੂਪੋਵਾਲੀ ਵਿਖੇ ਕੀਤਾ ਗਿਆ। ਅੱਤਵਾਦ ਦੌਰਾਨ ਸ਼ਹੀਦ ਹੋਏ ਜਸਵੰਤ ਸਿੰਘ, ਮੰਗਤ ਸਿੰਘ ਰੂਪੋਵਾਲੀ ਅਤੇ ਮਾਸਟਰ ਬਲਦੇਵ ਰਾਜ ਦੀ ਯਾਦ ਵਿੱਚ ਹੋਏ ਸਮਾਗਮ ਸਮੇਂ ਵੱਖ-ਵੱਖ ਆਗੂਆਂ ਨੇ ਵਿਚਾਰ ਰੱਖੇ। ਇਥੇ ਪਹੁੰਚੇ ਜਥੇ ਦਾ ਸਵਾਗਤ ਮੇਜਰ ਸਿੰਘ ਐਡਵੋਕੇਟ, ਸਾਧੂ ਸਿੰਘ ਰੂਪੋਵਾਲੀ ਨੇ ਕੀਤਾ। ਇਸ ਸਮੇਂ ਸ਼ਹੀਦ ਪਰਵਾਰਾਂ ਮੰਗਤ ਸਿੰਘ ਰੂਪੋਵਾਲੀ ਦੀ ਪਤਨੀ ਅਤੇ ਪੁੱਤਰ ਰਣਜੀਤ ਸਿੰਘ, ਮਾਸਟਰ ਬਲਦੇਵ ਰਾਜ ਦੇ ਪੁੱਤਰ ਰੋਸ਼ਨ ਲਾਲ ਅਤੇ ਜਸਵੰਤ ਸਿੰਘ ਦਾ ਭਰਾ ਮੌਜੂਦ ਸਨ।

ਇਥੋਂ ਚੱਲ ਕੇ ਜਥਾ ਤਰਸਿੱਕਾ ਬਲਾਕ ਦੇ ਪਿੰਡ ਅੱਡਾ ਖਜਾਲਾ ਵਿਖੇ ਪਹੁੰਚਿਆ, ਜਿਥੇ ਤਰਸਿੱਕਾ ਬਲਾਕ ਦੇ ਸਕੱਤਰ ਮੰਗਲ ਸਿੰਘ ਖਜਾਲਾ ਦੀ ਅਗਵਾਈ ਹੇਠ ਜਥੇ ਦਾ ਸਵਾਗਤ ਕੀਤਾ ਗਿਆ। ਮੰਗਲ ਸਿੰਘ ਦੀ ਅਗਵਾਈ ਹੇਠ ਜਥੇ ਵੱਲੋਂ ਪਿੰਡ ਮਾਲੋਵਾਲ ਵਿਖੇ ਅੱਤਵਾਦ ਦੌਰਾਨ ਸ਼ਹੀਦ ਹੋਏ ਦਸੌਂਧਾ ਸਿੰਘ ਅਤੇ ਕਿਸਾਨ ਅੰਦੋਲਨ ਦੌਰਾਨ ਸ਼ਹੀਦ ਦਵਿੰਦਰ ਸਿੰਘ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਇਥੇ ਸ਼ਹੀਦ ਪਰਵਾਰ ਵੱਲੋਂ ਜਗਦੇਵ ਸਿੰਘ ਨੇ ਆਏ ਜਥੇ ਨੂੰ ਜੀ ਆਇਆਂ ਕਿਹਾ। ਜਥਾ ਦਾ ਆਖਰੀ ਪ੍ਰੋਗਰਾਮ ਜੰਡਿਆਲਾ ਗੁਰੂ ਸ਼ਹਿਰ ਅੰਦਰ ਸ਼ਹੀਦ ਊਧਮ ਸਿੰਘ ਦੇ ਬੁੱਤ 'ਤੇ ਫੁੱਲ ਮਲਾਵਾਂ ਭੇਟ ਕਰਨ ਤੋਂ ਬਾਅਦ ਬਰਜਿੰਦਰ ਸਿੰਘ ਜੋਸਨ ਅਤੇ ਗੁਰਮੁਖ ਸਿੰਘ ਸ਼ੇਰਗਿੱਲ ਦੀ ਅਗਵਾਈ ਹੇਠ ਉੱਘੇ ਕਮਿਊਨਿਸਟ ਆਗੂਆਂ ਬਾਬੂ ਭਾਨ ਸਿੰਘ ਅਤੇ ਸੋਹਣ ਸਿੰਘ ਜੱਜ ਦੀ ਯਾਦ ਵਿੱਚ ਉਹਨਾਂ ਦੇ ਪਰਵਾਰ ਵੱਲੋਂ ਕਰਵਾਏ ਗਏ ਸਮਾਗਮ ਵਿੱਚ ਪਹੁੰਚਣਾ ਸੀ। ਇਥੇ ਵੱਖ-ਵੱਖ ਸਾਥੀਆਂ ਨੇ ਸੰਬੋਧਨ ਕੀਤਾ। ਜਥਾ ਮਾਰਚ ਨੂੰ ਸੂਬਾ ਸਕੱਤਰ ਬੰਤ ਸਿੰਘ ਬਰਾੜ, ਲਖਬੀਰ ਸਿੰਘ ਨਿਜ਼ਾਮਪੁਰ, ਨਰਿੰਦਰ ਬੱਲ, ਬਲਕਾਰ ਸਿੰਘ ਦੁਧਾਲਾ, ਬਲਵਿੰਦਰ ਸਿੰਘ ਦੁਧਾਲਾ, ਜੋਗਿੰਦਰ ਸਿੰਘ ਗੋਪਾਲਪੁਰਾ, ਮੰਗਲ ਸਿੰਘ ਖਜਾਲਾ, ਗੁਰਮੁਖ ਸਿੰਘ ਸ਼ੇਰਗਿੱਲ, ਗੁਰਦੀਪ ਸਿੰਘ ਗੁਰੂਵਾਲੀ ਅਤੇ ਬਰਜਿੰਦਰ ਸਿੰਘ ਜੋਸਨ ਨੇ ਵੀ ਸੰਬੋਧਨ ਕੀਤਾ।

**ਕੋਟਕਪੂਰਾ (ਰਛਪਾਲ ਭੁੱਲਰ)** : ਭਾਰਤੀ ਕਮਿਊਨਿਸਟ ਪਾਰਟੀ ਦੇ 25ਵੇਂ ਕੌਮੀ ਮਹਾਂ-ਸੰਮੇਲਨ ਦੀਆਂ ਤਿਆਰੀਆਂ ਵਜੋਂ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਸ਼ਹੀਦੀ ਯਾਦਗਾਰ ਹੁਸੈਨੀਵਾਲਾ ਤੋਂ 21 ਅਗਸਤ ਨੂੰ ਰਵਾਨਾ ਹੋਏ ਜੱਥੇ, ਜਿਸ ਨੇ ਵੱਖ-ਵੱਖ ਪੜਾਵਾਂ ਵਿੱਚੋਂ ਦੀ ਹੁੰਦੇ ਹੋਏ 27 ਅਗਸਤ ਨੂੰ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜਨਮ ਸਥਾਨ ਪਿੰਡ ਸਰਾਭਾ ਜ਼ਿਲ੍ਹਾ ਲੁਧਿਆਣਾ ਵਿਖੇ ਪਹੁੰਚਣਾ ਹੈ, ਦਾ ਐਤਵਾਰ ਸ੍ਰੀ ਮੁਕਤਸਰ ਸਾਹਿਬ ਤੋਂ ਬਾਅਦ ਫਰੀਦਕੋਟ ਜ਼ਿਲ੍ਹੇ ਵਿੱਚ ਪ੍ਰਵੇਸ਼ ਕਰਨ 'ਤੇ ਪਿੰਡ ਖਾਰਾ ਵਿਖੇ ਲਾਲ ਝੰਡਿਆਂ ਅਤੇ ਨਾਅਰਿਆਂ ਦੀ ਗੂੰਜ ਵਿੱਚ ਜ਼ੋਰਦਾਰ ਸਵਾਗਤ ਕੀਤਾ ਗਿਆ। ਵੱਖ-ਵੱਖ ਪਿੰਡਾਂ ਅਤੇ ਕੋਟਕਪੂਰਾ ਸ਼ਹਿਰ ਦੇ ਵੱਖ-ਵੱਖ ਬਾਜ਼ਾਰਾਂ ਵਿੱਚੋਂ ਦੀ ਹੁੰਦਾ ਹੋਇਆ ਇਹ ਜੱਥਾ ਸਥਾਨਕ ਪੁਰਾਣਾ ਕਿਲ੍ਹਾ ਦੇ ਕੋਲ ਸ਼ਹੀਦ ਭਗਤ ਸਿੰਘ ਪਾਰਕ ਵਿੱਚ ਪਹੁੰਚਿਆ ਅਤੇ ਵਿਸ਼ਾਲ ਜਨ ਸਭਾ ਕੀਤੀ ਗਈ। ਇਸ ਮੌਕੇ ਸੰਬੋਧਨ ਕਰਦੇ ਹੋਏ ਭਾਰਤੀ ਕਮਿਊਨਿਸਟ ਪਾਰਟੀ ਦੇ ਕੌਮੀ ਕੌਂਸਲ ਮੈਂਬਰ ਅਤੇ ਸਾਬਕਾ ਵਿਧਾਇਕ ਹਰਦੇਵ ਅਰਸ਼ੀ ਨੇ ਕਿਹਾ ਕਿ ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਦੌਰਾਨ ਬਰਤਾਨਵੀ ਸਾਮਰਾਜ ਖਿਲਾਫ਼ ਅਤੇ ਬਾਅਦ ਵਿੱਚ ਸਰਕਾਰਾਂ ਦੀਆਂ ਲੋਕ-ਵਿਰੋਧੀ ਨੀਤੀਆਂ ਖਿਲਾਫ਼ ਸੰਘਰਸ਼ਾਂ ਦਾ ਭਾਰਤੀ ਕਮਿਊਨਿਸਟ ਪਾਰਟੀ ਦਾ ਸ਼ਾਨਾਮੱਤਾ ਇਤਿਹਾਸ ਹੈ, ਜਿਸ ਦਾ ਹਰ ਕਮਿਊਨਿਸਟ ਨੂੰ ਮਾਣ ਹੈ।

ਜ਼ਿਲ੍ਹਾ ਫਰੀਦਕੋਟ ਦੇ ਸਕੱਤਰ ਅਸ਼ੋਕ ਕੌਸ਼ਲ ਨੇ ਕਿਹਾ ਕਿ ਕਮਿਊਨਿਸਟ ਪਾਰਟੀ ਨੇ ਬੜੇ ਔਖੇ ਹਾਲਾਤ ਵਿੱਚ ਵੀ ਮਿਹਨਤਕਸ਼ ਵਰਗ ਦੇ ਹੱਕਾਂ ਦੀ ਰਾਖੀ ਕੀਤੀ, ਪਰ ਕਦੇ ਵੀ ਅਸੂਲਾਂ ਨਾਲ ਸਮਝੌਤਾ ਨਹੀਂ ਕੀਤਾ। ਉਹਨਾ 21 ਸਤੰਬਰ ਦੀ ਰੈਲੀ ਵਿੱਚ ਤਿੰਨ ਸੌ ਵਰਕਰ ਸ਼ਾਮਲ ਕਰਵਾਉਣ ਦਾ ਭਰੋਸਾ ਦਿਵਾਇਆ।

ਰੈਲੀ ਨੂੰ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੇ ਸੂਬਾ ਪ੍ਰਧਾਨ ਰਮਨ ਧਰਮੂਵਾਲਾ, ਆਸ਼ਾ ਵਰਕਰਾਂ ਦੀ ਸੂਬਾ ਪ੍ਰਧਾਨ ਅਮਰਜੀਤ ਕੌਰ ਰਣ ਸਿੰਘ ਵਾਲਾ ਹਰਪਾਲ ਮਚਾਕੀ, ਬਲਕਾਰ ਸਿੰਘ ਸਹੋਤਾ, ਕਿਸਾਨ ਆਗੂ ਸੁਖਜਿੰਦਰ ਸਿੰਘ ਤੂੰਬੜਭੰਨ, ਪਾਰਟੀ ਦੇ ਜ਼ਿਲ੍ਹਾ ਮੀਤ ਸਕੱਤਰ ਗੁਰਨਾਮ ਸਿੰਘ ਮਾਨੀ ਸਿੰਘ ਵਾਲਾ, ਨਰੇਗਾ ਮਜ਼ਦੂਰ ਆਗੂ ਵੀਰ ਸਿੰਘ ਕੰਮੇਆਣਾ ਗੋਰਾ ਪਿਪਲੀ, ਸੀ ਪੀ ਆਈ ਐੱਮ ਦੇ ਜ਼ਿਲਾ ਆਗੂ ਅਸ਼ਵਨੀ ਕੁਮਾਰ, ਪੈਨਸ਼ਨਰ ਆਗੂ ਕੁਲਵੰਤ

• ਬਾਕੀ ਸਫਾ 2 'ਤੇ

# ਬਿਹਾਰ 'ਚ ਸਾਂਝਾ ਚੋਣ ਮੈਨੀਫੈਸਟੋ ਜਾਰੀ ਕਰਾਂਗੇ : ਰਾਹੁਲ



**ਅਰਰੀਆ** : ਕਾਂਗਰਸੀ ਆਗੂ ਰਾਹੁਲ ਗਾਂਧੀ ਨੇ ਕਿਹਾ ਕਿ ਬਿਹਾਰ ਦੇ ਸਾਰੇ ਹਲਕਿਆਂ 'ਚ ਵਿਧਾਨ ਸਭਾ ਚੋਣਾਂ ਲਈ 'ਇੰਡੀਆ' ਗੱਠਜੋੜ ਮਿਲ ਕੇ ਕੰਮ ਕਰ ਰਿਹਾ ਹੈ ਅਤੇ ਨਤੀਜੇ ਸਾਰਥਕ ਹੋਣਗੇ।

'ਵੋਟ ਅਧਿਕਾਰ ਯਾਤਰਾ' ਦੌਰਾਨ ਬਿਹਾਰ ਦੇ ਅਰਰੀਆ ਵਿੱਚ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਉਨ੍ਹਾ ਚੋਣ ਕਮਿਸ਼ਨ ਅਤੇ ਭਾਜਪਾ ਵਿਚਕਾਰ ਮਿਲੀਭੁਗਤ ਦਾ ਦੋਸ਼ ਦੁਹਰਾਇਆ। ਉਨ੍ਹਾ ਕਿਹਾ ਕਿ ਇਸ ਸਾਲ ਦੇ ਅੰਤ ਵਿੱਚ ਚੋਣਾਂ ਲਈ ਇੰਡੀਆ ਗੱਠਜੋੜ ਇੱਕ ਸਾਂਝਾ ਚੋਣ ਮੈਨੀਫੈਸਟੋ ਲੈ ਕੇ ਆਵੇਗਾ। ਉਨ੍ਹਾ ਕਿਹਾ, 'ਯਾਤਰਾ ਸਫਲ ਰਹੀ ਅਤੇ ਲੋਕ ਜਥੇਬੰਦਕ ਤੌਰ 'ਤੇ ਯਾਤਰਾ ਵਿੱਚ ਸ਼ਾਮਲ ਹੋ ਰਹੇ ਹਨ। ਇਹ ਸਪੱਸ਼ਟ ਹੈ ਕਿ ਬਿਹਾਰ ਦੇ ਕਰੋੜਾਂ ਲੋਕ ਵੋਟ ਚੋਰੀ ਦੇ ਸਾਡੇ ਦਾਅਵੇ 'ਤੇ ਵਿਸ਼ਵਾਸ ਕਰਦੇ ਹਨ, ਜਿਸ ਕਾਰਨ ਤੁਸੀਂ ਇਹ ਜਵਾਬ ਦੇਖ ਸਕਦੇ ਹੋ। ਚੋਣ ਕਮਿਸ਼ਨ ਦਾ ਕੰਮ ਸਹੀ ਵੋਟਰ ਸੂਚੀ ਦੇਣਾ ਹੈ, ਜੋ ਉਨ੍ਹਾਂ ਮਹਾਰਾਸ਼ਟਰ, ਹਰਿਆਣਾ ਅਤੇ ਕਰਨਾਟਕ ਵਿੱਚ ਨਹੀਂ ਕੀਤਾ।'

ਪ੍ਰਿਅੰਕਾ ਗਾਂਧੀ 26-27 ਅਗਸਤ ਨੂੰ ਸੁਪੌਲ ਤੇ ਸੀਤਾਮੜ੍ਹੀ ਵਿੱਚ ਵੋਟ ਅਧਿਕਾਰ ਯਾਤਰਾ 'ਚ ਸ਼ਾਮਲ ਹੋਵੇਗੀ। ਉਹ ਮਹਿਲਾਵਾਂ ਦੇ ਤਿਉਹਾਰ ਹਰਤਾਲਿਕਾ ਤੀਜ ਦੌਰਾਨ ਬਿਹਾਰ ਆਵੇਗੀ।

## 98.2 ਫੀਸਦੀ ਵੋਟਰਾਂ ਨੇ ਦਸਤਾਵੇਜ਼ ਜਮ੍ਹਾਂ ਕਰਾ'ਤੇ

**ਨਵੀਂ ਦਿੱਲੀ** : ਚੋਣ ਕਮਿਸ਼ਨ ਮੁਤਾਬਕ ਹੁਣ ਤੱਕ 98.2 ਫੀਸਦ ਵੋਟਰਾਂ ਦੇ ਦਸਤਾਵੇਜ਼ ਜਮ੍ਹਾਂ ਕੀਤੇ ਜਾ ਚੁੱਕੇ ਹਨ ਅਤੇ ਹੁਣ ਵੋਟਰ ਸੂਚੀ ਦੀ ਵਿਆਪਕ ਸੁਧਾਈ ਦੇ ਤਹਿਤ ਪ੍ਰਕਾਸ਼ਤ ਬਿਹਾਰ ਦੀ ਡਰਾਫਟ ਵੋਟਰ ਸੂਚੀ 'ਤੇ ਦਾਅਵੇ ਅਤੇ ਇਤਰਾਜ਼ ਦਾਇਰ ਕਰਨ ਲਈ ਸਿਰਫ ਅੱਠ ਦਿਨ ਬਾਕੀ ਹਨ। ਕਮਿਸ਼ਨ ਨੇ ਕਿਹਾ ਕਿ ਦਾਅਵੇ ਅਤੇ ਇਤਰਾਜ਼ ਦਾਇਰ ਕਰਨ ਦੀ ਮਿਆਦ ਦੇ ਦੌਰਾਨ ਵੋਟਰਾਂ ਨੂੰ ਨਾ ਸਿਰਫ ਡਰਾਫਟ ਸੂਚੀ 'ਚ ਗਲਤੀਆਂ ਸੁਧਾਰਨ ਦਾ ਮੌਕਾ ਮਿਲਦਾ ਹੈ, ਸਗੋਂ ਆਪਣੇ ਜ਼ਰੂਰੀ ਦਸਤਾਵੇਜ਼ ਵੀ ਜਮ੍ਹਾਂ ਕਰਾਉਣ ਦਾ ਮੌਕਾ ਮਿਲਦਾ ਹੈ, ਜੋ ਉਨ੍ਹਾਂ ਆਪਣਾ ਫਾਰਮ ਜਮ੍ਹਾਂ ਕਰਦੇ ਸਮੇਂ ਨਹੀਂ ਦਿੱਤਾ ਹੋਵੇਗਾ।

ਕਮਿਸ਼ਨ ਨੇ ਕਿਹਾ, 'ਬਿਹਾਰ ਦੇ ਮੁੱਖ ਚੋਣ ਅਧਿਕਾਰੀ ਦੇ ਦਫ਼ਤਰ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਹੁਣ ਤੱਕ 98.2 ਪ੍ਰਤੀਸ਼ਤ ਵੋਟਰਾਂ ਦੇ ਦਸਤਾਵੇਜ਼ ਪ੍ਰਾਪਤ ਹੋ ਚੁੱਕੇ ਹਨ। 24 ਜੂਨ ਤੋਂ 24 ਅਗਸਤ ਤੱਕ 60 ਦਿਨਾਂ ਵਿੱਚ ਇਹ ਦਸਤਾਵੇਜ਼ ਜਮ੍ਹਾਂ ਹੋਏ ਹਨ। ਇਸ ਦਾ ਮਤਲਬ ਹੈ ਕਿ ਔਸਤਨ ਲਗਭਗ 1.64 ਫੀਸਦੀ ਵੋਟਰਾਂ ਨੇ ਪ੍ਰਤੀ ਦਿਨ ਆਪਣੇ ਦਸਤਾਵੇਜ਼ ਜਮ੍ਹਾਂ ਕੀਤੇ ਹਨ। 1 ਸਤੰਬਰ ਤੱਕ ਅੱਠ ਦਿਨ ਬਾਕੀ ਹਨ ਤੇ 1.8 ਪ੍ਰਤੀਸ਼ਤ ਵੋਟਰਾਂ ਨੇ ਆਪਣੇ ਦਸਤਾਵੇਜ਼ ਜਮ੍ਹਾਂ ਨਹੀਂ ਕੀਤੇ।

## ਧਰਮਕੋਟੀਆਂ ਵੱਲੋਂ ਸੂਰਤ ਸਿੰਘ ਧਰਮਕੋਟ ਰਾਹੀਂ 37 ਹਜ਼ਾਰ ਦੀ ਸਹਾਇਤਾ



ਮਾਸਟਰ ਸੁਖਦੇਵ ਸਿੰਘ ਜਲਾਲਾਬਾਦ (ਪੂਰਬੀ) ਸੂਰਤ ਸਿੰਘ ਧਰਮਕੋਟ ਨੂੰ ਸਹਿਯੋਗ ਰਾਸ਼ੀ ਸੌਂਪਦੇ ਹੋਏ, ਨਾਲ ਹਨ ਹਰਦਿਆਲ ਸਿੰਘ ਘਾਲੀ।

**ਸ਼ਾਹਕੋਟ (ਗਿਆਨ ਸੈਦਪੁਰੀ)**-ਧਰਮਕੋਟ ਖੇਤਰ ਦੇ ਕਮਿਊਨਿਸਟਾਂ ਵੱਲੋਂ ਸੀ ਪੀ ਆਈ ਦੇ ਮਹਾਂ-ਸੰਮੇਲਨ ਲਈ ਆਰਥਿਕ ਸਹਿਯੋਗ ਦਾ ਸਿਲਸਿਲਾ ਨਿਰੰਤਰ ਜਾਰੀ ਹੈ। ਇਸੇ ਸਿਲਸਿਲੇ ਤਹਿਤ ਕੁੱਲ ਹਿੰਦ ਕਿਸਾਨ ਸਭਾ ਪੰਜਾਬ ਦੇ ਸੀਨੀਅਰ ਮੀਤ ਪ੍ਰਧਾਨ ਸੂਰਤ ਸਿੰਘ ਧਰਮਕੋਟ ਰਾਹੀਂ 37 ਹਜ਼ਾਰ ਰੁਪਏ ਦਾ ਸਹਿਯੋਗ ਪ੍ਰਾਪਤ ਹੋਇਆ ਹੈ। ਸਾਥੀ ਧਰਮਕੋਟ ਦੀ ਅਪੀਲ 'ਤੇ ਬੀਬੀ ਮਹਿੰਦਰ ਕੌਰ ਪਤਨੀ ਸਵਰਨ ਸਿੰਘ ਭਿੰਡਰ ਵੱਲੋਂ 5000 ਰੁਪਏ, ਮਾਸਟਰ ਮੇਜਰ ਸਿੰਘ ਭਿੰਡਰ ਵੱਲੋਂ 11000 ਰੁਪਏ, ਮਾਸਟਰ ਮਹਿੰਦਰ ਸਿੰਘ ਭਿੰਡਰ ਵੱਲੋਂ 5000 ਰੁਪਏ, ਮਾਸਟਰ ਸੁਰਿੰਦਰ ਸਿੰਘ ਤੂਰ ਵੱਲੋਂ 5000 ਰੁਪਏ ਅਤੇ ਮਾਸਟਰ ਸੁਖਦੇਵ ਸਿੰਘ ਸੰਧੂ ਜਲਾਲਾਬਾਦ (ਪੂਰਬੀ) ਵੱਲੋਂ 11000 ਰੁਪਏ ਦੀ ਰਾਸ਼ੀ ਪ੍ਰਾਪਤ ਹੋਈ ਹੈ। ਸੂਰਤ ਸਿੰਘ ਧਰਮਕੋਟ ਨੇ ਸਹਾਇਤਾ ਕਰਨ ਵਾਲੇ ਸਾਥੀਆਂ ਦਾ ਧੰਨਵਾਦ ਕੀਤਾ ਹੈ।

## ਪੁਜਾਰਾ ਨੇ ਲਿਆ ਸੰਨਿਆਸ

**ਮੁੰਬਈ** : ਚੇਤੇਸ਼ਵਰ ਪੁਜਾਰਾ ਨੇ ਸਾਰੇ ਫਾਰਮੈਟਾਂ ਤੋਂ ਕ੍ਰਿਕਟ ਨੂੰ ਅਲਵਿਦਾ ਕਹਿਣ ਦਾ ਐਲਾਨ ਕੀਤਾ ਹੈ। ਪੁਜਾਰਾ ਨੇ ਭਾਰਤ ਲਈ 103 ਟੈਸਟ ਮੈਚਾਂ ਵਿੱਚ 43.60 ਦੀ ਔਸਤ ਨਾਲ 7195 ਦੌੜਾਂ ਬਣਾਈਆਂ। ਇਸ ਦੌਰਾਨ ਉਸ ਨੇ 19 ਸੈਂਕੜੇ ਅਤੇ 35 ਅਰਧ ਸੈਂਕੜੇ ਲਗਾਏ। ਪੁਜਾਰਾ ਨੇ ਭਾਰਤ ਲਈ ਆਪਣਾ ਆਖਰੀ ਮੈਚ ਸਾਲ 2023 ਵਿੱਚ ਵਿਸ਼ਵ ਟੈਸਟ ਚੈਂਪੀਅਨਸ਼ਿਪ ਦੇ ਫਾਈਨਲ ਵਿੱਚ ਖੇਡਿਆ ਸੀ। ਇਸ ਤੋਂ ਬਾਅਦ ਪੁਜਾਰਾ ਨੂੰ ਟੀਮ ਤੋਂ ਬਾਹਰ ਕਰ ਦਿੱਤਾ ਗਿਆ।

# ਮੰਡਿਆਲਾ ਅਗਨੀ ਕਾਂਡ 'ਚ 4 ਗ੍ਰਿਫ਼ਤਾਰ

## ਮ੍ਰਿਤਕਾਂ ਦੀ ਗਿਣਤੀ 7 ਹੋਈ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ/ ਓ ਪੀ ਰਾਣਾ)**
ਜ਼ਿਲ੍ਹਾ ਹੁਸ਼ਿਆਰਪੁਰ ਦੇ ਅੱਡਾ ਮੰਡਿਆਲਾ ਵਿਖੇ ਐੱਚ ਪੀ ਗੈਸ ਟੈਂਕਰ ਅਤੇ ਮਹਿੰਦਰਾ ਪਿੱਕਅੱਪ ਗੱਡੀ ਦੀ ਟੱਕਰ ਦੌਰਾਨ ਵਾਪਰੇ ਅਗਨੀ ਕਾਂਡ ਦੇ ਮਾਮਲੇ 'ਚ ਪੁਲਸ ਨੇ 4 ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਇਹਨਾਂ 'ਚ ਡਰਾਈਵਰ ਅਤੇ ਗੈਸ ਚੋਰੀ ਦਾ ਧੰਦਾ ਚਲਾਉਣ ਵਾਲੇ 3 ਵਿਅਕਤੀ ਸ਼ਾਮਲ ਹਨ। ਐੱਸ ਐੱਸ ਪੀ ਸੰਦੀਪ ਮਲਿਕ ਨੇ ਐਤਵਾਰ ਪ੍ਰੈੱਸ ਕਾਨਫਰੰਸ ਵਿੱਚ ਦੱਸਿਆ ਕਿ ਡਰਾਈਵਰ ਵੱਲੋਂ ਇਹ ਜਾਣਦੇ ਹੋਏ ਕਿ ਟੈਂਕਰ ਵਿਚ ਮੌਜੂਦ ਜਲਣਸ਼ੀਲ ਪਦਾਰਥ ਨਾਲ ਆਮ ਲੋਕਾਂ ਦਾ ਜਾਨੀ-ਮਾਲੀ ਨੁਕਸਾਨ ਹੋ ਸਕਦਾ ਹੈ, ਟੈਂਕਰ ਨੂੰ ਤੰਗ ਲਿੰਕ ਰੋਡ ਵੱਲ ਲੈ ਕੇ ਜਾਣ ਕਰਕੇ ਇਹ ਹਾਦਸਾ ਵਾਪਰਿਆ। ਪੰਧੇਰ ਖੇੜੀ, ਥਾਣਾ ਮਲੌਦ, ਜ਼ਿਲ੍ਹਾ ਖੰਨਾ ਦਾ ਡਰਾਈਵਰ ਸੁਖਜੀਤ ਸੁਖਚੈਨ ਸਿੰਘ ਸੁੱਖਾ ਵਾਸੀ ਰਾਮ ਨਗਰ ਢੇਹਾ ਦੇ ਡੇਰੇ 'ਤੇ ਜਾ ਰਿਹਾ ਸੀ, ਕਿਉਂਕਿ ਸੁੱਖਾ ਗੈਸ ਪਲਾਂਟ ਵਿੱਚੋਂ ਆਉਂਦੇ ਟੈਂਕਰਾਂ ਦੇ ਡਰਾਈਵਰਾਂ ਨਾਲ ਮਿਲੀਭਗਤ ਕਰਕੇ ਟੈਂਕਰਾਂ ਵਿਚੋਂ ਗੈਰ-ਕਾਨੂੰਨੀ ਤਰੀਕੇ ਨਾਲ ਜੁਗਾੜੂ ਪਾਈਪ ਦੀ ਮਦਦ ਨਾਲ ਗੈਸ ਕੱਢ ਕੇ ਸਿਲੰਡਰਾਂ ਵਿੱਚ ਭਰ ਕੇ ਅੱਗੇ ਗਾਹਕਾਂ ਨੂੰ ਵੇਚਦਾ ਹੈ।

ਤਫਤੀਸ਼ ਦੌਰਾਨ ਸਾਹਮਣੇ ਆਇਆ ਕਿ ਅਵਤਾਰ ਸਿੰਘ ਉਰਫ ਮਤੀ ਵਾਸੀ ਜੰਡੀ ਥਾਣਾ ਬੁੱਲ੍ਹੋਵਾਲ, ਰਮੇਸ਼ ਕੁਮਾਰ ਅਤੇ ਰਾਜ ਕੁਮਾਰ ਵਾਸੀਆਨ ਲੰਮਾ ਪਿੰਡ, ਜਲੰਧਰ ਵੀ ਗੈਸ ਟੈਂਕਰਾਂ ਦੇ ਡਰਾਈਵਰਾਂ ਨਾਲ ਮਿਲੀਭੁਗਤ ਕਰਕੇ ਟੈਂਕਰਾਂ ਵਿੱਚੋਂ ਗੈਸ ਕੱਢ ਕੇ ਅੱਗੇ ਸਿਲੰਡਰਾਂ ਵਿੱਚ ਭਰ ਕੇ ਆਪਣੇ ਗਾਹਕਾਂ ਨੂੰ ਵੇਚਦੇ ਹਨ। ਉਹਨਾ ਦੱਸਿਆ ਕਿ ਮਹਿੰਦਰਾ ਜੀਪ ਦੇ ਡਰਾਈਵਰ ਦਾ ਹਾਲੇ ਤੱਕ ਕੁਝ ਵੀ ਪਤਾ ਨਹੀਂ ਲੱਗ

• ਬਾਕੀ ਸਫਾ 2 'ਤੇ

## ਯੂ ਜੀ ਸੀ ਵੱਲੋਂ ਕੁਝ ਆਨਲਾਈਨ ਕੋਰਸਾਂ 'ਤੇ ਰੋਕ

**ਨਵੀਂ ਦਿੱਲੀ** : ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂ ਜੀ ਸੀ) ਨੇ ਸਾਰੇ ਉੱਚ ਸਿੱਖਿਆ ਸੰਸਥਾਨਾਂ ਨੂੰ 2025 ਦੇ ਅਕਾਦਮਿਕ ਸੈਸ਼ਨ ਤੋਂ ਸਿਹਤ ਸੰਭਾਲ ਅਤੇ ਸਹਾਇਕ ਵਿਸ਼ਿਆਂ, ਜਿਵੇਂ ਮਨੋਵਿਗਿਆਨ ਅਤੇ ਪੋਸ਼ਣ ਵਿਸ਼ਿਆਂ ਦੇ ਓਪਨ ਅਤੇ ਡਿਸਟੈਂਸ ਲਰਨਿੰਗ ਜਾਂ ਆਨਲਾਈਨ ਮੋਡ ਰਾਹੀਂ ਪ੍ਰੋਗਰਾਮਾਂ ਦੀ ਪੇਸ਼ਕਸ਼ ਬੰਦ ਕਰਨ ਦਾ ਨਿਰਦੇਸ਼ ਦਿੱਤਾ ਹੈ।

ਇਹ ਪਾਬੰਦੀ ਨੈਸ਼ਨਲ ਕਮਿਸ਼ਨ ਫਾਰ ਅਲਾਈਡ ਐਂਡ ਹੈੱਲਥ ਕੇਅਰ ਪ੍ਰੋਫੈਸ਼ਨਜ਼ ਐਕਟ 2021 ਦੇ ਅਧੀਨ ਕੋਰਸਾਂ 'ਤੇ ਲਾਗੂ ਹੁੰਦੀ ਹੈ। ਇਨ੍ਹਾਂ ਵਿੱਚ ਮਨੋਵਿਗਿਆਨ, ਸੂਖਮ ਜੀਵ ਵਿਗਿਆਨ, ਭੋਜਨ ਅਤੇ ਪੋਸ਼ਣ ਵਿਗਿਆਨ, ਬਾਇਓ ਟੈਕਨਾਲੋਜੀ, ਕਲੀਨੀਕਲ ਪੋਸ਼ਣ ਅਤੇ ਖੁਰਾਕ ਵਿਗਿਆਨ ਸ਼ਾਮਲ ਹਨ। ਯੂ ਜੀ ਸੀ ਦੇ ਸਕੱਤਰ ਮਨੀਸ਼ ਜੋਸ਼ੀ ਨੇ ਕਿਹਾ, 'ਕਿਸੇ ਵੀ ਉੱਚ ਵਿਦਿਅਕ ਸੰਸਥਾ ਨੂੰ ਜੁਲਾਈ-ਅਗਸਤ 2025 ਅਤੇ ਉਸ ਤੋਂ ਬਾਅਦ ਦੇ ਅਕਾਦਮਿਕ ਸੈਸ਼ਨ ਤੋਂ ਕਿਸੇ ਵੀ ਸਹਾਇਕ ਅਤੇ ਸਿਹਤ ਸੰਭਾਲ ਪ੍ਰੋਗਰਾਮ ਦੀ ਪੇਸ਼ਕਸ਼ ਕਰਨ ਦੀ ਇਜਾਜ਼ਤ ਨਹੀਂ ਹੋਵੇਗੀ, ਜਿਸ ਵਿੱਚ ਓਪਨ ਅਤੇ ਡਿਸਟੈਂਸ ਲਰਨਿੰਗ ਅਤੇ ਆਨਲਾਈਨ ਮੋਡ ਅਧੀਨ ਮਨੋਵਿਗਿਆਨ ਨੂੰ ਵਿਸ਼ੇਸ਼ਤਾ ਵਜੋਂ ਸ਼ਾਮਲ ਕੀਤਾ ਗਿਆ ਹੈ। ਜੁਲਾਈ-ਅਗਸਤ 2025 ਅਤੇ ਉਸ ਤੋਂ ਬਾਅਦ ਦੇ ਅਕਾਦਮਿਕ ਸੈਸ਼ਨ ਲਈ ਅਜਿਹੇ ਪ੍ਰੋਗਰਾਮਾਂ ਦੀ ਪੇਸ਼ਕਸ਼ ਕਰਨ ਲਈ ਪਹਿਲਾਂ ਦਿੱਤੀ ਗਈ ਕੋਈ ਵੀ ਮਾਨਤਾ ਯੂ ਜੀ ਸੀ ਦੁਆਰਾ ਵਾਪਸ ਲੈ ਲਈ ਜਾਵੇਗੀ।' ਸੰਸਥਾਵਾਂ ਨੂੰ ਨਿਰਦੇਸ਼ ਦਿੱਤਾ ਗਿਆ ਹੈ ਕਿ ਉਹ ਆਉਣ ਵਾਲੇ ਅਕਾਦਮਿਕ ਸੈਸ਼ਨ ਤੋਂ ਅਜਿਹੇ ਪ੍ਰੋਗਰਾਮਾਂ ਵਿੱਚ ਕਿਸੇ ਵੀ ਵਿਦਿਆਰਥੀ ਨੂੰ ਦਾਖਲਾ ਨਾ ਦੇਣ।

## ਜੰਗੀਰ ਸਿੰਘ ਜੋਗਾ ਆਖਰੀ ਸਾਹਾਂ ਤੱਕ ਲੋਕਾਂ ਦੀ ਖ਼ੁਸ਼ਹਾਲੀ ਲਈ ਲੜੇ : ਮਾੜੀਮੇਘਾ



**ਜੋਗਾ** : ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਬਾਨੀਆਂ 'ਚੋਂ ਇੱਕ ਉੱਘੇ ਸੁਤੰਤਰਤਾ ਸੈਨਾਨੀ ਜੰਗੀਰ ਸਿੰਘ ਜੋਗਾ ਦੀ ਬਰਸੀ ਉਨ੍ਹਾ ਦੇ ਪਿੰਡ ਜੋਗਾ ਵਿਖੇ ਉਨ੍ਹਾ ਦੇ ਪੁੱਤਰ ਡਾਕਟਰ ਗੁਰਦਰਸ਼ਨ ਸਿੰਘ ਜੋਗਾ ਅਤੇ ਉਨ੍ਹਾ ਦੀ ਧੀ ਅੰਮ੍ਰਿਤਪਾਲ ਕੌਰ ਦੇ ਉਪਰਾਲੇ ਨਾਲ ਮਨਾਈ ਗਈ। ਸੁਖਮਨੀ ਸਾਹਿਬ ਦੇ ਭੋਗ ਤੋਂ ਬਾਅਦ ਕੀਰਤਨ ਹੋਇਆ। ਝੰਡਾ ਲਹਿਰਾਉਣ ਤੋਂ ਬਾਅਦ ਸੰਬੋਧਨ ਦੌਰਾਨ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਜਨਰਲ ਸਕੱਤਰ ਪਿਰਥੀਪਾਲ ਸਿੰਘ ਮਾੜੀਮੇਘਾ ਨੇ ਕਿਹਾ ਕਿ ਜੋਗਾ ਜੀ ਇੱਕ ਮਹਾਨ ਦੇਸ਼ ਭਗਤ ਸਨ। ਉਨ੍ਹਾ ਆਖਰੀ ਸਾਹਾਂ ਤੱਕ ਹਿੰਦੁਸਤਾਨ ਦੀ ਵਸੋਂ ਦੀ ਖ਼ੁਸ਼ਹਾਲੀ ਵਾਸਤੇ ਲੋਕਾਂ ਨੂੰ ਲਾਮਬੰਦ ਕੀਤਾ। ਉਹ ਵਿਧਾਨ ਸਭਾ ਦੇ ਮੈਂਬਰ ਵੀ ਰਹੇ ਅਤੇ ਅਸੰਬਲੀ ਵਿੱਚ ਵੀ ਨਿਡਰ ਹੋ ਕੇ ਉਨ੍ਹਾ ਲੋਕ ਮਸਲੇ ਹੱਲ ਕਰਵਾਉਣ ਦੀ ਕੋਸ਼ਿਸ਼ ਕੀਤੀ। ਜੋਗਾ ਜੀ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੁੱਖ ਕਰਤਿਆਂ ਵਿੱਚੋਂ ਇੱਕ ਸਨ। ਦੇਸ਼ ਭਗਤ ਯਾਦਗਾਰ ਕਮੇਟੀ ਵਰਗੀ ਸੰਸਥਾ ਦੁਨੀਆ ਵਿੱਚ ਨਹੀਂ ਹੈ। ਇਸ ਸੰਸਥਾ ਨੂੰ ਅਗਾਂਹਵਧੂ ਧਿਰਾਂ ਚਲਾ ਰਹੀਆਂ ਹਨ। ਇਹ ਸੰਸਥਾ ਆਪਣੇ ਆਜ਼ਾਦੀ ਘੁਲਾਟੀਆਂ ਦਾ ਇਤਿਹਾਸ ਸਾਂਭਣ ਅਤੇ ਉਨ੍ਹਾਂ ਦੇ ਸੁਪਨਿਆਂ ਦਾ ਪ੍ਰਚਾਰ ਅਤੇ ਪਾਸਾਰ ਕਰਨ ਵਾਲੀ ਹੈ। ਮਾੜੀਮੇਘਾ ਨੇ ਕਿਹਾ ਹਰ ਸਾਲ ਗਦਰੀ ਦੇਸ਼ ਭਗਤਾਂ ਦੀ ਯਾਦ 'ਚ ਦੇਸ਼ ਭਗਤ ਯਾਦਗਾਰ ਕੰਪਲੈਕਸ ਜਲੰਧਰ ਵਿੱਚ ਮੇਲਾ ਗ਼ਦਰੀ ਬਾਬਿਆਂ ਦਾ ਲਗਦਾ ਹੈ। ਇਸ ਵਾਰ 34 ਵਾਂ ਮੇਲਾ ਗ਼ਦਰੀ ਬਾਬਿਆਂ ਦਾ 30-31 ਅਕਤੂਬਰ ਅਤੇ ਪਹਿਲੀ ਨਵੰਬਰ ਨੂੰ ਲੱਗ

• ਬਾਕੀ ਸਫਾ 2 'ਤੇ

## ਅੱਜ-ਨਾਮਾ

ਭਾਜਪਾ ਲੀਡਰ ਆ ਸੋਚ ਰਹੇ ਸੁਣੇ ਜਾਂਦੇ,
ਚੱਲਣੀ ਕਿਹੜੀ ਪੰਜਾਬ ਵੱਲ ਚਾਲ ਬੇਲੀ।
ਪਾਰਟੀ ਆਪ ਜਾਂ ਕਾਂਗਰਸ ਆਗੂਆਂ ਦਾ,
ਲੋਕਾਂ ਅੰਦਰ ਹੈ ਕਿਹੋ ਜਿਹਾ ਹਾਲ ਬੇਲੀ।
ਬਣੇ ਪਏ ਜਿਹੜੇ ਦੋ ਧੜੇ ਅਕਾਲੀਆਂ ਦੇ,
ਕੀਹਦੇ ਮਗਰ ਆ ਕਿੰਨੀ ਕੁ ਪਾਲ਼ ਬੇਲੀ।
ਕੀਹਦੇ ਬਾਰੇ ਆ ਲੋਕਾਂ ਨੂੰ ਕੌੜ ਬਾਹਲੀ,
ਮਿਲਦੀ ਕੀਹਦੀ ਨਾ ਅੰਦਰੋਂ ਤਾਲ ਬੇਲੀ।
ਘੜੀ ਸੀਟਾਂ ਦੇ ਵੰਡਣ ਲਈ ਜਦੋਂ ਆਈ,
ਕਿਹੜਾ ਨਰਮੀ ਆ ਕਿੰਜ ਵਿਖਾ ਸਕਦਾ।
ਸੀਟ-ਸੀਟ ਲਈ ਕੌਣ ਆ ਅੜਨ ਜੋਗਾ,
ਝੁਕ ਕੇ ਕੌਣ ਹੈ ਕਿੱਥੋਂ ਤੱਕ ਜਾ ਸਕਦਾ।

-ਤੀਸ ਮਾਰ ਖਾਂ

# ਪਤਨੀ ਨੂੰ ਮਾਰ ਕੇ ਪੁਲਸ ਹਿਰਾਸਤ 'ਚੋਂ ਭੱਜਣ ਵਾਲਾ ਗੋਲੀ ਲੱਗਣ ਨਾਲ ਜ਼ਖ਼ਮੀ



**ਗ੍ਰੇਟਰ ਨੋਇਡਾ** : ਕੌਮੀ ਰਾਜਧਾਨੀ ਖੇਤਰ ਗ੍ਰੇਟਰ ਨੋਇਡਾ ਵਿੱਚ ਪਤਨੀ ਨੂੰ 36 ਲੱਖ ਰੁਪਏ ਦਾਜ ਦੀ ਮੰਗ ਨੂੰ ਲੈ ਕੇ ਮਾਰਨ ਦੇ ਦੋਸ਼ ਵਿੱਚ ਫੜਿਆ ਵਿਅਕਤੀ ਭੱਜਣ ਦੀ ਕੋਸ਼ਿਸ਼ 'ਚ ਲੱਤ 'ਚ ਪੁਲਸ ਦੀ ਗੋਲੀ ਲੱਗਣ ਨਾਲ ਜ਼ਖਮੀ ਹੋ ਗਿਆ।

ਗੌਤਮ ਬੁੱਧ ਨਗਰ ਪੁਲਸ ਦੇ ਪੀ ਆਰ ਓ ਮੁਤਾਬਕ ਵਿਪਿਨ ਭਾਟੀ ਨੂੰ ਦੁਪਹਿਰ 1.30 ਵਜੇ ਦੇ ਕਰੀਬ ਡਾਕਟਰੀ ਜਾਂਚ ਲਈ ਲਿਜਾਇਆ ਜਾ ਰਿਹਾ ਸੀ, ਜਦੋਂ ਉਸ ਨੇ ਭੱਜਣ ਦੀ ਕੋਸ਼ਿਸ਼ ਕੀਤੀ। ਪੀੜਤ ਮਹਿਲਾ ਦੇ ਛੇ ਸਾਲਾ ਬੇਟੇ ਨੇ ਕਿਹਾ, 'ਮੇਰੀ ਮੰਮੀ ਉਪਰ ਕੁਝ ਪਾਇਆ, ਫਿਰ ਉਸ ਨੂੰ ਥੱਪੜ ਮਾਰਿਆ ਤੇ ਲਾਈਟਰ ਨਾਲ ਅੱਗ ਲਾ ਦਿੱਤੀ।' ਇਹ ਘਟਨਾ ਵੀਰਵਾਰ ਰਾਤ ਦੀ ਦੱਸੀ ਜਾਂਦੀ ਹੈ।

ਇਸ ਭਿਆਨਕ ਘਟਨਾ ਦੇ ਦੋ ਵੀਡੀਓ ਇੰਟਰਨੈੱਟ 'ਤੇ ਵਾਇਰਲ ਹੋ ਰਹੇ ਹਨ। ਇੱਕ ਵੀਡੀਓ ਵਿੱਚ ਇੱਕ ਆਦਮੀ ਅਤੇ ਇੱਕ ਔਰਤ ਪੀੜਤਾ ਨਾਲ ਕੁੱਟਮਾਰ ਕਰਦੇ ਅਤੇ ਉਸ ਨੂੰ ਵਾਲਾਂ ਤੋਂ ਫੜ ਕੇ ਘਰ ਤੋਂ ਬਾਹਰ ਖਿੱਚਦੇ ਦਿਖਾਈ ਦੇ ਰਹੇ ਹਨ। ਦੂਜੇ ਵੀਡੀਓ ਵਿੱਚ ਔਰਤ ਨੂੰ ਪੌੜੀਆਂ ਤੋਂ ਲੰਗੜਾ ਕੇ ਹੇਠਾਂ ਉਤਰਦੇ ਦੇਖਿਆ ਜਾ ਸਕਦਾ ਹੈ। ਪੁਲਸ ਨੇ ਦੱਸਿਆ ਕਿ ਪੀੜਤਾ ਦੀ ਵੱਡੀ ਭੈਣ ਕੰਚਨ, ਜਿਸ ਦਾ ਵਿਆਹ ਇੱਕੋ ਪਰਵਾਰ ਵਿੱਚ ਹੋਇਆ ਸੀ, ਨੇ ਗ੍ਰੇਟਰ ਨੋਇਡਾ ਦੇ ਕਾਸਨਾ ਪੁਲਸ ਸਟੇਸ਼ਨ ਅਧੀਨ ਪੈਂਦੇ ਸਿਰਸਾ ਪਿੰਡ ਵਿੱਚ ਵਾਪਰੀ ਘਟਨਾ ਦਾ ਵੀਡੀਓ ਬਣਾਇਆ ਸੀ। ਪੁਲਸ ਨੇ ਦੱਸਿਆ ਕਿ ਪੀੜਤਾ ਦੀ ਪਛਾਣ ਨਿੱਕੀ ਵਜੋਂ ਹੋਈ ਹੈ।

ਕੰਚਨ ਨੇ ਮੀਡੀਆ ਨੂੰ ਸੰਬੋਧਨ ਕਰਦਿਆਂ ਦਾਅਵਾ ਕੀਤਾ ਕਿ ਉਸ ਦੀ ਛੋਟੀ ਭੈਣ ਨੂੰ ਉਸ ਦੇ ਪਤੀ ਵਿਪਿਨ ਅਤੇ ਸਹੁਰਿਆਂ ਨੇ 36 ਲੱਖ ਰੁਪਏ ਦੀ ਦਾਜ ਦੀ ਮੰਗ ਪੂਰੀ ਨਾ ਕਰਨ 'ਤੇ ਮਾਰ ਦਿੱਤਾ। ਵਿਪਿਨ ਦੀ ਭਰਜਾਈ ਕੰਚਨ ਨੇ ਦਾਅਵਾ ਕੀਤਾ ਕਿ ਵੀਰਵਾਰ ਰਾਤ ਨੂੰ ਉਸ ਨੂੰ (ਨਿੱਕੀ) ਬੇਰਹਿਮੀ ਨਾਲ ਕੁੱਟਿਆ ਗਿਆ ਅਤੇ ਅੱਗ ਲਗਾ ਦਿੱਤੀ ਗਈ। ਉਸ ਨੇ ਕਿਹਾ, 'ਪਿਛਲੇ ਕਈ ਦਿਨਾਂ ਤੋਂ ਸਾਨੂੰ ਦਾਜ ਲਈ ਕੁੱਟਿਆ ਅਤੇ ਤਸੀਹੇ ਦਿੱਤੇ ਜਾ ਰਹੇ ਸਨ। ਉਹ ਦਾਜ ਵਿੱਚ 36 ਲੱਖ ਰੁਪਏ ਦੀ ਮੰਗ ਕਰ ਰਹੇ ਸਨ। ਉਨ੍ਹਾਂ ਮੇਰੀ ਭੈਣ ਨੂੰ ਤਸੀਹੇ ਦਿੱਤੇ।'

ਕੰਚਨ ਨੇ ਆਪਣੇ ਭਤੀਜੇ ਨੂੰ ਬਾਹਾਂ ਵਿੱਚ ਫੜ ਕੇ ਰੋਂਦੇ ਹੋਏ ਕਿਹਾ, 'ਉਨ੍ਹਾਂ ਉਸ ਦੀ ਗਰਦਨ ਅਤੇ ਸਿਰ 'ਤੇ ਵਾਰ ਕੀਤੇ ਅਤੇ ਉਸ 'ਤੇ ਤੇਜ਼ਾਬ ਸੁੱਟ ਦਿੱਤਾ। ਸਾਡੇ ਬੱਚੇ ਵੀ ਘਰ ਵਿੱਚ ਸਨ। ਮੈਂ ਕੁਝ ਨਹੀਂ ਕਰ ਸਕਦੀ ਸੀ। ਉਨ੍ਹਾਂ ਮੈਨੂੰ ਵੀ ਤਸੀਹੇ ਦਿੱਤੇ।'

ਏ ਡੀ ਸੀ ਪੀ ਗ੍ਰੇਟਰ ਨੋਇਡਾ ਸੁਧੀਰ ਕੁਮਾਰ ਨੇ ਕਿਹਾ, '21 ਅਗਸਤ ਨੂੰ ਸਾਨੂੰ ਫੋਰਟਿਸ ਹਸਪਤਾਲ ਤੋਂ ਇੱਕ ਫੋਨ ਆਇਆ, ਜਿਸ ਵਿੱਚ ਸਾਨੂੰ ਦੱਸਿਆ ਗਿਆ ਕਿ ਇੱਕ ਸੜੀ ਹੋਈ ਔਰਤ ਨੂੰ ਦਾਖਲ ਕਰਵਾਇਆ ਗਿਆ ਹੈ ਅਤੇ ਉਸ ਨੂੰ ਸਫਦਰਜੰਗ ਹਸਪਤਾਲ ਰੈਫਰ ਕੀਤਾ ਗਿਆ ਹੈ। ਪੁਲਸ ਤੁਰੰਤ ਸਫਦਰਜੰਗ ਹਸਪਤਾਲ ਲਈ ਰਵਾਨਾ ਹੋਈ, ਪਰ ਟੀਮ ਦੇ ਹਸਪਤਾਲ ਪਹੁੰਚਣ ਤੋਂ ਪਹਿਲਾਂ ਹੀ ਔਰਤ ਦੀ ਮੌਤ ਹੋ ਗਈ।' ਕੰਚਨ ਨੇ ਕਿਹਾ ਕਿ ਉਸ ਦੇ ਸਹੁਰੇ ਚਾਹੁੰਦੇ ਸਨ ਕਿ ਉਸ ਦੀ ਭੈਣ ਘਰੋਂ ਚਲੀ ਜਾਵੇ ਤਾਂ ਜੋ ਵਿਪਿਨ ਮੁੜ ਵਿਆਹ ਕਰ ਸਕੇ। ਉਸ ਨੇ ਕਿਹਾ, 'ਉਨ੍ਹਾਂ ਮੈਨੂੰ ਥੱਪੜ ਮਾਰਿਆ। ਮੈਂ ਜ਼ਖਮੀ ਹੋ ਗਈ... ਮੈਂ ਪੂਰਾ ਦਿਨ ਬੇਹੋਸ਼ ਰਹੀ।' ਪੀੜਤਾ ਦੀ ਭੈਣ ਦੀ ਸ਼ਿਕਾਇਤ ਦੇ ਆਧਾਰ 'ਤੇ ਪੀੜਤਾ ਦੇ ਪਤੀ ਅਤੇ ਉਸ ਦੇ ਪਰਵਾਰ ਵਿਰੁੱਧ ਕਾਸਨਾ ਪੁਲਸ ਥਾਣੇ ਵਿੱਚ ਕੇਸ ਦਰਜ ਕੀਤਾ ਗਿਆ ਹੈ।' ਨਿੱਕੀ ਤੇ ਵਿਪਿਨ ਦਾ ਵਿਆਹ 2016 ਵਿੱਚ ਹੋਇਆ ਸੀ ਅਤੇ ਉਨ੍ਹਾਂ ਦਾ ਇੱਕ ਪੁੱਤਰ ਹੈ।

## ਬੈਂਕ ਆਫ ਇੰਡੀਆ ਨੇ ਵੀ ਅਨਿਲ ਅੰਬਾਨੀ 'ਤੇ ਧੋਖਾਧੜੀ ਦਾ ਦੋਸ਼ ਲਾਇਆ

**ਨਵੀਂ ਦਿੱਲੀ** : ਸੀ ਬੀ ਆਈ ਤੋਂ ਬਾਅਦ ਬੈਂਕ ਆਫ ਇੰਡੀਆ ਨੇ ਵੀ ਦੀਵਾਲੀਆ ਹੋਏ ਰਿਲਾਇੰਸ ਕਮਿਊਨੀਕੇਸ਼ਨਜ਼ ਦੇ ਕਰਜ਼ਾ ਖਾਤੇ ਨੂੰ ਧੋਖਾਧੜੀ ਵਾਲਾ ਐਲਾਨ ਦਿੱਤਾ ਹੈ ਅਤੇ ਇਸ ਮਾਮਲੇ ਵਿੱਚ ਕੰਪਨੀ ਦੇ ਸਾਬਕਾ ਡਾਇਰੈਕਟਰ ਅਨਿਲ ਅੰਬਾਨੀ ਦਾ ਨਾਂਅ ਵੀ ਲਿਆ ਹੈ। ਸਟਾਕ ਮਾਰਕੀਟ ਨੂੰ ਦਿੱਤੀ ਗਈ ਜਾਣਕਾਰੀ ਵਿੱਚ ਬੈਂਕ ਆਫ ਇੰਡੀਆ ਨੇ 2016 ਵਿੱਚ ਫੰਡਾਂ ਦੀ ਕਥਿਤ ਦੁਰਵਰਤੋਂ ਦਾ ਹਵਾਲਾ ਦਿੱਤਾ ਹੈ।

ਜਨਤਕ ਖੇਤਰ ਦੇ ਬੈਂਕ ਨੇ ਅਗਸਤ 2016 ਵਿੱਚ ਰਿਲਾਇੰਸ ਕਮਿਊਨੀਕੇਸ਼ਨਜ਼ ਨੂੰ ਆਪਣੇ ਮੌਜੂਦਾ ਪੂੰਜੀ ਖਰਚ ਅਤੇ ਸੰਚਾਲਨ ਖਰਚਿਆਂ ਨੂੰ ਪੂਰਾ ਕਰਨ ਅਤੇ ਮੌਜੂਦਾ ਦੇਣਦਾਰੀਆਂ ਦਾ ਭੁਗਤਾਨ ਕਰਨ ਲਈ 700 ਕਰੋੜ ਰੁਪਏ ਦਾ ਕਰਜ਼ਾ ਦਿੱਤਾ ਸੀ। ਰਿਲਾਇੰਸ ਕਮਿਊਨੀਕੇਸ਼ਨਜ਼ ਨੇ ਸਟਾਕ ਮਾਰਕੀਟ ਨੂੰ ਦਿੱਤੀ ਜਾਣਕਾਰੀ ਵਿੱਚ ਬੈਂਕ ਦੇ ਪੱਤਰ ਬਾਰੇ ਜਾਣਕਾਰੀ ਦਿੱਤੀ ਹੈ। ਇਸ ਮੁਤਾਬਕ ਅਕਤੂਬਰ 2016 ਵਿੱਚ ਜਾਰੀ ਕੀਤੀ ਗਈ ਮਨਜ਼ੂਰੀ ਰਾਸ਼ੀ ਦਾ ਅੱਧਾ ਹਿੱਸਾ ਇੱਕ ਫਿਕਸਡ ਡਿਪਾਜ਼ਿਟ ਵਿੱਚ ਨਿਵੇਸ਼ ਕੀਤਾ ਗਿਆ ਸੀ, ਜਿਸ ਦੀ ਮਨਜ਼ੂਰੀ ਪੱਤਰ ਮੁਤਾਬਕ ਇਜਾਜ਼ਤ ਨਹੀਂ ਸੀ। ਉਸ ਨੂੰ 22 ਅਗਸਤ ਨੂੰ ਬੈਂਕ ਆਫ ਇੰਡੀਆ ਤੋਂ 8 ਅਗਸਤ ਨੂੰ ਇੱਕ ਪੱਤਰ ਪ੍ਰਾਪਤ ਹੋਇਆ ਸੀ, ਜਿਸ ਵਿੱਚ ਬੈਂਕ ਦੇ 'ਕੰਪਨੀ, ਅਨਿਲ ਧੀਰਜਲਾਲ ਅੰਬਾਨੀ (ਕੰਪਨੀ ਦੇ ਪ੍ਰਮੋਟਰ ਅਤੇ ਸਾਬਕਾ ਡਾਇਰੈਕਟਰ) ਅਤੇ ਮੰਜਰੀ ਅਸ਼ੋਕ ਕੱਕੜ (ਕੰਪਨੀ ਦੇ ਸਾਬਕਾ ਡਾਇਰੈਕਟਰ) ਦੇ ਕਰਜ਼ਾ ਖਾਤਿਆਂ ਨੂੰ ਧੋਖਾਧੜੀ ਵਜੋਂ ਵਰਗੀਕ੍ਰਿਤ ਕਰਨ ਦੇ ਫੈਸਲੇ' ਬਾਰੇ ਸੂਚਿਤ ਕੀਤਾ ਗਿਆ ਸੀ। ਇਸ ਤੋਂ ਪਹਿਲਾਂ, ਸਟੇਟ ਬੈਂਕ ਆਫ਼ ਇੰਡੀਆ ਨੇ ਵੀ ਇਸ ਸਾਲ ਜੂਨ ਵਿੱਚ ਅਜਿਹਾ ਹੀ ਕੀਤਾ ਸੀ, ਜਿਸ ਵਿੱਚ ਕਰਜ਼ੇ ਦੀਆਂ ਸ਼ਰਤਾਂ ਦੀ

• ਬਾਕੀ ਸਫਾ 2 'ਤੇ

25-AUG-PAGE-1.qxd 8/24/2025 9:37 PM Page 2



## ਬਾਲ ਕ੍ਰਿਸ਼ਨ ਫੌਜੀ ਚੇਅਰਮੈਨ ਪਰਜਾਪਤ ਸਮਾਜ ਵੈੱਲਫੇਅਰ ਬੋਰਡ ਪੰਜਾਬ ਦੇ ਮਲੋਟ ਪਹੁੰਚਣ 'ਤੇ ਪ੍ਰਧਾਨ ਸ਼ੇਖੂ ਨੇ ਕੀਤਾ ਭਰਵਾਂ ਸਵਾਗਤ



**ਮਲੋਟ (ਓਮ ਪ੍ਰਕਾਸ਼ ਸ਼ੇਖੂ)**-ਪਰਜਾਪਤ ਸਮਾਜ ਵੈਲਫੇਅਰ ਬੋਰਡ ਦੇ ਚੇਅਰਮੈਨ ਬਣਨ ਉਪਰੰਤ ਸ੍ਰੀ ਬਾਲ ਕ੍ਰਿਸ਼ਨ ਫੌਜੀ ਪਹਿਲੀ ਵਾਰ ਓਮ ਪ੍ਰਕਾਸ਼ ਸ਼ੇਖੂ ਦੇ ਗ੍ਰਹਿ ਵਿਖੇ ਪਹੁੰਚੇ। ਇਸ ਮੌਕੇ ਸਮਾਜ ਦੇ ਅਹੁਦੇਦਾਰ ਰਾਮ ਲਾਲ ਸ਼ੇਖੂ, ਚਾਨਣ ਰਾਮ, ਬਾਬੂ ਰਾਮ, ਮਦਨ ਲਾਲ ਪ੍ਰਧਾਨ ਨੌਜਵਾਨ ਸਭਾ ਮਲੋਟ, ਸੰਦੀਪ ਕੁਮਾਰ ਸੈਕਟਰੀ, ਮਾਲਾ ਰਾਮ ਚੌਕੀ ਵਾਲੇ, ਜਗਦੀਸ਼ ਕੁਮਾਰ ਸ਼ੇਖੂ, ਪ੍ਰਵੀਨ ਕੁਮਾਰ ਵਿਸ਼ੇਸ਼ ਤੌਰ 'ਤੇ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਪ੍ਰਧਾਨ ਡਾਕਟਰ ਮੰਦਰ ਸਿੰਘ ਢੱਡੇ ਹਲਾਲ ਅਤੇ ਪ੍ਰਵੀਨ ਕੁਮਾਰ ਹਰੀ ਰਾਮ ਗੋਬਿੰਦ ਰਾਮ ਪਿੰਡ ਰੱਤੇਵਾਲਾ ਰਾਜਸਥਾਨ ਸਭ ਨੇ ਚੇਅਰਮੈਨ ਬਾਲ ਕ੍ਰਿਸ਼ਨ ਨੂੰ ਹਾਰਾਂ ਦੇ ਨਾਲ ਲੱਦ ਕੇ ਸਵਾਗਤ ਕੀਤਾ ਅਤੇ ਸਭਨਾਂ ਨੇ ਜੀ ਆਇਆਂ ਕਿਹਾ। ਵਿਸ਼ੇਸ਼ ਤੌਰ 'ਤੇ ਚੇਅਰਮੈਨ ਬਾਲ ਕ੍ਰਿਸ਼ਨ ਨੇ ਓਮ ਪ੍ਰਕਾਸ਼ ਸ਼ੇਖੂ ਦੇ ਮਾਤਾ ਪਿਤਾ ਕਾਲੂ ਰਾਮ ਅਤੇ ਮੂਰਤੀ ਦੇਵੀ ਤੋਂ ਅਸ਼ੀਰਵਾਦ ਲਿਆ। ਇਸ ਮੌਕੇ ਚੇਅਰਮੈਨ ਬਾਲ ਕ੍ਰਿਸ਼ਨ ਫੌਜੀ ਨੇ ਸਮਾਜ ਦੇ ਬੰਧੂ ਭਾਈਚਾਰੇ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਮਾਜ ਦੀ ਬਦੌਲਤ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਜੋ ਜ਼ਿੰਮੇਵਾਰੀ ਮੈਨੂੰ ਦਿੱਤੀ ਹੈ ਮੈਂ ਉਸ ਨੂੰ ਬਾਖੂਬੀ ਨਿਭਾਵਾਂਗਾ। ਆਪ ਜੀ ਦੇ ਸਹਿਯੋਗ ਨਾਲ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਜੀ ਦੇ ਕੋਲ ਹਮੇਸ਼ਾ ਹੀ ਆਪਣੇ ਸਮਾਜ ਅਤੇ ਭਾਈਚਾਰੇ ਦੀਆਂ ਸਮੱਸਿਆਵਾਂ ਅਤੇ ਮੰਗਾਂ ਲੈ ਕੇ ਜਾਂਦਾ ਰਹਾਂਗਾ ਅਤੇ ਹਮੇਸ਼ਾ ਸਮਾਜ ਨੂੰ ਚੜ੍ਹਦੀ ਕਲਾ ਰੱਖਣ ਲਈ ਕੰਮ ਕਰਦਾ ਰਹਾਂਗਾ। ਇਸ ਮੌਕੇ ਅਖਲ ਭਾਰਤੀਏ ਪਰਜਾਪਤੀ ਕੁੰਭਕਾਰ ਮਹਾ ਸੰਘ ਪਰਜਾਪਤ ਪੰਜਾਬ ਇਕਾਈ ਰਾਜਨੀਤਿਕ ਵਿੰਗ ਦੇ ਪ੍ਰਧਾਨ ਓਮ ਪ੍ਰਕਾਸ਼ ਸ਼ੇਖੂ ਨੇ ਚੇਅਰਮੈਨ ਬਾਲ ਕ੍ਰਿਸ਼ਨ ਫੌਜੀ ਦਾ ਉਨ੍ਹਾਂ ਦੇ ਘਰ ਆਉਣ 'ਤੇ ਜੀ ਆਇਆਂ ਕਿਹਾ ਅਤੇ ਵਿਸ਼ਵਾਸ ਦਵਾਇਆ ਕਿ ਉਹ ਮਨੋ ਤਨੋ ਚੇਅਰਮੈਨ ਬਾਲ ਕ੍ਰਿਸ਼ਨ ਨਾਲ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਦੇ ਰਹਿਣਗੇ। ਉਪਰਾਂਤ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਦੇ ਪ੍ਰਧਾਨ ਡਾ. ਮੰਦਰ ਸਿੰਘ ਨੇ ਮੁੱਖ ਮੰਤਰੀ ਅਤੇ ਪੰਜਾਬ ਦੇ ਇੰਚਾਰਜ ਮਨੀਸ਼ ਕੁਮਾਰ ਸਿਸੋਦੀਆ ਦਾ ਧੰਨਵਾਦ ਕੀਤਾ।

## ਨਸ਼ਿਆਂ ਵਿਰੁੱਧ ਜਾਰੀ ਜੰਗ 'ਚ ਯੁਵਕ ਸੇਵਾਵਾਂ ਵਿਭਾਗ ਦਾ ਅਹਿਮ ਉਪਰਾਲਾ




**ਜਲਾਲਾਬਾਦ (ਜੀਤ ਕੁਮਾਰ)**-ਨਸ਼ਿਆਂ ਖਿਲਾਫ ਜਾਰੀ ਜੰਗ ਵਿਚ ਸਮਾਜ ਦਾ ਹਰੇਕ ਵਰਗ ਆਪਣਾ ਅਹਿਮ ਰੋਲ ਨਿਭਾ ਰਿਹਾ ਹੈ। ਨਸ਼ੇ ਵਿਰੋਧੀ ਜਾਗਰੂਕਤਾ ਅਭਿਆਨ ਤਹਿਤ ਡਾਇਰੈਕਟਰ ਯੁਵਕਾ ਸੇਵਾਵਾਂ ਵਿਭਾਗ ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਫਾਜ਼ਿਲਕਾ ਜਸਪਾਲ ਸਿੰਘ ਦੀਆਂ ਹਦਾਇਤਾਂ ਅਨੁਸਾਰ ਪਿੰਡ ਅਰਾਈਆਂ ਵਾਲਾ, ਬਸਤੀ ਫਲੀਆਂ ਵਾਲਾ ਤੇ ਟਿਲੂ ਅਰਾਈਆਂ ਵਿਖੇ ਨੁੱਕੜ ਨਾਟਕ ਅਤੇ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਯੁਵਕ ਸੇਵਾਵਾ ਵਿਭਾਗ ਦੇ ਨੁਮਾਇੰਦੇ ਨੇ ਦੱਸਿਆ ਕਿ ਨੌਜਵਾਨ ਪੀੜ੍ਹੀ ਨੂੰ ਮਾੜੀਆਂ ਕੁਰੀਤੀਆਂ ਤੋਂ ਬਚਾਉਣ ਅਤੇ ਸਹੀ ਰਾਹੇ ਪਾਉਣ ਲਈ ਪੰਜਾਬ ਸਰਕਾਰ ਵੱਲੋਂ ਲਗਾਤਾਰ ਗਤੀਵਿਧੀਆਂ ਉਲੀਕੀਆਂ ਜਾ ਰਹੀਆਂ ਹਨ। ਉਨ੍ਹਾ ਕਿਹਾ ਕਿ ਸਾਡਾ ਆਉਣ ਵਾਲਾ ਭਵਿੱਖ ਸਿਹਤਮੰਦ ਤੇ ਤੰਦਰੁਸਤ ਹੋਵੇ, ਇਸ ਲਈ ਨੌਜਵਾਨਾਂ ਨੂੰ ਮਾੜੀ ਸੰਗਤ ਦਾ ਗੁਰੇਜ਼ ਕਰਨਾ ਚਾਹੀਦਾ ਹੈ ਅਤੇ ਆਪਣੀ ਐਨਰਜੀ ਨੂੰ ਸਕਾਰਾਤਮਕ ਪਾਸੇ ਲਾਉਣ ਤੇ ਸੂਬੇ ਅਤੇ ਦੇਸ਼ ਦੀ ਪ੍ਰਗਤੀ ਵੱਲ ਕੇਂਦਰਿਤ ਕਰਨ ਲਈ ਤਵੱਜੋਂ ਦੇਣੀ ਚਾਹੀਦੀ ਹੈ। ਉਨ੍ਹਾਂ ਦੱਸਿਆ ਕਿ ਨੌਜਵਾਨਾਂ ਨੂੰ ਮਾੜੀਆਂ ਆਦਤਾਂ ਤੋਂ ਬਚਾਉਣ ਲਈ ਜਿਥੇ ਖੇਡਾਂ ਵੱਲ ਪ੍ਰੇਰਿਤ ਕਰਨਾ ਹੈ ਅਤੇ ਪੜ੍ਹਾਈ ਨਾਲ ਜੋੜਨਾ ਹੈ, ਇਸ ਲਈ ਪਿੰਡ ਵਿਖੇ ਲਾਇਬ੍ਰੇਰੀ, ਖੇਡ ਮੈਦਾਨ ਆਦਿ ਹੋਰ ਉਪਰਾਲੇ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਬੱਚਿਆਂ ਵੱਲੋਂ ਨੁੱਕੜ ਨਾਟਕ ਰਾਹੀਂ ਨਸ਼ਿਆਂ ਤੋਂ ਦੂਰ ਰਹਿਣ ਦਾ ਸੰਦੇਸ਼ ਦਿੱਤਾ ਗਿਆ। ਇਸ ਦੌਰਾਨ ਹਾਜ਼ਰੀਨ ਨੂੰ ਪ੍ਰਸੰਸਾ ਪੱਤਰ ਵੀ ਵੰਡੇ ਗਏ। ਇਸ ਮੌਕੇ ਯੁਵਕ ਸੇਵਾਵਾਂ ਵਿਭਾਗ ਤੋਂ ਅੰਕਿਤ ਆਦਿ ਹੋਰ ਪਤਵੰਤੇ ਮੌਜੂਦ ਸਨ।

## ਆਤਮਾ ਰਾਮ ਮੈਮੋਰੀਅਲ ਕਾਨਵੈਂਟ ਸਕੂਲ ਦੇ ਬੱਚਿਆਂ ਜਿੱਤੇ ਗੋਲਡ ਮੈਡਲ




**ਬਰੇਟਾ (ਰੀਤਵਾਲ)**-ਪੰਜਾਬ ਸਕੂਲ ਸਿੱਖਿਆ ਬੋਰਡ ਮੋਹਾਲੀ ਵੱਲੋਂ ਅਗਸਤ ਮਹੀਨੇ ਵੱਖ ਵੱਖ ਖੇਡਾਂ ਦਾ ਅਜੋਯਨ ਕਰਵਾਇਆ ਗਿਆ, ਜਿਸ ਵਿੱਚ 18 ਅਗਸਤ 25 ਨੂੰ ਹੋਏ ਕਰਾਟੇ ਮੁਕਾਬਲੇ ਵਿੱਚ ਬਾਰਵੀਂ ਜਮਾਤ ਦੇ ਲਵਪ੍ਰੀਤ ਸਿੰਘ ਤੇ ਹਰਮਨ ਸਿੰਘ ਵਰਗ-19 ਵਿੱਚ ਜ਼ਿਲ੍ਹਾ ਪੱਧਰ 'ਤੇ ਗੋਲਡ ਮੈਡਲ ਜਿੱਤਿਆ। ਬਾਕਸਿੰਗ ਵਿੱਚ ਬਕਸ਼ਪ੍ਰੀਤ ਸਿੰਘ ਵਰਗ-19 ਨੇ ਗੋਲਡ ਮੈਡਲ ਤੇ ਹੁਸਨਪ੍ਰੀਤ ਸਿੰਘ ਵਰਗ-19 ਨੇ ਸਿਲਵਰ ਮੈਡਲ ਜਿੱਤ ਕੇ ਸਕੂਲ ਦਾ ਨਾਮ ਰੌਸ਼ਨ ਕੀਤਾ।ਇਸ ਤੋਂ ਇਲਾਵਾ ਦਸਵੀਂ ਕਲਾਸ ਵਿੱਚ ਪੜ੍ਹਦੀ ਵਿਦਿਆਰਥਣ ਮਨਵੀਰ ਕੌਰ ਵਰਗ-17 ਨੇ ਬੁਸ਼ੋ ਵਿੱਚ ਗੋਲਡ ਮੈਡਲ ਹਾਸਲ ਕਰਕੇ ਸਕੂਲ ਦਾ ਨਾਮ ਚਮਕਾਇਆ।ਜਿੱਤ ਹਾਸਲ ਕਰਕੇ ਆਏ ਬੱਚਿਆਂ ਸਕੂਲ ਦੇ ਚੇਅਰਮੈਨ ਸ਼ੈਰਿਕ ਗਰਗ ਐੱਮ ਡੀ ਮੋਨੀਕਾ ਗਰਗ ਤੇ ਪ੍ਰਿੰਸੀਪਲ ਵਿਜੇ ਕੁਮਾਰ ਨੇ ਨਿੱਘੇ ਤੌਰ ਤੇ ਸਵਾਗਤ ਕੀਤਾ ਅਤੇ ਬੱਚਿਆਂ ਨੂੰ ਉਨ੍ਹਾਂ ਦੇ ਮਾਪਿਆਂ ਤੇ ਸਾਰੇ ਆਤਮਾ ਰਾਮ ਪਰਵਾਰ ਨੂੰ ਵਧਾਈ ਦਿੱਤੀ।ਇਸ ਮੌਕੇ ਗੱਲਬਾਤ ਕਰਦਿਆਂ ਪ੍ਰਿੰਸੀਪਲ ਵਿਜੇ ਕੁਮਾਰ ਨੇ ਦੱਸਿਆ ਕਿ ਕਰਾਟੇ, ਬਾਕਸਿੰਗ ਤੇ ਬੁਸ਼ੋ ਖੇਡਾਂ ਵਿੱਚ ਸਕੂਲ ਲਗਾਤਾਰ ਗੋਲਡ ਤੇ ਸਿਲਵਰ ਮੈਡਲ ਹਾਸਲ ਕਰ ਰਿਹਾ ਹੈ, ਜੋ ਕਿ ਇਹ ਸਾਬਿਤ ਕਰਦਾ ਹੈ ਕਿ ਸਕੂਲ ਦੇ ਬੱਚੇ ਆਉਣ ਵਾਲੇ ਸਮੇਂ ਵਿੱਚ ਹੋਰ ਬੁਲੰਦੀਆਂ ਨੂੰ ਛੂਹਣਗੇ।ਉਨ੍ਹਾਂ ਕਿਹਾ ਕਿ ਇਹ 5 ਬੱਚੇ ਸਟੇਟ ਲਈ ਸਲੈਕਟ ਹਨ, ਜੋ ਕਿ ਸਕੂਲ ਲਈ ਹੀ ਨਹੀਂ ਸਗੋਂ ਪੂਰੇ ਬਰੇਟਾ ਮੰਡੀ ਲਈ ਮਾਣ ਵਾਲੀ ਗੱਲ ਹੈ।ਉਨ੍ਹਾਂ ਦੱਸਿਆ ਕਿ ਇਹ ਜਿੱਤ ਬੱਚਿਆਂ ਦੀ ਮਿਹਨਤ ਤੇ ਕੋਚ ਸਾਹਿਲ ਦੀ ਮਿਹਨਤ ਦਾ ਨਤੀਜਾ ਹੈ।

## ਅਖਾੜਾ ਦੀਆਂ ਵਿਦਿਆਰਥਣਾਂ ਨੇ ਜ਼ਿਲ੍ਹਾ ਪੱਧਰੀ ਖੇਡਾਂ 'ਚ ਮੈਡਲ ਜਿੱਤੇ



**ਜਗਰਾਉਂ (ਸੰਜੀਵ ਅਰੋੜਾ)**-ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਜ਼ਿਲ੍ਹਾ ਪੱਧਰੀ ਖੇਡਾਂ, ਜੋ ਘਵੱਦੀ ਵਿਖੇ ਹੋਈਆਂ, ਵਿੱਚ ਕਰਵਾਏ ਗਏ ਹਾਕੀ ਮੁਕਾਬਲਿਆਂ ਵਿੱਚ ਸਰਕਾਰੀ ਸੈਕੰਡਰੀ ਸਕੂਲ ਅਖਾੜਾ ਦੀਆਂ ਖਿਡਾਰਨਾਂ ਨੇ ਹਾਕੀ ਖੇਡ 'ਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਆਪਣੇ ਸਕੂਲ, ਕੋਚ ਅਤੇ ਆਪਣੇ ਮਾਪਿਆਂ ਦਾ ਨਾਂ ਰੌਸ਼ਨ ਕੀਤਾ। ਸਕੂਲ ਪ੍ਰਿੰਸੀਪਲ ਸਰਬਦੀਪ ਕੌਰ ਚੌਕੀਮਾਨ ਨੇ ਦੱਸਿਆ ਕਿ ਪਿੰਡ ਅਖਾੜਾ ਸਕੂਲ ਦੀਆਂ ਖਿਡਾਰਨਾਂ ਨੇ ਕ੍ਰਮਵਾਰ ਅੰਡਰ-14 ਵਿੱਚ ਜਗਰਾਉਂ ਜ਼ੋਨ ਤਰਫੋਂ ਖੇਡਦਿਆਂ ਰਾਇਕੋਟ ਜ਼ੋਨ ਨੂੰ 6-0 ਨਾਲ ਪਛਾੜ ਕੇ ਗੋਲਡ ਮੈਡਲ 'ਤੇ ਕਬਜ਼ਾ ਕੀਤਾ। ਇਸ ਦੇ ਨਾਲ ਹੀ ਅੰਡਰ-17 ਵਿੱਚ ਕਿਲ੍ਹਾ ਰਾਏਪੁਰ ਜ਼ੋਨ ਨੂੰ ਹਰਾ ਕੇ ਕਾਂਸੀ ਮੈਡਲ ਹਾਸਲ ਕੀਤਾ। ਜੇਤੂ ਖਿਡਾਰਨਾਂ ਦਾ ਪਿੰਡ ਪਹੁੰਚਣ 'ਤੇ ਯੁਵਕ ਸੇਵਾਵਾਂ ਕਲੱਬ ਵੱਲੋਂ ਪ੍ਰਧਾਨ ਸੁਰਜੀਤ ਸਿੰਘ, ਡਾ. ਮਲਕੀਤ ਸਿੰਘ ਕਲੇਰ, ਮਨਿੰਦਰ ਸਿੰਘ ਨਾਨੂੰ, ਬਲਜੀਤ ਸਿੰਘ ਦੀ ਅਗਵਾਈ ਹੇਠ ਸ਼ਾਨਦਾਰ ਸਵਾਗਤ ਕੀਤਾ ਤੇ ਲੱਡੂ ਵੰਡ ਕੇ ਖੁਸ਼ੀ ਮਨਾਈ। ਇਸ ਮੌਕੇ ਸਕੂਲ ਪ੍ਰਿੰਸੀਪਲ ਸਰਬਦੀਪ ਕੌਰ ਖਟਕੜ ਨੇ ਸਕੂਲ ਦੀਆਂ ਖਿਡਾਰਨਾਂ ਦੀ ਇਸ ਸ਼ਾਨਾਮੱਤੀ ਪ੍ਰਾਪਤੀ 'ਤੇ ਨਾਜ਼ ਕਰਦਿਆਂ ਦੱਸਿਆ ਕਿ ਇਸ ਪ੍ਰਾਪਤੀ ਦਾ ਸਿਹਰਾ ਮਿਹਨਤਕਸ਼ ਕੋਚ ਕੁਲਵਿੰਦਰ ਸਿੰਘ ਸਮਰਾ ਸਿਰ ਬੱਝਦਾ ਹੈ। ਇਸ ਮੌਕੇ ਕੋਚ ਕੁਲਵਿੰਦਰ ਸਿੰਘ ਸਮਰਾ ਨੇ ਵਿਸ਼ਵਾਸ ਦਿਵਾਇਆ ਕਿ ਇਹ ਖਿਡਾਰਨਾਂ ਪੰਜਾਬ ਪੱਧਰੀ ਮੁਕਾਬਲਿਆਂ 'ਚ ਵੀ ਸ਼ਾਨਦਾਰ ਪ੍ਰਦਰਸ਼ਨ ਕਰਨਗੀਆਂ। ਪਿੰਡ ਦੀਆਂ ਮਾਣਮੱਤੀਆਂ ਖਿਡਾਰਨਾਂ ਦੀ ਇਸ ਪ੍ਰਾਪਤੀ 'ਤੇ ਪਿੰਡ ਅਖਾੜਾ ਮੂਲ ਦੇ ਯੂ. ਕੇ. ਤੋਂ ਮੇਅਰ ਮੈਂਡੀ ਬਰਾੜ ਤੇ ਕੈਨੇਡਾ ਤੋਂ ਐੱਮ ਐੱਲ ਏ ਗੁਰਤੇਜ ਸਿੰਘ ਬਰਾੜ ਨੇ ਸਮੂਹ ਪਿੰਡ ਵਾਸੀਆਂ, ਸਕੂਲ ਪ੍ਰਿੰਸੀਪਲ ਤੇ ਕੋਚ ਕੁਲਵਿੰਦਰ ਸਿੰਘ ਸਮਰਾ ਨੂੰ ਉਚੇਚੇ ਤੌਰ 'ਤੇ ਵਧਾਈ ਭੇਟ ਕੀਤੀ।

## ਚੌ. ਨਿਰਮਲ ਭੱਟੀਆਂ ਨੇ ਰਵਿੰਦਰ ਡਾਲਵੀ ਨਾਲ ਕੀਤੀ ਮੁਲਾਕਾਤ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬ ਕਾਂਗਰਸ ਦੇ ਜਨਰਲ ਸਕੱਤਰ ਚੌਧਰੀ ਨਿਰਮਲ ਭੱਟੀਆਂ ਨੇ ਕਾਂਗਰਸ ਦੇ ਇੰਚਾਰਜ ਰਵਿੰਦਰ ਡਾਲਵੀਂ ਨਾਲ ਮੁਲਕਾਤ ਕਰਕੇ 2027 ਦੀਆਂ ਵਿਧਾਨ ਸਭਾ ਚੋਣਾਂ ਬਾਰੇ ਵਿਚਾਰ ਚਰਚਾ ਕੀਤੀ ਗਈ। ਪੰਜਾਬ ਕਾਂਗਰਸ ਦੇ ਸਹਿ ਇੰਚਾਰਜ ਰਵਿੰਦਰ ਡਾਲਵੀ ਵੱਲੋਂ ਪੰਜਾਬ ਭਰ 'ਚ ਕਾਂਗਰਸੀ ਆਗੂਆਂ ਨੂੰ ਨਾਲ ਲੈ ਕੇ ਕੀਤੀਆਂ ਜਾ ਰਹੀਆਂ ਬੈਠਕਾਂ ਪਾਰਟੀ ਦੇ ਭਵਿੱਖ ਲਈ ਮਜ਼ਬੂਤੀ ਦਾ ਆਧਾਰ ਸਾਬਤ ਹੋਣਗੀਆਂ।ਉਨ੍ਹਾਂ ਕਿਹਾ ਕਿ ਅੱਜ ਦੀ ਸਿਆਸਤ ਵਿੱਚ ਜਦੋਂ ਲੋਕ ਵੱਖ-ਵੱਖ ਮੁੱਦਿਆਂ ਨਾਲ ਜੂਝ ਰਹੇ ਹਨ, ਅਜਿਹੇ ਸਮੇਂ ਵਿੱਚ ਕਾਂਗਰਸ ਵਰਗੀਆਂ ਪਾਰਟੀਆਂ ਦਾ ਜ਼ਿੰਮੇਵਾਰ ਰੋਲ ਬੇਹੱਦ ਲਾਜ਼ਮੀ ਹੋ ਜਾਂਦਾ ਹੈ।ਚੌਧਰੀ ਭੱਟੀਆਂ ਨੇ ਕਿਹਾ ਕਿ ਕਾਂਗਰਸ ਦਾ ਇਤਿਹਾਸ ਲੋਕਾਂ ਦੇ ਹੱਕਾਂ ਦੀ ਲੜਾਈ ਨਾਲ ਜੁੜਿਆ ਹੈ।ਇਸੇ ਕਰਕੇ ਲੋਕ ਅੱਜ ਵੀ ਕਾਂਗਰਸ ਤੋਂ ਆਸ ਰੱਖਦੇ ਹਨ।ਉਨ੍ਹਾਂ ਕਿਹਾ ਕਿ ਰਵਿੰਦਰ ਡਾਲਵੀ ਵੱਲੋਂ ਚਲਾਈ ਗਈ ਮੁਹਿੰਮ ਨਾ ਸਿਰਫ਼ ਆਗੂਆਂ ਤੇ ਵਰਕਰਾਂ ਨੂੰ ਇਕਜੁਟ ਕਰੇਗੀ, ਸਗੋਂ ਲੋਕਾਂ ਦੀਆਂ ਆਵਾਜ਼ਾਂ ਨੂੰ ਹੋਰ ਮਜ਼ਬੂਤੀ ਨਾਲ ਉੱਪਰ ਲਿਜਾਣ ਦਾ ਮੌਕਾ ਵੀ ਦੇਵੇਗੀ।ਉਨ੍ਹਾਂ ਆਸ ਪ੍ਰਗਟਾਈ ਕਿ ਇਹ ਮੀਟਿੰਗਾਂ ਨਾ ਸਿਰਫ਼ ਪਾਰਟੀ ਦੇ ਅੰਦਰ ਏਕਤਾ ਨੂੰ ਮਜ਼ਬੂਤ ਕਰਨਗੀਆਂ, ਸਗੋਂ ਪੰਜਾਬ ਦੀ ਰਾਜਨੀਤੀ ਵਿੱਚ ਕਾਂਗਰਸ ਨੂੰ ਮੁੜ ਇੱਕ ਮਜ਼ਬੂਤ ਤਾਕਤ ਵਜੋਂ ਸਥਾਪਤ ਕਰਨਗੀਆਂ।

# ਕਾਂਗਰਸ ਦੀ ਮੀਟਿੰਗ ਨੇ ਰੈਲੀ ਦਾ ਰੂਪ ਧਾਰਿਆ



**ਪਟਿਆਲਾ, ਸਨੌਰ (ਰਾਜਿੰਦਰ ਥਿੰਦ)**-ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਵੱਲੋਂ 2027 ਦੀਆਂ ਵਿਧਾਨ ਸਭਾ ਚੋਣਾਂ ਦਾ ਆਗਾਜ਼ ਕਰ ਦਿੱਤਾ ਗਿਆ ਹੈ, ਜਿਸ ਤਹਿਤ ਪੰਜਾਬ ਕਾਂਗਰਸ ਦੇ ਸਹਿ-ਇੰਚਾਰਜ ਅਤੇ ਸਕੱਤਰ ਆਲ ਇੰਡੀਆ ਕਾਂਗਰਸ ਕਮੇਟੀ ਰਵਿੰਦਰ ਉਤਮ ਰਾਓ ਡਾਲਵੀ ਵੱਲੋਂ ਪੰਜਾਬ ਦੇ ਸਾਰੇ ਵਿਧਾਨ ਸਭਾ ਹਲਕਿਆਂ ਦਾ ਦੌਰਾ ਕਰਕੇ ਕਾਂਗਰਸ ਦੇ ਬਲਾਕ ਪ੍ਰਧਾਨਾਂ, ਵਰਕਰਾਂ ਤੇ ਅਹੁਦੇਦਾਰਾਂ ਨੂੰ ਸੰਬੋਧਨ ਕੀਤਾ ਜਾ ਰਿਹਾ ਹੈ, ਜਿਸਦੀ ਕੜੀ ਵਜੋਂ ਵਿਧਾਨ ਸਭਾ ਹਲਕਾ ਸਨੌਰ ਤੋਂ ਕਾਂਗਰਸ ਦੇ ਹਲਕਾ ਇੰਚਾਰਜ, ਸਾਬਕਾ ਹਰਿੰਦਰਪਾਲ ਸਿੰਘ ਹੈਰੀਮਾਨ ਦੀ ਅਗਵਾਈ ਹੇਠ ਸਨੌਰ ਵਿਖੇ ਕਾਂਗਰਸ ਪਾਰਟੀ ਵਰਕਰਾਂ ਦੀ ਇੱਕ ਮੀਟਿੰਗ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਹਲਕੇ ਦੇ ਸਮੂਹ ਬਲਾਕ ਪ੍ਰਧਾਨਾਂ, ਅਹੁਦੇਦਾਰਾਂ ਅਤੇ ਕਾਂਗਰਸੀ ਵਰਕਰਾਂ ਵਲੋਂ ਬੜੇ ਜ਼ੋਰ-ਸ਼ੋਰ ਨਾਲ ਸ਼ਮੂਲੀਅਤ ਕੀਤੀ ਗਈ। ਡਾਲਵੀਆ ਨੇ ਕਿਹਾ ਕਿ ਦੇਸ਼ ਭਰ ਵਿਚ ਕਾਂਗਰਸ ਸੰਗਠਨ ਨੂੰ ਮਜ਼ਬੂਤ ਕਰਨ ਲਈ ਪਾਰਟੀ ਹਾਈਕਮਾਨ ਵਲੋਂ ਸੰਗਠਨ ਸਿਰਜਣ ਮੁਹਿੰਮ ਸ਼ੁਰੂ ਕੀਤੀ ਗਈ ਹੈ, ਜਿਸ ਤਹਿਤ ਪੰਜਾਬ ਵਿਚ 90 ਆਬਜ਼ਰਵਰ ਲਗਾਏ ਗਏ ਹਨ ਜੋ ਕਿ ਪੰਜਾਬ ਦੇ ਹਰੇਕ ਜ਼ਿਲ੍ਹੇ ਵਿੱਚ ਜਾ ਕੇ ਵਰਕਰਾਂ ਨਾਲ ਗੱਲਬਾਤ ਕਰਕੇ ਫੀਡ ਬੈਕ ਲੈਣਗੇ। ਬੇਸ਼ੱਕ ਇਹ ਇੱਕ ਮੀਟਿੰਗ ਸੀ, ਪ੍ਰੰਤੂ ਵਰਕਰਾਂ ਵਿੱਚ ਏਨਾ ਉਤਸ਼ਾਹ ਸੀ ਕਿ ਇਸ ਮੀਟਿੰਗ ਨੇ ਰੈਲੀ ਦਾ ਰੂਪ ਧਾਰ ਲਿਆ ਸੀ।ਇਸ ਮੌਕੇ ਪੰਜਾਬ ਕਾਂਗਰਸ ਦੇ ਸਹਿ-ਇੰਚਾਰਜ ਰਵਿੰਦਰ ਉਤਮ ਰਾਓ ਡਾਲਵੀ ਨੇ ਸੰਬੋਧਨ ਕਰਦਿਆਂ ਭਾਜਪਾ 'ਤੇ ਵੋਟ ਚੋਰੀ ਦਾ ਦੋਸ਼ ਲਾਉਂਦਿਆਂ ਕਿਹਾ ਕਿ ਵੋਟ ਚੋਰੀ ਕਰਨ ਵਾਲੇ ਲੋਕਾਂ ਦੇ ਹੱਥ ਦੇਸ਼, ਸੰਵਿਧਾਨ ਤੇ ਲੋਕਤੰਤਰ ਸੁਰੱਖਿਅਤ ਨਹੀਂ ਹੈ।ਉਨ੍ਹਾਂ ਕਿਹਾ ਕਿ ਸੰਵਿਧਾਨ ਨੇ ਲੋਕਾਂ ਨੂੰ ਵੋਟ ਦਾ ਅਧਿਕਾਰ ਦਿੱਤਾ ਹੈ, ਜਦੋਂ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ ਤੇ ਚੋਣ ਕਮਿਸ਼ਨਰ ਉਨ੍ਹਾਂ ਤੋਂ ਵੋਟ ਖੋਹ ਰਹੇ ਹਨ।ਉਨ੍ਹਾਂ ਕਿਹਾ ਕਿ ਭਾਜਪਾ ਦੀ ਇਸ ਮਾੜੀ ਰਾਜਨੀਤੀ ਤਹਿਤ ਦੇਸ਼ ਵਾਸੀਆਂ ਦੇ ਪਹਿਲਾਂ ਵੋਟ ਕਾਰਡ ਜਾਵੇਗਾ, ਫਿਰ ਰਾਸ਼ਨ ਕਾਰਡ ਜਾਣਗੇ ਤੇ ਫਿਰ ਲੋਕਾਂ ਦੀ ਜ਼ਮੀਨ ਅਡਾਨੀ ਤੇ ਅੰਬਾਨੀ ਨੂੰ ਸੌਂਪ ਦਿੱਤੀ ਜਾਵੇਗੀ।ਹਰਿੰਦਰ ਪਾਲ ਹੈਰੀਮਾਨ ਨੇ ਕਿਹਾ ਕਿ ਪੰਜਾਬ ਅੰਦਰ ਭਗਵੰਤ ਮਾਨ ਸਰਕਾਰ ਕਿਸਾਨਾਂ ਦੀਆਂ ਜ਼ਮੀਨਾਂ ਨੂੰ ਲੈਂਡ ਪੂਲਿੰਗ ਨੀਤੀਆਂ ਬਣਾ ਕੇ ਹਥਿਆਉਣ ਦੀਆਂ ਸਾਜ਼ਿਸ਼ਾਂ ਘੜ ਰਹੀ ਹੈ, ਉਥੇ ਸੂਬੇ ਦੀ ਅਰਥ ਵਿਵਸਥਾ ਡਾਵਾਂਡੋਲ ਹੋਣ ਕਾਰਨ ਪੰਜਾਬ ਦਾ ਸਰਬਪੱਖੀ ਵਿਕਾਸ ਨਾ ਹੋਣ ਕਾਰਨ ਆਮ ਆਦਮੀ ਪਾਰਟੀ ਵੱਲੋਂ ਦਿਖਾਏ ਸੁਪਨੇ ਚੂਰ-ਚੂਰ ਹੋ ਰਹੇ ਹਨ।ਉਨ੍ਹਾਂ ਕਿਹਾ ਕਿ ਸੂਬੇ ਦੇ ਲੋਕ ਆਮ ਆਦਮੀ ਪਾਰਟੀ ਦੇ ਰਾਜਭਾਗ ਤੋਂ ਏਨੇ ਦੁਖੀ ਹਨ ਕਿ ਉਹ 2027 ਵਿਚ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਇਸਦਾ ਪਲਟਾ ਪਲਟਣ ਲਈ ਪੱਬਾਂ ਭਾਰ ਹਨ।

## ਧੋਖਾਧੜੀ ਦੇ ਦੋਸ਼ ਹੇਠ ਚਾਰ ਵਿਰੁੱਧ ਕੇਸ ਦਰਜ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਕਾਰ ਦੇ ਸੌਦੇ 'ਚ ਕੀਤੀ ਗਈ ਕਥਿਤ ਧੋਖਾਧੜੀ ਦੇ ਮਾਮਲੇ 'ਚ ਪੁਲਸ ਵੱਲੋਂ ਦੋ ਕਾਰ ਡੀਲਰਾਂ ਸਮੇਤ ਚਾਰ ਵਿਅਕਤੀਆਂ ਵਿਰੁੱਧ ਕੇਸ ਦਰਜ ਕੀਤੇ ਜਾਣ ਦਾ ਸਮਾਚਾਰ ਹੈ।ਪੁਲਸ ਨੂੰ ਦਿੱਤੀ ਦਰਖਾਸਤ 'ਚ ਰਵਿੰਦਰ ਕੁਮਾਰ ਨਾਮੀ ਵਿਅਕਤੀ ਨੇ ਦੋਸ਼ ਲਾਏ ਸਨ ਕਿ ਅਕਤੂਬਰ 2023 'ਚ ਉਸ ਨੇ ਫਰੀਦਾਬਾਦ (ਹਰਿਆਣਾ) ਦੇ ਵਸਨੀਕ ਵਿਸ਼ਾਲ ਵਡਾਣਾ, ਬਜਿੰਦਰ ਵਡਾਣਾ ਤੇ ਕਾਰ ਡੀਲਰਾਂ ਯਸ਼ ਤੇ ਕਪਿਲ ਵਡਾਣਾ ਤੋਂ ਰੇਂਜ ਰੋਵਰ ਡਿਸਕਵਰੀ ਕਾਰ ਨੰਬਰ ਐਚ.ਆਰ.01.ਏ.ਪੀ-0046 ਖਰੀਦੀ ਸੀ, ਜਿਸ ਦੀ ਬਣਦੀ ਕੀਮਤ ਅਦਾ ਕਰਕੇ ਉਹ ਉਕਤ ਕਾਰ ਸਰਹਿੰਦ ਲੈ ਆਇਆ ਸੀ, ਪਰ ਕਾਰ ਦੀ ਦੂਜੀ ਚਾਬੀ ਤੇ ਅਸਲ ਆਰ.ਸੀ. ਨਾ ਦੇਣ ਕਰਕੇ ਉਸਨੇ 39,000/- ਰੁਪਏ ਹੋਲਡ ਕਰ ਲਏ, ਜਿਸ ਤੋਂ ਕਰੀਬ 15 ਦਿਨ ਬਾਅਦ ਲੋਨ ਕਲੀਅਰਲੈਂਸ ਦੇ ਦਸਤਾਵੇਜ਼ ਮਿਲਣ ਤੋਂ ਬਾਅਦ ਉਸ ਨੇ ਉਨ੍ਹਾਂ ਨੂੰ ਬਕਾਇਆ 39,000/- ਰੁਪਏ ਵੀ ਅਦਾ ਕਰ ਦਿੱਤੇ, ਜਿਸ ਤੋਂ ਬਾਅਦ ਜਦੋਂ ਉਸ ਨੇ ਕਾਰ ਦੀ ਰਜਿਸਟ੍ਰੇਸ਼ਨ ਆਪਣੇ ਨਾਂਅ ਕਰਾਉਣ ਸਬੰਧੀ ਸਬੰਧਤ ਦਫ਼ਤਰ 'ਚ ਪਤਾ ਕੀਤਾ ਤਾਂ ਪਤਾ ਲੱਗਾ ਕਿ ਹੁਣ ਤੱਕ ਕਾਰ ਦਾ ਕੋਈ ਵੀ ਟੈਕਸ ਕਾਰ ਮਾਲਕਾਂ ਵੱਲੋਂ ਸਰਕਾਰ ਨੂੰ ਅਦਾ ਨਹੀਂ ਕੀਤਾ ਗਿਆ, ਜਿਸ ਬਾਰੇ ਪੁੱਛਣ 'ਤੇ ਉਕਤ ਵਿਅਕਤੀ ਟਾਲ-ਮਟੋਲ ਕਰਨ ਲੱਗ ਪਏ, ਜੋ ਨਾ ਤਾਂ ਉਸਦੀ ਰਕਮ ਵਾਪਸ ਕਰ ਰਹੇ ਹਨ ਤੇ ਨਾ ਹੀ ਕਾਰ ਦੀ ਰਜਿਸਟ੍ਰੇਸ਼ਨ ਉਸਦੇ ਨਾਂਅ ਕਰਾ ਰਹੇ ਹਨ।ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਵਿਸ਼ਾਲ ਵਡਾਣਾ, ਬਜਿੰਦਰ ਵਡਾਣਾ, ਕਪਿਲ ਵਡਾਣਾ ਤੇ ਯਸ਼ ਉਰਫ ਯਸ਼ਨਵੀ ਵਿਰੁੱਧ ਥਾਣਾ ਫ਼ਤਹਿਗੜ੍ਹ ਸਾਹਿਬ ਵਿਖੇ ਵੱਖ-ਵੱਖ ਧਾਰਾਵਾਂ ਤਹਿਤ ਮੁਕੱਦਮਾ ਦਰਜ ਕਰਾ ਕੇ ਸਰਹਿੰਦ ਮੰਡੀ ਚੌਂਕੀ ਦੀ ਪੁਲਸ ਨੇ ਮਾਮਲੇ ਦੀ ਤਫ਼ਤੀਸ਼ ਸ਼ੁਰੂ ਕਰ ਦਿੱਤੀ ਹੈ।

## ਬਲਪ੍ਰੀਤ ਸ਼ਾਮਗੜ੍ਹ ਮਾਛੀਵਾੜਾ ਟਰੱਕ ਯੂਨੀਅਨ ਦੇ ਪ੍ਰਧਾਨ ਬਣੇ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਹਲਕਾ ਸਮਰਾਲਾ ਦੇ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਦੇ ਕਰੀਬੀ ਸਾਥੀ ਬਲਪ੍ਰੀਤ ਸਿੰਘ ਸ਼ਾਮਗੜ੍ਹ ਨੂੰ ਮਾਛੀਵਾੜਾ ਟਰੱਕ ਯੂਨੀਅਨ ਦਾ ਪ੍ਰਧਾਨ ਬਣਾ ਦਿੱਤਾ ਗਿਆ। ਜ਼ਿਕਰਯੋਗ ਹੈ ਕਿ ਮਾਛੀਵਾੜਾ ਟਰੱਕ ਯੂਨੀਅਨ ਦੇ ਪ੍ਰਧਾਨ ਰਹੇ ਜਗਰੂਪ ਸਿੰਘ ਰੂਪਾ ਖੀਰਨੀਆਂ ਦੇ ਦਿਹਾਂਤ ਤੋਂ ਬਾਅਦ ਇਹ ਅਹੁਦਾ ਖਾਲੀ ਹੋ ਗਿਆ ਸੀ, ਜਿਸ ਦੀ ਚੋਣ ਲਈ ਪਿਛਲੇ ਕਾਫ਼ੀ ਦਿਨਾਂ ਤੋਂ ਸਰਗਰਮੀਆਂ ਚੱਲ ਰਹੀਆਂ ਸਨ। ਪ੍ਰਧਾਨ ਦੀ ਚੋਣ ਤੋਂ ਪਹਿਲਾਂ ਕੁਝ ਸਮੇਂ ਲਈ ਸਥਿਤੀ ਤਣਾਅਪੂਰਨ ਹੋ ਗਈ, ਜਦੋਂ ਯੂਨੀਅਨ ਦਾ ਇੱਕ ਧੜਾ ਦਫ਼ਤਰ ਨੂੰ ਤਾਲ਼ਾ ਲਗਾ ਕੇ ਚੋਣ ਦਾ ਵਿਰੋਧ ਕਰਕੇ ਚਲਾ ਗਿਆ। ਜਦੋਂ ਚੋਣ ਪ੍ਰਕਿਰਿਆ ਨੇਪਰੇ ਚਾੜ੍ਹਨ ਲਈ ਮਾਛੀਵਾੜਾ ਇਲਾਕੇ ਦੇ ਆਮ ਆਦਮੀ ਪਾਰਟੀ ਆਗੂ ਤੇ ਟਰੱਕ ਮਾਲਕ ਮੌਕੇ 'ਤੇ ਪੁੱਜੇ ਤਾਂ ਉੱਥੇ ਦਫ਼ਤਰ ਨੂੰ ਤਾਲ਼ਾ ਲੱਗਿਆ ਦੇਖ ਉਨ੍ਹਾਂ ਨੂੰ ਹੈਰਾਨੀ ਹੋਈ, ਕਿਉਂਕਿ ਉਨ੍ਹਾਂ ਨੂੰ ਪੂਰਣ ਉਮੀਦ ਸੀ ਕਿ ਸਾਰੀ ਚੋਣ ਸਹਿਮਤੀ ਨਾਲ ਹੋਵੇਗੀ। ਕੁਝ ਹੀ ਸਮੇਂ ਵਿੱਚ ਦਫ਼ਤਰ ਦਾ ਤਾਲ਼ਾ ਖੋਲ੍ਹ ਜਾਂ ਤੋੜ ਦਿੱਤਾ ਗਿਆ ਤੇ ਅੰਦਰ ਦਾਖਲ ਹੋ ਕੇ ਇਸ ਚੋਣ ਪ੍ਰਕਿਰਿਆ ਨੂੰ ਨੇਪਰੇ ਚਾੜ੍ਹਿਆ ਗਿਆ, ਜਿਸ ਵਿੱਚ ਬਲਪ੍ਰੀਤ ਸਿੰਘ ਸ਼ਾਮਗੜ੍ਹ ਨੂੰ ਹਾਰ ਪਾ ਕੇ ਯੂਨੀਅਨ ਦਾ ਪ੍ਰਧਾਨ ਬਣਾ ਦਿੱਤਾ ਗਿਆ। ਨਵ-ਨਿਯੁਕਤ ਪ੍ਰਧਾਨ ਬਲਪ੍ਰੀਤ ਸਿੰਘ ਸ਼ਾਮਗੜ੍ਹ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇੱਥੇ ਕੋਈ ਧੜ੍ਹੇਬੰਦੀ ਨਹੀਂ ਸਗੋਂ ਸਮੂਹ ਟਰੱਕ ਆਪ੍ਰੇਟਰ ਇੱਕਜੁਟ ਹਨ। ਉਨ੍ਹਾਂ ਕਿਹਾ ਕਿ ਉਹ ਹਮੇਸ਼ਾ ਟਰੱਕ ਆਪ੍ਰੇਟਰਾਂ ਦੇ ਹਿੱਤਾਂ ਲਈ ਕੰਮ ਕਰਨਗੇ। ਇਸ ਮੌਕੇ ਨਗਰ ਕੌਂਸਲ ਦੇ ਪ੍ਰਧਾਨ ਮੋਹਿਤ ਕੁੰਦਰਾ, ਸਾਬਕਾ ਚੇਅਰਮੈਨ ਸੋਹਣ ਲਾਲ ਸ਼ੇਰਪੁਰੀ, ਮਾਰਕੀਟ ਕਮੇਟੀ ਚੇਅਰਮੈਨ ਸੁਖਵਿੰਦਰ ਸਿੰਘ ਗਿੱਲ, ਚੇਅਰਮੈਨ ਮੇਜਰ ਸਿੰਘ ਬਾਲਿਓਂ, ਜਗਮੀਤ ਸਿੰਘ ਮੱਕੜ, ਅਮਨਦੀਪ ਸਿੰਘ ਤਨੇਜਾ, ਪ੍ਰਦੀਪ ਕੁਮਾਰ, ਜਸਵੀਰ ਸਿੰਘ ਭੱਟੀਆਂ (ਸਾਰੇ ਕੌਂਸਲਰ), ਆੜ੍ਹਤੀ ਜਗਨਨਾਥ, ਪੀਏ ਨਵਜੀਤ ਸਿੰਘ ਉਟਾਲਾਂ, ਬਲਜਿੰਦਰ ਸਿੰਘ ਮੱਕੜ, ਪ੍ਰਵੀਨ ਮੱਕੜ, ਗੁਰਿੰਦਰ ਸਿੰਘ ਨੂਰਪੁਰ, ਮੁਨਸ਼ੀ ਅਵਤਾਰ ਸਿੰਘ ਤੇ ਟਰੱਕ ਮਾਲਕ ਮੌਜੂਦ ਸਨ।

## ਡੀ ਏ ਵੀ ਕਲੱਸਟਰ ਖੇਡਾਂ 'ਚ ਜਗਰਾਓਂ ਸਕੂਲ ਦੇ ਖਿਡਾਰੀ ਵਸ਼ੂ 'ਚ ਓਵਰਆਲ ਚੈਂਪੀਅਨ ਬਣੇ



**ਜਗਰਾਉਂ (ਸੰਜੀਵ ਅਰੋੜਾ)**-ਡੀ.ਏ.ਵੀ. ਨੈਸ਼ਨਲ ਸਪੋਰਟਸ ਦੇ ਕਲੱਸਟਰ ਲੈਵਲ ਵਿੱਚ ਜਗਰਾਉਂ ਡੀ.ਏ.ਵੀ. ਦੇ ਵੁਸ਼ੂ ਖਿਡਾਰੀਆਂ ਨੇ ਓਵਰ ਆਲ ਕਲੱਸਟਰ ਵੁਸ਼ੂ ਚੈਂਪੀਅਨਸ਼ਿਪ ਟਰਾਫ਼ੀ 'ਤੇ ਕਬਜ਼ਾ ਕੀਤਾ। ਸਕੂਲ ਦੇ ਪ੍ਰਿੰਸੀਪਲ ਡਾਕਟਰ ਵੇਦ ਵ੍ਰਤ ਪਲਾਹ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਡੀ.ਏ.ਵੀ. ਕਲੱਸਟਰ ਵੁਸ਼ੂ ਖੇਡ ਵਿੱਚ ਜਗਰਾਉਂ ਡੀ.ਏ.ਵੀ. ਦੇ ਖਿਡਾਰੀਆਂ ਨੇ 33 ਗੋਲਡ ਮੈਡਲ ਤੇ 2 ਸਿਲਵਰ ਮੈਡਲ ਜਿੱਤ ਕੇ ਵੁਸ਼ੂ ਦੀ ਓਵਰਆਲ ਚੈਂਪੀਅਨਸ਼ਿਪ ਟਰਾਫ਼ੀ ਜਿੱਤ ਕੇ ਸਕੂਲ ਦਾ ਨਾਮ ਰੋਸ਼ਨ ਕੀਤਾ। ਵੁਸ਼ੂ ਅੰਡਰ-14, 17, 19 ਲੜਕੇ/ਲੜਕੀਆਂ ਸਾਰੇ ਵਰਗਾਂ 'ਚ ਖਿਡਾਰੀਆਂ ਵੱਲੋਂ ਬਹੁਤ ਹੀ ਵਧੀਆ ਖੇਡ ਦਾ ਪ੍ਰਦਰਸ਼ਨ ਕੀਤਾ ਗਿਆ। ਸਕੂਲ ਆਉਣ 'ਤੇ ਖਿਡਾਰੀਆਂ ਤੇ ਉਨ੍ਹਾਂ ਦੇ ਕੋਚ ਸੁਰਿੰਦਰ ਪਾਲ ਵਿੱਜ ਡੀ.ਪੀ.ਈ. ਦਾ ਸਵਾਗਤ ਕੀਤਾ ਗਿਆ। ਸਕੂਲ ਪ੍ਰਿੰਸੀਪਲ ਵੇਦ ਵ੍ਰਤ ਪਲਾਹ, ਸਟਾਫ਼ ਤੇ ਵਿਦਿਆਰਥੀਆਂ ਵੱਲੋਂ ਖਿਡਾਰੀਆਂ ਦਾ ਸਨਮਾਨ ਵੀ ਕੀਤਾ ਗਿਆ। ਅੰਡਰ-14 ਲੜਕੀਆਂ 'ਚ ਅਵਲਨੂਰ ਕੌਰ 28 ਕਿੱਲੋ 'ਚ ਗੋਲਡ, 32 ਕਿੱਲੋ 'ਚ ਹਰਵੀਨ ਕੌਰ ਗੋਲਡ, 36 ਕਿੱਲੋ 'ਚ ਹਿਮਾਂਸ਼ੀ ਗੋਲਡ, 40 ਕਿੱਲੋ 'ਚ ਆਸ਼ੀ ਗੋਲਡ, 44 ਕਿੱਲੋ ਵਿੱਚ ਕਾਰਵੀ ਸਚਦੇਵਾ ਗੋਲਡ ਮੈਡਲ, ਅੰਡਰ-17 ਲੜਕੀਆਂ ਵਿੱਚ 40 ਕਿੱਲੋ ਵਿੱਚ ਏਕਮ ਵਰਮਾ ਗੋਲਡ, 45 ਕਿੱਲੋ ਵਿੱਚ ਤਨਵੀ ਗੋਲਡ ਮੈਡਲ, 48 ਕਿੱਲੋ ਵਿੱਚ ਰੀਆ ਗਰੋਵਰ ਗੋਲਡ ਮੈਡਲ, 52 ਕਿੱਲੋ ਵਿੱਚ ਅਰਲੀਨ ਕੌਰ ਗੋਲਡ ਮੈਡਲ, ਅੰਡਰ-19 ਲੜਕੀਆਂ ਵਿੱਚ 48 ਕਿੱਲੋ ਵਿੱਚ ਯਸ਼ਿਕਾ ਗਰਗ ਗੋਲਡ ਮੈਡਲ, 52 ਕਿੱਲੋ ਵਿੱਚ ਅਵਨੀਤ ਕੌਰ, 56 ਕਿੱਲੋ ਯਸ਼ਿਕਾ ਗਰਗ ਗੋਲਡ ਮੈਡਲ, 60 ਕਿੱਲੋ ਵਿੱਚ ਆਕ੍ਰਿਤੀ ਗੋਲਡ ਮੈਡਲ, 65 ਕਿੱਲੋ ਵਿੱਚ ਜਪਨੀਤ ਕੌਰ ਨੇ ਗੋਲਡ ਮੈਡਲ ਹਾਸਲ ਕੀਤਾ। ਇਸੇ ਤਰ੍ਹਾਂ ਅੰਡਰ-14 ਲੜਕਿਆਂ ਵਿੱਚ 32 ਕਿੱਲੋ ਵਿੱਚ ਕੁਲਰਾਜ ਗੁਪਤਾ ਗੋਲਡ, 36 ਕਿੱਲੋ ਵਿੱਚ ਪਰਵ ਗਰਗ ਗੋਲਡ ਮੈਡਲ, 40 ਕਿੱਲੋ ਵੀ ਯੁਵਰਾਜ ਗੁਪਤਾ ਗੋਲਡ ਮੈਡਲ, 44 ਕਿੱਲੋ ਵਿੱਚ ਚਾਹਤਪ੍ਰੀਤ ਸਿੰਘ ਗੋਲਡ ਮੈਡਲ, 52 ਕਿੱਲੋ ਵਿੱਚ ਦਕਸ਼ ਬਹਿਲ ਗੋਲਡ, ਜਦੋਂਕਿ ਬਵਨੀਤ ਸਿੰਘ ਨੇ ਸਿਲਵਰ ਮੈਡਲ ਹਾਸਲ ਕੀਤਾ। ਅੰਡਰ-17 'ਚ ਸਕਸ਼ਮ ਨੇ 40 ਕਿੱਲੋ 'ਚ ਗੋਲਡ ਮੈਡਲ, 48 ਕਿੱਲੋ 'ਚ ਅੰਸ਼ੁਮਨ ਨੇ ਗੋਲਡ ਮੈਡਲ, 52 ਕਿੱਲੋ 'ਚ ਗੁਰਸ਼ਾਨ ਨੇ ਗੋਲਡ ਮੈਡਲ, 60 ਕਿੱਲੋ 'ਚ ਆਦਿੱਤ ਮਿੱਤਲ ਨੇ ਗੋਲਡ ਮੈਡਲ, 65 ਕਿੱਲੋ 'ਚ ਹਰਕੀਰਤ ਸਿੰਘ ਨੇ ਗੋਲਡ ਮੈਡਲ, 70 ਕਿੱਲੋ 'ਚ ਪ੍ਰਭਜੀਤ ਨੇ ਗੋਲਡ, 56 'ਚ ਪਾਰਥ ਨੇ ਗੋਲਡ ਮੈਡਲ ਹਾਸਲ ਕੀਤਾ। ਅੰਡਰ-19 ਲੜਕੇ-52 ਕਿੱਲੋ 'ਚ ਵਾਗੀਸ਼ ਢੰਡਾ ਨੇ ਗੋਲਡ ਮੈਡਲ, 48 ਕਿੱਲੋ 'ਚ ਸਮਰਪ੍ਰੀਤ ਸਿੰਘ ਗੋਲਡ, 60 ਕਿੱਲੋ 'ਚ ਅਗਮਪ੍ਰੀਤ ਸਿੰਘ ਸਿਲਵਰ ਮੈਡਲ, 70 ਕਿੱਲੋ 'ਚ ਅਮਨਪ੍ਰੀਤ ਸਿੰਘ ਗੋਲਡ ਮੈਡਲ, 75 ਕਿੱਲੋ 'ਚ ਗੁਰਸ਼ਾਨ ਸਿੰਘ ਗੋਲਡ, 80 ਕਿੱਲੋ 'ਚ ਮਨਪ੍ਰੀਤ ਸਿੰਘ ਗੋਲਡ, 85 ਕਿੱਲੋ 'ਚ ਚਰਨਪ੍ਰੀਤ ਸਿੰਘ ਨੇ ਗੋਲਡ ਮੈਡਲ ਹਾਸਲ ਕੀਤਾ।

## ...ਸ.ਫਾ 1 ਦੇ ਬਾਕੀ

### ਮੁਕਤ ਵਪਾਰ ਸਮਝੌਤੇ ਖਿਲਾਫ...

ਉਗਰਾਹਾਂ ਨੇ ਕਿਹਾ ਕਿ ਐੱਸ ਕੇ ਐੱਮ ਸਰਕਾਰੀ ਜਬਰ ਦਾ ਟਾਕਰਾ ਕਰਨ ਲਈ ਇੱਕਜੁੱਟ ਹੈ ਅਤੇ ਸਮਰੱਥ ਵੀ ਹੈ।

ਹਰਿੰਦਰ ਸਿੰਘ ਲੱਖੋਵਾਲ ਨੇ ਕਿਹਾ ਕਿ ਬਦਲਾਅ ਵਾਲੀ ਸਰਕਾਰ ਕਿਸਾਨਾਂ ਦੀ ਜ਼ਮੀਨਾਂ ਖੋਹਣ ਚੱਲੀ ਸੀ, ਪਰ ਕਿਸਾਨੀ ਟ੍ਰੈਕਟਰ ਮਾਰਚ ਨੇ ਉਸ ਦੀਆਂ ਅੱਖਾਂ ਖੋਹਲ ਦਿੱਤੀਆਂ ਅਤੇ ਆਪਣੀ ਬਣਾਈ ਪਾਲਸੀ ਖੁਦ ਹੀ ਵਾਪਸ ਲੈ ਲਈ। ਸਰਕਾਰ ਨੇ ਗੰਨੇ ਦੀ ਫ਼ਸਲ ਦੀ ਅਦਾਇਗੀ ਨਹੀਂ ਕੀਤੀ। ਮਹਾਂ-ਪੰਚਾਇਤ ਵਿਚ ਸ਼ਾਮਲ ਕਿਸਾਨ ਆਗੂਆਂ ਨੇ ਇੱਕ ਸੁਰ ਵਿਚ ਸਮੁੱਚੀਆਂ ਕਿਸਾਨੀ ਮੰਗਾਂ ਦਾ ਮੁੱਦਾ ਚੁੱਕਿਆ ਅਤੇ ਕੇਂਦਰ ਅਤੇ ਰਾਜ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਕਿਸਾਨਾਂ ਦੀ ਇੱਕ ਇੰਚ ਜ਼ਮੀਨ ਵੀ ਅਧਿਗ੍ਰਹਿਣ ਨਹੀਂ ਕਰਨ ਦਿੱਤੀ ਜਾਵੇਗੀ। ਕਿਸਾਨ ਆਗੂਆਂ ਨੇ ਮੁਕਤ ਵਪਾਰ ਸਮਝੌਤੇ ਦਾ ਡਟ ਕੇ ਵਿਰੋਧ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਨੇ ਦਬਾਅ ਵਿਚ ਆ ਕੇ ਕਪਾਹ 'ਤੇ ਟੈਕਸ ਘਟਾ ਦਿੱਤਾ ਹੈ, ਜਿਸ ਨਾਲ ਕਿਸਾਨਾਂ ਨੂੰ ਕਪਾਹ, ਡੇਅਰੀ, ਗੰਨਾ ਮਿੱਲਾਂ ਅਤੇ ਹੋਰ ਉਪਜਾਂ 'ਤੇ ਵੱਡੇ ਘਾਟੇ ਦਾ ਸਾਹਮਣਾ ਕਰਨਾ ਪਵੇਗਾ, ਜਿਸ ਨਾਲ ਕਿਸਾਨੀ ਤਬਾਹ ਹੋ ਜਾਵੇਗੀ। ਮਹਾਂ-ਪੰਚਾਇਤ ਵਿਚ ਕਿਸਾਨੀ ਮੰਗਾਂ ਵਿਚ ਮੁੱਖ ਤੌਰ 'ਤੇ ਕਰ ਮੁਕਤ ਵਪਾਰ ਸਮਝੌਤੇ ਵਿੱਚੋਂ ਖੇਤੀ ਅਤੇ ਸਹਾਇਕ ਧੰਦੇ ਬਾਹਰ ਰੱਖੇ ਜਾਣ, ਹਰ ਖੇਤ ਨੂੰ ਨਹਿਰੀ ਪਾਣੀ ਅਤੇ ਹਰ ਘਰ ਨੂੰ ਪੀਣ ਲਈ ਸਾਫ਼ ਪਾਣੀ ਮਿਲੇ, ਸਹਿਕਾਰਤਾ ਲਹਿਰ ਨੂੰ ਬਚਾਉਣ ਦੀ ਵਕਾਲਤ ਤੇ ਕੇਂਦਰੀਕਰਨ ਦੀ ਮੁਖਾਲਫਤ ਕੀਤੀ, ਗੰਨੇ ਦਾ ਬਕਾਇਆ, ਹੜ੍ਹ ਪੀੜਤਾਂ ਨੂੰ ਮੁਆਵਜ਼ਾ ਅਤੇ ਸਮਾਰਟ ਬਿਜਲੀ ਮੀਟਰਾਂ ਦਾ ਵਿਰੋਧ ਕੀਤਾ। ਪੰਜਾਬ ਦੇ ਵੱਖ-ਵੱਖ ਕੋਨਿਆਂ ਤੋਂ ਕਾਫਲੇ ਬੰਨ੍ਹ ਕੇ ਆਏ ਕਿਸਾਨਾਂ ਅਤੇ ਉਹਨਾਂ ਦੇ ਵਾਹਨਾਂ 'ਤੇ ਨਿਗਾਹ ਰੱਖਣ ਲਈ ਪ੍ਰਸ਼ਾਸਨ ਵੱਲੋਂ ਭਾਰੀ ਤਾਦਾਦ ਵਿਚ ਪੁਲਸ ਫੋਰਸ ਤੈਨਾਤ ਕੀਤੀ ਸੀ। ਸਮਰਾਲਾ ਦੇ ਚੌਗਿਰਦੇ ਦੇ ਸਾਰੇ ਰਸਤੇ ਰੈਲੀ ਸਮੇਂ ਜਾਮ ਰਹੇ। ਇਸ ਮੌਕੇ ਸੰਯੁਕਤ ਕਿਸਾਨ ਮੋਰਚੇ ਵਿਚ ਸ਼ਾਮਲ ਸਾਰੀਆਂ ਜਥੇਬੰਦੀਆਂ ਦੇ ਆਗੂਆਂ ਨੂੰ ਬੋਲਣ ਦਾ ਮੌਕਾ ਦਿੱਤਾ ਗਿਆ। ਬੁਲਾਰਿਆਂ ਵਿਚ ਹੋਰਨਾਂ ਤੋਂ ਇਲਾਵਾ ਮੁੱਖ ਤੌਰ 'ਤੇ ਰਾਜਿੰਦਰ ਸਿੰਘ ਦੀਪ ਸਿੰਘ ਵਾਲਾ, ਦਰਸ਼ਨਪਾਲ, ਹਰਮੀਤ ਸਿੰਘ ਕਾਦੀਆਂ, ਬੂਟਾ ਸਿੰਘ ਬੁਰਜਗਿੱਲ, ਮਨਜੀਤ ਸਿੰਘ ਧਨੇਰ ਅਤੇ ਪਰਮਿੰਦਰ ਸਿੰਘ ਪਾਲਮਾਜਰਾ ਸ਼ਾਮਲ ਸਨ।

### ਚੇਤਨਾ ਮਾਰਚ ਜਥਿਆਂ...

ਸਿੰਘ ਚਾਨੀ, ਪ੍ਰਦੀਪ ਸਿੰਘ ਬਰਾੜ, ਸੋਮ ਨਾਥ ਅਰੋੜਾ, ਚਰਨਜੀਤ ਸਿੰਘ ਚਮੇਲੀ, ਪੱਪੀ ਸਿੰਘ ਢਿੱਲਵਾਂ ਕਲਾਂ ਅਤੇ ਪ੍ਰੋਫੈਸਰ ਹਰਬੰਸ ਸਿੰਘ ਪਦਮ ਨੇ ਵੀ ਆਪਣੇ ਵਿਚਾਰ ਪ੍ਰਗਟ ਕਰਦਿਆਂ ਪਾਰਟੀ ਦੀ ਸੂਬਾਈ ਲੀਡਰਸ਼ਿਪ ਨੂੰ ਭਰੋਸਾ ਦਿਵਾਇਆ ਕਿ ਕੌਮੀ ਕਾਨਫਰੰਸ ਨੂੰ ਸਫਲ ਬਣਾਉਣ ਲਈ ਪੂਰਾ ਜ਼ੋਰ ਲਗਾਇਆ ਜਾਵੇਗਾ। ਹੋਰਨਾਂ ਤੋਂ ਇਲਾਵਾ ਰੇਸ਼ਮ ਸਿੰਘ ਜਟਾਣਾ, ਬੋਹੜ ਸਿੰਘ ਔਲਖ, ਤਰਸੇਮ ਨਰੂਲਾ, ਪੂਰਨ ਸਿੰਘ ਸੰਧਵਾਂ, ਕੇਵਲ ਸਿੰਘ ਲੰਭਵਾਲੀ, ਹਰਦੇਵ ਸਿੰਘ ਗਿੱਲ, ਜਸਪਾਲ ਸਿੰਘ, ਗੁਰਦੀਪ ਭੋਲਾ, ਸ਼ਿਵ ਨਾਥ ਦਰਦੀ, ਅਮਰਜੀਤ ਕੌਰ ਛਾਬੜਾ, ਸੁਖਦਰਸ਼ਨ ਰਾਮ ਸ਼ਰਮਾ ਅਤੇ ਨਾਹਰ ਸਿੰਘ ਗਿੱਲ ਆਦਿ ਹਾਜ਼ਰ ਸਨ।

**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)** : ਸੀ ਪੀ ਆਈ ਦੇ ਨੌਜਵਾਨ ਵਲੰਟੀਅਰ ਮੁੰਡਿਆਂ ਤੇ ਕੁੜੀਆਂ ਦਾ ਲਾਲ ਝੰਡੇ ਲੈ ਕੇ ਗੱਡੀਆਂ ਤੇ ਮੋਟਰਸਾਇਕਲਾਂ 'ਤੇ ਪਿੰਡ ਭੀਟੀਵਾਲਾ ਤੋਂ ਤੁਰਿਆ ਜਥਾ ਲੰਬੀ, ਗਿੱਦੜਬਾਹਾ ਕੋਟ ਭਾਈ ਦਸਮੇਸ਼ ਨਗਰ ਛੱਤਿਆਣਾ ਸੁਖਨਾ ਆਦਿ ਪਿੰਡਾਂ ਵਿੱਚ ਮਾਰਚ ਕਰਦਾ ਪਿੰਡ ਛੱਤਿਆਣਾ ਵਿਖੇ ਪੁੱਜਾ ਤਾਂ ਪਾਰਟੀ ਬਰਾਂਚ ਤੇ ਆਮ ਲੋਕਾਂ ਵੱਲੋਂ ਜਥੇ ਦਾ ਭਰਵਾਂ ਸਵਾਗਤ ਕੀਤਾ ਗਿਆ। ਇਸ ਸਮੇਂ ਨਰੇਗਾ ਦੇ ਮੁੱਖ ਸਲਾਹਕਾਰ ਜਗਰੂਪ ਸਿੰਘ, ਜ਼ਿਲ੍ਹਾ ਸਕੱਤਰ ਹਰਲਾਭ ਸਿੰਘ, ਚਰਨਜੀਤ ਸਿੰਘ ਵਣਵਾਲਾ ਲੰਬੀ, ਬੋਹੜ ਸਿੰਘ ਸੁਖਨਾ, ਚੰਬਾ ਸਿੰਘ ਵਾੜਾ ਕਿਸ਼ਨਪੁਰਾ, ਗੁਰਮੇਲ ਸਿੰਘ ਦੋਦਾ ਅਤੇ ਭੀਮਾ ਕੋਟ ਭਾਈ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਜਸਪ੍ਰੀਤ ਕੌਰ ਸਟੂਡੈਂਟ ਫੈਡਰੇਸ਼ਨ ਦੀ ਸੂਬਾ ਆਗੂ ਅਤੇ ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾ ਪ੍ਰਧਾਨ ਸੁਖਜਿੰਦਰ ਮਹੇਸਰੀ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਅਜ਼ਾਦੀ ਤੋਂ ਪਹਿਲਾਂ ਕੀਤੀਆਂ ਕੁਰਬਾਨੀਆਂ ਬਾਰੇ ਤੇ ਅਜ਼ਾਦੀ ਤੋਂ ਬਾਅਦ ਭਾਰਤੀ ਕਮਿਊਨਿਸਟ ਪਾਰਟੀ ਦੀਆਂ ਪ੍ਰਾਪਤੀਆਂ ਬਾਰੇ ਵਿਸਥਾਰ ਨਾਲ ਉਦਾਹਰਣਾਂ ਦੇ ਕੇ ਕਿਹਾ ਕਿ ਸਾਮਰਾਜਵਾਦ ਆਪਣੀ ਭੁੱਖ ਮਿਟਾਉਣ ਲਈ ਦੁਨੀਆ ਭਰ ਵਿੱਚ ਲੋਕਾਂ ਦੇ ਹੱਕਾਂ ਨੂੰ ਖਾ ਰਿਹਾ ਹੈ ਤੇ ਸਰਮਾਇਆ ਪੈਦਾਵਰ ਦੇ ਸਾਧਨਾਂ ਉਤੇ ਕਾਬਜ਼ ਹੋ ਕੇ ਲੋਕਾਂ ਨੂੰ ਬੇਰੁਜ਼ਗਾਰ ਕਰ ਰਿਹਾ ਹੈ। ਇਸ ਲਈ ਹੁਣ ਕਿਸਾਨਾਂ, ਮਜ਼ਦੂਰਾਂ ਦਾ ਇਕਜੁੱਟ ਹੋਣਾ ਸਮੇਂ ਦੀ ਮੁੱਖ ਲੋੜ ਹੈ। ਇਸ ਮੌਕੇ ਗੁਰਬਚਨ ਸਿੰਘ, ਦੁਨੀ ਚੰਦ, ਗੁਰਜੰਟ ਸਿੰਘ, ਬਲਦੇਵ ਸਿੰਘ, ਪ੍ਰਕਾਸ ਸਿੰਘ, ਜੀਤ ਸਿੰਘ, ਸੁਰਜੀਤ ਸਿੰਘ, ਕਾਲਾ ਸਿੰਘ ਅਤੇ ਬਹੁਤ ਸਾਰੀਆਂ ਔਰਤਾਂ ਮੌਜੂਦ ਸਨ।

### ਬੈਂਕ ਆਫ ਇੰਡੀਆ ਨੇ ...

ਉਲੰਘਣਾ ਕਰਕੇ ਹੋਏ ਲੈਣ-ਦੇਣ ਲਈ ਬੈਂਕ ਫੰਡਾਂ ਦੀ ਦੁਰਵਰਤੋਂ ਦਾ ਦੋਸ਼ ਲਗਾਇਆ ਗਿਆ ਸੀ। ਉਸ ਦੀ ਸ਼ਿਕਾਇਤ ਤੋਂ ਬਾਅਦ ਸੀ ਬੀ ਆਈ ਨੇ ਸਨਿੱਚਰਵਾਰ ਰਿਲਾਇੰਸ ਕਮਿਊਨੀਕੇਸ਼ਨਜ਼ ਅਤੇ ਅੰਬਾਨੀ ਦੇ ਘਰ ਨਾਲ ਜੁੜੇ ਟਿਕਾਣਿਆਂ ਦੀ ਤਲਾਸ਼ੀ ਲਈ। ਉਧਰ ਇੱਕ ਬਿਆਨ ਵਿੱਚ ਅਨਿਲ ਅੰਬਾਨੀ ਦੇ ਬੁਲਾਰੇ ਨੇ ਸਾਰੇ ਦੋਸ਼ਾਂ ਨੂੰ ਜ਼ੋਰਦਾਰ ਢੰਗ ਨਾਲ ਨਕਾਰਿਆ ਅਤੇ ਕਿਹਾ ਕਿ ਉਹ ਆਪਣਾ ਬਚਾਅ ਕਰਨਗੇ।

ਬੁਲਾਰੇ ਨੇ ਕਿਹਾ, 'ਐੱਸ ਬੀ ਆਈ ਵੱਲੋਂ ਦਾਇਰ ਸ਼ਿਕਾਇਤ 10 ਸਾਲ ਤੋਂ ਵੱਧ ਪੁਰਾਣੇ ਮਾਮਲਿਆਂ ਨਾਲ ਸੰਬੰਧਤ ਹੈ। ਉਸ ਸਮੇਂ ਅੰਬਾਨੀ ਕੰਪਨੀ ਦੇ ਇੱਕ ਗੈਰ-ਕਾਰਜਕਾਰੀ ਨਿਰਦੇਸ਼ਕ ਸਨ ਅਤੇ ਕੰਪਨੀ ਦੇ ਰੋਜ਼ਾਨਾ ਪ੍ਰਬੰਧਨ ਵਿੱਚ ਉਨ੍ਹਾ ਦੀ ਕੋਈ ਭੂਮਿਕਾ ਨਹੀਂ ਸੀ।'

### ਮੰਡਿਆਲਾ ਅਗਨੀ...

ਸਕਿਆ। ਇਸੇ ਦੌਰਾਨ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਦੱਸਿਆ ਕਿ ਹੁਣ ਤੱਕ 7 ਲੋਕਾਂ ਦੀ ਮੌਤ ਹੋ ਚੁੱਕੀ ਹੈ, ਜਦਕਿ 13 ਲੋਕਾਂ ਦਾ ਇਲਾਜ ਚੱਲ ਰਿਹਾ ਹੈ। ਮ੍ਰਿਤਕਾਂ ਵਿਚ ਸੁਖਜੀਤ ਸਿੰਘ, ਬਲਵੰਤ ਰਾਏ, ਧਰਮਿੰਦਰ ਵਰਮਾ, ਮਨਜੀਤ ਸਿੰਘ, ਵਿਜੇ, ਜਸਵਿੰਦਰ ਕੌਰ ਅਤੇ ਅਰਾਧਨਾ ਵਰਮਾ ਸ਼ਾਮਲ ਹਨ, ਜਦੋਂ ਕਿ ਜ਼ਖਮੀਆਂ ਵਿੱਚ ਹਰਬੰਸ ਲਾਲ, ਅਮਰਜੀਤ ਕੌਰ, ਸੁਖਜੀਤ ਕੌਰ, ਜੋਤੀ, ਗੁਰਮੁਖ ਸਿੰਘ, ਹਰਪ੍ਰੀਤ ਕੌਰ, ਕੁਸੁਮ, ਭਗਵਾਨ ਦਾਸ, ਸੀਤਾ, ਅਜੈ, ਸੰਜੇ, ਰਾਘਵ ਅਤੇ ਪੂਜਾ ਸ਼ਾਮਲ ਹਨ। ਬਲਵੰਤ ਸਿੰਘ, ਸੁਮਨ ਅਤੇ ਲਾਲੀ ਵਰਮਾ ਨੂੰ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਗਈ ਹੈ।

### ਜੰਗੀਰ ਸਿੰਘ ਜੋਗਾ...

ਰਿਹਾ ਹੈ।ਪਹਿਲੀ ਨਵੰਬਰ ਰਾਤ ਨਾਟਕਾਂ ਭਰੀ ਹੋਵੇਗੀ। 30 ਅਕਤੂਬਰ ਨੂੰ ਪ੍ਰਦਰਸ਼ਨੀ ਦੇ ਉਦਘਾਟਨ ਤੋਂ ਬਾਅਦ ਸ਼ਾਮ ਨੂੰ ਪੁਸਤਕ ਪੰਡਾਲ ਲੱਗਣਗੇ ਤੇ ਜੰਮੂ-ਕਸ਼ਮੀਰ ਵਿੱਚ ਕੇਂਦਰ ਸਰਕਾਰ ਵੱਲੋਂ 25 ਕਿਤਾਬਾਂ 'ਤੇ ਲਾਈ ਪਾਬੰਦੀ 'ਤੇ ਵਿਚਾਰ-ਚਰਚਾ ਹੋਵੇਗੀ। 31 ਅਕਤੂਬਰ ਨੂੰ ਗਾਇਨ, ਪੇਂਟਿੰਗ, ਕੁਇੱਜ਼ ਅਤੇ ਭਾਸ਼ਣ ਮੁਕਾਬਲਿਆਂ ਤੋਂ ਬਾਅਦ ਵਿਚਾਰ-ਚਰਚਾ ਹੋਵੇਗੀ, ਜਿਸ ਵਿੱਚ ਉੱਘੇ ਵਿਦਵਾਨ ਪ੍ਰਭਾਤ ਪਟਨਾਇਕ ਅਤੇ ਡਾਕਟਰ ਸਵਰਾਜਬੀਰ ਮੁੱਖ ਵਕਤਾ ਹੋਣਗੇ। ਪਹਿਲੀ ਨਵੰਬਰ ਨੂੰ ਝੰਡਾ ਲਹਿਰਾਉਣ ਦੀ ਰਸਮ ਕਮੇਟੀ ਮੈਂਬਰ ਦਰਸ਼ਨ ਸਿੰਘ ਖਟਕੜ ਨਿਭਾਉਣਗੇ। ਦਿਨ ਦੀ ਵੱਡੀ ਸਟੇਜ 'ਤੇ ਮਹਾਨ ਵਿਦਵਾਨ ਮੁਹੰਮਦ ਯੂਸਫ ਤਾਰੀਗਾਮੀ ਤੇ ਡਾਕਟਰ ਨਵਸ਼ਰਨ ਦੇ ਲੈਕਚਰ ਅਤੇ ਸਾਰਾ ਦਿਨ ਗੀਤ-ਸੰਗੀਤ ਚੱਲੇਗਾ। ਇਸੇ ਤਰ੍ਹਾਂ ਸ਼ਾਮ ਨੂੰ ਬਾਬਾ ਜਵਾਲਾ ਸਿੰਘ ਹਾਲ ਵਿੱਚ ਵਿਚਾਰ-ਚਰਚਾ ਹੋਵੇਗੀ। ਰਾਤ ਨਾਟਕਾਂ ਭਰੀ ਹੋਵੇਗੀ ਤੇ ਸਰਘੀ ਵੇਲੇ ਮੇਲਾ ਸਮਾਪਤ ਹੋਵੇਗਾ। ਸਮਾਗਮ ਨੂੰ ਡਾਕਟਰ ਵਿਜੇ ਸਿੰਗਲਾ ਐੱਮ ਐੱਲ ਏ ਤੇ ਰਣ ਸਿੰਘ ਨੇ ਵੀ ਸੰਬੋਧਨ ਕੀਤਾ। ਪੰਜਾਬ ਇਸਤਰੀ ਸਭਾ ਦੀ ਸੂਬਾਈ ਸੀਨੀਅਰ ਮੀਤ ਪ੍ਰਧਾਨ ਰੁਪਿੰਦਰ ਕੌਰ ਮਾੜੀਮੇਘਾ, ਅੰਮ੍ਰਿਤਪਾਲ ਕੌਰ ਅਤੇ ਜੁਗਿੰਦਰ ਕੌਰ ਨੇ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ।

## ਲਾਲਾ ਜਗਤ ਨਾਰਾਇਣ ਐਜੂਕੇਸ਼ਨ ਕਾਲਜ ਵੱਲੋਂ ਨਸ਼ਿਆਂ ਵਿਰੁੱਧ ਨੁੱਕੜ ਨਾਟਕ ਤੇ ਸੈਮੀਨਾਰ



**ਜਲਾਲਾਬਾਦ (ਜੰਗੀਰ ਕੌਰ ਫਲੀਆਂਵਾਲਾ, ਜੀਤ ਕੁਮਾਰ)**-ਲਾਲਾ ਜਗਤ ਨਾਰਾਇਣ ਐਜੂਕੇਸ਼ਨ ਕਾਲਜ ਜਲਾਲਾਬਾਦ ਵਿਖੇ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਅਸ਼ੋਕ ਕੁਮਾਰ ਅਨੇਜਾ, ਪ੍ਰਧਾਨ ਪ੍ਰਦੀਪ ਕੁਮਾਰ ਚੁੱਘ, ਖਜ਼ਾਨਚੀ ਚੰਦਰ ਸ਼ੇਖਰ ਗੂੰਬਰ, ਸਿੱਖਿਆ ਸ਼ਾਸਤਰੀ ਗੁਰਬਖਸ਼ ਸਿੰਘ ਖੁਰਾਣਾ, ਪ੍ਰਿੰਸੀਪਲ ਡਾ. ਨੀਤਿਕਾ ਦੀ ਯੋਗ ਅਗਵਾਈ ਹੇਠ ਡਾਇਰੈਕਟਰ ਯੁਵਕ ਸੇਵਾਵਾਂ ਵਿਭਾਗ ਵੱਲੋਂ ਪੰਜਾਬ ਦੇ ਕੋਆਰਡੀਨੇਟਰ ਸੁਰਿੰਦਰ ਕੁਮਾਰ ਅਤੇ ਅੰਕਿਤ ਕੁਮਾਰ ਦੁਆਰਾ ਜ਼ਿਲ੍ਹਾ ਪੱਧਰੀ ਨਸ਼ਿਆਂ ਵਿਰੁੱਧ ਜਾਗਰੂਕਤਾ ਅਭਿਆਨ ਤਹਿਤ ਨਸ਼ਾ ਰੋਕੂ ਨੁੱਕੜ ਨਾਟਕ ਰਾਮ ਸਰਨਮ ਨਗਰ ਵਿਖੇ ਕਰਵਾਇਆ ਗਿਆ। ਜਿਸ ਵਿਚ ਕਾਲਜ ਦੇ ਵਿਦਿਆਰਥੀਆਂ ਨੇ ਨਸ਼ਿਆਂ ਵਿਰੁੱਧ ਨਾਟਕ ਪੇਸ਼ ਕੀਤਾ। ਇਸ ਮੌਕੇ ਪਿੰਡ ਦੇ ਸਰਪੰਚ ਸੰਜੀਵ ਪਰੂਥੀ ਅਤੇ ਰਾਧਿਕਾ ਮੌਂਗਾ ਪੰਚਾਇਤ ਸੈਕਟਰੀ ਨੇ ਇਸ ਨਾਟਕ ਦੀ ਸ਼ਲਾਘਾ ਕੀਤੀ ਤੇ ਵਿਦਿਆਰਥੀਆਂ ਦੀ ਹੌਸਲਾ ਅਫਜ਼ਾਈ ਕੀਤੀ। ਇਸ ਸੈਮੀਨਾਰ ਵਿਚ ਪ੍ਰਵੀਨ ਕੁਮਾਰ ਮੈਂਬਰ ਪੰਚਾਇਤ, ਸਵਰਨਾ ਰਾਣੀ ਮੈਂਬਰ ਪੰਚਾਇਤ, ਰਾਜ ਕੁਮਾਰ, ਰਕੇਸ਼ ਕੁਮਾਰ, ਰਾਜੀਵ ਕੁਮਾਰ, ਰਾਜਨ ਸਿਡਾਨਾ, ਪ੍ਰੇਮ ਸਿੰਘ, ਰਕੇਸ਼ ਸਿੰਘ, ਕਰਨੈਲ ਸਿੰਘ, ਕੁਲਦੀਪ ਸਿੰਘ, ਬਲਵਿੰਦਰ ਸਿੰਘ ਮੌਜੂਦ ਸਨ।

## ਝੜੌਦੀ ਦੇ ਸਰਪੰਚ ਨੇ ਖਿਡਾਰੀਆਂ ਨੂੰ ਖੇਡ ਕਿੱਟ ਸੌਂਪੀ




**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਨੇੜਲੇ ਪਿੰਡ ਝੜੌਦੀ ਦੀ ਗ੍ਰਾਮ ਪੰਚਾਇਤ ਦੇ ਸਰਪੰਚ ਬਲਵਿੰਦਰ ਸਿੰਘ ਵੱਲੋਂ ਖਿਡਾਰੀਆਂ ਨੂੰ ਖੇਡ ਕਿੱਟ ਸੌਂਪੀ ਗਈ। ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਸਰਪੰਚ ਬਲਵਿੰਦਰ ਸਿੰਘ ਨੇ ਦੱਸਿਆ ਕਿ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਜਿੱਥੇ ਖੇਡਾਂ ਵੱਲ ਪ੍ਰੇਰਿਤ ਕੀਤਾ ਜਾ ਰਿਹਾ ਹੈ, ਉੱਥੇ ਅੱਜ ਪੰਚਾਇਤ ਵੱਲੋਂ ਉਪਰਾਲਾ ਕੀਤਾ ਗਿਆ, ਜਿਸ ਤਹਿਤ ਵਾਲੀਬਾਲ ਖਿਡਾਰੀਆਂ ਨੂੰ ਕਿੱਟ ਸੌਂਪੀ ਗਈ। ਉਨ੍ਹਾਂ ਕਿਹਾ ਕਿ ਪਿੰਡ ਵਿੱਚ ਹੋਰ ਵੀ ਨੌਜਵਾਨ, ਜੋ ਖੇਡਾਂ ਲਈ ਅੱਗੇ ਆਉਣਾ ਚਾਹੁੰਦੇ ਹਨ, ਪੰਚਾਇਤ ਵੱਲੋਂ ਉਨ੍ਹਾਂ ਨੂੰ ਹਰ ਸੰਭਵ ਸਹਿਯੋਗ ਦਿੱਤਾ ਜਾਵੇਗਾ। ਸਰਪੰਚ ਬਲਵਿੰਦਰ ਸਿੰਘ ਨੇ ਕਿਹਾ ਕਿ ਸਾਡਾ ਉਦੇਸ਼ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣਾ ਹੈ ਤਾਂ ਜੋ ਉਹ ਖੇਡਾਂ ਵਿਚ ਮੱਲ੍ਹਾਂ ਮਾਰ ਕੇ ਪਿੰਡ ਦਾ ਨਾਮ ਰੌਸ਼ਨ ਕਰ ਸਕਣ। ਇਸ ਮੌਕੇ ਵਿਨੀਤ ਕੁਮਾਰ ਝੜੌਦੀ, ਸ਼ਿਵ ਕੁਮਾਰ ਸ਼ਿਵਲੀ ਮੌਜੂਦ ਸਨ।

## ਬੀ. ਕਾਮ ਸਮੈਸਟਰ ਚੌਥੇ ਦਾ ਨਤੀਜਾ ਸ਼ਾਨਦਾਰ ਰਿਹਾ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵਿਮੈਨ, ਝਾੜ ਸਾਹਿਬ ਦਾ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਐਲਾਨਿਆ ਬੀ. ਕਾਮ ਸਮੈਸਟਰ ਚੌਥਾ ਦਾ ਨਤੀਜਾ ਸ਼ਾਨਦਾਰ ਰਿਹਾ। ਕਾਲਜ ਵਿਦਿਆਰਥਣ ਰਸਲੀਨ ਕੌਰ ਨੇ 84 ਫੀਸਦੀ ਅੰਕ ਪ੍ਰਾਪਤ ਕਰਕੇ ਕਾਲਜ 'ਚੋਂ ਪਹਿਲਾ, ਅਮਨਦੀਪ ਕੌਰ ਨੇ 72.5 ਫੀਸਦੀ ਅੰਕ ਹਾਸਲ ਕਰ ਦੂਜਾ ਤੇ ਹਰਬਲਵ ਕੌਰ ਨੇ 71 ਅੰਕ ਹਾਸਲ ਕਰ ਤੀਜਾ ਸਥਾਨ ਪ੍ਰਾਪਤ ਕੀਤਾ। ਕਾਲਜ ਪ੍ਰਿੰਸੀਪਲ ਡਾ. ਰਜਿੰਦਰ ਕੌਰ ਨੇ ਵਿਦਿਆਰਥਣਾਂ ਤੇ ਸਟਾਫ਼ ਮੈਂਬਰ, ਮਾਪਿਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਸੰਸਥਾ ਵਿਦਿਆਰਥਣਾਂ ਦੇ ਸਰਵਪੱਖੀ ਵਿਕਾਸ ਦੀ ਪੂਰਤੀ ਲਈ ਸਦਾ ਯਤਨਸ਼ੀਲ ਰਹਿੰਦੀ ਹੈ। ਕਾਮਰਸ ਵਿਭਾਗ ਦੀਆਂ ਵਿਦਿਆਰਥਣਾਂ ਨੂੰ ਪੜ੍ਹਾਈ ਦੇ ਨਾਲ-ਨਾਲ ਰੁਜ਼ਗਾਰ ਦੇ ਮੌਕੇ ਵੀ ਪ੍ਰਦਾਨ ਕੀਤੇ ਜਾ ਰਹੇ ਹਨ। ਕਾਲਜ ਦੀ ਲੋਕਲ ਮੈਨੇਜਿੰਗ ਕਮੇਟੀ ਵੱਲੋਂ ਵਿਦਿਆਰਥਣਾਂ ਦੀ ਇਸ ਪ੍ਰਾਪਤੀ ਦੀ ਸ਼ਲਾਘਾ ਕੀਤੀ ਗਈ।

## ਬਰੌਂਡਵੇ ਪਬਲਿਕ ਸਕੂਲ ਦੇ ਖਿਡਾਰੀਆਂ ਦੇ ਸ਼ਾਨਦਾਰ ਪ੍ਰਦਰਸ਼ਨ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪੰਜਾਬ ਸਕੂਲ ਸਿੱਖਿਆ ਬੋਰਡ ਜ਼ਿਲ੍ਹਾ ਪੱਧਰੀ ਖੇਡਾਂ 'ਚ ਪਹਿਲਾ ਸਥਾਨ ਪ੍ਰਾਪਤ ਕੀਤਾ, ਜਿਸ ਵਿੱਚ ਬਰੌਂਡਵੇ ਪਬਲਿਕ ਸਕੂਲ ਮਨਾਲ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਯੋਗਦਾਨ ਪਾਇਆ।ਬਰੌਂਡਵੇ ਪਬਲਿਕ ਸਕੂਲ ਦੇ ਕੁੱਲ ਸੱਤ ਵਿਦਿਆਰਥੀ ਜੇਤੂ ਫੁੱਟਬਾਲ ਟੀਮ ਦਾ ਹਿੱਸਾ ਸਨ। ਇਨ੍ਹਾਂ ਵਿੱਚੋਂ ਤਿੰਨ ਵਿਦਿਆਰਥੀ ਅਮਰਵੀਰ ਸਿੰਘ, ਅਰਸ਼ਦੀਪ ਸਿੰਘ ਤੇ ਰਣਵੀਰ ਸਿੰਘ ਨੂੰ ਰਾਜ ਪੱਧਰੀ ਟੂਰਨਾਮੈਂਟ ਲਈ ਚੁਣਿਆ ਗਿਆ ਹੈ।ਕਿੱਕ ਬਾਕਸਿੰਗ 'ਚ ਵੀ ਬਰੌਂਡਵੇ ਸਕੂਲ ਦੇ ਵਿਦਿਆਰਥੀਆਂ ਨੇ ਸੱਤ ਮੈਡਲ ਜਿੱਤ ਕੇ ਆਪਣੀ ਪ੍ਰਤਿਭਾ ਦਾ ਲੋਹਾ ਮਨਵਾਇਆ।ਇਸ ਸ਼੍ਰੇਣੀ ਵਿੱਚੋਂ ਦੋ ਵਿਦਿਆਰਥੀ ਅੰਸ਼ਦੀਪ ਸਿੰਘ ਤੇ ਯਾਦਵਿੰਦਰ ਸਿੰਘ ਨੇ ਰਾਜ ਪੱਧਰੀ ਟੂਰਨਾਮੈਂਟ ਲਈ ਕੁਆਲੀਫਾਈ ਕੀਤਾ।ਸਕੂਲ ਚੇਅਰਮੈਨ ਰਣਜੀਤ ਸਿੰਘ ਚੀਮਾ, ਡਾਇਰੈਕਟਰ ਸ੍ਰੀਮਤੀ ਨਵਰੀਤ ਕੌਰ ਚੀਮਾ ਤੇ ਪ੍ਰਿੰਸੀਪਲ ਮੁਹੰਮਦ ਆਰਿਫ਼ ਸੈਫ਼ੀ ਨੇ ਖਿਡਾਰੀਆਂ ਨੂੰ ਸਿਖਲਾਈ ਤੇ ਸੇਧ ਦੇਣ ਲਈ ਸਕੂਲ ਦੇ ਸਰੀਰਕ ਸਿੱਖਿਆ ਵਿਭਾਗ ਦੇ ਮਿਹਨਤੀ ਅਧਿਆਪਕਾਂ ਦੀ ਅਣਥੱਕ ਯਤਨਾਂ ਦੀ ਸ਼ਲਾਘਾ ਕੀਤੀ।

## ਬਾਬਾ ਖੇਤਰਪਾਲ ਮੰਦਰ ਵੈੱਲਫ਼ੇਅਰ ਸੁਸਾਇਟੀ ਵੱਲੋਂ ਕੀਤੀ ਜਾਵੇਗੀ ਮੂਰਤੀ ਸਥਾਪਨਾ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਜੈ ਬਾਬਾ ਖੇਤਰਪਾਲ ਮੰਦਰ ਵੈਲਫ਼ੇਅਰ ਸੁਸਾਇਟੀ ਦੀ ਇੱਕ ਅਹਿਮ ਮੀਟਿੰਗ ਮੰਦਰ ਵਿਖੇ ਹੋਈ।ਪੁਨੀਤ ਕਟਾਰੀਆ ਨੇ ਦੱਸਿਆ ਕਿ ਮੰਦਰ ਵਿਖੇ ਮਾਂ ਦੁਰਗਾ ਤੇ ਬਾਂਕੇ ਬਿਹਾਰੀ ਜੀ ਦੀ ਮੂਰਤੀ ਸਥਾਪਨਾ 5 ਸਤੰਬਰ ਨੂੰ ਕੀਤੀ ਜਾ ਰਹੀ ਹੈ।ਉਨ੍ਹਾਂ ਦੱਸਿਆ ਕਿ ਉਸ ਤੋਂ ਪਹਿਲਾਂ 29 ਅਗਸਤ ਤੋਂ 4 ਸਤੰਬਰ ਤੱਕ ਸ਼ਾਮ ਚਾਰ ਵਜੇ ਤੋਂ 6 ਵਜੇ ਤੱਕ ਭਗਵਤ ਕਥਾ ਦਾ ਆਯੋਜਨ ਕੀਤਾ ਜਾਵੇਗਾ।4 ਸਤੰਬਰ ਨੂੰ ਭਗਵਤ ਕਥਾ ਦਾ ਭੋਗ ਪਾਇਆ ਜਾਵੇਗਾ 4 ਸਤੰਬਰ ਨੂੰ ਹੀ ਸਵੇਰੇ ਸ਼ਹਿਰ 'ਚ ਸ਼ੋਭਾ ਯਾਤਰਾ ਕੱਢੀ ਜਾਵੇਗੀ ਪੰਜ ਸਤੰਬਰ ਨੂੰ ਸਵੇਰੇ ਮੂਰਤੀ ਸਥਾਪਨਾ ਕੀਤੀ ਜਾਵੇਗੀ ਤੇ ਸ਼ਾਮ ਨੂੰ ਸਤਿਸੰਗ ਕੀਤਾ ਜਾਵੇਗਾ, ਜਿਸ 'ਚ ਕਲਾਕਾਰ ਗੁਰਬੰਸ ਰਾਹੀਂ ਅਬੋਹਰ ਵਾਲੇ ਆਪਣੇ ਭਜਨ ਸੁਣਾਉਣਗੇ ਉਨ੍ਹਾਂ ਸਮੂਹ ਸੰਗਤ ਨੂੰ ਅਪੀਲ ਕੀਤੀ ਹੈ ਕਿ ਦਿੱਤੇ ਹੋਏ ਪ੍ਰੋਗਰਾਮਾਂ ਮੁਤਾਬਕ ਆਪਣੀਆਂ ਹਾਜ਼ਰੀਆਂ ਜ਼ਰੂਰ ਲਵਾਉਣ।

## ਗੁਰਪੁਰਬ ਨੂੰ ਸਮਰਪਤ 52 ਲੋੜਵੰਦਾਂ ਨੂੰ ਦਿੱਤੀ ਸਹਾਇਤਾ ਰਾਸ਼ੀ



**ਸ੍ਰੀ ਮੁਕਤਸਰ ਸਾਹਿਬ (ਕੁਲਭੂਸ਼ਨ ਚਾਵਲਾ)**-ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਚੇਅਰਮੈਨ ਡਾ. ਐਸ.ਪੀ.ਸਿੰਘ ਓਬਰਾਏ ਵੱਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਲੜੀ ਵਿੱਚ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਟਰੱਸਟ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਗੁਰਪੁਰਬ ਨੂੰ ਸਮਰਪਤ ਸ੍ਰੀ ਮੁਕਤਸਰ ਸਾਹਿਬ ਵਿਖੇ 52 ਲੋੜਵੰਦਾਂ ਨੂੰ 46 ਹਜ਼ਾਰ ਦੇ ਕਰੀਬ ਸਹਾਇਤਾ ਰਾਸ਼ੀ ਦਿੱਤੀ ਗਈ।ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਇਹ ਸਹਾਇਤਾ ਰਾਸ਼ੀ ਬਜ਼ੁਰਗ ਵਿਧਵਾਵਾਂ, ਕੰਮ ਕਰਨ ਤੋਂ ਅਸਮਰਥ ਬਜ਼ੁਰਗਾਂ, ਲਾਵਾਰਸ ਬੱਚਿਆਂ ਨੂੰ ਦਿੱਤੀ ਗਈ।ਸਹਾਇਤਾ ਰਾਸ਼ੀ ਲੈਣ ਉਪਰੰਤ ਲੋੜਵੰਦਾਂ ਵੱਲੋਂ ਡਾ. ਐਸ.ਪੀ.ਸਿੰਘ ਓਬਰਾਏ ਦਾ ਧੰਨਵਾਦ ਕੀਤਾ ਗਿਆ।

## ਜ਼ੋਨ ਪੱਧਰੀ ਮੁਕਾਬਲਿਆਂ 'ਚ ਸਰਕਾਰੀ ਹਾਈ ਸਕੂਲ ਔਲਖ ਦੀਆਂ ਸ਼ਾਨਦਾਰ ਪ੍ਰਾਪਤੀਆਂ



**ਕੋਟਕਪੂਰਾ (ਰਛਪਾਲ ਭੁੱਲਰ)**-ਪੰਜਾਬ ਸਕੂਲ ਸਿੱਖਿਆ ਵਿਭਾਗ ਵੱਲੋਂ ਇਨ੍ਹੀਂ ਦਿਨੀਂ ਜ਼ੋਨ ਪੱਧਰੀ ਖੇਡ ਮੁਕਾਬਲੇ ਹੋ ਰਹੇ ਹਨ, ਜਿਸ ਵਿੱਚ ਜ਼ੋਨ ਪੰਜਗਰਾਈਂ ਕਲਾਂ ਅਧੀਨ ਆਉਂਦੇ ਸਰਕਾਰੀ ਹਾਈ ਸਕੂਲ ਔਲਖ ਦੇ ਵਿਦਿਆਰਥੀਆਂ ਨੇ ਮੁੱਖ ਅਧਿਆਪਕ ਜਗਜੀਵਨ ਸਿੰਘ ਦੀ ਅਗਵਾਈ ਹੇਠ ਇਨ੍ਹਾਂ ਖੇਡ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਾਪਤੀਆਂ ਕੀਤੀਆਂ ਹਨ। ਜ਼ੋਨ ਪ੍ਰਧਾਨ ਤੇ ਮੁੱਖ ਅਧਿਆਪਕ ਸਰਕਾਰੀ ਹਾਈ ਸਕੂਲ ਔਲਖ ਜਗਜੀਵਨ ਸਿੰਘ ਨੇ ਦੱਸਿਆ ਕਿ ਸਕੂਲ ਦੀਆਂ ਟੀਮਾਂ ਵਿੱਚੋਂ "-14 ਤੇ "-17 ਫੁੱਟਬਾਲ ਲੜਕੇ ਪਹਿਲਾਂ ਸਥਾਨ, "-17 ਟੇਬਲ ਟੈਨਿਸ ਲੜਕੇ ਪਹਿਲਾਂ ਸਥਾਨ, "-14 ਟੇਬਲ ਟੈਨਿਸ ਲੜਕੀਆਂ ਦੂਜਾ ਸਥਾਨ, "-17 ਬੈਡਮਿੰਟਨ ਮੁੰਡੇ ਦੂਜਾ ਸਥਾਨ, "-14 ਬੈਡਮਿੰਟਨ ਲੜਕੀਆਂ ਪਹਿਲਾ ਸਥਾਨ, "-17 ਬੈਡਮਿੰਟਨ ਸਿੰਗਲ ਤੇ ਡਬਲਜ ਲੜਕੀਆਂ ਪਹਿਲਾ ਸਥਾਨ, "-17 ਕ੍ਰਿਕਟ ਲੜਕੇ ਦੂਜਾ ਸਥਾਨ, "-14 ਤੇ -17 ਸਾਈਕਲਿੰਗ ਲੜਕੇ ਪਹਿਲਾ ਸਥਾਨ, "-14 ਤੇ "-17 ਰੱਸਾਕਸ਼ੀ ਲੜਕੇ ਦੂਜਾ ਸਥਾਨ, "-14 ਰੱਸਾਕਸ਼ੀ ਵਿੱਚ ਦੂਜਾ ਸਥਾਨ, " -1 7 ਰੱਸਾਕਸ਼ੀ ਵਿੱਚ ਤੀਜਾ ਸਥਾਨ ਪ੍ਰਾਪਤ ਕੀਤੇ ਹਨ ਤੇ ਸਕੂਲ ਦਾ ਨਾਂਅ ਰੌਸ਼ਨ ਕੀਤਾ ਹੈ।ਉਨ੍ਹਾਂ ਅੱਗੇ ਦੱਸਿਆ ਕਿ ਇਹ ਸਭ ਪ੍ਰਾਪਤੀਆਂ ਦਾ ਸਿਹਰਾ ਜ਼ੋਨ ਵਿੱਤ ਸਕੱਤਰ ਡੀ.ਪੀ.ਈ. ਸੱਜਣ ਕੁਮਾਰ ਦੀ ਮਿਹਨਤ ਨੂੰ ਜਾਂਦਾ ਹੈ।ਕ੍ਰਿਕਟ ਤੇ ਬੈਡਮਿੰਟਨ ਦੀ ਖੇਡ ਵਿੱਚ ਗੁਰਿੰਦਰ ਪਾਲ ਸਿੰਘ ਤੇ ਨਵਲ ਕਿਸ਼ੋਰ ਦਾ ਵਿਸ਼ੇਸ਼ ਸਹਿਯੋਗ ਰਿਹਾ ਹੈ।ਸਕੂਲ ਦੇ 200 ਵਿਦਿਆਰਥੀਆਂ ਵਿੱਚੋਂ 150 ਦੇ ਕਰੀਬ ਵਿਦਿਆਰਥੀਆਂ ਨੇ ਖੇਡਾਂ ਵਿੱਚ ਭਾਗ ਲਿਆ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।
**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ : nawanzamana@gmail.com * Web : www.nawanzamana.in**

25 Aug Page 3.qxd 8/24/2025 9:51 PM Page 1



## ਸਮਰਾਲਾ ਜੇਤੂ ਰੈਲੀ ਲਈ ਪੱਟੀ, ਵਲਟੋਹਾ ਅਤੇ ਭਿੱਖੀਵਿੰਡ ਤੋਂ ਜਥਾ ਰਵਾਨਾ



**ਪੱਟੀ (ਬਲਦੇਵ ਸਿੰਘ ਸੰਧੂ)**- ਸੰਯੁਕਤ ਕਿਸਾਨ ਮੋਰਚੇ ਵੱਲੋਂ ਸਮਰਾਲਾ ਵਿਖੇ ਕੀਤੀ ਜਾ ਰਹੀ ਜੇਤੂ ਰੈਲੀ ਵਾਸਤੇ ਕੁੱਲ ਹਿੰਦ ਕਿਸਾਨ ਸਭਾ ਬਲਾਕ ਪੱਟੀ, ਵਲਟੋਹਾ ਅਤੇ ਭਿੱਖੀ ਵਿੰਡ ਦੇ ਕਾਮਰੇਡ ਮਹਾਵੀਰ ਸਿੰਘ ਗਿੱਲ ਵਰਕਿੰਗ ਪ੍ਰਧਾਨ ਪੰਜਾਬ, ਪੂਰਨ ਸਿੰਘ ਮਾੜੀ ਮੇਘਾ ਜ਼ਿਲ੍ਹਾ ਪ੍ਰਧਾਨ, ਕਾਰਜ ਸਿੰਘ ਕੈਰੋਂ, ਬਲਜੀਤ ਸਿੰਘ ਵਲਟੋਹਾ ਅਤੇ ਬਾਬਾ ਹੀਰਾ ਸਿੰਘ ਦੀ ਅਗਵਾਈ ਹੇਠ ਰਵਾਨਾ ਹੋਇਆ।ਇਸ ਮੌਕੇ ਤੇ ਬੋਲਦਿਆਂ ਕੁੱਲ ਹਿੰਦ ਕਿਸਾਨ ਸਭਾ ਦੇ ਵਰਕਿੰਗ ਪ੍ਰਧਾਨ ਕਾਮਰੇਡ ਮਹਾਵੀਰ ਸਿੰਘ ਗਿੱਲ ਨੇ ਦੱਸਿਆ ਕਿ ਕਿਸਾਨ ਸੰਘਰਸ਼ ਦੀ ਵੱਡੀ ਜਿੱਤ ਹੈ ਕਿ ਪੰਜਾਬ ਸਰਕਾਰ ਨੂੰ ਲੈਂਡ ਪੂਲਿੰਗ ਪਾਲਿਸੀ ਤੋਂ ਪਿੱਛੇ ਹਟਣਾ ਪਿਆ ਹੈ ਅਗਰ ਇਹ ਪਾਲਿਸੀ ਰੱਦ ਨਾ ਹੁੰਦੀ ਤਾਂ ਕਿਸਾਨਾਂ ਦਾ ਵੱਡੀ ਪੱਧਰ ਤੇ ਉਜਾੜਾ ਹੋਣਾ ਸੀ।ਇਸ ਮੌਕੇ ਤੇ ਕਿਸਾਨ ਆਗੂਆਂ ਨੇ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਆਖਿਆ ਕਿ ਅਗਰ ਇਹ ਸਰਕਾਰਾਂ ਕਿਸਾਨਾਂ ਦੀ ਜ਼ਮੀਨ ਤੇ ਮਾੜੀ ਨਜ਼ਰ ਰੱਖਣ ਦੀ ਕੋਸ਼ਿਸ਼ ਕੀਤੀ ਤਾਂ ਇਸੇ ਤਰ੍ਹਾਂ ਹੀ ਸਰਕਾਰਾਂ ਨੂੰ ਮੂੰਹ ਦੀ ਖਾਣੀ ਪਵੇਗੀ।ਇਸ ਮੌਕੇ ਪੰਜਾਬ ਵਿੱਚ ਆਏ ਹੜ੍ਹਾਂ ਨਾਲ ਨਜਿੱਠਣ ਲਈ ਸਰਕਾਰ ਬੁਰੀ ਤਰਾਂ ਫੇਲ੍ਹ ਹੋਈ ਹੈ ਸਰਕਾਰ ਦਾਅਵਾ ਕਰਦੀ ਸੀ ਕਿ ਹੜ੍ਹਾਂ ਨਾਲ ਨਜਿੱਠਣ ਲਈ ਸਾਰੇ ਪ੍ਰਬੰਧ ਕੀਤੇ ਗਏ ਹਨ ਪਰ ਸਰਕਾਰ ਨਾਅ ਦੀ ਕੋਈ ਚੀਜ਼ ਹੜ੍ਹ ਪੀੜਤਾਂ ਦੀ ਮਦਦ ਕਰਨ ਲਈ ਨਹੀਂ ਪਹੁੰਚੀ ਕਾਰ ਸੇਵਾ ਵਾਲੇ ਬਾਬੇ ਅਤੇ ਲੋਕਾਂ ਦੇ ਸਹਿਯੋਗ ਨਾਲ ਹੜ੍ਹ ਪੀੜਤਾਂ ਦੀ ਮਦਦ ਕੀਤੀ ਜਾ ਰਹੀ ਹੈ ਪਰ ਸਰਕਾਰ ਮੂਕ ਦਰਸ਼ਕ ਬਣੀ ਬੈਠੀ ਹੈ।

## ਪਠਾਨਕੋਟ ਕਾਲਜ ਆਫ ਐਜੂਕੇਸ਼ਨ ਦੇ ਵਿਦਿਆਰਥੀਆਂ ਨੇ ਬੀ ਐੱਡ ਦੇ ਚੌਥੇ ਸਮੈਸਟਰ 'ਚ ਮਾਰੀਆਂ ਮੱਲਾਂ

**ਗੁਰਦਾਸਪੁਰ (ਜਨਕ ਮਹਾਜਨ)**- ਪਠਾਨਕੋਟ ਕਾਲਜ ਆਫ ਐਜੂਕੇਸ਼ਨ ਪਠਾਨਕੋਟ ਦੇ ਵਿਦਿਆਰਥੀਆਂ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਬੀ ਐੱਡ 2023-25 ਦੇ ਚੌਥੇ ਸਮੈਸਟਰ ਦੇ ਘੋਸ਼ਿਤ ਕੀਤੇ ਨਤੀਜੇ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪ੍ਰਿੰਸੀਪਲ ਡਾਕਟਰ ਰੁਚਿਦਰ ਕੌਰ ਨੇ ਦੱਸਿਆ ਕਿ ਕਾਲਜ ਦਾ ਨਤੀਜਾ 100 ਫੀਸਦੀ ਰਿਹਾ ਹੈ।ਉਨ੍ਹਾਂ ਦੱਸਿਆ ਕਿ ਵਿਦਿਆਰਥਣ ਚੰਚਲ ਨੇ 8.43 ਸੀ.ਜੀ.ਪੀ.ਏ. ਲੈ ਕੇ ਯੂਨੀਵਰਸਿਟੀ ਵਿੱਚੋਂ ਪੰਜਵਾਂ ਸਥਾਨ, ਜ਼ਿਲ੍ਹੇ ਵਿੱਚੋਂ ਦੂਜਾ ਸਥਾਨ ਜਦੋਂ ਕਿ ਕਾਲਜ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ ਹੈ। ਉਨ੍ਹਾਂ ਦੱਸਿਆ ਕਿ ਇਸੇ ਤਰ੍ਹਾਂ ਹਰਸ਼ਿਕਾ ਦੇਵੀ ਨੇ 8.38 ਸੀ.ਜੀ.ਪੀ.ਏ. ਲੈ ਕੇ ਯੂਨੀਵਰਸਿਟੀ ਵਿੱਚੋਂ 11ਵਾਂ ਸਥਾਨ, ਜ਼ਿਲ੍ਹੇ ਵਿੱਚੋਂ ਚੌਥਾ ਅਤੇ ਕਾਲਜ ਵਿੱਚੋਂ ਦੂਜਾ ਸਥਾਨ ਹਾਸਲ ਕੀਤਾ ਹੈ।ਮਾਨਵੀ ਸ਼ਰਮਾ ਨੇ 8.35 ਸੀ.ਜੀ.ਪੀ.ਏ. ਲੈ ਕੇ ਯੂਨੀਵਰਸਿਟੀ ਵਿੱਚੋਂ 19ਵਾਂ ਸਥਾਨ, ਜ਼ਿਲ੍ਹੇ ਵਿੱਚੋਂ ਪੰਜਵਾਂ ਤੇ ਕਾਲਜ ਵਿੱਚੋਂ ਤੀਜਾ ਸਥਾਨ ਹਾਸਲ ਕੀਤਾ।ਉਨ੍ਹਾਂ ਦੱਸਿਆ ਕਿ ਬਾਕੀ ਵਿਦਿਆਰਥੀ ਵੀ 75 ਫੀਸਦੀ ਤੋਂ ਵੱਧ ਅੰਕਾਂ ਨਾਲ ਪਾਸ ਹੋਏ ਹਨ।ਇਸ ਮੌਕੇ ਕਾਲਜ ਵਲੋਂ ਵਿਦਿਆਰਥੀਆਂ ਨੂੰ ਸਨਮਾਨਤ ਵੀ ਕੀਤਾ ਗਿਆ।ਇਸ ਮੌਕੇ ਮੈਨੇਜਮੈਂਟ ਮੈਂਬਰ ਡਾਕਟਰ ਵਿਨੋਦ ਮਹਾਜਨ ਨੇ ਵਿਦਿਆਰਥੀਆਂ ਦਾ ਚੰਗਾ ਨਤੀਜਾ ਆਉਣ 'ਤੇ ਕਾਲਜ ਪ੍ਰਿੰਸੀਪਲ ਡਾ. ਰੁਚਿਦਰ ਕੌਰ, ਪ੍ਰੋਫੈਸਰ ਰਵੀ ਸ਼ੰਕਰ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਉਨ੍ਹਾਂ ਵਿਦਿਆਰਥੀਆਂ ਨੂੰ ਅਗਾਂਹ ਤੋਂ ਇਹ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।ਇਸ ਮੌਕੇ ਊਸ਼ਾ ਸ਼ਰਮਾ, ਮੈਡਮ ਰਜਨੀਸ਼ ਬਾਲਾ, ਅਤੁਲ ਅਗਰਵਾਲ, ਜੋਤੀ, ਪੂਜਾ ਆਦਿ ਹਾਜ਼ਰ ਸਨ।



## ਖ਼ਾਲਸਾ ਕਾਲਜ ਵਿਖੇ 'ਕਰੀਅਰ ਕਾਊਂਸਲਿੰਗ ਪ੍ਰੋਗਰਾਮ' ਕਰਵਾਇਆ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**— ਖ਼ਾਲਸਾ ਕਾਲਜ ਦੇ ਵਣਜ ਅਤੇ ਵਪਾਰ ਪ੍ਰਸ਼ਾਸਨ ਵਿਭਾਗ ਵੱਲੋਂ ਵਿਦਿਆਰਥੀਆਂ ਲਈ ਐਨ. ਆਈ. ਆਰ. ਸੀ. ਅੰਮ੍ਰਿਤਸਰ ਦੀ ਆਈ. ਸੀ. ਏ. ਆਈ. ਅੰਮ੍ਰਿਤਸਰ ਸ਼ਾਖਾ ਦੇ ਸਹਿਯੋਗ ਨਾਲ ਕਰੀਅਰ ਕਾਊਂਸਲਿੰਗ ਪ੍ਰੋਗਰਾਮ ਕਰਵਾਇਆ ਗਿਆ। ਕਾਲਜ ਪ੍ਰਿੰਸੀਪਲ ਡਾ. ਆਤਮ ਸਿੰਘ ਰੰਧਾਵਾ ਦੇ ਦਿਸ਼ਾ-ਨਿਰਦੇਸ਼ਾਂ 'ਤੇ ਪ੍ਰੋਗਰਾਮ ਡਾਇਰੈਕਟਰ ਡਾ. ਸਵਰਾਜ ਕੌਰ ਅਤੇ ਪ੍ਰੋਗਰਾਮ ਕੋਆਰਡੀਨੇਟਰ ਡਾ. ਦੀਪਕ ਦੇਵਗਨ ਦੀ ਨਿਗਰਾਨੀ ਉਕਤ ਸਮਾਗਮ ਮੌਕੇ ਸਹਿਗਲ ਖੰਨਾ ਮੁੰਦਰਾ ਐਂਡ ਕੰਪਨੀ 'ਚ ਮਸ਼ਹੂਰ ਚਾਰਟਰਡ ਅਕਾਊਂਟੈਂਟ ਅਤੇ ਪ੍ਰੋਫੈਸਰ ਭਾਈਵਾਲ ਤ੍ਰਿਵੇਣੀ ਸਹਿਗਲ ਨੇ ਮੁੱਖ ਬੁਲਾਰੇ ਵਜੋਂ ਸ਼ਿਰਕਤ ਕੀਤੀ।ਇਸ ਮੌਕੇ ਪ੍ਰਿੰ: ਡਾ. ਰੰਧਾਵਾ ਨੇ ਵਿਭਾਗ ਨੂੰ ਅਜਿਹੇ ਸਮਾਗਮਾਂ ਦੇ ਆਯੋਜਨ ਲਈ ਵਧਾਈ ਦਿੰਦਿਆਂ ਕਿਹਾ ਕਿ ਉਕਤ ਸਮਾਗਮ ਵਿਦਿਆਰਥੀਆਂ ਲਈ ਲਾਭਦਾਇਕ ਸਾਬਤ ਹੁੰਦੇ ਹਨ।ਇਸ ਮੌਕੇ ਡਾ. ਦੇਵਗਨ ਨੇ ਕਿਹਾ ਕਿ ਕਰੀਅਰ ਕਾਊਂਸਲਿੰਗ ਪ੍ਰੋਗਰਾਮ ਦਾ ਮੁੱਖ ਮਕਸਦ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਹੁਨਰ, ਰੁਚੀਆਂ ਅਤੇ ਇੱਛਾਵਾਂ ਨੂੰ ਢੁੱਕਵੇਂ ਕਰੀਅਰ ਵਿਕਲਪਾਂ ਨਾਲ ਜੋੜਨ 'ਚ ਸਹਾਇਤਾ ਕਰਨਾ ਹੈ, ਜਿਸ ਨਾਲ ਉਨ੍ਹਾਂ ਦੀ ਸਫਲਤਾ ਅਤੇ ਪ੍ਰਤੀ ਦੀ ਸੰਭਾਵਨਾ ਵੱਧ ਤੋਂ ਵੱਧ ਹੋ ਸਕੇ।ਇਸ ਮੌਕੇ ਡਾ. ਮਨੀਸ਼ਾ ਬਹਿਲ, ਡਾ. ਸਮੀਆ ਅਤੇ ਪ੍ਰੋ. ਸ਼ਿਵਾਲੀ ਸ਼ਰਮਾ ਨੇ ਪ੍ਰੋਗਰਾਮ ਦੇ ਕੋ-ਕੋਆਰਡੀਨੇਟਰ ਵਜੋਂ ਭੂਮਿਕਾ ਨਿਭਾਈ।ਇਸ ਮੌਕੇ ਮੁੱਖ ਬੁਲਾਰੇ ਸ੍ਰੀਮਤੀ ਸਹਿਗਲ ਨੇ ਵਿਦਿਆਰਥੀਆਂ ਨੂੰ ਚਾਰਟਰਡ ਅਕਾਊਂਟੈਂਟ ਵਜੋਂ ਕਾਮਰਸ ਵਿਦਿਆਰਥੀਆਂ ਲਈ ਉਪਲਬਧ ਭਰਪੂਰ ਕਰੀਅਰ ਮੌਕਿਆਂ ਸਬੰਧੀ ਚਾਨਣਾ ਪਾਇਆ। ਉਨ੍ਹਾਂ ਉਜਾਗਰ ਕਰਦਿਆਂ ਕਿਹਾ ਕਿ ਇਕ ਚਾਰਟਰਡ ਅਕਾਊਂਟੈਂਟ ਹੀ ਇਕ ਅਜਿਹਾ ਪੇਸ਼ਾ ਹੈ ਜੋ ਛੋਟੀ ਉਮਰ 'ਚ ਹੀ ਪੈਸਾ, ਵੱਕਾਰ ਅਤੇ ਰੁਤਬਾ ਦਿੰਦਾ ਹੈ। ਉਨ੍ਹਾਂ ਚਾਰਟਰਡ ਅਕਾਊਂਟੈਂਟ ਦੇ ਕਰੀਅਰ ਦੀਆਂ ਸੰਭਾਵਨਾਵਾਂ, ਚਾਰਟਰਡ ਅਕਾਊਂਟੈਂਸੀ ਨੌਕਰੀਆਂ ਅਤੇ ਕਾਰਪੋਰੇਟ, ਜਨਤਕ, ਨਿੱਜੀ ਪ੍ਰੈਕਟਿਸ, ਸਰਕਾਰੀ ਸੰਗਠਨ, ਬੈਂਕਿੰਗ ਤੇ ਬੀਮਾ ਖੇਤਰ, ਟੈਕਸ ਸਲਾਹਕਾਰ ਆਦਿ ਰੁਜ਼ਗਾਰ ਦੇ ਖੇਤਰਾਂ ਦੇ ਵੱਖ-ਵੱਖ ਪਹਿਲੂਆਂ 'ਤੇ ਜ਼ੋਰ ਦਿੱਤਾ।



## ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਵੱਲੋਂ ਹੜ੍ਹ ਪੀੜਤਾਂ ਲਈ ਫ੍ਰੀ ਮੈਡੀਕਲ ਕੈਂਪ ਜਾਰੀ

**ਪੱਟੀ (ਬਲਦੇਵ ਸਿੰਘ ਸੰਧੂ)** -ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਬਲਾਕ ਪੱਟੀ ਵੱਲੋਂ ਸਤਲੁਜ ਦਰਿਆ ਦੇ ਬੰਨ੍ਹ ਤੇ ਬਾਬਾ ਸੁੱਖਾ ਸਿੰਘ ਸਰਹਾਲੀ ਵਾਲਿਆਂ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਜਿੱਥੇ ਬੰਨ੍ਹ ਨੂੰ ਮਜ਼ਬੂਤ ਕਰਨ ਦੀ ਸੇਵਾ ਨਿਭਾਈ ਜਾ ਰਹੀ ਹੈ ਉਥੇ ਹੀ ਜ਼ਿਲ੍ਹਾ ਪ੍ਰਧਾਨ ਡਾ ਨਛੱਤਰ ਸਿੰਘ ਚੀਮਾ ਅਤੇ ਸਰਪ੍ਰਸਤ ਡਾ. ਸ਼ਮਸ਼ੇਰ ਸਿੰਘ ਬਾਜਵਾ ਦੀ ਰਹਿਨੁਮਾਈ ਹੇਠ ਫ੍ਰੀ ਮੈਡੀਕਲ ਕੈਂਪ ਨਿਰੰਤਰ ਚੱਲ ਰਿਹਾ ਹੈ, ਜਿਸ ਵਿੱਚ ਬੰਨ੍ਹ ਤੇ ਸੇਵਾ ਕਰ ਰਹੀਆਂ ਸੰਗਤਾਂ ਅਤੇ ਹੜ੍ਹ ਪ੍ਰਭਾਵਿਤ ਇਲਾਕਿਆਂ ਦੇ ਲੋਕਾਂ ਨੂੰ ਦਵਾਈਆਂ ਦੇ ਕੇ ਜਥੇਬੰਦੀ ਵੱਲੋਂ ਆਪਣਾ ਬਣਦਾ ਯੋਗਦਾਨ ਪਾਇਆ ਜਾ ਰਿਹਾ ਹੈ।ਇਸ ਮੌਕੇ ਡਾ ਨਛੱਤਰ ਸਿੰਘ ਚੀਮਾ ਵੱਲੋਂ ਆ ਰਹੇ ਲੋਕਾਂ ਨੂੰ ਹੌਸਲਾ ਦਿੰਦਿਆਂ ਕਿਹਾ ਕਿ ਜਦੋਂ ਤੱਕ ਇਹ ਕੁਦਰਤੀ ਆਫ਼ਤ ਖ਼ਤਮ ਨਹੀਂ ਹੁੰਦੀ ਉਦੋਂ ਤੱਕ ਅਸੀਂ ਮੈਡੀਕਲ ਕੈਂਪ ਲਗਾ ਕੇ ਤੁਹਾਡੀ ਮਦਦ ਕਰਦੇ ਰਹਾਂਗੇ ।ਇਸ ਮੌਕੇ ਡਾ ਸ਼ਮਸ਼ੇਰ ਸਿੰਘ ਬਾਜਵਾ ਨੇ ਹੜ੍ਹ ਪ੍ਰਭਾਵਿਤ ਇਲਾਕਿਆਂ ਤੋਂ ਬਾਹਰ ਵਾਲੇ ਲੋਕਾਂ ਨੂੰ ਅਪੀਲ ਕੀਤੀ ਕਿ ਇਸ ਮੁਸੀਬਤ ਦੇ ਸਮੇਂ ਬੰਨ੍ਹ ਨੂੰ ਮਜ਼ਬੂਤ ਕਰਨ ਲਈ ਵੱਧ ਚੜ੍ਹ ਕੇ ਆਪਣਾ ਯੋਗਦਾਨ ਪਾਉਣ ਤਾਂ ਕਿ ਦਰਿਆ ਨੇੜੇ ਵੱਸਦੇ ਪਰਿਵਾਰਾਂ ਨੂੰ ਆਰਥਿਕ ਨੁਕਸਾਨ ਤੋਂ ਬਚਾਇਆ ਜਾ ਸਕੇ ।ਇਸ ਮੌਕੇ ਮੈਡੀਕਲ ਕੈਂਪ ਵਿੱਚ ਡਾ. ਗੁਰਜੰਟ ਸਿੰਘ ਸਭਰਾਂ ਅਤੇ ਡਾ. ਪ੍ਰਤਾਪ ਸਿੰਘ ਸਭਰਾ ਆਪਣੀਆਂ ਸੇਵਾਵਾਂ ਨਿਭਾ ਰਹੇ ਹਨ ।



## ਵਿਸ਼ੇਸ਼ ਵਿੱਤੀ ਪੈਕੇਜ ਦੇਣ ਦੀ ਬਜਾਏ ਪੰਜਾਬ ਦੇ ਹੱਕੀ ਵਿੱਤੀ ਅਧਿਕਾਰਾਂ 'ਤੇ ਮੋਦੀ ਸਰਕਾਰ ਡਾਕਾ ਮਾਰਨ 'ਤੇ ਤੁੱਲੀ : ਧਾਲੀਵਾਲ

**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**- ਸਾਬਕਾ ਕੈਬਨਿਟ ਮੰਤਰੀ ਪੰਜਾਬ ਤੇ ਵਿਧਾਇਕ ਸ: ਕੁਲਦੀਪ ਸਿੰਘ ਧਾਲੀਵਾਲ ਨੇ ਕੇਂਦਰੀ ਭਾਜਪਾ ਮੋਦੀ ਸਰਕਾਰ ਨੂੰ ਕਥਿਤ ਤੌਰ ਤੇ ਪੰਜਾਬ, ਪੰਜਾਬੀਅਤ ਵਿਰੋਧੀ ਕਰਾਰ ਦਿੰਦਿਆਂ ਤਾਬੜਤੋੜ ਰਾਜਸੀ ਹਮਲੇ ਕੀਤੇ ਅਤੇ ਕਿਹਾ ਕਿ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਬਹਾਲ ਰੱਖਣ ਲਈ ਦੇਸ਼ ਦੇ ਸੰਘੀ ਢਾਂਚੇ ਤਹਿਤ ਸੂਬਿਆਂ ਦੇ ਅਧਿਕਾਰਾਂ ਨੂੰ ਬਰਕਰਾਰ ਰੱਖਣ ਦੀ ਮੁੱਖ ਤੌਰ 'ਤੇ ਜ਼ਿੰਮੇਵਾਰੀ ਕੇਂਦਰੀ ਸਰਕਾਰ ਦੇ ਸਿਰ ਹਮੇਸ਼ਾ ਰਹੀ ਹੈ, ਪਰ ਜਦੋਂ ਦੀ ਕੇਂਦਰ 'ਚ ਭਾਜਪਾ ਦੀ ਅਗਵਾਈ 'ਚ ਮੋਦੀ ਸਰਕਾਰ ਸੱਤਾ 'ਚ ਆਈ ਹੈ, ਉਦੋਂ ਤੋਂ ਹੀ ਭਾਜਪਾ ਸ਼ਾਸ਼ਿਤ ਸੂਬਿਆਂ ਨੂੰ ਸਬਕਾ ਸਾਥ-ਸਬਕਾ ਵਿਕਾਸ ਨਾਅਰੇ ਤਹਿਤ ਬਹੁਪੱਖੀ ਵਿਕਾਸ ਤੇ ਰੁਜ਼ਗਾਰ ਲਈ ਗ੍ਰਾਂਟਾਂ ਦੇ ਖੁੱਲ੍ਹੇ ਗੱਫੇ ਵੰਡੇ ਜਾ ਰਹੇ ਹਨ, ਜਦੋਂਕਿ ਭਾਰਤ-ਪਾਕਿ ਕੌਮਾਂਤਰੀ ਸਰਹੱਦ ਤੇ ਸਥਿਤ ਸੰਵੇਦਨਸ਼ੀਲ ਗੈਰ ਭਾਜਪਾ, ਮੁੱਖ ਮੰਤਰੀ ਪੰਜਾਬ ਸ: ਭਗਵੰਤ ਸਿੰਘ ਮਾਨ ਦੀ ਅਗਵਾਈ 'ਚ ਆਮ ਆਦਮੀ ਪਾਰਟੀ ਦੀ ਸੱਤਾ ਵਾਲੇ ਸੂਬੇ ਪੰਜਾਬ ਦੇ ਬਹੁਪੱਖੀ ਵਿਕਾਸ, ਆਰਥਿਕ ਤੇ ਸਮਾਜਿਕ ਹਿੱਤਾਂ ਨੂੰ ਇਕ ਗਿਣੀ ਮਿਥੀ ਸਾਜ਼ਿਸ਼ ਤਹਿਤ ਅਣਗੌਲਿਆਂ ਕਰਕੇ ਪੰਜਾਬ ਦੇ ਵਿੱਤੀ ਅਧਿਕਾਰਾਂ ਤੇ ਡਾਕਾ ਮਾਰਨ ਲਈ ਪੰਜਾਬ ਸੂਬੇ ਦੇ ਬਹੁਕਰੋੜੀ ਫੰਡਾਂ ਨੂੰ ਰੋਕ ਦਿੱਤਾ ਹੈ, ਜੋ ਸੰਘੀ ਢਾਂਚੇ ਤਹਿਤ ਸੂਬਿਆਂ ਦੇ ਲੋਕਤੰਤਰੀ ਹੱਕਾਂ 'ਤੇ ਸਿੱਧਾ ਹਮਲਾ ਹੈ।ਸ: ਧਾਲੀਵਾਲ ਹੜ੍ਹ ਪ੍ਰਭਾਵਿਤ ਲੋਕਾਂ ਦੀਆਂ ਸਮੱਸਿਆਵਾਂ ਸੁਣਨ ਮੌਕੇ ਹੱਲ ਕਰਨ ਲਈ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਮੌਜੂਦਗੀ 'ਚ ਲਗਾਏ ਗਏ ਖੁੱਲ੍ਹੇ ਜਨਤਾ ਦਰਬਾਰ ਮੌਕੇ ਵਿਚਾਰਾਂ ਦਾ ਪ੍ਰਗਟਾਵਾ ਕਰ ਰਹੇ ਸਨ।ਸ: ਧਾਲੀਵਾਲ ਨੇ ਕਿਹਾ ਕਿ ਮੋਦੀ ਸਰਕਾਰ ਨੇ ਪੰਜਾਬ ਨਾਲ ਮਤਰੇਈ ਮਾਂ ਵਾਲਾ ਸਲੂਕ ਬਰਕਰਾਰ ਰੱਖਦਿਆਂ ਪੇਂਡੂ ਵਿਕਾਸ ਫੰਡ ਦੇ 8 ਹਜ਼ਾਰ ਕਰੋੜ ਰੁਪਏ, ਪ੍ਰਧਾਨ ਮੰਤਰੀ ਸੜਕ ਯੋਜਨਾ ਦੇ ਲਗਭਗ 1 ਹਜ਼ਾਰ ਕਰੋੜ ਰੁਪਏ ਅਤੇ ਜੀਐੱਸਟੀ ਦੇ ਬਣਦੇ ਬਕਾਇਆਂ ਦੀ ਰਕਮ 50 ਹਜ਼ਾਰ ਕਰੋੜ ਰੁਪਏ ਬਿਨਾਂ ਵਜ੍ਹਾ ਰੋਕ ਕੇ ਪੰਜਾਬ ਵਾਸੀਆਂ ਤੋਂ ਅੱਖਾਂ ਫੇਰ ਲਈਆਂ ਹਨ ਜੋ ਪੰਜਾਬ ਦਾ ਆਰਥਿਕ ਢਾਂਚਾ ਹਾਨੀਕਾਰਕ ਪੱਧਰ ਤੱਕ ਤੋੜਨ ਦਾ ਪ੍ਰਤੱਖ ਰਵੱਈਆ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ: ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਹੀ ਪੰਜਾਬ, ਪੰਜਾਬੀ, ਪੰਜਾਬੀਅਤ ਦੇ ਹਿੱਤਾਂ ਦੀ ਰਾਖੀ ਲਈ ਵਚਨਬੱਧ ਹੈ। ਸ: ਧਾਲੀਵਾਲ ਨੇ ਜਨਤਾ ਦਰਬਾਰ ਦੌਰਾਨ ਦਰਜਨਾਂ ਲੋਕਾਂ ਦੀਆਂ ਦਿੱਕਤਾਂ ਸੁਣ ਕੇ ਮੌਕੇ ਤੇ ਮੌਜੂਦ ਪ੍ਰਸ਼ਾਸ਼ਨਿਕ ਅਧਿਕਾਰੀਆਂ ਕੋਲੋਂ ਹੱਲ ਕਰਵਾ ਕੇ ਪ੍ਰਭਾਵਿਤ ਲੋਕਾਂ ਨੂੰ ਰਾਹਤ ਪਹੁੰਚਾਈ।ਇਸ ਮੌਕੇ ਖੁਸ਼ਪਾਲ ਸਿੰਘ ਧਾਲੀਵਾਲ, ਡੀਐੱਸਪੀ ਗੁਰਵਿੰਦਰ ਸਿੰਘ ਔਲਖ, ਗੁਰਜੰਟ ਸਿੰਘ ਸੋਹੀ, ਚਰਨਜੀਤ ਸਿੰਘ ਸਿੱਧੂ, ਪੀਏ ਮੁਖਤਾਰ ਸਿੰਘ ਬਲੜਵਾਲ, ਨਗਰ ਪੰਚਾਇਤ ਪ੍ਰਧਾਨ ਭੱਟੀ ਜਸਪਾਲ ਸਿੰਘ ਢਿੱਲੋਂ, ਪਾਰਟੀ ਦੇ ਸ਼ਹਿਰੀ ਪ੍ਰਧਾਨ ਅਮਿਤ ਔਲ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਤੇ ਪਾਰਟੀ ਦੇ ਪ੍ਰਮੁੱਖ ਅਹੁਦੇਦਾਰ ਮੌਜੂਦ ਸਨ।



## ਹੜ੍ਹ ਪ੍ਰਭਾਵਿਤ ਲੋਕਾਂ ਲਈ ਜ਼ਰੂਰਤ ਦਾ ਸਾਮਾਨ ਲੈ ਕੇ ਸੋਨੂੰ ਜੰਡਿਆਲਾ ਪਿੰਡ ਧੂੰਦਾ ਤੇ ਮੁੰਡਾ ਵਿਖੇ ਪਹੁੰਚੇ



**ਤਰਨ ਤਾਰਨ (ਪ੍ਰਿਤਪਾਲ ਸਿੰਘ)**- ਬਿਆਸ ਤੇ ਸਤਲੁਜ ਦਰਿਆ ਦੇ ਆਲੇ-ਦੁਆਲੇ ਦਰਿਆ ਦੇ ਲੱਗਦੇ ਇਲਾਕੇ ਸਾਰੇ ਹੀ ਹੜ੍ਹ ਪ੍ਰਭਾਵਿਤ ਨੇ ਤਰਨ ਤਰਨ ਜ਼ਿਲੇ ਦੇ ਦਰਿਆ ਨੇੜੇ ਦੇ ਸਾਰੇ ਪਿੰਡਾਂ ਦੀਆਂ ਫਸਲਾਂ ਪਾਣੀ ਵਿੱਚ ਡੁੱਬ ਚੁੱਕੀਆਂ ਨੇ ਤੇ ਪੂਰੀ ਤਰ੍ਹਾਂ ਨਾਲ ਬਰਬਾਦ ਹੋ ਚੁੱਕੀਆਂ ਹਨ। ਅਨੇਕਾਂ ਲੋਕ ਘਰੋਂ ਬੇਕਾਰ ਹੋ ਗਏ ਨੇ ਤੇ ਗਾਵਾਂ/ਮੱਝਾਂ ਵੀ ਪਾਣੀ ਦੇ ਤੇਜ਼ ਵਹਾ ਵਿੱਚ ਰੁੜ੍ਹ ਚੁੱਕੀਆਂ ਹਨ। ਜ਼ਰੂਰਤਮੰਦਾਂ ਦੀ ਮਦਦ ਲਈ ਤਰਨ ਤਰਨ ਜ਼ਿਲੇ ਦੇ ਦਰਿਆ ਦੇ ਆਲੇ-ਦੁਆਲੇ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ 'ਚ ਸੋਨੂੰ ਜੰਡਿਆਲਾ ਜ਼ਰੂਰਤ ਦਾ ਸਾਮਾਨ ਲੈ ਕੇ ਪਹੁੰਚੇ। ਸਮਾਜ ਸੇਵੀ ਤੇ ਸਿੱਖ ਆਗੂ ਸਰਬਜੀਤ ਸਿੰਘ ਸੋਨੂੰ ਜੰਡਿਆਲਾ ਨੇ ਗੱਲਬਾਤ ਕਰਦੇ ਹੋਏ ਦੱਸਿਆ ਕਿ ਇਨਸਾਨੀਅਤ ਦੇ ਨਾਤੇ ਸਾਡਾ ਫਰਜ਼ ਬਣਦਾ ਹੈ ਕਿ ਅੱਜ ਦੁੱਖ ਦੀ ਘੜੀ ਵਿੱਚ ਅਸੀਂ ਆਪਣੇ ਲੋਕਾਂ ਦੇ ਨਾਲ ਖੜੇ ਹੋਈਏ ਤੇ ਜਿੰਨੇ ਜੋਗੇ ਵੀ ਹਾਂ ਉਨ੍ਹਾਂ ਦੀ ਮਦਦ ਕਰੀਏ। ਉਨ੍ਹਾਂ ਦੱਸਿਆ ਕਿ ਅੱਜ 150 ਦੇ ਕਰੀਬ ਬੋਰੀਆਂ ਗਾਵਾਂ ਮੱਝਾਂ ਤੇ ਖਾਣ ਦੇ ਲਈ ਚੌਕਰ ਅਚਾਰ ਤੇ ਚਾਰਾ ਲੈ ਕੇ ਪਹੁੰਚੇ ਹਾਂ ਤੇ ਹੋਰ ਖਾਣ ਪੀਣ ਵਾਲਾ ਸਾਮਾਨ ਤੇ ਪਾਣੀ ਪੀਣ ਵਾਲਾ ਲੈ ਕੇ ਪਹੁੰਚੇ ਹਨ। ਇਸ ਮੌਕੇ ਬਾਬਾ ਚਮਕੌਰ ਸਿੰਘ ਤੇ ਸਮੂਹ ਇਲਾਕਾ ਨਿਵਾਸੀਆਂ ਨੇ ਉਨ੍ਹਾਂ ਦਾ ਦਿਲ ਦੀਆਂ ਗਹਿਰਾਈਆਂ ਤੋ ਧੰਨਵਾਦ ਕੀਤਾ। ਇਸ ਮੌਕੇ ਸਰਬਜੀਤ ਸਿੰਘ, ਸਕੱਤਰ ਸਿੰਘ, ਹਰਮਨਪ੍ਰੀਤ ਸਿੰਘ, ਬਲਦੇਵ ਸਿੰਘ ਸੰਧੂ, ਸਿਮਰਨਦੀਪ ਸਿੰਘ, ਦਮਨਦੀਪ ਸਿੰਘ, ਗੁਰਪ੍ਰੀਤ ਸਿੰਘ, ਜੋਬਨਜੀਤ ਸਿੰਘ, ਰਣਜੀਤ ਸਿੰਘ ਆਦਿ ਹਾਜ਼ਰ ਸਨ ।

## ਲੋੜਵੰਦ ਪਰਿਵਾਰਾਂ ਲਈ ਸ਼ਗਨ ਸਕੀਮ ਦਾ ਲਾਭ ਲੈਣਾ ਹੋਇਆ ਸੌਖਾ : ਤਲਬੀਰ ਗਿੱਲ

**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**- ਜਦੋਂ ਦੀ ਸੂਬੇ ਵਿਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਪ ਸਰਕਾਰ ਆਈ ਹੈ, ਉਸ ਸਮੇਂ ਤੋਂ ਸੂਬੇ ਦਾ ਹਰ ਵਰਗ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਲੋਕ ਹਿੱਤ ਵਿਚ ਆਏ ਦਿਨ ਲਏ ਜਾ ਰਹੇ ਫੈਸਲਿਆਂ ਤੋਂ ਖੁਸ਼ ਹਨ।ਉਕਤ ਸ਼ਬਦਾਂ ਦਾ ਪ੍ਰਗਟਾਵਾ ਹਲਕਾ ਮਜੀਠਾ ਦੇ ਇੰਚਾਰਜ ਤਲਬੀਰ ਸਿੰਘ ਗਿੱਲ ਸਿੰਘ ਨੇ ਪਿੰਡ ਚਾਟੀਵਿੰਡ ਲੇਹਲ ਦੇ ਸਰਪੰਚ ਸਵਿੰਦਰ ਸਿੰਘ ਦੇ ਗ੍ਰਹਿ ਵਿਖੇ ਰੱਖੀ ਗਈ ਇਕ ਮੀਟਿੰਗ ਦੌਰਾਨ ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਕੀਤਾ ।ਉਨ੍ਹਾਂ ਕਿਹਾ ਕਿ ਹੁਣ ਲੋੜਵੰਦ ਪਰਿਵਾਰ ਜੋ ਸ਼ਗਨ ਸਕੀਮ ਦਾ ਲਾਭ ਪੰਜਾਬ ਸਰਕਾਰ ਤੋਂ ਪ੍ਰਾਪਤ ਕਰਨਾ ਚਾਹੁੰਦੇ ਹਨ , ਉਨ੍ਹਾਂ ਲਈ ਸ਼ਗਨ ਸਕੀਮ ਦਾ ਲਾਭ ਪ੍ਰਾਪਤ ਕਰਨਾ ਪਹਿਲਾਂ ਨਾਲੋਂ ਸੋਖਾ ਹੋ ਗਿਆ ਜਿਸ ਦੀ ਚੁਫੇਰਿਓਂ ਸ਼ਲਾਘਾ ਹੋ ਰਹੀ ਹੈ।ਤਲਬੀਰ ਗਿੱਲ ਨੇ ਆਖਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਵੱਲੋਂ ਇਕ ਹੋਰ ਵੱਡਾ ਫੈਸਲਾ ਲਿਆ ਗਿਆ ਹੈ, ਜਿਸ ਵਿਚ ਸ਼ਗਨ ਸਕੀਮ ਪ੍ਰਾਪਤ ਕਰਨ ਵਾਲਿਆਂ ਨੂੰ ਪਹਿਲਾਂ ਆਉਣ ਵਾਲੀਆਂ ਪ੍ਰੇਸ਼ਾਨੀਆਂ ਤੋਂ ਛੁਟਕਾਰਾ ਮਿਲੇਗਾ ਕਿਉਂਕਿ ਪਹਿਲਾਂ ਪਹਿਲਾ ਜਿੱਥੇ ਸ਼ਗਨ ਸਕੀਮ ਪ੍ਰਾਪਤ ਕਰਨ ਵਾਲਿਆਂ ਨੂੰ ਜਿੱਥੇ ਮੈਰਿਜ ਸਰਟੀਫਿਕੇਟ ਦੀ ਲੋੜ ਪੈਣ ਦੇ ਇਲਾਵਾ ਹੋਰ ਕਈ ਦਸਤਾਵੇਜ ਲਗਾਉਣੇ ਪੈਂਦੇ ਸੀ ਅਤੇ ਜਿਸ ਕਾਰਣ ਜਿੱਥੇ ਲੜਕੀ ਦੇ ਪਰਿਵਾਰ ਵਾਲਿਆਂ ਨੂੰ ਕਚਹਿਰੀਆਂ ਦੇ ਵਾਰ-ਵਾਰ ਚੱਕਰ ਲਗਾਉਂਣੇ ਪੈਂਦੇ ਸੀ, ਉਥੇ ਹੀ ਮੈਰਿਜ ਸਰਟੀਫਿਕੇਟ ਬਣਾਉਣ ਤੇ ਵੀ ਹਜ਼ਾਰਾਂ ਰੁਪਏ ਲੱਗ ਜਾਂਦੇ ਸੀ।ਪਰ ਹੁਣ ਮਾਨ ਸਰਕਾਰ ਦੇ ਫੈਸਲੇ ਤੋਂ ਬਾਅਦ ਅਜਿਹੇ ਵਾਧੂ ਚੱਕਰਾਂ ਤੋਂ ਸ਼ਗਨ ਸਕੀਮ ਦਾ ਲਾਭ ਪ੍ਰਾਪਤ ਕਰਨ ਵਾਲਿਆਂ ਨੂੰ ਰਾਹਤ ਮਿਲੇਗੀ।ਉਨ੍ਹਾਂ ਕਿਹਾ ਕਿ ਲੋੜਵੰਦ ਪਰਿਵਾਰਾਂ ਨੂੰ ਹੁਣ 51,000 ਰੁਪਏ ਦੀ ਸ਼ਗਨ ਸਕੀਮ ਹੋਰ ਵੀ ਸੌਖੇ ਤਰੀਕੇ ਨਾਲ ਮਿਲੇਗੀ, ਹੁਣ ਤਹਿਸੀਦਾਰ ਕੋਲ ਜਾਣ ਦੀ ਲੋੜ ਨਹੀਂ ਤੇ ਵਾਧੂ ਸਰਟੀਫਿਕੇਟਾਂ ਦੀ ਵੀ ਲੋੜ ਨਹੀਂ ਹੈ।ਇਸ ਮੌਕੇ ਜਥੇਦਾਰ ਸਵਰਨਜੀਤ ਸਿੰਘ ਕਰਾਲੀਆ, ਸਤਨਾਮ ਸਿੰਘ ਹਾਸ, ਦਲਜੀਤ ਸਿੰਘ, ਬਲਦੇਵ ਸਿੰਘ, ਜਸਪਾਲ ਸਿੰਘ ਮੈਂਬਰ ਪੰਚਾਇਤ, ਅਮਰ ਸਿੰਘ, ਸੁਖਦੇਵ ਸਿੰਘ, ਵੀਰ ਸਿੰਘ, ਸਰਬਜੀਤ ਸਿੰਘ, ਅਮਰਜੀਤ ਸਿੰਘ ,ਪਰਮਜੀਤ ਕੌਰ, ਕੁਲਵਿੰਦਰ ਕੌਰ ਆਦਿ ਹਾਜ਼ਰ ਸਨ।



## ਓਪੋ ਨੇ ਓਪੋ ਕੇ 13 ਟਰਬੋ ਪ੍ਰੋ 5ਜੀ ਅਤੇ ਕੇ 13 ਟਰਬੋ 5ਜੀ ਲਾਂਚ ਕੀਤੇ

**ਲੁਧਿਆਣਾ** : ਓਪੋ ਇੰਡੀਆ ਨੇ ਅਧਿਕਾਰਤ ਤੌਰ 'ਤੇ ਆਪਣੀ ਨਵੀਨਤਮ ਓਪੋ ਕੇ13ਟਰਬੋ ਸੀਰੀਜ਼ 5ਜੀ ਲਾਂਚ ਕੀਤੀ, ਜਿਸ ਵਿੱਚ ਓਪੋ ਕੇ13ਟਰਬੋ ਪ੍ਰੋ 5ਜੀ ਅਤੇ ਕੇ13ਟਰਬੋ 5ਜੀ ਸ਼ਾਮਲ ਹਨ।ਓਪੋ ਕੇ13ਟਰਬੋ ਸੀਰੀਜ਼ ਵਿੱਚ 80ਵਾਟ ਸੁਪਰ ਵੀਓਓਸੀਟੀਐਮ ਫਾਸਟ ਚਾਰਜਿੰਗ ਦੇ ਨਾਲ ਇੱਕ ਮਜ਼ਬੂਤ 7000ਐਮਐਚ ਬੈਟਰੀ ਅਤੇ ਇੱਕ ਜੀਵੰਤ 1.5ਕੇ ਐਮੋਲੇਡ ਡਿਸਪਲੇਅ ਵਰਗੀਆਂ ਸ਼ਾਨਦਾਰ ਵਿਸ਼ੇਸ਼ਤਾਵਾਂ ਸ਼ਾਮਲ ਹਨ।ਕੇ13ਟਰਬੋ 5ਜੀ ਦੀ ਕੰਪੀਟੀਟਿਵ ਪ੍ਰਾਈਸ 27,999 ਰੁਪਏ ਤੋਂ ਸ਼ੁਰੂ ਹੁੰਦੀ ਹੈ ਅਤੇ ਇਹ ਆਕਰਸ਼ਕ ਤਿੰਨ ਰੰਗ ਵ੍ਹਾਈਟ ਨਾਈਟ, ਪਰਪਲ ਫੈਂਟਮ ਅਤੇ ਮਿਡਨਾਈਟ ਮੈਵਰਿਕ ਵਿੱਚ ਉਪਲਬਧ ਹਨ।ਕੇ13ਟਰਬੋ ਪ੍ਰੋ 5ਜੀ ਦੀ ਕੀਮਤ 37,999 ਰੁਪਏ ਤੋਂ ਸ਼ੁਰੂ ਹੁੰਦੀ ਹੈ, ਜਿਸਨੂੰ ਸਿਲਵਰ ਨਾਈਟ, ਪਰਪਲ ਫੈਂਟਮ ਅਤੇ ਮਿਡਨਾਈਟ ਮੈਵਰਿਕ ਰੰਗਾਂ ਵਿੱਚ ਰੇਸਿੰਗ-ਪ੍ਰੇਰਿਤ ਡਿਜ਼ਾਈਨ 'ਚ ਪੇਸ਼ ਕੀਤਾ ਗਿਆ ਹੈ।ਗਾਹਕ ਅੱਜ ਤੋਂ ਹੀ ਇਨ੍ਹਾਂ ਸਮਾਰਟਫੋਨਾਂ ਦੀ ਪ੍ਰੀ-ਬੁਕਿੰਗ ਸ਼ੁਰੂ ਕਰ ਸਕਦੇ ਹਨ।

## ਇੱਕ ਰੋਜ਼ਾ ਨਸ਼ਾ ਮੁਕਤ ਭਾਰਤ ਅਭਿਆਨ ਵਰਕਸ਼ਾਪ ਕਰਵਾਈ



**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**- ਐੱਸ. ਪੀ. ਵਾਈ. ਐੱਮ. ਨਵੀਂ ਦਿੱਲੀ ਵੱਲੋਂ ਸੀਐੱਚਸੀ ਹਸਪਤਾਲ ਤਰਸਿੱਕਾ ਵਿਖੇ ਇਕ ਦਿਨਾ ਨਸ਼ਾ ਮੁਕਤ ਅਭਿਆਨ ਅਤੇ ਚੇਤਨਾ ਵਰਕਸ਼ਾਪ ਲਗਾਈ ਗਈ ਜਿਸ ਵਿੱਚ ਨੁੱਕੜ ਨਾਟਕ ਅਤੇ ਵਰਕਸ਼ਾਪ ਦਾ ਅਯੋਜਨ ਕੀਤਾ ਗਿਆ ਜਿਸ ਵਿੱਚ ਕਰੀਬ 80 ਵਿਅਕਤੀਆਂ ਵੱਲੋਂ ਭਾਗ ਲਿਆ ਗਿਆ । ਵਰਕਸ਼ਾਪ ਨੂੰ ਸੰਬੋਧਨ ਕਰਦਿਆਂ ਰਾਜਨ ਚਾਵਲਾ ਨੇ ਕਿਹਾ ਕਿ ਨਸ਼ਿਆਂ ਦੀ ਭੈੜੀ ਲਤ ਨੂੰ ਖਤਮ ਕਰਨ ਲਈ ਸਾਨੂੰ ਸਾਰਿਆਂ ਨੂੰ ਇੱਕਜੁੱਟ ਹੋਣਾ ਪਵੇਗਾ ਅਤੇ ਨਸ਼ਿਆਂ ਵਿੱਚ ਗਲਤਾਨ ਵਿਅਕਤੀਆਂ ਨੂੰ ਬਿਨਾਂ ਨਿਕਾਰੇ ਉਨ੍ਹਾਂ ਨਾਲ ਹਮਦਰਦੀ ਨਾਲ ਪੇਸ਼ ਆਉਣਾ ਚਾਹੀਦਾ ਹੈ ਤੇ ਉਨ੍ਹਾਂ ਨੂੰ ਇਸ ਨਸ਼ੇ ਦੀ ਦਲਦਲ ਵਿੱਚੋਂ ਕੱਢਣ ਲਈ ਉਨ੍ਹਾਂ ਦੀ ਸਹਾਇਤਾ ਕਰਨੀ ਚਾਹੀਦੀ ਹੈ ਉਹਨਾਂ ਕਿਹਾ ਕਿ ਸਰਕਾਰ ਵੱਲੋਂ ਨਸ਼ਾ ਛੁਡਾਊ ਕੈਂਪ ਬਣਾਏ ਗਏ ਹਨ ਜਿਨ੍ਹਾਂ ਵਿੱਚ ਨਸ਼ਿਆਂ ਦੀ ਦਲਦਲ ਵਿੱਚ ਫਸੇ ਵਿਅਕਤੀਆਂ ਨੂੰ ਲੈ ਕੇ ਜਾਣਾ ਚਾਹੀਦਾ ਹੈ। ਇਸ ਮੌਕੇ ਐੱਸਐੱਮਓ ਤਰਸਿੱਕਾ ਡਾਕਟਰ ਮੋਨਾ ਤੁਲੀ, ਮੈਡੀਕਲ ਆਫਸਰ ਡਾਕਟਰ ਸਿਮਰਜੀਤ ਸਿੰਘ, ਡਾਕਟਰ ਅਸਲੀਨ ਕੌਰ, ਗੁਰਮੁਖ ਸਿੰਘ ਬੀ. ਈ. ਸਰਪੰਚ ਜਗਦੀਪ ਸਿੰਘ ਤਰਸਿੱਕਾ, ਸਰਪੰਚ ਜਰਮਨਜੀਤ ਸਿੰਘ ਪੁੱਲ ਨਹਿਰ ਤਰਸਿੱਕਾ, ਮੁਕੇਸ਼ ਕੁਮਾਰ ਪ੍ਰੋਗਰਾਮ ਅਫਸਰ ਐੱਸ. ਪੀ. ਵਾਈ. ਐੱਮ. ਰਾਜਨ ਚਾਵਲਾ ਜ਼ਿਲਾ ਰਿਸੋਰਸ ਅਫਸਰ, ਦੀਪਤੀ ਸ਼ਰਮਾ, ਨੰਬਰਦਾਰ ਸੰਤੋਖ ਸਿੰਘ ਸਮੇਤ ਹੋਰ ਬਹੁਤ ਸਾਰੇ ਪਤਵੰਤੇ ਸੱਜਣ ਹਾਜ਼ਰ ਸਨ।

## ਜੀ ਆਰ ਡੀ ਕੌਨਵੈਂਟ ਸਕੂਲ 'ਚ ਕਰਵਾਈ ਨੈਤਿਕ ਸਿੱਖਿਆ ਦੀ ਪ੍ਰੀਖਿਆ

**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**- ਜੀ .ਆਰ. ਡੀ. ਕੌਨਵੈਂਟ ਸੀਨੀਅਰ ਸੈਕੰਡਰੀ ਸਕੂਲ ਵਿੱਚ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਪੁਰਬ ਨੂੰ ਸਮਰਪਿਤ ਸਕੂਲ ਦੇ ਵਿਦਿਆਰਥੀਆਂ ਲਈ ਦੇਸ਼ ਪੱਧਰੀ ਨੈਤਿਕ ਸਿੱਖਿਆ ਇਮਤਿਹਾਨ ਕਰਵਾਇਆ ਗਿਆ।ਇਸ ਇਮਤਿਹਾਨ ਵਿੱਚ ਸਕੂਲ ਦੇ 200 ਦੇ ਕਰੀਬ ਵਿਦਿਆਰਥੀਆਂ ਨੇ ਹਿੱਸਾ ਲਿਆ।ਵਿਦਿਆਰਥੀਆਂ ਵੱਲੋਂ ਇਮਤਿਹਾਨ ਪ੍ਰਤੀ ਬਹੁਤ ਉਤਸ਼ਾਹ ਵੇਖਿਆ ਗਿਅ। ਸਕੂਲ ਦੇ ਪ੍ਰਿੰਸੀਪਲ ਗੁਰਦਰਸ਼ਨ ਬਜਾਜ ਨੇ ਸਾਰਿਆਂ ਨੂੰ ਸੰਬੋਧਨ ਕਰਦਿਆਂ ਹੋਇਆਂ ਕਿਹਾ ਕਿ ਅਸੀਂ ਸਕੂਲ ਦੇ ਵਿੱਚ ਹਰ ਪ੍ਰਕਾਰ ਦੇ ਨੈਤਿਕ ਇਮਤਿਹਾਨ ਕਰਾਉਣ ਦੇ ਵਿੱਚ ਵੱਧ ਚੜ ਕੇ ਹਿੱਸਾ ਲੈਂਦੇ ਹਾਂ ਅਤੇ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਉਤਸ਼ਾਹਿਤ ਕਰਦੇ ਹਾਂ।ਆਉਣ ਵਾਲੇ ਸਮੇਂ ਵਿੱਚ ਵੀ ਅਸੀਂ ਵਿਦਿਆਰਥੀਆਂ ਨੂੰ ਨੈਤਿਕ ਸਿੱਖਿਆ ਪ੍ਰਤੀ ਉਤਸ਼ਾਹਿਤ ਕਰਦੇ ਰਹਾਂਗੇ ਤੇ ਪਰਮਾਤਮਾ ਇਨ੍ਹਾਂ ਬੱਚਿਆਂ ਦੇ ਸਿਰ ਤੇ ਆਪਣਾ ਹਮੇਸ਼ਾ ਮਿਹਰ ਭਰਿਆ ਹੱਥ ਰੱਖਣ।ਇਸ ਮੌਕੇ ਐੱਮ. ਡੀ. ਮੈਡਮ ਸੰਤੋਸ਼ ਬਜਾਜ ਨੇ ਵੀ ਵਿਦਿਆਰਥੀਆਂ ਵਿੱਚ ਇਮਤਿਹਾਨ ਪ੍ਰਤੀ ਉਤਸ਼ਾਹ ਵੇਖ ਕੇ ਉਨ੍ਹਾਂ ਨੂੰ ਬਹੁਤ ਵਧਾਈ ਦਿੱਤੀ ਅਤੇ ਆਉਣ ਵਾਲੇ ਸਮੇਂ ਵਿੱਚ ਸਫਲਤਾ ਪ੍ਰਾਪਤ ਕਰਨ ਦੀ ਸਿੱਖਿਆ ਦਿੱਤੀ।ਇਸ ਮੌਕੇ ਪ੍ਰਿੰਸੀਪਲ ਗੁਰਦਰਸ਼ਨ ਬਜਾਜ, ਐੱਮ. ਡੀ. ਮੈਡਮ ਸੰਤੋਸ਼ ਬਜਾਜ, ਮਾਸਟਰ ਹਰਪ੍ਰਤਾਪ, ਸਹਾਇਕ ਵਿਦਿਆਰਥੀ ਜੋਬਨ ਸਿੰਘ ਅਤੇ ਸਿਮਰਨਜੀਤ ਸਿੰਘ, ਰਜਿੰਦਰ ਕੌਰ ਗੁੰਥਗੜ੍ਹ, ਜਸਦੀਪ ਕੌਰ, ਸਿਮਰਜੀਤ ਕੌਰ, ਭਾਵਨਾ ਰੇਨੂੰ ਮੈਡਮ, ਦਿਲਪ੍ਰੀਤ ਕੌਰ, ਕਵਿਤਾ ਹਰਜੋਤ ਕੌਰ, ਬਲਜਿੰਦਰ ਕੌਰ, ਮਨਪ੍ਰੀਤ ਕੌਰ, ਈਵਨ ਮੈਡਮ, ਹਰਦੀਪ ਸਿੰਘ, ਨੀਲਮ ਮੈਡਮ ਸ਼ਾਮਿਲ ਸਨ।



## ਨਵ-ਨਿਯੁਕਤ ਐੱਸਐੱਚਓ ਝਬਾਲ ਦਾ ਸਨਮਾਨ

**ਝਬਾਲ (ਹਰਜਿੰਦਰ ਸਿੰਘ ਸੋਨੀ)**- ਦੀਪਕ ਪਰੀਕ ਐੱਸਐੱਸਪੀ ਤਰਨਤਾਰਨ ਦੇ ਅਦੇਸ਼ਾਂ ਤੇ ਐੱਸਪੀਡੀ ਡਾ. ਰਿਪੂਤਾਪਨ ਸਿੰਘ (ਡੀਐੱਸਪੀ ਸਿਟੀ) ਦੀ ਅਗਵਾਈ ਹੇਠ ਥਾਣਾ ਝਬਾਲ ਵਿਖੇ ਨਵ-ਨਿਯੁਕਤ ਐੱਸਐੱਚਓ ਕਸ਼ਮੀਰ ਸਿੰਘ ਨੂੰ ਚੇਅਰਮੈਨ ਮਾਰਕੀਟ ਕਮੇਟੀ ਝਬਾਲ ਬਲਵਿੰਦਰ ਸਿੰਘ ਦਿਉਲ ਕੋਟ ਸਿਵੀਆਂ ਤੇ ਸਾਥੀਆਂ ਵੱਲੋਂ ਜੀ ਆਇਆਂ ਆਖਦਿਆਂ ਸਨਮਾਨਿਤ ਕੀਤਾ ਗਿਆ।ਇਸ ਮੌਕੇ ਚੇਅਰਮੈਨ ਬਲਵਿੰਦਰ ਸਿੰਘ, ਕੌਂਸਲਰ ਜਸਕਰਨ ਸਿੰਘ, ਕੌਂਸਲਰ ਗੁਰਪ੍ਰੀਤ ਸਿੰਘ ਗੋਲਡੀ, ਪ੍ਰਧਾਨ ਹਰਦੇਵ ਸਿੰਘ ਭੰਗੂ ਬਘਿਆੜੀ, ਕਿਸਾਨ ਆਗੂ ਬਲਗੇਰ ਸਿੰਘ ਬਘਿਆੜੀ, ਪ੍ਰਧਾਨ ਨਿਰਮਲ ਸਿੰਘ ਬਘਿਆੜੀ ਆਦਿ ਨੇ ਥਾਣਾ ਝਬਾਲ ਅਧੀਨ ਪੈਂਦੇ ਪਿੰਡਾਂ ਵਿੱਚ ਵਿਕਦੇ ਨਸ਼ਿਆਂ 'ਤੇ ਚਿੰਤਾ ਪ੍ਰਗਟਾਉਂਦਿਆਂ ਐੱਸਐੱਚਓ ਝਬਾਲ ਨੂੰ ਨਸ਼ਿਆਂ 'ਤੇ ਲਗਾਮ ਕੱਸਣ ਲਈ ਕਿਹਾ।ਇਸ ਮੌਕੇ ਜਗਜੀਤ ਸਿੰਘ ਜੱਗਾ ਝਬਾਲ ਫੌਜੀ ਨੇ ਵੀ ਐੱਸਐੱਚਓ ਝਬਾਲ ਨੂੰ ਜੀ ਆਇਆਂ ਆਖਿਆ।ਐੱਸਐੱਚਓ ਝਬਾਲ ਕਸ਼ਮੀਰ ਸਿੰਘ ਨੇ ਉਕਤ ਆਗੂਆਂ ਨੂੰ ਵਿਸ਼ਵਾਸ ਦਿਵਾਇਆ ਕਿ ਕਿਸੇ ਵੀ ਨਸ਼ਾ ਤਸਕਰ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ।



## ਬਿਹਤਰੀਨ ਸੇਵਾਵਾਂ ਸਦਕਾ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀ : ਪਰਮਜੀਤ ਕੌਰ ਸਨਮਾਨਿਤ



**ਬਟਾਲਾ (ਡਾ. ਮਲਵਿੰਦਰ ਸਿੰਘ)**- ਸਿੱਖਿਆ ਦੇ ਖੇਤਰ 'ਚ ਬਿਹਤਰੀਨ ਸੇਵਾਵਾਂ ਦੇਣ ਲਈ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਪਰਮਜੀਤ ਕੌਰ ਨੂੰ ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਤੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਦਲਵਿੰਦਰਜੀਤ ਸਿੰਘ ਵੱਲੋਂ ਆਜ਼ਾਦੀ ਦਿਹਾੜੇ ਮੌਕੇ ਪ੍ਰਸ਼ੰਸਾ ਪੱਤਰ ਨਾਲ ਸਨਮਾਨਿਤ ਕੀਤਾ ਗਿਆ।ਇਸ ਮੌਕੇ ਡੀਈਓ ਪਰਮਜੀਤ ਕੌਰ ਨੇ ਧੰਨਵਾਦ ਕਰਦਿਆਂ ਕਿਹਾ ਕਿ ਉਹ ਭਵਿੱਖ ਵਿੱਚ ਇਸੇ ਤਰ੍ਹਾਂ ਮਿਹਨਤ ਕਰਕੇ ਸਿੱਖਿਆ ਵਿਭਾਗ ਨੂੰ ਬੁਲੰਦੀਆਂ ਤੇ ਪਹੁੰਚਾਉਣ ਵਿੱਚ ਕੋਈ ਕਸਰ ਨਹੀਂ ਛੱਡਣਗੇ।ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਰਾਜੇਸ਼ ਕੁਮਾਰ ਸ਼ਰਮਾ (ਸਟੇਟ ਐਵਾਰਡੀ), ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਡਾ. ਅਨਿਲ ਸ਼ਰਮਾ ਤੇ ਬਲਾਕ ਸਿੱਖਿਆ ਅਫ਼ਸਰਾਂ ਵੱਲੋਂ ਵਧਾਈ ਦਿੰਦੇ ਹੋਏ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੱਤੀਆਂ। ਇਸ ਮੌਕੇ ਡੀਈਓ ਦਫ਼ਤਰ ਤੋਂ ਜ਼ਿਲ੍ਹੇ ਦੇ ਆਲਾ ਅਫ਼ਸਰ ਤੇ ਸਟਾਫ ਹਾਜ਼ਰ ਸੀ।

## ਛੋਟੀ ਉਮਰ ਤੋਂ ਹੀ ਲਿਖਾਈ ਸੁਧਾਰਨਾ ਬੱਚਿਆਂ ਦੇ ਭਵਿੱਖ ਦੀ ਮਜ਼ਬੂਤ ਬੁਨਿਆਦ ਦਾ ਸੰਕੇਤ : ਡਾ. ਨਿੱਜਰ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**- ਸਿੱਖੀ ਅਤੇ ਸਿੱਖਿਆ ਨੂੰ ਸਮਰਪਿਤ ਚੀਫ਼ ਖ਼ਾਲਸਾ ਦੀਵਾਨ ਵੱਲੋਂ ਸਫਲਤਾਪੂਰਵਕ ਚੱਲ ਰਹੇ 50 ਵਿੱਦਿਅਕ ਅਦਾਰਿਆਂ ਦੇ ਅਧਿਆਪਕਾਂ ਨੂੰ ਬਦਲਦੇ ਸਮੇਂ ਅਨੁਸਾਰ ਨਵਾਂ ਸਿੱਖਣ, ਸਿਖਾਉਣ ਅਤੇ ਚਿੰਤਨ ਕਰਨ ਹਿੱਤ ਨਵੀਆਂ ਪਹਿਲ ਕਦਮੀਆਂ ਕੀਤੀਆਂ ਜਾ ਰਹੀਆਂ ਹਨ ਜਿਸ ਤਹਿਤ ਅੱਜ ਦੀਵਾਨ ਦੇ ਡਾਇਰੈਕਟੋਰੇਟ ਐਜੂਕੇਸ਼ਨ ਵੱਲੋਂ ਛੋਟੇ ਬੱਚਿਆਂ ਦੀ ਲਿਖਾਈ ਸੁਧਾਰਨ ਲਈ ਵਿਸ਼ੇਸ਼ ਟੀਚਰ ਟਰੇਨਿੰਗ ਪ੍ਰੋਗਰਾਮ ਆਯੋਜਿਤ ਕੀਤਾ ਗਿਆ ਜਿਸ ਵਿਚ ਅਧਿਆਪਕਾਂ ਨੂੰ ਪ੍ਰੀ ਰਾਈਟਿੰਗ ਸਟਰੋਕਸ, ਗਰਿਪਿੰਗ ਅਤੇ ਪੈਂਸਿਲ ਹੋਲਡਿੰਗ, ਮੋਟਰ ਸਕਿਲਜ਼ ਦੇ ਵਿਕਾਸ, ਲੋਅਰ ਅਤੇ ਅੱਪਰ ਕੇਸ ਅਲਫਾਬੈਟਸ ਦੀ ਸਿਖਲਾਈ ਲਾਈਵ ਐਕਟੀਵਿਟੀਜ਼ ਅਤੇ ਪਾਵਰ ਪ੍ਰੈਜ਼ੈਂਟੇਸ਼ਨ ਰਾਹੀਂ ਵਿਸਥਾਰਪੂਰਵਕ ਦਿੱਤੀ ਗਈ। ਇਸ ਟੀਚਰ ਟਰੇਨਿੰਗ ਪ੍ਰੋਗਰਾਮ ਦਾ ਮੁੱਖ ਉਦੇਸ਼ ਅਧਿਆਪਕਾਂ ਨੂੰ ਆਧੁਨਿਕ ਪੈਡਾਗੋਜੀ ਤਰੀਕਿਆਂ ਨਾਲ ਜਾਣੂ ਕਰਵਾਉਣਾ ਅਤੇ ਬੱਚਿਆਂ ਦੀ ਲਿਖਾਈ ਨੂੰ ਸਿਰਜਨਾਤਮਕ ਢੰਗ ਨਾਲ ਸੁਧਾਰਨਾ ਸੀ ਤਾਂ ਜੋ ਬੱਚਿਆਂ ਦੀ ਛੋਟੀ ਉਮਰ ਤੋ ਹੀ ਲਿਖਾਈ ਵਿਚ ਸੁਧਾਰ ਕਰਕੇ ਉਹਨਾ ਦਾ ਵਿਸ਼ਵਾਸ ਮਜਬੂਤ ਕੀਤਾ ਜਾ ਸਕੇ।ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ, ਆਨਰੇਰੀ ਸਕੱਤਰ ਸ੍ਰ.ਰਮਣੀਕ ਸਿੰਘ ਅਤੇ ਡਾਇਰੈਕਟਰ ਡਾ.ਏ.ਪੀ.ਐੱਸ. ਚਾਵਲਾ ਨੇ ਇਸ ਪ੍ਰੋਗਰਾਮ ਦਾ ਦੌਰਾ ਕਰਦਿਆਂ ਅਧਿਆਪਕਾਂ ਨਾਲ ਸੰਵਾਦ ਕੀਤਾ। ਡਾ. ਨਿੱਜਰ ਨੇ ਕਿਹਾ ਕਿ ਲਿਖਾਈ ਬੱਚੇ ਦਾ ਸਖਸ਼ੀਅਤ ਦਰਪਣ ਮੰਨੀ ਜਾਂਦੀ ਹੈ ਜੋ ਉਹਨਾਂ ਦੇ ਵਿਕਾਸ ਵਿਚ ਬੁਨਿਆਦੀ ਭੂਮਿਕਾ ਨਿਭਾਉਦੀ ਹੈ। ਉਹਨਾਂ ਨੇ ਕਿਹਾ ਕਿ ਛੋਟੀ ਜਮਾਤਾਂ ਵਿਚ ਬੱਚਿਆਂ ਦੀਆਂ ਛੁਪੀਆਂ ਯੋਗਤਾਵਾਂ ਅਤੇ ਪ੍ਰਤਿਭਾ ਨੂੰ ਨਿਖਾਰਣ ਵਿਚ ਅਧਿਆਪਕਾਂ ਦਾ ਮਹੱਤਵਪੂਰਨ ਯੋਗਦਾਨ ਰਹਿੰਦਾ ਹੈ।ਉਨ੍ਹਾਂ ਨੇ ਕਿਹਾ ਕਿ ਜੇਕਰ ਛੋਟੀ ਉਮਰ ਵਿੱਚ ਹੀ ਬੱਚਿਆਂ ਦੀ ਬੁਨਿਆਦੀ ਖਾਮੀਆਂ ਦੂਰ ਕਰਕੇ ਸਹੀ ਪੈੱਨ ਹੋਲਡਿੰਗ, ਗਰਿਪ ਅਤੇ ਸਟਰੋਕਸ ਸਿਖਾ ਕੇ ਬੱਚਿਆਂ ਦੀ ਫਾਈਨ ਮੋਟਰ ਸਕਿਲਜ਼ ਦਾ ਵਿਕਾਸ ਕਰ ਦਿੱਤਾ ਜਾਵੇ ਤਾਂ ਉਨ੍ਹਾਂ ਦੇ ਭਵਿੱਖ ਦੀ ਬੁਨਿਆਦ ਮਜ਼ਬੂਤ ਹੋ ਜਾਂਦੀ ਹੈ, ਨਹੀਂ ਤਾਂ ਬਾਅਦ ਵਿਚ ਗਲਤ ਆਦਤਾਂ ਨੂੰ ਸੁਧਾਰਨਾ ਬਹੁਤ ਔਖਾ ਹੋ ਜਾਂਦਾ ਹੈ।ਉਨ੍ਹਾਂ ਡਾਇਰੈਕਟਰ ਡਾ. ਏਪੀਐੱਸ ਚਾਵਲਾ ਵੱਲੋਂ ਅਧਿਆਪਕਾਂ ਨੂੰ ਸਿਖਣ-ਸਿਖਾਉਣ ਦੀ ਪ੍ਰਕਿਰਿਆ ਵਿਚ ਨਵੀਂ ਊਰਜਾ ਭਰਨ ਵਾਲੇ ਅਜਿਹੇ ਟੀਚਰ ਟਰੇਨਿੰਗ ਪ੍ਰੋਗਰਾਮ ਆਯੋਜਿਤ ਕਰਨ ਹਿੱਤ ਕੀਤੇ ਗਏ ਯਤਨਾਂ ਦੀ ਭਰਪੂਰ ਸ਼ਲਾਘਾ ਕਰਦਿਆਂ ਕਿਹਾ ਕਿ ਦੀਵਾਨ ਵੱਲੋਂ ਅਗੋਂ ਵੀ ਅਜਿਹੇ ਪ੍ਰਭਾਵਸ਼ਾਲੀ ਟੀਚਰ ਟਰੇਨਿੰਗ ਪ੍ਰੋਗਰਾਮ ਨਿਰੰਤਰ ਕਰਵਾਏ ਜਾਣਗੇ।



## ਸਾਹਿਤਕ ਸਮਾਗਮ 'ਚ ਭਾਗ ਲੈਣ ਵਾਲੇ ਬੱਚਿਆਂ ਦਾ ਸਨਮਾਨ



**ਫਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)**- ਬੀਤੇ ਦਿਨੀਂ ਸ਼ਬਦ ਸਾਂਝ ਲਾਇਬ੍ਰੇਰੀ ਮਾਨ ਸੈਂਡਵਾਲ ਵੱਲੋਂ ਇਕ ਸਾਹਿਤਕ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਬੱਚਿਆਂ ਵੱਲੋਂ ਕਵਿਤਾ ਲੇਖ ਅਤੇ ਗੀਤ ਪੇਸ਼ ਕੀਤੇ ਗਏ। ਇਸ ਸੰਬੰਧੀ ਲਾਇਬ੍ਰੇਰੀ ਦੀ ਟੀਮ ਵੱਲੋਂ ਇਨ੍ਹਾਂ ਬੱਚਿਆਂ ਕ੍ਰਮਵਾਰ ਨਵਦੀਪ ਕੌਰ, ਪਵਨਦੀਪ ਕੌਰ, ਸੁਮਨਦੀਪ ਕੌਰ, ਹਰਮਨਪ੍ਰੀਤ ਕੌਰ, ਮਨਪ੍ਰੀਤ ਕੌਰ, ਹਰਮਨ, ਮਨਕੀਰਤ ਕੌਰ ਤੇ ਐਸ਼ਮੀਤ ਕੌਰ ਆਦਿ ਨੂੰ ਸਨਮਾਨਿਤ ਕੀਤਾ ਗਿਆ।ਇਸ ਮੌਕੇ ਗ੍ਰੰਥੀ ਸਿੰਘ ਬਾਬਾ ਬਲਦੇਵ ਸਿੰਘ, ਡਾ. ਕੰਵਲਜੀਤ ਸਿੰਘ ਤੇ ਬਾਬਾ ਬਲਵਿੰਦਰ ਸਿੰਘ ਨੂੰ ਸਿਰੋਪਾਓ ਭੇਟ ਕੀਤਾ ਗਿਆ।ਇਸ ਦੌਰਾਨ ਡਾ. ਇਕਬਾਲ ਸਿੰਘ, ਕੁਲਦੀਪ ਸਿੰਘ ਫੌਜੀ, ਕਸ਼ਮੀਰ ਸਿੰਘ ਹੌਲਦਾਰ, ਗੁਰਨਾਮ ਸਿੰਘ, ਸਿਮਰ ਮਾਨ, ਲਾਇਬ੍ਰੇਰੀਅਨ ਜਸਦੇਵ ਮਾਨ, ਰਮਨਦੀਪ ਕੌਰ ਮਾਨ ਆਦਿ ਹਾਜ਼ਰ ਸਨ।

## ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਪੁਰਬ ਮਨਾਇਆ

**ਧਾਰੀਵਾਲ, 23 ਅਗਸਤ (ਮਨਦੀਪ ਸਿੰਘ ਵਿੱਕੀ)**-ਗੁਰੂ ਤੇਗ ਬਹਾਦਰ ਇੰਟਰਨੈਸ਼ਨਲ (ਜੀਟੀਬੀਆਈ) ਸਕੂਲ ਕਲਿਆਣਪੁਰ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਮਨਾਇਆ ਗਿਆ। ਇਸ ਮੌਕੇ ਸਮਾਗਮ ਦੌਰਾਨ 6ਵੀਂ ਤੇ 7ਵੀਂ ਦੇ ਵਿਦਿਆਰਥੀਆਂ ਵੱਲੋਂ ਜਪੁਜੀ ਸਾਹਿਬ ਦੇ ਪਾਠ ਕੀਤੇ ਗਏ। ਉਪਰੰਤ ਪ੍ਰਕਾਸ਼ ਹਾਊਸ ਦੇ ਵਿਦਿਆਰਥੀਆਂ ਵੱਲੋਂ ਕੀਰਤਨ ਕੀਤਾ ਗਿਆ। ਇਸ ਮੌਕੇ ਅਧਿਆਪਿਕਾ ਜਸਪਿੰਦਰ ਕੌਰ ਨੇ ਵਿਦਿਆਰਥੀਆਂ ਨੂੰ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਪੁਰਬ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਸਕੂਲ ਦੇ ਚੇਅਰਮੈਨ ਸੁਰਜੀਤ ਸਿੰਘ ਅਤੇ ਪ੍ਰਿੰਸੀਪਲ ਸੈਮੂਅਲ ਦਾਸ ਦੇ ਨੇ ਵਿਦਿਆਰਥੀਆਂ ਨੂੰ ਸ਼੍ਰੀ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਕਰਨ ਅਤੇ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ 'ਤੇ ਚੱਲਣ ਲਈ ਪ੍ਰੇਰਿਤ ਕੀਤਾ। ਇਸ ਪ੍ਰੋਗਰਾਮ ਦੀ ਤਿਆਰੀ ਅਧਿਆਪਕਾ ਕੁਲਵਿੰਦਰ ਕੌਰ ਵੱਲੋਂ ਕਰਵਾਈ ਗਈ। ਅੰਤ ਵਿੱਚ ਸਕੂਲ ਦੀ ਚੜ੍ਹਦੀ ਕਲਾ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ। ਇਸ ਮੌਕੇ ਸਮੂਹ ਸਟਾਫ਼ ਹਾਜ਼ਰ ਸੀ।



## ਚੇਅਰਮੈਨ ਬਹਿਲ ਨੇ ਗੁਰਦਾਸਪੁਰ-ਹਰਦੋਛੰਨੀ ਸੜਕ ਦੀ ਮੁਰੰਮਤ ਦੇ ਪ੍ਰੋਜੈਕਟ ਦਾ ਨੀਂਹ ਪੱਥਰ ਰੱਖਿਆ

**ਗੁਰਦਾਸਪੁਰ (ਜਨਕ ਮਹਾਜਨ)**- ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਨੇ ਲੋਕਾਂ ਦੀ ਚਿਰੋਕਣੀ ਮੰਗ ਨੂੰ ਪੂਰਾ ਕਰਦੇ ਹੋਏ ਗੁਰਦਾਸਪੁਰ-ਹਰਦੋਛੰਨੀ ਰੋਡ ਦੀ ਪਿੰਡ ਅਲੂਣਾ ਤੱਕ ਮੁਰੰਮਤ ਕਰਨ ਦੇ ਪ੍ਰੋਜੈਕਟ ਨੂੰ ਪਾਸ ਕਰਵਾ ਇਸ ਦਾ ਕੰਮ ਸ਼ੁਰੂ ਕਰਵਾ ਦਿੱਤਾ ਹੈ।ਚੇਅਰਮੈਨ ਬਹਿਲ ਵੱਲੋਂ ਜ਼ਿਲ੍ਹਾ ਸਿੱਖਿਆ ਸਿਖਲਾਈ ਕੇਂਦਰ ਦੇ ਨਜ਼ਦੀਕ ਗੁਰਦਾਸਪੁਰ-ਹਰਦੋਛੰਨੀ ਰੋਡ (ਡਾ. ਨਾਥਾ ਰਾਮ ਦੀ ਦੁਕਾਨ ਤੋਂ ਲੈ ਕੇ ਅਲੂਣਾ ਪਿੰਡ ਤੱਕ) 13 ਕਿੱਲੋਮੀਟਰ ਸੜਕ ਦੀ ਮੁਰੰਮਤ ਦੇ ਪ੍ਰੋਜੈਕਟ ਦਾ ਅੱਜ ਨੀਂਹ ਪੱਥਰ ਰੱਖਿਆ ਗਿਆ।ਸੜਕ ਦੀ ਮੁਰੰਮਤ ਦਾ ਨੀਂਹ ਪੱਥਰ ਰੱਖਦਿਆਂ ਚੇਅਰਮੈਨ ਬਹਿਲ ਨੇ ਕਿਹਾ ਕਿ ਗੁਰਦਾਸਪੁਰ ਤੋਂ ਪਿੰਡ ਅਲੂਣਾ ਤੱਕ 13 ਕਿੱਲੋਮੀਟਰ ਲੰਬੀ ਇਸ ਸੜਕ ਦੀ ਮੁਰੰਮਤ ਉਪਰ 8.15 ਕਰੋੜ ਰੁਪਏ ਖ਼ਰਚ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਗੁਰਦਾਸਪੁਰ ਸ਼ਹਿਰ ਤੋਂ ਬਾਈਪਾਸ ਤੱਕ ਇਸ ਸੜਕ ਨੂੰ ਦੋਵਾਂ ਕਿਨਾਰਿਆਂ ਤੋਂ ਢਾਈ-ਢਾਈ ਫੁੱਟ ਚੌੜਾ ਕੀਤਾ ਜਾਵੇਗਾ ਅਤੇ ਇਸ ਦੇ ਬਰਮਾਂ ਤੇ ਇੰਟਰਲਾਕ ਟਾਈਲਾਂ ਲਗਾਈਆਂ ਜਾਣਗੀਆਂ।ਉਨ੍ਹਾਂ ਕਿਹਾ ਕਿ ਇਸ ਸੜਕ ਦੀ ਮੁਰੰਮਤ ਦਾ ਕੰਮ ਲੋਕ ਨਿਰਮਾਣ ਵਿਭਾਗ ਵੱਲੋਂ ਸ਼ੁਰੂ ਕਰ ਦਿੱਤਾ ਗਿਆ ਹੈ ਅਤੇ ਅਗਲੇ 6 ਮਹੀਨੇ ਵਿੱਚ ਇਸ ਪ੍ਰੋਜੈਕਟ ਨੂੰ ਮੁਕੰਮਲ ਕਰ ਲਿਆ ਜਾਵੇਗਾ।ਉਨ੍ਹਾਂ ਕਿਹਾ ਕਿ ਇਸ ਸੜਕ ਨੂੰ ਬਣਾਉਣ ਵਾਲੇ ਠੇਕੇਦਾਰ ਦੀ ਅਗਲੇ 5 ਸਾਲ ਤੱਕ ਇਸ ਸੜਕ ਦੀ ਸੰਭਾਲ ਦੀ ਜ਼ਿੰਮੇਵਾਰੀ ਵੀ ਹੋਵੇਗੀ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਆਮ ਲੋਕਾਂ ਦੀ ਦੁੱਖ ਤਕਲੀਫ਼ਾਂ ਦੂਰ ਕਰਨ ਵਾਲੀ ਸਰਕਾਰ ਹੈ ਅਤੇ ਉਨ੍ਹਾਂ ਨੇ ਲੋਕਾਂ ਦੀ ਇਸ ਸਮੱਸਿਆ ਨੂੰ ਹੱਲ ਕਰਨ ਲਈ ਪੰਜਾਬ ਸਰਕਾਰ ਵੱਲੋਂ ਸੜਕ ਦੀ ਮੁਰੰਮਤ ਲਈ 8.15 ਕਰੋੜ ਰੁਪਏ ਮਨਜ਼ੂਰ ਕਰਵਾਏ। ਉਨ੍ਹਾਂ ਕਿਹਾ ਕਿ ਅੱਜ ਇਸ ਸੜਕ ਦੀ ਮੁਰੰਮਤ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ ਅਤੇ ਅਗਲੇ 6 ਮਹੀਨੇ ਵਿੱਚ ਇਹ ਸੜਕ ਬਣ ਕੇ ਤਿਆਰ ਹੋ ਜਾਵੇਗੀ, ਜਿਸ ਨਾਲ ਇਲਾਕੇ ਦੇ ਲੋਕਾਂ ਦੇ ਨਾਲ ਹੋਰ ਰਾਹਗੀਰਾਂ ਨੂੰ ਵੀ ਵੱਡੀ ਸਹੂਲਤ ਮਿਲੇਗੀ।ਇਸ ਮੌਕੇ ਉਨ੍ਹਾਂ ਨਾਲ ਮਾਰਕੀਟ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਭਾਰਤ ਭੂਸ਼ਨ ਸ਼ਰਮਾ, ਕਰੀਬ ਬਹਿਲ, ਬਾਵਾ ਬਹਿਲ, ਨਗਰ ਸੁਧਾਰ ਟਰੱਸਟ ਦੇ ਟਰੱਸਟੀ ਰਘੁਬੀਰ ਸਿੰਘ ਖ਼ਾਲਸਾ, ਹਿਤੇਸ਼ ਮਹਾਜਨ, ਜਗਜੀਤ ਸਿੰਘ ਪਿੰਟਾ, ਐੱਸ. ਡੀ. ਓ. ਲੋਕ ਨਿਰਮਾਣ ਵਿਭਾਗ ਲਵਪ੍ਰੀਤ ਸਿੰਘ, ਗਗਨ ਮਹਾਜਨ, ਇੰਦਰਜੀਤ ਸਿੰਘ ਰਾਣਾ ਸਰਪੰਚ ਬੱਬਰੀ ਤੋਂ ਇਲਾਵਾ ਇਲਾਕੇ ਦੇ ਹੋਰ ਮੁਹਤਬਰ ਵੀ ਹਾਜ਼ਰ ਸਨ।



## ਸਾਂਝੀਵਾਲਤਾ ਦਿਹਾਤੀ ਪ੍ਰੈੱਸ ਕਲੱਬ ਤੇ ਸਾਂਝੀਵਾਲਤਾ ਸਾਹਿਤ ਸਭਾ ਮਜੀਠਾ ਵੱਲੋਂ ਇਜ਼ਹਾਰ-ਏ-ਗਮ

**ਮਜੀਠਾ (ਸੋਇਮ ਆਨੰਦ)**- ਸਾਂਝੀਵਾਲਤਾ ਦਿਹਾਤੀ ਪ੍ਰੈੱਸ ਕਲੱਬ ਤੇ ਸਾਂਝੀਵਾਲਤਾ ਸਾਹਿਤ ਸਭਾ ਮਜੀਠਾ ਦੇ ਪ੍ਰਧਾਨ ਕੁਲਦੀਪ ਸਿੰਘ ਕਾਹਲੋਂ ਦੀ ਅਗਵਾਈ ਵਿਚ ਮਜੀਠਾ ਵਿਖੇ ਇੱਕ ਸ਼ੋਕ ਸਭਾ ਹੋਈ ਜਿਸ ਵਿਚ ਪੰਜਾਬੀ ਫਿਲਮ ਜਗਤ ਦੇ ਨਾਮਵਰ ਕਲਾਕਾਰ ਅਤੇ ਇੱਕ ਮਹਾਨ ਸ਼ਖਸ਼ੀਅਤ ਜਸਵਿੰਦਰ ਸਿੰਘ ਭੱਲਾ ਦੇ ਸਦੀਵੀ ਵਿਛੋੜੇ 'ਤੇ ਦੁੱਖ ਦਾ ਇਜ਼ਹਾਰ ਕੀਤਾ ਗਿਆ।ਹਾਜ਼ਰ ਸ਼ਖਸ਼ੀਅਤਾਂ ਵੱਲੋਂ 2 ਮਿੰਟ ਦਾ ਮੌਨ ਧਾਰ ਕੇ ਵਿਛੜੀ ਰੂਹ ਨੂੰ ਸ਼ਰਧਾਂਜਲੀ ਦਿੱਤੀ ਗਈ। ਪ੍ਰਧਾਨ ਕੁਲਦੀਪ ਸਿੰਘ ਕਾਹਲੋਂ ਨੇ ਕਿਹਾ ਕਿ ਪੰਜਾਬੀ ਫਿਲਮ ਜਗਤ ਨੂੰ ਕਦੀ ਵੀ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।ਸਟਾਰ ਕਾਮੇਡੀਅਨ ਜਸਵਿੰਦਰ ਸਿੰਘ ਭੱਲਾ ਇਸ ਦੁਨੀਆ ਵਿਚ ਨਹੀਂ ਰਹੇ। ਉਨ੍ਹਾਂ ਦੇ ਜਾਣ ਨਾਲ ਉਨ੍ਹਾਂ ਦੇ ਚਾਹੁਣ ਵਾਲੇ ਅਣਗਿਣਤ ਲੋਕਾਂ ਦੇ ਹਿਰਦੇ ਨਿਰਾਸ਼ ਹੋਏ ਹਨ।ਕਾਹਲੋਂ ਨੇ ਕਿਹਾ ਕਿ ਜਸਵਿੰਦਰ ਭੱਲਾ ਇੱਕ ਮਹਾਨ ਸ਼ਖਸੀਅਤ ਅਤੇ ਸਫਲ ਕਾਮੇਡੀਅਨ ਤਾਂ ਹੈ ਹੀ ਸਨ, ਇਸ ਦੇ ਨਾਲ ਹੀ ਉਹ ਇੱਕ ਕ੍ਰਾਂਤੀਕਾਰੀ ਯੋਧੇ ਵਜੋਂ ਵੀ ਵਿਚਰ ਰਹੇ ਸਨ।ਉਹ ਸਮਾਜ ਵਿਰੋਧੀ ਅਨਸਰਾਂ ਵਿਰੁੱਧ ਬਹੁਤ ਬੇਬਾਕੀ ਨਾਲ ਵਿਅੰਗ ਕੱਸਦੇ ਸਨ।ਉਹ ਸੱਚ ਬੋਲਣ ਦੀ ਹਿੰਮਤ ਰੱਖਦੇ ਸਨ।ਉਨ੍ਹਾਂ ਕਿਹਾ ਕਿ ਭੱਲਾ ਦੀ ਕਾਮੇਡੀ ਸੱਭਿਅਕ ਹੁੰਦੀ ਸੀ ਅਤੇ ਆਮ ਪਰਿਵਾਰਾਂ ਵਿਚ ਬੈਠ ਕੇ ਵੇਖੀ ਜਾਂਦੀ ਸੀ। ਉਨ੍ਹਾਂ ਨੇ ਹਮੇਸ਼ਾ ਹੀ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਗੱਲ ਕੀਤੀ ਅਤੇ ਪੰਜਾਬੀ ਬੋਲੀ ਨੂੰ ਹਰ ਸਟੇਜ 'ਤੇ ਪ੍ਰਫੁੱਲਤ ਕੀਤਾ।ਇਸ ਮੌਕੇ ਸਾਹਿਤ ਸਭਾ ਦੇ ਪ੍ਰਧਾਨ ਕੁਲਦੀਪ ਸਿੰਘ ਕਾਹਲੋਂ ਦੇ ਨਾਲ ਮੀਤ ਪ੍ਰਧਾਨ ਗੁਰਮੇਲ ਸਿੰਘ ਸ਼ਾਮਨਗਰ, ਨਿਰੰਜਨ ਸਿੰਘ ਗਿੱਲ, ਸੁਖਬੀਰ ਸਿੰਘ ਭੁੱਲਰ, ਸਰਬ ਮਜੀਠਾ, ਗੁਰਭੇਜ ਰੰਧਾਵਾ, ਨਿਰਮਲ ਕੌਰ ਕੋਟਲਾ, ਵਜ਼ੀਰ ਸਿੰਘ ਮੁਧਲ, ਸੁਰਜੀਤ ਅਸ਼ਕ, ਪੱਤਰਕਾਰਾਂ ਵਿਚ ਜਸਪਾਲ ਸਿੰਘ ਗਿੱਲ, ਪ੍ਰਿਥੀਪਾਲ ਸਿੰਘ ਸਿੱਧੂ, ਸੁਭਾਸ਼ ਚੰਦਰ ਭਗਤ, ਰਵਿੰਦਰ ਕਪਾਹੀ, ਸੁਨੀਲ ਦੇਵਗਨ, ਸੋਇਮ ਆਨੰਦ ਅਤੇ ਪ੍ਰਮੋਦ ਸ਼ਰਮਾ ਆਦਿ ਨੇ ਜਸਵਿੰਦਰ ਸਿੰਘ ਭੱਲਾ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ।



## ਨਸ਼ਿਆਂ ਦੇ ਖਾਤਮੇ ਲਈ ਸਮਾਜ 'ਚ ਜਾਗਰੂਕਤਾ ਬਹੁਤ ਜ਼ਰੂਰੀ : ਕਟਾਰੂਚੱਕ

**ਪਠਾਨਕੋਟ (ਦਵਿੰਦਰ ਸਿੰਘ)**- ਪੰਜਾਬ ਸਰਕਾਰ ਦੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਪਿੰਡ ਕੀੜੀ ਅਤੇ ਮੰਗਿਆਲ ਵਿਖੇ ਨਸ਼ਾ ਮੁਕਤੀ ਯਾਤਰਾ ਪ੍ਰੋਗਰਾਮ ਦੌਰਾਨ ਕਿਹਾ ਕਿ ਨਸ਼ਿਆਂ ਦੇ ਖਾਤਮੇ ਲਈ ਸਾਰਿਆਂ ਨੂੰ ਇੱਕਮੁੱਠ ਹੋ ਕੇ ਹੰਭਲਾ ਮਾਰਨਾ ਸਮੇਂ ਦੀ ਮੁੱਖ ਮੰਗ ਹੈ।ਜਾਗਰੂਕਤਾ ਪ੍ਰੋਗਰਾਮ ਮੌਕੇ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਪੰਜਾਬ ਸਰਕਾਰ ਵੱਲੋਂ ਲਗਾਤਾਰ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਚਲਾਈ ਜਾ ਰਹੀ ਹੈ ਜਿਸ ਦੇ ਸਾਰਥਿਕ ਨਤੀਜੇ ਸਾਹਮਣੇ ਆਏ ਹਨ।ਨਸ਼ਾ ਵੇਚਣ ਵਾਲੇ ਅਨਸਰਾਂ ਖ਼ਿਲਾਫ਼ ਪੰਜਾਬ ਸਰਕਾਰ ਦੇ ਰੁਖ ਬਾਰੇ ਕੈਬਨਿਟ ਮੰਤਰੀ ਕਟਾਰੂਚੱਕ ਨੇ ਕਿਹਾ ਕਿ ਸੂਬੇ ਅੰਦਰ ਨਸ਼ਿਆਂ ਦੇ ਖਾਤਮੇ ਲਈ ਲਗਾਤਾਰ ਮੁਹਿੰਮ ਚਲਾਈ ਜਾ ਰਹੀ ਹੈ ਅਤੇ ਨਸ਼ਾ ਵੇਚਣ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਅਮਲ ਵਿਚ ਲਿਆਂਦੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਰਾਜ ਸਰਕਾਰ ਨੇ ਨਸ਼ਿਆਂ ਵਿਰੁੱਧ ਜੰਗ ਦੀ ਨਿਗਰਾਨੀ ਲਈ 5 ਮੈਂਬਰੀ ਕੈਬਨਿਟ ਸਬ ਕਮੇਟੀ ਦਾ ਵੀ ਗਠਨ ਕੀਤਾ ਹੈ ਜੋ ਇਸ ਖੇਤਰ ਵਿੱਚ ਹੋ ਰਹੀਆਂ ਕਾਰਵਾਈਆਂ ਦੀ ਲਗਾਤਾਰ ਸਮੀਖਿਆ ਕਰਦੀ ਹੈ।ਪਿੰਡ ਵਾਸੀਆਂ ਨੇ ਕਟਾਰੂਚੱਕ ਨੂੰ ਪੂਰਾ ਭਰੋਸਾ ਦਿੱਤਾ ਕਿ ਨਸ਼ਿਆਂ ਦੇ ਖਾਤਮੇ ਲਈ ਹਰ ਪੱਖੋਂ ਸਹਿਯੋਗ ਕੀਤਾ ਜਾਵੇਗਾ।



ਨਵਾਂ ਜ਼ਮਾਨਾ

ਸੋਮਵਾਰ, 25 ਅਗਸਤ 2025

# ਵੋਟ ਚੋਰੀ ਦਾ ਮੁੱਦਾ

ਬਿਹਾਰ ਵਿੱਚ ਵੋਟਰਾਂ ਦੀ ਵਿਸ਼ੇਸ਼ ਡੂੰਘੀ ਸੁਧਾਈ ਦੇ ਨਾਂਅ 'ਤੇ ਵੋਟ ਚੋਰੀ ਖਿਲਾਫ ਆਪੋਜ਼ੀਸ਼ਨ ਪਾਰਟੀਆਂ ਵੱਲੋਂ ਚਲਾਈ ਜਾ ਰਹੀ 'ਵੋਟ ਅਧਿਕਾਰ ਯਾਤਰਾ' ਲੋਕਾਂ ਨੂੰ ਇਹ ਸਮਝਾਉਣ ਵਿੱਚ ਨਿਰੰਤਰ ਕਾਮਯਾਬ ਹੋ ਰਹੀ ਹੈ ਕਿ ਭਾਜਪਾ ਚੋਣ ਜਿੱਤਣ ਲਈ ਚੋਣ ਕਮਿਸ਼ਨ ਨਾਲ ਮਿਲੀਭੁਗਤ ਕਰਦੀ ਹੈ। ਸੀ-ਵੋਟਰ ਨਾਂਅ ਦੀ ਸੰਸਥਾ ਦੇ ਤਾਜ਼ਾ ਸਰਵੇਖਣ ਵਿੱਚ ਸਾਹਮਣੇ ਆਇਆ ਹੈ ਕਿ 59 ਫੀਸਦੀ ਲੋਕ ਮੰਨਦੇ ਹਨ ਕਿ ਇਸ ਦੋਸ਼ ਵਿੱਚ ਸਚਾਈ ਹੈ ਕਿ ਭਾਜਪਾ ਚੋਣ ਕਮਿਸ਼ਨ ਦੀ ਮਦਦ ਨਾਲ ਵੋਟ ਚੋਰੀ ਕਰਦੀ ਹੈ। 34 ਫੀਸਦੀ ਲੋਕਾਂ ਨੇ ਇਸ ਨਾਲ ਅਸਹਿਮਤੀ ਜਤਾਈ। ਇਹ ਅੰਕੜਾ ਦੱਸਦਾ ਹੈ ਕਿ ਇੱਕ ਵੱਡਾ ਵਰਗ ਚੋਣ ਕਮਿਸ਼ਨ ਦੀ ਨਿਰਪੱਖਤਾ 'ਤੇ ਸਵਾਲ ਉਠਾ ਰਿਹਾ ਹੈ। ਰਾਹੁਲ ਗਾਂਧੀ ਨੇ 7 ਅਗਸਤ ਨੂੰ ਦਿੱਲੀ ਵਿੱਚ ਬਕਾਇਦਾ ਪ੍ਰੈੱਸ ਕਾਨਫਰੰਸ ਕਰਕੇ ਦਿਖਾਇਆ ਸੀ ਕਿ ਕਰਨਾਟਕ ਦੇ ਇੱਕ ਵਿਧਾਨ ਸਭਾ ਹਲਕੇ 'ਚ ਇੱਕ-ਇੱਕ ਇਮਾਰਤ 'ਚ ਛੇ-ਛੇ ਸੌ ਵੋਟਰ ਦਰਜ ਸਨ। ਚੋਣ ਕਮਿਸ਼ਨ ਨੇ ਨੋਟਿਸ ਜਾਰੀ ਕਰਕੇ ਇਸ ਦੋਸ਼ ਦੇ ਹੱਕ ਵਿੱਚ ਰਾਹੁਲ ਤੋਂ ਤਾਂ ਹਲਫਨਾਮਾ ਮੰਗ ਲਿਆ, ਪਰ ਭਾਜਪਾ ਦੇ ਆਗੂ ਅਨੁਰਾਗ ਠਾਕੁਰ ਵੱਲੋਂ ਵਾਇਨਾਡ, ਰਾਇਬਰੇਲੀ ਸਣੇ ਕਈ ਲੋਕ ਸਭਾ ਹਲਕਿਆਂ ਵਿੱਚ ਜਾਲ੍ਹੀ ਵੋਟਰ ਹੋਣ ਦੇ ਲਾਏ ਗਏ ਦੋਸ਼ਾਂ ਬਾਰੇ ਠਾਕੁਰ ਨੂੰ ਨੋਟਿਸ ਜਾਰੀ ਕਰਨ ਤੋਂ ਭੱਜ ਗਿਆ।

ਸਰਵੇਖਣ ਵਿੱਚ ਲੋਕਾਂ ਨੂੰ ਇਹ ਸਵਾਲ ਵੀ ਕੀਤਾ ਗਿਆ ਸੀ ਕਿ ਕੀ ਚੋਣ ਕਮਿਸ਼ਨ ਨੂੰ ਰਾਹੁਲ ਦੇ ਦੋਸ਼ਾਂ ਦਾ ਜਵਾਬ ਦੇਣਾ ਚਾਹੀਦਾ ਹੈ। ਜਵਾਬ ਵਿੱਚ 67 ਫੀਸਦੀ ਲੋਕਾਂ ਨੇ ਕਿਹਾ ਕਿ ਚੋਣ ਕਮਿਸ਼ਨ ਨੂੰ ਜਵਾਬ ਦੇਣਾ ਚਾਹੀਦਾ ਹੈ। ਸਿਰਫ 13 ਫੀਸਦੀ ਨੇ ਇਸ ਦੀ ਲੋੜ ਨਹੀਂ ਸਮਝੀ। ਇਸ ਤੋਂ ਪਤਾ ਲਗਦਾ ਹੈ ਕਿ ਲੋਕ ਚੋਣ ਕਮਿਸ਼ਨ ਤੋਂ ਜਵਾਬਦੇਹੀ ਚਾਹੁੰਦੇ ਹਨ। ਸਰਵੇਖਣ ਦੌਰਾਨ 60 ਫੀਸਦੀ ਲੋਕਾਂ ਨੇ ਮੰਨਿਆ ਕਿ ਵੋਟਰ ਲਿਸਟਾਂ ਵਿੱਚੋਂ ਵੋਟਾਂ ਕੱਟਣਾ ਬਿਹਾਰ 'ਚ ਪ੍ਰਮੁੱਖ ਚੋਣ ਮੁੱਦਾ ਬਣ ਸਕਦਾ ਹੈ, ਜਦਕਿ 26 ਫੀਸਦੀ ਨੇ ਇਸ ਨੂੰ ਨਕਾਰਿਆ। ਚੋਣ ਕਮਿਸ਼ਨ ਨੇ ਸੁਧਾਈ ਦੌਰਾਨ 65 ਲੱਖ ਵੋਟਰਾਂ ਦੇ ਨਾਂਅ ਕੱਟੇ ਹਨ। ਉਸ ਨੇ ਕਈ ਜਿਊਂਦਿਆਂ ਨੂੰ ਮਾਰ ਵੀ ਦਿੱਤਾ ਹੈ।

ਸਰਵੇਖਣ ਇਹ ਗੰਭੀਰ ਸਵਾਲ ਸਾਹਮਣੇ ਲਿਆਇਆ ਹੈ ਕਿ ਕੀ ਭਾਰਤ ਵਰਗੇ ਜਮਹੂਰੀ ਦੇਸ਼ ਵਿੱਚ ਚੋਣ ਪ੍ਰਕਿਰਿਆ ਦੀ ਨਿਰਪੱਖਤਾ 'ਤੇ ਲੋਕਾਂ ਦਾ ਭਰੋਸਾ ਡਗਮਗਾ ਰਿਹਾ ਹੈ? ਰਾਹੁਲ ਦੀ ਪ੍ਰੈੱਸ ਕਾਨਫਰੰਸ ਤੇ ਸੁਪਰੀਮ ਕੋਰਟ ਵਿੱਚ ਹੋਈ ਸੁਣਵਾਈ ਦੌਰਾਨ ਸਾਹਮਣੇ ਆਏ ਤੱਥ ਮਾਮਲੇ ਦੀ ਗੰਭੀਰਤਾ ਨੂੰ ਦਰਸਾਉਂਦੇ ਹਨ। ਲੱਖਾਂ ਲੋਕਾਂ ਦੇ ਵੋਟਰ ਲਿਸਟਾਂ ਵਿੱਚੋਂ ਨਾਂਅ ਕੱਟਣੇ ਨਾ ਸਿਰਫ ਵੋਟ ਦਾ ਅਧਿਕਾਰ ਖੋਹਣਾ ਹੈ, ਸਗੋਂ ਜਮਹੂਰੀਅਤ ਦੀ ਨੀਂਹ ਨੂੰ ਕਮਜ਼ੋਰ ਕਰਨਾ ਵੀ ਹੈ। ਚੋਣ ਕਮਿਸ਼ਨ ਨੂੰ ਸਥਿਤੀ ਚੰਗੀ ਤਰ੍ਹਾਂ ਸਪੱਸ਼ਟ ਕਰਨੀ ਪੈਣੀ ਹੈ। ਵੋਟ ਅਧਿਕਾਰ ਯਾਤਰਾ ਨੂੰ ਮਿਲ ਰਹੇ ਹੁੰਗਾਰੇ ਤੋਂ ਸਪੱਸ਼ਟ ਹੈ ਕਿ ਇਹ ਮੁੱਦਾ ਲੋਕ ਅੰਦੋਲਨ ਬਣ ਚੁੱਕਾ ਹੈ। ਸੋਸ਼ਲ ਮੀਡੀਆ 'ਤੇ ਵੀ ਲੋਕ ਆਪਣੀਆਂ ਕਹਾਣੀਆਂ ਤੇ ਤਜਰਬੇ ਸਾਂਝੇ ਕਰ ਰਹੇ ਹਨ। ਵੋਟ ਚੋਰੀ ਦਾ ਮੁੱਦਾ ਲੋਕਾਂ ਦੀ ਜ਼ੁਬਾਨ 'ਤੇ ਚੜ੍ਹ ਚੁੱਕਾ ਹੈ। ਚੋਣ ਕਮਿਸ਼ਨ ਦੋਸ਼ਾਂ ਨੂੰ ਬਿਨਾਂ ਦਲੀਲ ਦੇ ਰੱਦ ਕਰਕੇ ਨਹੀਂ ਸਾਰ ਸਕਦਾ, ਉਸ ਨੂੰ ਸਹੀ-ਸਹੀ ਜਵਾਬ ਦੇਣੇ ਹੀ ਪੈਣੇ ਹਨ।

## ਲਾਲਚਪੁਣੇ ਨਾਲ ਆਏ ਵਿਗਾੜਾਂ ਨੂੰ ਦੂਰ ਕਰੀਏ

ਕਹਿੰਦੇ ਹਨ ਕਿ ਇਸ ਮਹੀਨੇ (ਬਰਸਾਤ) ਧਰਤੀ 'ਤੇ ਪਿਆ ਕਮਜ਼ੋਰ ਤੋਂ ਕਮਜ਼ੋਰ ਦਾਣਾ ਵੀ ਪੁੰਗਰ ਕੇ ਪੌਦਾ ਬਣ ਜਾਂਦਾ ਹੈ। ਚਾਰੇ ਪਾਸੇ ਹਰਿਆਲੀ ਹੀ ਹਰਿਆਲੀ ਦਿਸਣ ਲੱਗਦੀ ਹੈ। ਇਸ ਮਹੀਨੇ ਕੁਦਰਤ ਖ਼ੁਦ ਆਪਣੇ ਆਪ 'ਤੇ ਮਿਹਰਬਾਨ ਹੋਈ ਹੁੰਦੀ ਹੈ। ਇਨਸਾਨ ਦੀ ਮਿਹਰਬਾਨੀ ਤਾਂ ਇਸ ਨੇ ਦੇਖ ਲਈ ਕਿ ਇਸ ਨੂੰ ਆਲੇ-ਦੁਆਲੇ ਦਾ ਕਿੰਨਾ ਕੁ ਖ਼ਿਆਲ ਹੈ, ਪਰ ਕੁਦਰਤ, ਕੁਦਰਤ ਹੀ ਹੈ ਮਨੁੱਖ ਚਾਹੇ ਇਸ ਨਾਲ਼ ਕਿੰਨਾ ਵੀ ਖਿਲਵਾੜ ਕਿਉਂ ਨਾ ਕਰੀ ਜਾਵੇ, ਇਹ ਆਪਣਾ ਖ਼ੁਦ ਸੰਵਾਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡਦੀ। ਇਸ ਦਾ ਮਨੁੱਖ ਨਾਲ਼ ਕੋਈ ਵੈਰ ਨਹੀਂ, ਮਨੁੱਖ ਹੀ ਇਸ ਦਾ ਵੈਰੀ ਹੋ ਗਿਆ ਹੈ। ਅੱਜ ਅਸੀਂ ਮਿਹਨਤ ਤੋਂ ਦੂਰ ਹੁੰਦੇ ਜਾ ਰਹੇ ਹਾਂ। ਪਹਿਲਾਂ ਸਾਰਾ ਕੰਮ ਹੱਥੀਂ ਹੁੰਦਾ ਸੀ। ਵੱਟ-ਡੌਲ਼ਾਂ ਆਦਮੀ ਆਪ ਕਹੀ, ਖ਼ੁਰਪੇ ਜਾਂ ਦਾਤੀ ਨਾਲ਼ ਸਾਫ਼ ਕਰਦਾ ਸੀ। ਹੁਣ ਅਜਿਹੇ ਨਦੀਨਨਾਸ਼ਕ ਆ ਗਏ ਬਸ ਇੱਕ ਵਾਰ ਛਿੜਕ ਦਿਓ ਸਭ ਕੁਝ ਅਗਲੇ ਦਿਨ ਸੁੱਕ ਕੇ ਬੇਜਾਨ ਹੋ ਜਾਂਦਾ ਹੈ। ਜਦੋਂ ਇਹੋ ਜਿਹੇ ਨਦੀਨ ਨਾਸ਼ਕਾਂ ਦਾ ਛਿੜਕਾਅ ਕੀਤਾ ਜਾਂਦਾ ਹੈ ਤਾਂ ਆਪਣੇ ਆਪ ਉੱਗੇ ਛੋਟੇ ਪੌਦੇ ਵੀ ਮਚ ਕੇ ਮਰ ਜਾਂਦੇ ਹਨ। ਆਪਾਂ ਨੂੰ ਏਨੀ ਕੁ ਤਾਂ ਸਮਝ ਵਰਤ ਲੈਣੀ ਚਾਹੀਦੀ ਹੈ ਕਿ ਛਿੜਕਾਅ ਕਰਨ ਤੋਂ ਪਹਿਲਾਂ ਇਹ ਦੇਖ ਲਈਏ ਕਿ ਜਿੱਥੇ ਅਸੀਂ ਇਹ ਛਿੜਕਾਅ ਕਰ ਰਹੇ ਹਾਂ, ਉੱਥੇ ਕੋਈ ਪੌਦਾ ਤਾਂ ਨਹੀਂ ਉੱਗਿਆ ਹੋਇਆ, ਉਸ ਨੂੰ ਕੱਢ ਕੇ ਕਿਸੇ ਖ਼ਾਲੀ ਥਾਂ 'ਤੇ ਲਾ ਦੇਈਏ। ਜੇਕਰ ਅਸੀਂ ਹੋਰ ਨਵੇਂ ਪੌਦੇ ਨਹੀਂ ਲਗਾ ਸਕਦੇ ਤਾਂ ਇਹ ਆਪਣੇ ਆਪ ਉੱਗਿਆਂ ਦਾ ਤਾਂ ਥੋੜ੍ਹਾ ਖ਼ਿਆਲ ਕਰ ਲਈਏ। ਅੱਜ ਜੋ ਹਾਲ਼ ਅਸੀਂ ਸਾਡੀ ਧਰਤੀ ਦਾ ਕਰ ਦਿੱਤਾ ਹੈ, ਆਉਣ ਵਾਲ਼ਾ ਸਮਾਂ ਅਜਿਹਾ ਭਿਆਨਕ ਹੋਵੇਗਾ ਕਿ ਅਸੀਂ ਫਿਰ ਕਿਸੇ ਪਾਸੇ ਜੋਗੇ ਨਹੀਂ ਰਹਾਂਗੇ। ਫਿਰ ਵੀ ਸ਼ਾਇਦ ਅਸੀਂ ਦੋਸ਼ ਦੂਜਿਆਂ ਦਾ ਹੀ ਕੱਢਾਂਗੇ, ਕਿਉਂਕਿ ਇਨਸਾਨ ਦਾ ਸੁਭਾਅ ਹੀ ਇਹੋ ਜਿਹਾ ਹੈ, ਉਸ ਨੇ ਆਪਣਾ ਕਸੂਰ ਨਹੀਂ ਮੰਨਣਾ, ਸਗੋਂ ਕਹਿਣਾ ਹੈ ਕਿ ਇਹ ਫਲਾਣੇ ਦਾ, ਇਹ ਢਿਮਕੇ ਦਾ, ਇਹ ਸਰਕਾਰਾਂ ਦਾ ਫਰਜ਼ ਬਣਦਾ ਸੀ ਕਿ ਵਾਤਾਵਰਨ ਦਾ ਖਿਆਲ ਕਰਦੇ। ਆਉ ਜ਼ਰਾ ਸੋਚੀਏ ਕਿ ਬਿਨਾਂ ਸ਼ੁੱਧ ਹਵਾ, ਬਿਨਾਂ ਸ਼ੁੱਧ ਪਾਣੀ ਤੋਂ ਜੀਵਨ ਕਿਹੋ ਜਿਹਾ ਹੋਵੇਗਾ, ਨਿਰਾ ਰੋਗਾਂ ਦਾ ਘਰ, ਰੋਗੀ ਹੋਵੇਗਾ। ਕੀ ਅਸੀਂ ਅਗਲੀ ਪੀੜ੍ਹੀ ਨੂੰ ਇਸ ਸੰਕਟ ਵਿੱਚ ਇਸੇ ਤਰ੍ਹਾਂ ਹੀ ਛੱਡ ਕੇ ਚਲੇ ਜਾਵਾਂਗੇ। ਜੇਕਰ ਅੱਜ ਸਾਡਾ ਇਹ ਹਾਲ ਹੈ, ਸੋਚੋ ਭਵਿੱਖ ਕਿਹੋ ਜਿਹਾ ਹੋਵੇਗਾ। ਅਸੀਂ ਧਨ ਦੌਲਤ ਕਮਾਉਣ ਵਿੱਚ ਏਨੇ ਮਗਨ ਹੋ ਗਏ ਹਾਂ, ਜਿਹੜੀਆਂ ਨਿਆਮਤਾਂ ਨੇ ਸਾਨੂੰ ਜੀਵਨ ਦੇਣਾ ਹੈ ਅਤੇ ਸਾਡੇ ਜੀਵਨ ਨੂੰ ਚੱਲਦੇ ਰੱਖਣਾ ਹੈ, ਜੇਕਰ ਅਸੀਂ ਇਹ ਏਨੀਆਂ ਪਲੀਤ ਕਰ ਲਈਆਂ ਕਿ ਜੀਵਨ ਦੇਣ ਦੀ ਬਜਾਇ ਸਾਡਾ ਇਨ੍ਹਾਂ ਕੁਦਰਤੀ ਨਿਆਮਤਾਂ 'ਚ ਪਏ ਵਿਗਾੜਾਂ ਕਰਕੇ ਦਮ ਘੁਟਣ ਲੱਗਾ ਤਾਂ ਸਮਝੋ ਧਰਤੀ ਤੇ ਕਰੋੜਾਂ-ਅਰਬਾਂ ਸਾਲ ਪਹਿਲਾਂ ਪਣਪੀ ਜ਼ਿੰਦਗੀ ਛੇਤੀ ਹੀ ਡਾਇਨਾਸੋਰ ਵਾਂਗ ਅਲੋਪ ਹੋਣ ਦੇ ਕਿਨਾਰੇ ਪਹੁੰਚ ਜਾਵੇਗੀ।

ਹੁਣ ਸਿਰਫ ਜਾਗਰੂਕ ਹੋਣ ਤੇ ਜਾਗਰੂਕ ਕਰਨ ਦਾ ਵੇਲ਼ਾ ਹੀ ਨਹੀਂ, ਸਗੋਂ ਪੂਰੀ ਸ਼ਿੱਦਤ ਨਾਲ਼ ਵਾਤਾਵਰਣ ਦੀ ਰੱਖਿਆ ਅਤੇ ਇਸ ਵਿੱਚ ਸਾਡੀ ਮੂਰਖਤਾ ਤੇ ਲਾਲਚਪੁਣੇ ਨਾਲ਼ ਆਏ ਵਿਗਾੜਾਂ ਨੂੰ ਹਰ ਹੀਲੇ ਠੀਕ ਕਰਨਾ ਹੋਵੇਗਾ। ਇਸ ਲਈ ਜਿੰਨਾ ਛੇਤੀ ਹੋ ਸਕੇ, ਵਾਤਾਵਰਣ ਸੁਰੱਖਿਆ ਲਹਿਰ ਦੇ ਰੂਪ ਵਿੱਚ ਕੰਮ ਕਰਨਾ ਹੋਵੇਗਾ। ਪਿੰਡ ਜਾਂ ਪਿੰਡ ਦੇ ਬਾਹਰ ਸਾਂਝੀਆਂ ਥਾਵਾਂ, ਖੇਤ-ਬੰਨੇ ਅਤੇ ਸ਼ਹਿਰਾਂ ਵਿੱਚ ਸੜਕਾਂ ਦੇ ਕਿਨਾਰਿਆਂ 'ਤੇ ਜਿੱਥੋਂ ਸੜਕ ਦੇ ਨਿਰਮਾਣ ਲਈ ਦਰੱਖਤ ਵੱਢੇ ਗਏ ਹਨ, ਉਨ੍ਹਾਂ ਥਾਵਾਂ 'ਤੇ ਭਾਵ ਜਿੱਥੇ ਵੀ ਕਿਤੇ ਖ਼ਾਲੀ ਥਾਂ ਮਿਲਦੀ ਹੈ, ਵੱਧ ਤੋਂ ਵੱਧ ਦਰੱਖਤ ਲਾਈਏ। ਫਿਰ ਸ਼ਾਇਦ ਹੋ ਸਕਦਾ ਹੈ ਕਿ ਅਸੀਂ ਭਿਆਨਕ ਬਿਮਾਰੀਆਂ ਤੋਂ ਆਪ ਅਤੇ ਆਪਣੀ ਆਉਣ ਵਾਲ਼ੀ ਪੀੜ੍ਹੀ ਨੂੰ ਬਚਾ ਸਕੀਏ। ਇਸ ਵਿੱਚ ਹੀ ਜਗਤ ਦੀ ਭਲਾਈ ਹੋਵੇਗੀ।

**ਲਾਭ ਸਿੰਘ ਸ਼ੇਰਗਿੱਲ (ਸੰਗਰੂਰ)**
**# ਸੰਪਰਕ : 86995-35708**

# ਬੜਾ ਖ਼ਤਰਨਾਕ ਹੈ ਤੀਹ ਦਿਨ ਜੇਲ੍ਹ ਵਾਲਾ ਬਿੱਲ



ਵਿਸ਼ਵਾ ਮਿੱਤਰ

ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਇਕ ਬਿੱਲ ਪੇਸ਼ ਕੀਤਾ ਹੈ, ਜਿਹੜਾ ਕਾਨੂੰਨ ਬਣ ਜਾਣ 'ਤੇ ਕਿਸੇ ਵੀ ਮੰਤਰੀ, ਮੁੱਖ ਮੰਤਰੀ ਜਾਂ ਪ੍ਰਧਾਨ ਮੰਤਰੀ ਨੂੰ ਜੇਕਰ ਕਿਸੇ ਅਪਰਾਧਕ ਕੇਸ ਵਿੱਚ, ਜਿਸ ਵਿਚ ਪੰਜ ਸਾਲ ਦੀ ਸਜ਼ਾ ਹੋ ਸਕਦੀ ਹੋਵੇ, ਉਸ ਦੇ ਤੀਹ ਦਿਨਾਂ ਤੱਕ ਜੇਲ੍ਹ ਵਿਚ ਰਹਿਣ 'ਤੇ ਇਕੱਤੀਵੇਂ ਦਿਨ ਉਹ ਅਪਣੇ ਅਹੁਦੇ 'ਤੇ ਨਹੀਂ ਰਹਿ ਸਕੇਗਾ। ਵੇਖਣ ਨੂੰ ਇਹ ਕਾਨੂੰਨ ਬਹੁਤ ਵਧੀਆ ਲੱਗਦਾ ਹੈ ਅਤੇ ਕਈ ਭਾਜਪਾ ਮੈਂਬਰਾਂ ਅਤੇ ਉਹਨਾਂ ਦੇ ਸਮਰਥਕਾਂ ਨੇ ਕਿਹਾ ਹੈ ਕਿ ਭ੍ਰਿਸ਼ਟ ਲੋਕਾਂ ਨੂੰ ਰਾਜਨੀਤੀ ਵਿਚੋਂ ਕੱਢਣ ਲਈ ਇਹ ਕਾਨੂੰਨ ਜ਼ਰੂਰੀ ਹੈ ਅਤੇ ਇਹ ਕਾਨੂੰਨ ਪਹਿਲਾਂ ਹੀ ਬਣ ਜਾਣਾ ਚਾਹੀਦਾ ਸੀ।

ਅਸਲੀਅਤ ਇਹ ਹੈ ਕਿ ਸਰਕਾਰ ਦੇ ਇਸ਼ਾਰੇ 'ਤੇ ਜਦੋਂ ਜਾਂਚ ਏਜੰਸੀ ਕਿਸੇ ਵਿਰੋਧੀ ਉੱਤੇ ਕੇਸ ਕਰਦੀ ਹੈ ਤਾਂ ਉਹ ਤੀਹ ਦਿਨ ਤੱਕ ਜ਼ਮਾਨਤ ਹੀ ਨਹੀਂ ਹੋਣ ਦੇਂਦੀ। ਕਾਨੂੰਨੀ ਵਿਵਸਥਾ ਅਨੁਸਾਰ ਪਹਿਲਾਂ ਸਬੂਤ ਇਕੱਠੇ ਕਰਨੇ ਹੁੰਦੇ ਹਨ ਅਤੇ ਬਾਅਦ ਵਿਚ ਕੇਸ ਦਰਜ ਕਰਨਾ ਹੁੰਦਾ ਹੈ, ਪਰ ਜਾਂਚ ਏਜੰਸੀਆਂ ਪਹਿਲਾਂ ਇੱਕ ਬੇਕਾਰ ਜਿਹੇ ਸਬੂਤ ਜਾਂ ਝੂਠੇ ਗਵਾਹ ਨਾਲ ਕੇਸ ਦਰਜ ਕਰਕੇ ਜੇਲ੍ਹ ਵਿਚ ਭੇਜ ਰਹੀਆਂ ਹਨ ਅਤੇ ਬਾਅਦ ਵਿਚ ਹੋਰ ਸਬੂਤ ਇਕਠੇ ਕਰਨ ਦੇ ਨਾਂਅ 'ਤੇ ਅਗਲੀ ਤਰੀਕ ਲੈ ਲੈਂਦੀਆਂ ਹਨ। ਇਸ ਵਿਧੀ ਨਾਲ ਤੀਹ ਦਿਨਾਂ ਤੋਂ ਵੱਧ ਦਿਨ ਬਿਨਾਂ ਜ਼ਮਾਨਤ ਦੇ ਬੀਤ ਸਕਦੇ ਹਨ ਅਤੇ ਸਿਆਸਤਦਾਨ ਆਪਣੇ ਅਹੁਦੇ 'ਤੇ ਨਹੀਂ ਰਹਿ ਸਕੇਗਾ। ਭਾਜਪਾ ਸਰਕਾਰ ਦੀ ਆਦਤ ਹੈ ਕਿ ਜਦੋਂ ਉਹ ਕਿਸੇ ਮਸਲੇ ਵਿਚ ਘਿਰਦੀ ਨਜ਼ਰ ਆਏ ਤਾਂ ਮਸਲੇ ਤੋਂ ਧਿਆਨ ਹਟਾਉਣ ਲਈ ਉਹ ਕੋਈ ਨਵਾਂ ਮਸਲਾ ਪੈਦਾ ਕਰਕੇ ਨਵੀਂ ਬਹਿਸ ਛੇੜ ਦੇਂਦੀ ਹੈ।

ਸੱਤਿਆ ਪਾਲ ਮਲਿਕ, ਜੰਮੂ ਕਸ਼ਮੀਰ ਦੇ ਸਾਬਕਾ ਗਵਰਨਰ ਤੋਂ ਮੋਦੀ ਇਸ ਲਈ ਖ਼ਫ਼ਾ ਸੀ ਕਿ ਉਹ ਕਿਸਾਨਾਂ ਦੇ ਹੱਕ ਵਿੱਚ ਬੋਲਦੇ ਸਨ, ਇਸ ਲਈ ਉਹਨਾ ਦੇ ਅਕਾਲ ਚਲਾਣੇ 'ਤੇ ਸਰਕਾਰ ਵੱਲੋਂ ਰਾਜਸੀ ਸਨਮਾਨ ਨਹੀਂ ਦਿੱਤਾ ਗਿਆ। ਲੋਕ ਅਤੇ ਖਾਸਕਰ ਕਿਸਾਨ ਇਸ ਵਰਤਾਰੇ ਤੋਂ ਦੁਖੀ ਸਨ। ਉਪ ਰਾਸ਼ਟਰਪਤੀ ਜਗਦੀਪ ਧਨਖੜ ਕਿਉਂ ਅਸਤੀਫਾ ਦੇਣ ਲਈ ਮਜਬੂਰ ਹੋਏ, ਓਹ ਇਸ ਵਕਤ ਕਿੱਥੇ ਹਨ ਅਤੇ ਕਿਹੜੀ ਹਾਲਤ ਵਿੱਚ ਹਨ, ਇਹ ਦੱਸਣ ਲਈ ਸਰਕਾਰ ਤਿਆਰ ਨਹੀਂ। ਰਾਹੁਲ ਗਾਂਧੀ ਵੱਲੋਂ ਉਠਾਇਆ ਗਿਆ ਵੋਟ ਚੋਰੀ ਦਾ ਮਸਲਾ ਵੀ ਕਾਫੀ ਭਖਿਆ ਪਿਆ ਸੀ। ਇਸ ਲਈ ਲੋਕਾਂ ਦਾ ਧਿਆਨ ਇਹਨਾਂ ਮਸਲਿਆਂ ਤੋਂ ਹੋਰ ਪਾਸੇ ਲਿਜਾਣ ਲਈ ਤੀਹ ਦਿਨਾਂ ਦੀ ਜੇਲ੍ਹ ਵਾਲਾ ਕਾਨੂੰਨ ਲੈ ਆਂਦਾ। ਇਸ ਕਾਨੂੰਨ ਨਾਲ ਭਾਜਪਾ ਨੇ ਇੱਕ ਤੀਰ ਨਾਲ ਦੋ ਪੰਛੀ ਫੁੰਡੇ। ਪਹਿਲਾ - ਸਤਿਆਪਾਲ ਮਲਿਕ, ਜਗਦੀਪ ਧਨਖੜ ਅਤੇ ਵੋਟ ਚੋਰੀ ਦੇ ਮਸਲੇ ਤੋਂ ਧਿਆਨ ਹਟਾ ਦਿੱਤਾ, ਦੂਜਾ -ਪਾਰਲੀਮੈਂਟ ਵਿਚ ਵਿਰੋਧੀ ਧਿਰ ਦਾ ਸਫਾਇਆ ਕਰਨ ਜਾਂ ਇਸ ਨੂੰ ਨਕਾਰਾ ਬਣਾਉਣ ਦਾ ਰਾਹ ਖੋਲ੍ਹ ਦਿੱਤਾ। ਭਾਜਪਾ ਮੰਤਰੀਆਂ, ਮੁੱਖ ਮੰਤਰੀਆਂ ਜਾਂ ਪ੍ਰਧਾਨ ਮੰਤਰੀ 'ਤੇ ਕੋਈ ਕੇਸ ਬਣਨ ਬਾਰੇ ਤਾਂ ਸੋਚਿਆ ਹੀ ਨਹੀਂ ਜਾ ਸਕਦਾ, ਕੌਣ ਕਹੇ, ਰਾਣੀਏ ਅੱਗਾ ਢੱਕ। ਕਿਹੜੀ ਜਾਂਚ ਏਜੰਸੀ ਉਹਨਾਂ ਵਿਰੁੱਧ ਕੇਸ ਦਰਜ ਕਰਨ ਦੀ ਹਿੰਮਤ ਕਰੇਗੀ ਅਤੇ ਕਿਹੜੀ ਕੋਰਟ ਉਹਨਾਂ ਵਿਰੁੱਧ ਫੈਸਲਾ ਦੇਵੇਗੀ? ਜੇਕਰ ਇਹਨਾਂ ਨੂੰ ਥੋੜ੍ਹੀ ਜਿਹੀ ਵੀ ਸ਼ਰਮ ਹੁੰਦੀ ਤਾਂ ਨਾਲ ਹੀ ਇਹ ਵੀ ਕਾਨੂੰਨ ਬਣਾ ਦੇਂਦੇ ਕਿ ਜਿਹੜੇ ਵੀ ਮੰਤਰੀ ਜਾਂ ਜਿਹੜੀ ਵੀ ਜਾਂਚ ਏਜੰਸੀ ਦੇ ਅਧਿਕਾਰੀ ਵੱਲੋਂ ਕੇਸ ਕਰਨ 'ਤੇ ਕੋਈ ਸਿਆਸਤਦਾਨ ਤੀਹ ਦਿਨ ਜਾਂ ਇਸ ਤੋਂ ਵੱਧ ਜੇਲ੍ਹ ਕੱਟ ਕੇ ਨਿਰਦੋਸ਼ ਸਾਬਤ ਹੋਣ 'ਤੇ ਬਰੀ ਹੋ ਜਾਂਦਾ ਹੈ ਤਾਂ ਝੂਠਾ ਕੇਸ ਕਰਨ 'ਤੇ ਕੇਸ ਕਰਨ ਵਾਲੇ ਨੂੰ ਪੰਜ ਸਾਲ ਦੀ ਸਜ਼ਾ ਹੋਵੇ। ਇਹ ਕਾਨੂੰਨ ਇਸ ਲਈ ਹੋਣਾ ਜ਼ਰੂਰੀ ਹੈ, ਕਿਉਂਕਿ ਪਹਿਲਾਂ ਵੀ ਭਾਜਪਾ ਸਰਕਾਰ ਦੇ ਕਹਿਣ 'ਤੇ ਜਾਂਚ ਏਜੰਸੀਆਂ ਵਿਰੋਧੀ ਮੁੱਖ ਮੰਤਰੀਆਂ ਅਤੇ ਮੰਤਰੀਆਂ 'ਤੇ ਝੂਠੇ ਕੇਸ ਦਰਜ ਕਰ ਚੁੱਕੀਆਂ ਹਨ, ਜਿਨ੍ਹਾਂ ਵਿਚੋਂ ਮੁੱਖ ਮੰਤਰੀ ਅਤੇ ਮੰਤਰੀ ਨਿਰਦੋਸ਼ ਸਾਬਤ ਹੋ ਕੇ ਬਰੀ ਹੋਏ ਸਨ।

ਜੇਕਰ ਭਾਰਤ ਦੀ ਰਾਜਨੀਤੀ ਦੇ ਪਰਿਪੇਖ ਨੂੰ ਘੋਖਿਆ ਜਾਵੇ ਤਾਂ ਕੁਝ ਹੀ ਉਂਗਲਾਂ ਉੱਤੇ ਗਿਣੇ ਜਾਣ ਵਾਲੇ ਸਿਆਸਤਦਾਨ ਇਮਾਨਦਾਰ ਹਨ। ਲਗਭੱਗ 99 ਫੀਸਦੀ ਬੇਈਮਾਨ ਅਤੇ ਭ੍ਰਿਸ਼ਟ ਹਨ। ਕਿਸੇ ਵੀ ਸਿਆਸਤਦਾਨ ਦੇ ਕੋਲ ਸਿਆਸਤ ਰਾਹੀਂ ਇਕੱਠਾ ਕੀਤਾ ਧਨ ਚਾਰ, ਪੰਜ ਸੌ ਕਰੋੜ ਤੋਂ ਘੱਟ ਨਹੀਂ, ਇਸ ਤੋਂ ਵੱਧ ਕਈਆਂ ਕੋਲ ਤਾਂ ਹਜ਼ਾਰ ਕਰੋੜ ਜਾਂ ਇਸ ਤੋਂ ਵੱਧ ਹੈ। ਜੇਕਰ ਇਮਾਨਦਾਰੀ ਨਾਲ ਸਿਆਸਤਦਾਨਾਂ ਉੱਤੇ ਕੇਸ ਚਲਾਏ ਜਾਣ ਤਾਂ ਵਿਧਾਨ ਸਭਾਵਾਂ ਜਾਂ ਸੰਸਦ ਵਿਚ ਬੈਠਣ ਯੋਗ ਕੁਝ ਹੀ ਸਿਆਸਤਦਾਨ ਬਚਣਗੇ, ਬਾਕੀ ਸੀਟਾਂ ਖਾਲੀ ਰਹਿਣਗੀਆਂ, ਪਰ ਸੀ ਬੀ ਆਈ, ਈ ਡੀ, ਆਈ ਟੀ ਆਦਿ ਏਜੰਸੀਆਂ ਦੀ ਆਜ਼ਾਦੀ ਬਿਲਕੁਲ ਖਤਮ ਹੋ ਚੁੱਕੀ ਹੈ ਅਤੇ ਇਹ ਸਰਕਾਰ ਦੀ ਮਰਜ਼ੀ 'ਤੇ ਹੈ ਕਿ ਕਿਸ 'ਤੇ ਕੇਸ ਚਲਾਵੇ ਅਤੇ ਕਿਸ ਤੇ ਨਾ ਚਲਾਵੇ, ਇਸ ਲਈ ਕੇਵਲ ਵਿਰੋਧੀਆਂ 'ਤੇ ਹੀ ਕੇਸ ਚਲਾਏ ਜਾ ਰਹੇ ਹਨ ਜਾਂ ਵਿਰੋਧੀਆਂ ਨੂੰ ਕੇਸ ਚਲਾਉਣ ਦਾ ਡਰਾਵਾ ਦੇ ਕੇ ਆਪਣੇ ਨਾਲ ਮਿਲਾਇਆ ਜਾ ਰਿਹਾ ਹੈ। ਜਿਹੜਾ ਵੀ ਵਿਰੋਧੀ ਭਾਜਪਾ ਅਨੁਸਾਰ ਭ੍ਰਿਸ਼ਟ ਹੁੰਦਾ ਹੈ, ਉਹ ਜਦੋਂ ਭਾਜਪਾ ਵਿੱਚ ਰਲ ਜਾਂਦਾ ਹੈ ਤਾਂ ਉਸ ਦੇ ਗਲ ਵਿਚ ਭਗਵਾ ਸਾਫ਼ਾ ਪਾ ਕੇ ਦੁੱਧ-ਧੋਤਾ ਮੰਨ ਲਿਆ ਜਾਂਦਾ ਹੈ। ਇਸ ਕੰਮ ਲਈ ਕੇਵਲ ਜਾਂਚ ਏਜੰਸੀਆਂ ਹੀ ਭਾਜਪਾ ਸਰਕਾਰ ਦੇ ਅਧੀਨ ਨਹੀਂ ਹਨ, ਬਲਕਿ ਚੋਣ ਕਮਿਸ਼ਨ ਪੂਰੀ ਤਰਾਂ ਭਾਜਪਾ ਸਰਕਾਰ ਦੇ ਅਧੀਨ ਹੈ ਅਤੇ ਅਦਾਲਤਾਂ ਵੀ ਲਗਭੱਗ ਅਧੀਨ ਹੀ ਹਨ। ਇਹਨਾਂ ਅਨੁਸਾਰ ਅਦਾਲਤਾਂ ਦੇ ਜੱਜ, ਜਿਹੜੇ ਕਿ ਕਾਨੂੰਨ ਦੀ ਪੜ੍ਹਾਈ ਕਰਕੇ ਅਤੇ ਕਿੰਨੇ ਤਜਰਬੇ ਤੋਂ ਬਾਅਦ ਆਪਣੇ ਅਹੁਦੇ 'ਤੇ ਪਹੁੰਚੇ ਹਨ, ਉਹਨਾਂ ਨਾਲੋਂ ਲੋਕ ਸਭਾ ਦੀ ਅਹਿਮੀਅਤ ਜ਼ਿਆਦਾ ਹੈ, ਭਾਵੇਂ ਉਸ ਦੇ ਜ਼ਿਆਦਾਤਰ ਮੈਂਬਰ ਅਨਪੜ੍ਹ ਹੋਣ। ਹਾਲਾਂਕਿ ਸੰਵਿਧਾਨ ਅਨੁਸਾਰ ਲੋਕਤੰਤਰ ਦੇ ਚਾਰ ਥੰਮ੍ਹ -ਵਿਧਾਨ ਪਾਲਿਕਾ, ਕਾਰਜ ਪਾਲਿਕਾ, ਨਿਆਂ ਪਾਲਿਕਾ ਅਤੇ ਮੀਡੀਆ ਇੱਕ-ਦੂਜੇ ਤੋਂ ਅਜ਼ਾਦ ਹਨ ਅਤੇ ਇਹਨਾਂ ਨੇ ਆਪਣੇ-ਆਪਣੇ ਖੇਤਰ ਵਿਚ ਕੰਮ ਕਰਨਾ ਹੁੰਦਾ ਹੈ, ਇਸ ਤੋਂ ਇਲਾਵਾ ਲੋਕਤੰਤਰ ਦੇ ਹਰ ਅਦਾਰੇ ਦੇ ਕੰਮਾਂ ਦੀ ਪਾਰਦਰਸ਼ਿਤਾ ਕਾਇਮ ਕਰਨ ਲਈ ਇੱਕ ਸੂਚਨਾ ਦਾ ਅਧਿਕਾਰ ਵੀ ਬਣਾਇਆ ਗਿਆ ਸੀ, ਪਰ ਇਸ ਵਕਤ ਭਾਜਪਾ ਸਰਕਾਰ ਨੇ ਬਹੁਮਤ ਦੀ ਧੌਂਸ ਨਾਲ ਬਾਕੀ ਦੇ ਤਿੰਨ ਥੰਮ੍ਹ ਆਪਣੇ ਅਧੀਨ ਕਰ ਲਏ ਹਨ ਅਤੇ ਸੂਚਨਾ ਦਾ ਅਧਿਕਾਰ ਵੀ ਬੇਅਸਰ ਕਰ ਦਿੱਤਾ ਹੈ। ਚੌਥਾ ਥੰਮ੍ਹ ਮੀਡੀਆ ਤਾਂ ਇੱਕ ਸਰਕਾਰੀ ਧੂਤੂ ਬਣ ਕੇ ਰਹਿ ਗਿਆ ਹੈ। ਜੇਕਰ ਸਰਕਾਰ ਚਾਹੇ ਤਾਂ ਸਰਕਾਰੀ ਧੂਤੂ ਕਹਿੰਦਾ ਹੈ ਕਿ ਚੀਨ ਸਾਨੂੰ ਲਾਲ ਅੱਖ ਵਿਖਾ ਰਿਹਾ ਹੈ ਅਤੇ ਜੇਕਰ ਸਰਕਾਰ ਚਾਹੇ ਤਾਂ ਧੂਤੂ ਕਹਿੰਦਾ ਹੈ ਕਿ ਚੀਨ ਸਾਡੇ ਵੱਲ ਦੋਸਤੀ ਦਾ ਹੱਥ ਵਧਾ ਰਿਹਾ ਹੈ। ਤੀਹ ਦਿਨਾਂ ਦੀ ਜੇਲ੍ਹ ਵਾਲਾ ਕਾਨੂੰਨ ਭਾਜਪਾ ਨੂੰ ਇੱਕ ਹਥਿਆਰ ਦੇ ਦੇਵੇਗਾ, ਜਿਸ ਨਾਲ ਲੋਕਤੰਤਰ ਦੀ ਹੱਤਿਆ ਹੋ ਜਾਵੇਗੀ। ਕੇਵਲ ਵਿਰੋਧੀ ਧਿਰ ਹੀ ਨਕਾਰਾ ਨਹੀਂ ਹੋਵੇਗੀ, ਬਲਕਿ ਭਾਜਪਾ ਤੋਂ ਇਲਾਵਾ ਐੱਨ ਡੀ ਏ ਵਿਚ ਸ਼ਾਮਲ ਪਾਰਟੀਆਂ ਦੇ ਸਾਂਸਦ ਵੀ ਡਰ ਦੇ ਮਾਹੌਲ ਵਿਚ ਕੰਮ ਕਰਨਗੇ ਅਤੇ ਭਾਜਪਾ ਵੱਲੋਂ ਨਾਮਜ਼ਦ ਰਾਸ਼ਟਰਪਤੀ ਜਾਂ ਉਪ ਰਾਸ਼ਟਰਪਤੀ ਨੂੰ ਚੁਣਨਾ ਇਹਨਾਂ ਦੀ ਮਜਬੂਰੀ ਹੋਵੇਗੀ।

**# ਸੰਪਰਕ : 94176-32228**

# ਵਧ ਰਹੇ ਅਪਰਾਧਾਂ ਦਾ ਗ੍ਰਾਫ ਸਮੁੱਚੇ ਸਮਾਜ ਲਈ ਖਤਰੇ ਦੀ ਘੰਟੀ



ਵਰਿੰਦਰ ਸ਼ਰਮਾ

ਸਾਡੇ ਸਮਾਜ 'ਚ ਅਪਰਾਧਾਂ ਦਾ ਗ੍ਰਾਫ ਦਿਨੋ-ਦਿਨ ਵਧਦਾ ਜਾ ਰਿਹਾ ਹੈ। ਹਰ ਰੋਜ਼ ਕਿਸੇ ਨਾ ਕਿਸੇ ਥਾਂ ਕਤਲ ਤੇ ਕਿਤੇ ਬਲਾਤਕਾਰ ਹੁੰਦੇ ਹਨ ਅਤੇ ਕਿਤੇ-ਕਿਤੇ ਲੜਾਈ-ਝਗੜੇ, ਚੋਰੀਆਂ, ਲੁੱਟਾਂ-ਖੋਹਾਂ ਹੋ ਰਹੀਆਂ ਹਨ। ਅਪਰਾਧੀਆਂ ਨੂੰ ਕੋਈ ਡਰ ਨਹੀਂ ਹੈ। ਅਪਰਾਧੀ ਜਿੱਥੇ ਵੀ ਅਤੇ ਜਦੋਂ ਚਾਹੇ ਅਪਰਾਧ ਕਰਦੇ ਹਨ। ਉਨ੍ਹਾਂ ਦੇ ਹੌਸਲੇ ਬੁਲੰਦ ਹਨ। ਦਰਅਸਲ, ਹਰ ਚੀਜ਼ ਦਾ ਸਿਆਸੀਕਰਨ ਹੋ ਰਿਹਾ ਹੈ। ਅਪਰਾਧੀਆਂ ਨੂੰ ਗੰਭੀਰ ਅਪਰਾਧ ਕਰਨ ਤੋਂ ਬਾਅਦ ਵੀ ਢੁਕਵੀਂ ਸਜ਼ਾ ਨਾ ਮਿਲਣ ਕਾਰਨ ਸਾਡੇ ਸਮੁੱਚੇ ਸਮਾਜ 'ਚ ਅਪਰਾਧਾਂ ਖਾਸ ਕਰਕੇ ਜਿਨਸੀ ਅਪਰਾਧਾਂ 'ਚ ਬੇਮਿਸਾਲ ਵਾਧਾ ਹੋ ਰਿਹਾ ਹੈ। ਇਹ ਇੱਕ ਬੇਹੱਦ ਗੰਭੀਰ ਚਿੰਤਾ ਦਾ ਵਿਸ਼ਾ ਹੈ। ਅੱਜ-ਕੱਲ੍ਹ ਜਿਨਸੀ ਸ਼ੋਸ਼ਣ ਅਤੇ ਕਤਲ ਆਦਿ ਦੀਆਂ ਘਟਨਾਵਾਂ ਲਗਾਤਾਰ ਵੱਧ ਰਹੀਆਂ ਹਨ। ਨਾ ਤਾਂ ਸਮਾਜ ਅਤੇ ਨਾ ਹੀ ਸਰਕਾਰ ਇਸ ਪਾਸੇ ਧਿਆਨ ਦੇ ਰਹੀ ਹੈ ਕਿ ਅਜਿਹੇ ਅਪਰਾਧ ਕਿਉਂ ਵਧ ਰਹੇ ਹਨ? ਅੱਜ ਦਾ ਨੌਜਵਾਨ ਕੁਰਾਹੇ ਪੈਂਦਾ ਜਾ ਰਿਹਾ ਹੈ। ਗਲਤ ਰਾਹ ਪੈਣ ਨਾਲ ਉਹ ਭਟਕ ਚੁੱਕਿਆ ਹੈ ਅਤੇ ਉਹ ਕਈ ਤਰ੍ਹਾਂ ਦੇ ਗੰਭੀਰ ਅਪਰਾਧ ਕਰ ਰਿਹਾ ਹੋ। ਆਪਣੇ ਫਰਜ਼ਾਂ ਤੋਂ ਭਟਕ ਕੇ ਉਹ ਕਿਸੇ ਨਾ ਕਿਸੇ ਤਰ੍ਹਾਂ ਸਿਰਫ ਅਤੇ ਸਿਰਫ ਆਪਣੇ ਹੱਕ ਹਾਸਲ ਕਰਨਾ ਚਾਹੁੰਦਾ ਹੈ।

ਨੌਜਵਾਨਾਂ 'ਚ ਲਗਾਤਾਰ ਨੈਤਿਕਤਾ ਦੀ ਘਾਟ ਕਾਰਨ ਅਤੇ ਉਨ੍ਹਾਂ ਦੇ ਰੋਜ਼ਾਨਾ ਜੀਵਨ 'ਚ ਵੱਧ ਰਹੀ ਨਸ਼ਾਖੋਰੀ ਅਪਰਾਧ ਦੇ ਗ੍ਰਾਫ ਦੇ ਵਧਣ ਦਾ ਮੁੱਖ ਕਾਰਨ ਹਨ। ਨੌਜਵਾਨ ਆਪਣੇ ਮਾਪਿਆਂ, ਸਰਪ੍ਰਸਤਾਂ, ਬਜ਼ੁਰਗਾਂ ਅਤੇ ਅਧਿਆਪਕਾਂ ਪ੍ਰਤੀ ਅਸੰਵੇਦਨਸ਼ੀਲ ਹੁੰਦਾ ਜਾ ਰਿਹਾ ਹੈ। ਉਹ ਹਰ ਸਮੇਂ ਮੋਬਾਇਲ 'ਤੇ ਰੁਝਿਆ ਰਹਿੰਦਾ ਹੈ। ਅਸ਼ਲੀਲਤਾ ਉਸ 'ਤੇ ਭਾਰੀ ਹੈ। ਕਦਰਾਂ-ਕੀਮਤਾਂ ਅਤੇ ਨੈਤਿਕ ਸਿੱਖਿਆ ਦੀ ਘਾਟ ਕਾਰਨ ਨੌਜਵਾਨ ਅਪਰਾਧਿਕ ਗਤੀਵਿਧੀਆਂ 'ਚ ਸ਼ਾਮਲ ਹੋ ਰਹੇ ਹਨ।

ਅਜਿਹੀਆਂ ਘਿਨਾਉਣੀਆਂ ਘਟਨਾਵਾਂ ਸਾਡੇ ਸਮਾਜ 'ਤੇ ਕਲੰਕ ਹਨ। ਹਰ ਰੋਜ਼ ਅਜਿਹੀਆਂ ਘਿਨਾਉਣੀਆਂ ਘਟਨਾਵਾਂ ਦੀਆਂ ਖਬਰਾਂ ਪੜ੍ਹ ਕੇ ਦਿਲ ਕੰਬ ਜਾਂਦਾ ਹੈ। ਅਜਿਹਾ ਕਿਉਂ ਹੋ ਰਿਹਾ ਹੈ? ਆਓ ਇਸ ਬਾਰੇ ਚਰਚਾ ਕਰੀਏ। ਸਮਾਜਿਕ ਕਦਰਾਂ-ਕੀਮਤਾਂ ਦਾ ਨਿਘਾਰ, ਆਬਾਦੀ ਵਿੱਚ ਲਗਾਤਾਰ ਵਾਧਾ, ਵਧ ਰਹੀ ਬੇਰੁਜ਼ਗਾਰੀ ਅਤੇ ਵਧ ਰਹੀ ਨਸ਼ਾਖੋਰੀ। ਬਿਨਾਂ ਸ਼ੱਕ ਕਾਨੂੰਨ ਦੇ ਹੱਥ ਲੰਮੇ ਹੁੰਦੇ ਹਨ, ਪਰ ਕਾਨੂੰਨ ਸਮੇਂ ਸਿਰ ਆਪਣਾ ਕੰਮ ਨਹੀਂ ਕਰਦਾ। ਲਚਕਦਾਰ ਕਾਨੂੰਨਾਂ ਕਾਰਨ ਸਾਡੇ ਸਮਾਜ 'ਚ ਅਪਰਾਧਾਂ ਦਾ ਗ੍ਰਾਫ ਲਗਾਤਾਰ ਵਧ ਰਿਹਾ ਹੈ। ਮਹਾਂਨਗਰਾਂ, ਸ਼ਹਿਰਾਂ, ਕਸਬਿਆਂ ਅਤੇ ਪਿੰਡਾਂ 'ਚ ਅਪਰਾਧ ਵਧ ਰਹੇ ਹਨ। ਸਭ ਤੋਂ ਵੱਡੀ ਚਿੰਤਾ ਦਾ ਵਿਸ਼ਾ ਬਲਾਤਕਾਰ ਦੇ ਮਾਮਲੇ ਹਨ। ਔਰਤਾਂ ਤੋਂ ਲੈ ਕੇ ਛੋਟੀਆਂ ਕੋਮਲ ਲੜਕੀਆਂ ਮਰਦ ਰਾਕਸ਼ਸ ਦਾ ਸ਼ਿਕਾਰ ਹੋ ਰਹੀਆਂ ਹਨ। ਅੰਕੜੇ ਦੱਸਦੇ ਹਨ ਕਿ ਬਲਾਤਕਾਰੀ ਉਨ੍ਹਾਂ ਦੇ ਨਜ਼ਦੀਕੀ ਰਿਸ਼ਤੇਦਾਰ, ਗੁਆਂਢੀ ਜਾਂ ਇੱਥੋਂ ਤੱਕ ਕਿ ਉਨ੍ਹਾਂ ਦੇ ਆਪਣੇ ਰਿਸ਼ਤੇਦਾਰ ਹੀ ਹੁੰਦੇ ਹਨ। ਅੱਜ ਨੌਜਵਾਨਾਂ 'ਚ ਹੰਕਾਰ, ਬੇਈਮਾਨੀ, ਅਸਹਿਣਸ਼ੀਲਤਾ ਅਤੇ ਅਨੁਸ਼ਾਸਨਹੀਣਤਾ ਆਮ ਹੋ ਗਈ ਹੈ। ਸਮਾਜ 'ਚ ਵੱਧ ਰਹੇ ਅਪਰਾਧਾਂ ਦੀ ਗਿਣਤੀ ਭਵਿੱਖ ਲਈ ਖਤਰੇ ਦੀ ਘੰਟੀ ਹੈ। ਹੁਣ ਨਾ ਸਿਰਫ ਵੱਡਿਆਂ ਨੂੰ, ਸਗੋਂ ਛੋਟੇ ਬੱਚਿਆਂ ਨੂੰ ਬੀੜੀ ਪੀਂਦੇ, ਗੁਟਕਾ ਖਾਂਦੇ ਅਤੇ ਕਈ ਤਰ੍ਹਾਂ ਦੇ ਨਸ਼ੇ ਕਰਦੇ ਦੇਖਣਾ ਆਮ ਗੱਲ ਹੋ ਗਈ ਹੈ। ਅਸ਼ਲੀਲਤਾ ਉਨ੍ਹਾਂ ਦੇ ਮਨਾਂ 'ਚ ਘਰ ਕਰ ਗਈ ਹੈ। ਇਹ ਕਿਹੋ ਜਿਹੀ ਮਜਬੂਰੀ ਹੈ? ਸਮਾਜ ਦੇ ਜ਼ਿੰਮੇਵਾਰ ਲੋਕ ਵੀ ਕਾਇਰਤਾ ਨਾਲ ਆਪਣੇ ਫਰਜ਼ਾਂ ਤੋਂ ਭੱਜ ਰਹੇ ਹਨ। ਸਰਕਾਰਾਂ ਕੁਝ ਕਰਨ ਤੋਂ ਅਸਮਰੱਥ ਹਨ। ਸਿਆਸੀ ਆਗੂ ਬਲਦੀ ਅੱਗ 'ਚ ਤੇਲ ਪਾ ਰਹੇ ਹਨ। ਇਸ ਕਾਰਨ ਸਮਾਜ 'ਚ ਦਿਨ-ਬ-ਦਿਨ ਅਪਰਾਧਾਂ 'ਚ ਬਹੁਤ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਨਿਆਂ ਪ੍ਰਣਾਲੀ ਦੀਆਂ ਖਾਮੀਆਂ ਕਾਰਨ ਅਕਸਰ ਹੀ ਦੋਸ਼ੀ ਅਪਰਾਧ ਕਰਨ ਤੋਂ ਬਾਅਦ ਆਸਾਨੀ ਨਾਲ ਛੁੱਟ ਜਾਂਦੇ ਹਨ। ਅਪਰਾਧੀਆਂ ਨੂੰ ਜਲਦੀ ਤੋਂ ਜਲਦੀ ਮਿਸਾਲੀ ਸਜ਼ਾਵਾਂ ਮਿਲਣੀਆਂ ਬਹੁਤ ਜ਼ਰੂਰੀ ਹਨ। ਨੈਤਿਕ ਕਦਰਾਂ-ਕੀਮਤਾਂ 'ਤੇ ਜ਼ੋਰ ਦਿੱਤਾ ਜਾਣਾ ਚਾਹੀਦਾ ਹੈ। ਸਾਨੂੰ ਸਾਰਿਆਂ ਨੂੰ ਆਪਣੀ ਸੋਚ ਨੂੰ ਸਕਾਰਾਤਮਕ ਰੱਖਣਾ ਚਾਹੀਦਾ ਹੈ। ਹਾਂ, ਜਿੰਨੀ ਜਲਦੀ ਹੋ ਸਕੇ ਹਰ ਕਿਸਮ ਦੇ ਨਸ਼ਿਆਂ 'ਤੇ ਪਾਬੰਦੀ ਲਗਾਉਣੀ ਚਾਹੀਦੀ ਹੈ। ਮੀਡੀਆ ਨੂੰ ਹਰੇਕ ਘਟਨਾ ਨੂੰ ਸਨਸਨੀਖੇਜ ਨਹੀਂ ਬਣਾਉਣਾ ਚਾਹੀਦਾ। ਜ਼ਿਕਰਯੋਗ ਹੈ ਘਟਨਾਵਾਂ ਦਾ ਸਿਆਸੀਕਰਨ ਨਾ ਕੀਤਾ ਜਾਵੇ। ਇਸ ਸਮੱਸਿਆ ਦਾ ਹੱਲ ਅਪਰਾਧੀਆਂ ਨੂੰ ਸਖਤ ਤੋਂ ਸਖਤ ਸਜ਼ਾ, ਜਲਦੀ ਨਿਆਂ, ਸਮਾਜ ਦੀ ਜਾਗਰੂਕਤਾ ਅਤੇ ਨੈਤਿਕ ਕਦਰਾਂ-ਕੀਮਤਾਂ ਨਾਲ ਹੀ ਕੀਤਾ ਜਾ ਸਕਦਾ ਹੈ। ਅਪਰਾਧੀਆਂ ਅਤੇ ਪੁਲਸ ਵਿਚਕਾਰ ਗਠਜੋੜ ਨੂੰ ਤੋੜਨਾ ਜਰੂਰੀ ਹੈ। ਅਪਰਾਧ ਜੋ ਵੀ ਹੋਵੇ, ਸਭ ਤੋਂ ਪਹਿਲਾਂ ਪੀੜਤ ਵੱਲੋਂ ਐੱਫ ਆਈ ਆਰ ਦਰਜ ਨਹੀਂ ਕੀਤੀ ਜਾਂਦੀ। ਭਾਵੇਂ ਅਜਿਹਾ ਹੁੰਦਾ ਹੈ, ਇਹ ਬਹੁਤ ਦੇਰ ਨਾਲ ਵਾਪਰਦਾ ਹੈ ਅਤੇ ਫਿਰ ਇਸ ਦਾ ਕੋਈ ਅਰਥ ਨਹੀਂ ਰਹਿੰਦਾ। ਅਜਿਹੀ ਸਥਿਤੀ 'ਚ ਹਾਰਨ ਦੀ ਬਜਾਏ, ਅਪਰਾਧੀਆਂ ਦਾ ਮਨੋਬਲ ਵਧਦਾ ਹੈ ਅਤੇ ਉਹ ਹੋਰ ਘਿਨਾਉਣੇ ਅਪਰਾਧ ਕਰਦੇ ਹਨ। ਅਪਰਾਧੀਆਂ, ਖਾਸ ਤੌਰ 'ਤੇ ਜਿਨਸੀ ਸ਼ੋਸ਼ਣ ਦੇ ਮਾਮਲਿਆਂ 'ਚ ਜਲਦੀ ਤੋਂ ਜਲਦੀ ਚਾਰਜਸ਼ੀਟ ਪੇਸ਼ ਕੀਤੀ ਜਾਣੀ ਚਾਹੀਦੀ ਹੈ। ਅਜਿਹੇ ਕੇਸਾਂ ਦੀ ਸੁਣਵਾਈ ਫਾਸਟ ਟਰੈਕ ਅਦਾਲਤਾਂ 'ਚ ਹੋਣੀ ਚਾਹੀਦੀ ਹੈ। ਇਸ ਦੇ ਨਾਲ ਹੀ ਦੋਸ਼ੀਆਂ ਨੂੰ ਜਲਦ ਤੋਂ ਜਲਦ ਸਖਤ ਸਜ਼ਾਵਾਂ ਦਿੱਤੀਆਂ ਜਾਣ। ਉਨ੍ਹਾਂ ਨੂੰ ਇਹ ਸੁਨੇਹਾ ਦੇਣਾ ਚਾਹੀਦਾ ਹੈ ਕਿ ਜੇਕਰ ਉਹ ਕਿਸੇ ਵੀ ਤਰ੍ਹਾਂ ਦਾ ਜੁਰਮ ਕਰਦੇ ਹਨ ਤਾਂ ਉਨ੍ਹਾਂ ਨੂੰ ਆਸਾਨੀ ਨਾਲ ਕਾਨੂੰਨ ਦੇ ਸ਼ਿਕੰਜੇ ਤੋਂ ਛੁਟਕਾਰਾ ਨਹੀਂ ਮਿਲੇਗਾ, ਸਗੋਂ ਇਸ ਸਮੱਸਿਆ ਨੂੰ ਨਜਿੱਠਣ ਲਈ ਸਮੂਹਿਕ ਯਤਨ ਕੀਤੇ ਜਾਣੇ ਚਾਹੀਦੇ ਹਨ।

ਨੌਜਵਾਨਾਂ ਨੂੰ ਗਲਤ ਰਸਤੇ 'ਤੇ ਜਾਣ ਤੋਂ ਰੋਕਿਆ ਜਾਵੇ। ਉਨ੍ਹਾਂ ਦੀ ਮਾਨਸਿਕਤਾ ਵਿੱਚ ਬਦਲਾਅ ਲਿਆਉਣਾ ਹੋਵੇਗਾ। ਇਸ ਦੇ ਲਈ ਯੋਗ ਸਿੱਖਿਆ, ਮਨੋਵਿਗਿਆਨਕਾਂ ਨਾਲ ਸਲਾਹ-ਮਸ਼ਵਰਾ ਅਤੇ ਨੈਤਿਕ ਕਦਰਾਂ-ਕੀਮਤਾਂ ਦੀ ਉਚਿਤ ਸਿੱਖਿਆ ਦੇਣ ਦਾ ਪ੍ਰਬੰਧ ਹੋਣਾ ਚਾਹੀਦਾ ਹੈ। ਕੁਝ ਲੈਣ ਲਈ ਕੁਝ ਦੇਣਾ ਪੈਂਦਾ ਹੈ। ਇੱਥੇ ਕੁਝ ਵੀ ਅਸੰਭਵ ਨਹੀਂ ਹੈ। ਇਸ ਲਈ ਮਜ਼ਬੂਤ ਇੱਛਾ-ਸ਼ਕਤੀ ਨਾਲ ਸਿਹਤਮੰਦ ਸਮਾਜ ਰਾਹੀਂ ਹੀ ਸਿਹਤਮੰਦ ਰਾਸ਼ਟਰ ਦੀ ਸਿਰਜਣਾ ਕੀਤੀ ਜਾ ਸਕਦੀ ਹੈ। ਇਸ ਨਾਲ ਹੀ ਸਾਡੀ ਸਮੁੱਚੀ ਕੌਮ ਦਾ ਭਲਾ ਹੋਵੇਗਾ।

**# ਸੰਪਰਕ : 94172-80333**

# ਅਕਾਲੀ ਸਿਆਸਤ ਰਿੜਕੀ ਜਾ ਰਹੀ



ਬਲਵਿੰਦਰ ਸਿੰਘ ਭੁੱਲਰ

ਸਿਆਸਤ ਹਮੇਸ਼ਾ ਹੀ ਚਲਦੀ ਰਹਿੰਦੀ ਹੈ, ਇਹ ਕਦੇ ਠੰਢੀ ਨਹੀਂ ਹੁੰਦੀ, ਪਰੰਤੂ ਜਦ ਚੋਣਾਂ ਨੇੜੇ ਆ ਜਾਣ ਤਾਂ ਇਹ ਵਧੇਰੇ ਗਰਮ ਹੋ ਜਾਂਦੀ ਹੈ। ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਅਜੇ ਬਹੁਤੀਆਂ ਨੇੜੇ ਤਾਂ ਨਹੀਂ ਹਨ, ਪਰ ਇਸ ਸੂਬੇ ਦੀ ਸਿਆਸਤ ਨਿੱਤ ਦਿਨ ਗਰਮਾਈ ਫੜ ਰਹੀ ਹੈ। ਸਾਰੀਆਂ ਹੀ ਪਾਰਟੀਆਂ ਨੇ ਆਪਣੇ-ਆਪਣੇ ਪ੍ਰੋਗਰਾਮ ਉਲੀਕ ਲਏ ਹਨ। ਜੇ ਭਾਜਪਾ ਕੇਂਦਰ ਸਰਕਾਰ ਦੀਆਂ ਪ੍ਰਾਪਤੀਆਂ ਦੇ ਨਾਲ-ਨਾਲ ਹਿੰਦੂ ਪੱਤਾ ਖੇਡਣ ਦੇ ਰਾਹ ਤੁਰ ਪਈ ਹੈ ਤਾਂ ਕਾਂਗਰਸ ਮਰਹੂਮ ਪ੍ਰਧਾਨ ਮੰਤਰੀ ਸ੍ਰ: ਮਨਮੋਹਨ ਸਿੰਘ ਦੀਆਂ ਨੀਤੀਆਂ ਅਤੇ ਧਰਮ ਨਿਰਪੱਖਤਾ ਤੇ ਸੱਤਾ ਹਥਿਆਉਣ ਲਈ ਵੋਟ ਚੋਰੀ ਆਦਿ ਮੁੱਦੇ ਉਭਾਰ ਰਹੀ ਹੈ। ਆਮ ਆਦਮੀ ਪਾਰਟੀ ਮੌਜੂਦਾ ਸਰਕਾਰ ਦੀ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਅਤੇ ਰੁਜ਼ਗਾਰ ਦੇਣ ਦੇ ਆਧਾਰ 'ਤੇ ਲੋਕਾਂ ਵਿੱਚ ਜਾਣ ਦੀ ਤਿਆਰੀ ਕਰ ਚੁੱਕੀ ਹੈ, ਪਰੰਤੂ ਲੋਕਾਂ ਦੀ ਸਭ ਤੋਂ ਵੱਧ ਨਿਗਾਹ ਰਾਜ ਦੀ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ 'ਤੇ ਲੱਗੀ ਹੋਈ ਹੈ।

ਪੰਜਾਬ ਦੇ ਲੋਕ ਖੇਤਰੀ ਪਾਰਟੀ ਦੀ ਮਜ਼ਬੂਤੀ ਚਾਹੁੰਦੇ ਵੀ ਹਨ ਅਤੇ ਅਕਾਲੀ ਦਲ ਨੇ ਪੰਜਾਬ ਵਿੱਚ ਸਰਕਾਰਾਂ ਵੀ ਚਲਾਈਆਂ ਹਨ। ਪੰਜਾਬ ਵਾਸੀ ਕਾਫ਼ੀ ਹੱਦ ਤੱਕ ਇਸ ਨੂੰ ਪੰਥਕ ਪਾਰਟੀ ਵੀ ਕਹਿੰਦੇ ਹਨ ਅਤੇ ਇਸ ਦਾ ਸਿੱਖਾਂ ਵਿੱਚ ਆਧਾਰ ਕੁਝ ਜ਼ਿਆਦਾ ਹੈ। ਪੰਜਾਬ ਵਿੱਚ ਸਿੱਖਾਂ ਦੀ ਬਹੁਗਿਣਤੀ ਹੋਣ ਸਦਕਾ ਇਸ ਨੂੰ ਲਾਭ ਵੀ ਮਿਲਦਾ ਰਿਹਾ ਹੈ। ਪਿਛਲੀ ਸ਼੍ਰੋਮਣੀ ਅਕਾਲੀ ਦਲ ਦੀ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਸਰਕਾਰ ਦੌਰਾਨ ਹੋਈਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀ ਦੀਆਂ ਘਟਨਾਵਾਂ ਨੇ ਅਕਾਲੀ ਦਲ ਨੂੰ ਬਹੁਤ ਕਮਜ਼ੋਰ ਕਰ ਦਿੱਤਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ, ਜਿਸ ਤੋਂ ਸਿੱਖ ਪੰਥ ਹਮੇਸ਼ਾ ਧਾਰਮਿਕ ਅਤੇ ਰਾਜਨੀਤਕ ਸੇਧ ਲੈਂਦਾ ਰਿਹਾ ਹੈ, ਦੇ ਸਨਮੁੱਖ ਖੜ ਕੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅਜਿਹੀਆਂ ਮੰਦਭਾਗੀਆਂ ਘਟਨਾਵਾਂ ਦੀ ਜ਼ਿੰਮੇਵਾਰੀ ਵੀ ਕਬੂਲ ਲਈ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫਸੀਲ ਤੋਂ ਪੰਜ ਸਿੰਘ ਸਾਹਿਬਾਨਾਂ ਨੇ ਸੁਖਬੀਰ ਬਾਦਲ ਅਤੇ ਉਸ ਦੇ ਸਹਿਯੋਗੀਆਂ ਨੂੰ ਧਾਰਮਿਕ ਸਜ਼ਾ ਵੀ ਸੁਣਾਈ ਅਤੇ ਉਹਨਾਂ ਭੁਗਤ ਵੀ ਲਈ।

ਸੁਖਬੀਰ ਬਾਦਲ ਅਤੇ ਹੋਰ ਅਕਾਲੀ ਆਗੂਆਂ ਨੂੰ ਧਾਰਮਿਕ ਸਜ਼ਾ ਸੁਣਾਉਣ ਮਗਰੋਂ ਸਿੰਘ ਸਾਹਿਬਾਨਾਂ ਦਾ ਇਹ ਕਹਿਣਾ ਕਿ ਇਹ ਲੀਡਰਸਿਪ ਹੁਣ ਅਗਵਾਈ ਕਰਨ ਦੇ ਯੋਗ ਨਹੀਂ ਰਹੀ, ਇਸ ਲਈ ਅਕਾਲੀ ਦਲ ਦੀ ਪੁਨਰ-ਸੁਰਜੀਤੀ ਕਰਨੀ ਚਾਹੀਦੀ ਹੈ, ਉਨ੍ਹਾਂ ਨੂੰ ਜਿਆਦਾ ਦੁਖਦਾਈ ਲੱਗਿਆ। ਸੁਖਬੀਰ ਸਮਝਣ ਲੱਗੇ ਕਿ ਪੁਨਰ-ਸੁਰਜੀਤੀ ਕਰਨ ਨਾਲ ਉਹਨਾ ਦਾ ਸੱਤਾ ਹਥਿਆਉਣ ਦਾ ਰਾਹ ਬੰਦ ਹੋ ਜਾਵੇਗਾ। ਇਸ ਲਈ ਉਸ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਇਸ ਹੁਕਮ ਨੂੰ ਮੰਨਣ ਤੋਂ ਟਾਲਾ ਵੱਟ ਲਿਆ, ਪਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਅਨੁਸਾਰ ਪੰਜ ਮੈਂਬਰੀ ਨੇ ਭਰਤੀ ਕੀਤੀ, ਸੰਵਿਧਾਨ ਅਨੁਸਾਰ ਡੈਲੀਗੇਟ ਬਣਾਏ ਅਤੇ ਸਹੀ ਢੰਗ ਨਾਲ ਚੋਣ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਕਾਰਜਕਾਰੀ ਜਥੇਦਾਰ ਹਰਪ੍ਰੀਤ ਸਿੰਘ ਨੂੰ ਅਕਾਲੀ ਦਲ ਦਾ ਪ੍ਰਧਾਨ ਚੁਣ ਲਿਆ।

ਇਸ ਚੋਣ ਵਿੱਚ ਸ਼ੱਕ ਦੀ ਕੋਈ ਗੁੰਜਾਇਸ ਹੀ ਨਹੀਂ ਕਿ ਚੋਣ ਸਹੀ ਨਹੀਂ ਕੀਤੀ ਗਈ। ਇਹ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਅਨੁਸਾਰ ਹੀ ਕੀਤੀ ਗਈ ਹੈ। ਇਹੀ ਕਾਰਨ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵਿੱਚ ਸ਼ਰਧਾ ਰੱਖਣ ਵਾਲੇ ਸਿੱਖ ਇਸ ਨਾਲ ਆਪਣੇ ਆਪ ਜੁੜ ਗਏ। ਇਸ ਚੋਣ ਨਾਲ ਅਕਾਲੀ ਦਲ ਦੋ ਬਣ ਗਏ। ਲੋਕਾਂ ਵਿੱਚ ਅਜਿਹਾ ਹੋਣ ਨਾਲ ਦੁਬਿਧਾ ਜਰੂਰ ਖੜੀ ਹੋ ਗਈ। ਸਿੱਖਾਂ ਵਿੱਚ ਵੱਡੇ ਪੱਧਰ 'ਤੇ ਚਰਚਾ ਹੋ ਰਹੀ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਅਨੁਸਾਰ ਬਣਾਏ ਅਕਾਲੀ ਦਲ ਨਾਲ ਤੁਰਿਆ ਜਾਵੇ ਜਾਂ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਨੂੰ ਦਰਕਿਨਾਰ ਕਰਨ ਵਾਲੇ ਅਕਾਲੀ ਦਲ ਨਾਲ। ਅਜਿਹਾ ਉਹ ਲੋਕ ਸੋਚ ਰਹੇ ਹਨ, ਜਿਹਨਾਂ ਉੱਪਰ ਧਰਮ ਦਾ ਪ੍ਰਭਾਵ ਕੁਝ ਜ਼ਿਆਦਾ ਹੈ।

ਨਵੇਂ ਅਕਾਲੀ ਦਲ ਨੇ ਸਪੱਸ਼ਟ ਕੀਤਾ ਹੈ ਕਿ ਉਹਨਾਂ ਨਵਾਂ ਕੋਈ ਦਲ ਨਹੀਂ ਬਣਾਇਆ, ਉਹਨਾਂ ਦੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਹੀ ਹੈ। ਪਹਿਲਾਂ ਬਣਿਆ ਸੰਵਿਧਾਨ, ਚੋਣ ਨਿਸ਼ਾਨ, ਦਫ਼ਤਰ ਆਦਿ ਸਭ ਉੱਪਰ ਉਹਨਾਂ ਦਾ ਹੱਕ ਹੈ ਅਤੇ ਉਹ ਇਹਨਾਂ ਨੂੰ ਹਾਸਲ ਕਰਨ ਲਈ ਹਰ ਸੰਭਵ ਯਤਨ ਕਰਨਗੇ। ਦੂਜੇ ਪਾਸੇ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲੇ ਅਕਾਲੀ ਦਲ ਦਾ ਕਹਿਣਾ ਹੈ ਸੰਵਿਧਾਨ, ਨਿਸ਼ਾਨ ਤੇ ਦਫ਼ਤਰ ਸਾਡੇ ਕੋਲ ਹੋਣ ਕਰਕੇ ਹੀ ਅਸਲੀ ਅਕਾਲੀ ਦਲ ਸਾਡਾ ਹੈ ਅਤੇ ਇਹ ਕਿਸੇ ਕੀਮਤ 'ਤੇ ਛੱਡੇ ਨਹੀਂ ਜਾਣਗੇ। ਦੋਵਾਂ ਅਕਾਲੀ ਦਲਾਂ ਦਾ ਭਾਵੇਂ ਚੋਣ ਨਿਸ਼ਾਨ ਤੱਕੜੀ ਹਾਸਲ ਕਰਨ 'ਤੇ ਜ਼ੋਰ ਲੱਗਾ ਹੋਇਆ ਹੈ, ਪਰ ਆਮ ਲੋਕਾਂ ਜਾਂ ਵੋਟਰਾਂ ਉੱਪਰ ਅਜਿਹਾ ਕੋਈ ਪ੍ਰਭਾਵ ਵਿਖਾਈ ਨਹੀਂ ਦੇ ਰਿਹਾ। ਕੁਝ ਸਾਲ ਪਹਿਲਾਂ ਤੱਕ ਲੋਕਾਂ ਦੇ ਮਨਾਂ 'ਚ ਚੋਣ ਨਿਸ਼ਾਨ ਦਾ ਬਹੁਤ ਅਸਰ ਹੁੰਦਾ ਸੀ, ਆਮ ਲੋਕ ਕਿਹਾ ਕਰਦੇ ਸਨ ਕਿ ਅਸੀਂ ਤਾਂ ਪੰਥ ਨੂੰ ਵੋਟ ਪਾਉਣੀ ਐ ਅਤੇ ਪੰਥ ਦਾ ਨਿਸ਼ਾਨ ਤੱਕੜੀ ਹੈ।

ਇਸ ਮਾਮਲੇ ਸੰਬੰਧੀ ਪਿਛਲੀਆਂ 2024 ਦੀਆਂ ਲੋਕ ਸਭਾ ਚੋਣਾਂ ਵੱਲ ਝਾਤ ਮਾਰੀਏ ਤਾਂ ਇਸ ਬਾਰੇ ਲੋਕਾਂ ਦੀ ਸੋਚ ਸਪੱਸ਼ਟ ਹੋ ਜਾਂਦੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਨਿਸ਼ਾਨ ਤੱਕੜੀ 'ਤੇ ਚੋਣ ਲੜ ਕੇ ਕੇਵਲ ਬੀਬੀ ਹਰਸਿਮਰਤ ਕੌਰ ਬਾਦਲ ਹੀ ਸੰਸਦ ਮੈਂਬਰ ਬਣ ਸਕੀ। ਉਸ ਸਮੇਂ ਬਣਾਈ ਨਵੀ ਪਾਰਟੀ 'ਵਾਰਿਸ ਪੰਜਾਬ ਦੇ', ਜਿਸ ਦਾ ਆਧਾਰ ਵੀ ਅਕਾਲੀ ਦਲ ਵਾਂਗ ਪੰਥਕ ਹੀ ਸੀ, ਉਸ ਦੇ ਦੋ ਸੰਸਦ ਮੈਂਬਰ ਹੋਰ ਨਿਸ਼ਾਨਾਂ 'ਤੇ ਚੋਣ ਜਿੱਤ ਗਏ। ਅੰਮ੍ਰਿਤਪਾਲ ਸਿੰਘ ਕੋਲ ਨਾ ਅਕਾਲੀ ਦਲ ਵਾਲਾ ਦਫ਼ਤਰ ਸੀ ਨਾ ਨਿਸ਼ਾਨ, ਪਰ ਉਹ ਖਡੂਰ ਸਾਹਿਬ ਹਲਕੇ ਤੋਂ ਚਾਰ ਲੱਖ ਤੋਂ ਵਧੇਰੇ ਵੋਟ ਹਾਸਲ ਕਰਕੇ ਸੰਸਦ ਮੈਂਬਰ ਬਣਿਆ, ਜਦ ਕਿ ਤੱਕੜੀ ਵਾਲਾ ਅਕਾਲੀ ਦਲ ਦਾ ਸੀਨੀਅਰ ਲੀਡਰ ਵਿਰਸਾ ਸਿੰਘ ਵਲਟੋਹਾ ਬੁਰੀ ਤਰ੍ਹਾਂ ਲੋਕਾਂ ਨੇ ਨਕਾਰ ਦਿੱਤਾ। ਇਸੇ ਤਰ੍ਹਾਂ ਹਲਕਾ ਫਰੀਦਕੋਟ ਤੋਂ ਸਰਬਜੀਤ ਸਿੰਘ ਕਰੀਬ ਤਿੰਨ ਲੱਖ ਵੋਟਾਂ ਪ੍ਰਾਪਤ ਕਰਕੇ ਐੱਮ ਪੀ ਬਣਿਆ, ਜਦ ਕਿ ਤੱਕੜੀ ਨਿਸਾਨ ਵਾਲਾ ਰਾਜਵਿੰਦਰ ਸਿੰਘ ਧਰਮਕੋਟ ਹਾਰ ਗਿਆ। ਇਸ ਤੋਂ ਵੀ ਪਹਿਲਾਂ ਜੇ ਵੇਖਿਆ ਜਾਵੇ ਤਾਂ ਸਿਮਰਨਜੀਤ ਸਿੰਘ ਮਾਨ ਹੋਰ ਨਿਸ਼ਾਨਾਂ 'ਤੇ ਜਿੱਤਦੇ ਰਹੇ ਹਨ।

ਅਕਾਲੀ ਸਿਆਸਤ ਵਿੱਚ ਹੁਣ ਭਾਜਪਾ ਨਾਲ ਸੰਬੰਧਾਂ ਬਾਰੇ ਵੀ ਬੜਾ ਰੌਲਾ ਪੈ ਰਿਹਾ ਹੈ। ਪਹਿਲਾਂ ਜਿਹੜਾ ਅਕਾਲੀ ਆਗੂ ਵਿਰੋਧ ਕਰਦਾ ਹੁੰਦਾ ਸੀ, ਉਸ ਨੂੰ ਕਾਂਗਰਸ ਨਾਲ ਰਲਿਆ ਕਹਿ ਦਿੰਦੇ ਸਨ। ਹੁਣ ਭਾਜਪਾ ਕੇਂਦਰ 'ਚ ਸੱਤਾ 'ਤੇ ਹੈ ਤਾਂ ਉਸ ਨਾਲ ਰਲਿਆ ਕਹਿ ਦਿੰਦੇ ਹਨ। ਇਹਨਾਂ ਆਗੂਆਂ ਦੀ ਫਿਤਰਤ ਹੀ ਅਜਿਹੀ ਹੈ। ਸੁਖਬੀਰ ਸਿੰਘ ਬਾਦਲ ਦੇ ਅਕਾਲੀ ਦਲ ਵੱਲੋਂ ਗਿਆਨੀ ਹਰਪ੍ਰੀਤ ਸਿੰਘ ਅਤੇ ਉਸ ਦੇ ਅਕਾਲੀ ਦਲ ਨੂੰ ਭਾਜਪਾ ਦੇ ਇਸ਼ਾਰੇ 'ਤੇ ਕੰਮ ਕਰਨ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ, ਪਰ ਭਾਜਪਾ ਨਾਲ ਲੰਬਾ ਸਮਾਂ ਤਾਂ ਅਕਾਲੀ ਦਲ ਬਾਦਲ ਦਾ ਗੱਠਜੋੜ ਹੀ ਰਿਹਾ ਹੈ, ਬਾਦਲ ਪਰਵਾਰ ਨੇ ਭਾਜਪਾ ਤੋਂ ਵਜ਼ੀਰੀਆਂ ਹਾਸਲ ਕੀਤੀਆਂ ਤੇ ਮਾਣੀਆਂ ਵੀ ਹਨ। ਹੁਣ ਜਦੋਂ ਭਾਜਪਾ ਨੇ ਧੱਕ ਕੇ ਪਾਸੇ ਕਰ ਦਿੱਤਾ ਤਾਂ ਭਾਜਪਾ ਬੁਰੀ ਹੋ ਗਈ ਹੈ ਅਤੇ ਆਪਣੇ ਵਿਰੋਧੀਆਂ ਨੂੰ ਉਸ ਨਾਲ ਰਲੇ ਹੋਣ ਦੇ ਦੋਸ਼ ਲਾਉਣ ਲੱਗ ਪਏ।

ਜਿੱਥੋਂ ਤੱਕ ਸੰਵਿਧਾਨ ਦੀ ਗੱਲ ਹੈ, ਦੋਵੇਂ ਅਕਾਲੀ ਦਲ ਇੱਕੋ ਹੀ ਸੰਵਿਧਾਨ 'ਤੇ ਪਹਿਰਾ ਦੇ ਰਹੇ ਹਨ। ਦਫ਼ਤਰ ਕਿਤੇ ਵੀ ਨਵਾਂ ਬਣਾਇਆ ਜਾ ਸਕਦਾ ਹੈ, ਇਹ ਕੋਈ ਵੱਡਾ ਮਾਮਲਾ ਨਹੀਂ। ਨਿਸ਼ਾਨ ਬਾਰੇ ਵੀ ਸਪੱਸ਼ਟ ਹੈ ਕਿ ਹੁਣ ਚੋਣ ਨਿਸ਼ਾਨ ਨੂੰ ਵੋਟ ਨਹੀਂ ਪੈਂਦੀ। ਉਮੀਦਵਾਰ ਦੀ ਸ਼ਖ਼ਸੀਅਤ, ਉਸ ਦੀ ਪਾਰਟੀ ਦੀ ਸੋਚ ਤੇ ਨੀਤੀਆਂ ਨੂੰ ਹੀ ਵੋਟ ਪੈਂਦੀ ਹੈ। ਲੋਕ ਅਣਭੋਲ ਜਾਂ ਲਾਈਲੱਗ ਨਹੀਂ ਹਨ। ਉਹ ਹਰ ਪਾਰਟੀ ਦੀ ਪਿਛਲੀ ਕਾਰਗੁਜ਼ਾਰੀ ਵੀ ਘੋਖਣਗੇ ਅਤੇ ਅੱਗੇ ਲਈ ਭਰੋਸਾ ਵੀ ਲੈਣਗੇ। ਅੱਜ ਹਰ ਹੱਟੀ, ਭੱਠੀ, ਗਲੀ, ਕੂਚੇ ਵਿੱਚ ਸਿਆਸਤ ਖਾਸ ਕਰਕੇ ਅਕਾਲੀ ਸਿਆਸਤ ਰਿੜਕੀ ਜਾ ਰਹੀ ਹੈ, ਵਿਚਾਰਾਂ ਹੋ ਰਹੀਆਂ ਹਨ। ਆਉਣ ਵਾਲੀਆਂ ਵਿਧਾਨ ਸਭਾ ਚੋਣਾਂ 'ਚ ਪੰਜਾਬ ਵਾਸੀ ਦਫ਼ਤਰ, ਨਿਸ਼ਾਨਾਂ ਦੇ ਮੁੱਦਿਆਂ ਤੋਂ ਉੱਪਰ ਉੱਠ ਕੇ ਕੋਈ ਚੰਗਾ ਨਤੀਜਾ ਸਾਹਮਣੇ ਲਿਆਉਣਗੇ, ਇਹ ਉਮੀਦ ਕੀਤੀ ਜਾ ਰਹੀ ਹੈ।

**# ਸੰਪਰਕ : 098882-75913**

CMYK

25-AUG-PAGE-5.qxd 8/24/2025 10:01 PM Page 1



# ਕਮਿਊਨਿਸਟ ਲਹਿਰ ਦੇ 100 ਸਾਲਾ ਇਤਿਹਾਸ 'ਚ ਵਿਮਲਾ ਡਾਂਗ ਦੇ ਕੰਮਾਂ ਦਾ ਅਹਿਮ ਸਥਾਨ : ਕਰਮਵੀਰ ਬੱਧਨੀ, ਸਰਬਜੀਤ ਖੋਸਾ



**ਮੋਗਾ (ਇਕਬਾਲ ਸਿੰਘ ਖਹਿਰਾ)**
ਭਾਰਤੀ ਕਮਿਊਨਿਸਟ ਪਾਰਟੀ ਬਰਾਂਚ ਬੱਧਨੀ ਖੁਰਦ ਵੱਲੋਂ ਕਾਮਰੇਡ ਵਿਮਲਾ ਡਾਂਗ ਦੇ ਜੀਵਨ ਤੇ ਸੰਘਰਸ਼ ਵਿਸ਼ੇ 'ਤੇ ਸੈਮੀਨਾਰ ਭਾਰਤੀ ਕਮਿਊਨਿਸਟ ਪਾਰਟੀ ਦੇ ਬ੍ਰਾਂਚ ਸਕੱਤਰ ਕਾਮਰੇਡ ਬਲਰਾਜ ਸਿੰਘ, ਪੰਜਾਬ ਇਸਤਰੀ ਸਭਾ ਦੇ ਆਗੂ ਜਸਵਿੰਦਰ ਕੌਰ ਤੇ ਰਾਜੂ ਸ਼ਰਮਾ ਦੀ ਅਗਵਾਈ ਵਿੱਚ ਕੀਤਾ ਗਿਆ।ਇਸ ਸੈਮੀਨਾਰ ਨੂੰ ਸੰਬੋਧਨ ਕਰਨ ਲਈ ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾ ਪ੍ਰਧਾਨ ਕਰਮਵੀਰ ਬੱਧਨੀ ਤੇ ਪੰਜਾਬ ਇਸਤਰੀ ਸਭਾ ਦੇ ਜ਼ਿਲ੍ਹਾ ਪ੍ਰਧਾਨ ਸਰਬਜੀਤ ਖੋਸਾ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।ਇਸ ਸਮੇਂ ਉਦਘਾਟਨ ਕਰਦਿਆਂ ਪਾਰਟੀ ਦੇ ਜ਼ਿਲ੍ਹਾ ਕੌਂਸਲ ਮੈਂਬਰ ਸਾਬਕਾ ਸਰਪੰਚ ਕੁਲਵੰਤ ਸਿੰਘ ਨੇ ਕਿਹਾ ਕਿ ਭਾਰਤੀ ਕਮਿਊਨਿਸਟ ਪਾਰਟੀ ਨੇ ਆਪਣੀ ਹੋਂਦ ਤੋਂ ਲੈ ਕੇ ਹੁਣ ਤੱਕ ਲੋਕ ਹਿੱਤਾਂ ਦੀ ਗੱਲ ਕੀਤੀ ਹੈ ਇਹ ਲਾਲ ਝੰਡਾ ਦੇਸ ਦੀ ਪਾਰਲੀਮੈਂਟ ਹੋਵੇ ਜਾਂ ਪੰਜਾਬ ਦੀ ਵਿਧਾਨ ਸਭਾ ਜਿੱਥੇ ਵੀ ਝੂਲਿਆ ਹੈ, ਲੋਕ ਪੱਖੀ ਕਾਨੂੰਨ ਲੈ ਕੇ ਆਇਆ ਹੈ।ਕਿਰਤ ਦੀ ਪ੍ਰਧਾਨਤਾ ਵਾਲਾ ਦੇਸ਼ ਬਣਾਉਣ ਲਈ ਭਾਰਤੀ ਕਮਿਊਨਿਸਟ ਪਾਰਟੀ ਨੂੰ ਮਜ਼ਬੂਤ ਕਰਨਾ ਸਮੇਂ ਦੀ ਅਣਸਰਦੀ ਲੋੜ ਬਣ ਚੁੱਕੀ ਹੈ।

ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾ ਪ੍ਰਧਾਨ ਕਰਮਵੀਰ ਬੱਧਨੀ ਤੇ ਪੰਜਾਬ ਇਸਤਰੀ ਸਭਾ ਦੇ ਜ਼ਿਲ੍ਹਾ ਪ੍ਰਧਾਨ ਸਰਬਜੀਤ ਖੋਸਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਕਾਮਰੇਡ ਵਿਮਲਾ ਡਾਂਗ ਦਾ ਪੂਰਾ ਜੀਵਨ ਲੋਕਾਂ ਦੀ ਅਗਵਾਈ ਕਰਦਿਆਂ ਬੀਤਿਆ। ਉਨ੍ਹਾਂ ਨੇ ਵਿਦਿਆਰਥੀ ਜੀਵਨ ਤੋਂ ਲੈ ਕੇ ਆਪਣੀ ਪੂਰੀ ਜ਼ਿੰਦਗੀ ਇਮਾਨਦਾਰੀ ਨਾਲ ਕੰਮ ਕਰਦੇ ਆਂ ਲੋਕ ਅਰਪਿਤ ਕੀਤੀ।

ਉਨ੍ਹਾਂ ਮਨਿਸਟਰੀ ਵੀ ਹਾਸਲ ਕੀਤੀਆਂ, ਪਰ ਕਦੇ ਵੀ ਅੱਜ ਦੇ ਲੀਡਰਾਂ ਵਾਂਗ ਐਸ਼ੋ ਇਸ਼ਰਤ ਦੀ ਜ਼ਿੰਦਗੀ ਬਤੀਤ ਨਹੀਂ ਕੀਤੀ, ਬਲਕਿ ਭਾਰਤੀ ਕਮਿਊਨਿਸਟ ਪਾਰਟੀ ਦੇ ਦਫਤਰ ਵਿੱਚ ਰਹਿੰਦਿਆਂ ਪਾਰਟੀ ਵੱਲੋਂ ਮਿਲਦੀ ਵੇਜ ਦੇ ਨਾਲ ਆਪਣਾ ਗੁਜ਼ਾਰਾ ਕਰਕੇ ਸਦਾ ਲੋਕਾਂ ਦੀ ਅਗਵਾਈ ਕੀਤੀ।ਕਾਮਰੇਡ ਸੱਤਪਾਲ ਡਾਂਗ ਤੇ ਵਿਮਲਾ ਡਾਂਗ ਦੀ ਜੋੜੀ ਅੱਜ ਦੀ ਪੀੜ੍ਹੀ ਲਈ ਪ੍ਰੇਰਨਾਦਾਇਕ ਹੈ। ਦੋਨਾਂ ਨੇ ਪੰਜਾਬ ਦੀ ਵਿਧਾਨ ਸਭਾ ਤੇ ਦੇਸ਼ ਦੀ ਪਾਰਲੀਮੈਂਟ ਵਿੱਚ ਮੰਤਰੀ ਰਹਿੰਦੇ ਫਸਲਾਂ ਉੱਪਰ ਐੱਮ.ਐੱਸ.ਪੀ. ਦੀ ਗਰੰਟੀ ਹੋਵੇ, ਉਨ੍ਹਾਂ ਕਣਕ ਦੀ ਸਰਕਾਰੀ ਖਰੀਦ ਕੀਤੀ, ਪਹਿਲੀ ਵਾਰ ਕਿਸਾਨ ਨੂੰ ਮੰਡੀਆਂ ਵਿੱਚ ਰੁਲਣ ਤੋਂ ਬਚਾਇਆ, 76 ਰੁਪਏ ਪ੍ਰਤੀ ਕੁਇੰਟਲ ਖਰੀਦ ਕੀਤੀ ਤੇ ਲੋਕਾਂ ਨੂੰ ਵਾਜਿਬ ਰੇਟ ਤੇ ਪਬਲਕ ਵੰਡ ਪ੍ਰਣਾਲੀ ਦੇ ਡੀਪੂਆਂ ਰਾਹੀਂ ਵਰਤੋਂ ਦੀਆਂ 14 ਵਸਤਾਂ ਦੇ ਨਾਲ ਕਣਕ ਵੀ ਮੁਹਈਆ ਕੀਤੀ, ਜਿਸ ਨਾਲ ਕਿਸਾਨ ਤੇ ਖਪਤਕਾਰ ਦੋਨਾਂ ਨੂੰ ਲਾਭ ਹੋਇਆ।ਉਨਾਂ ਹਾਜ਼ਰ ਔਰਤਾਂ ਨੂੰ ਅਪੀਲ ਕੀਤੀ ਕਿ ਇਨ੍ਹਾਂ ਔਰਤਾਂ ਦੀਆਂ ਜੀਵਨੀਆਂ ਤੋਂ ਪ੍ਰੇਨਣਾ ਲੈ ਕੇ ਅੱਜ ਦੇ ਹਾਲਾਤਾਂ ਵਿੱਚ ਲਾਮਬੰਦ ਹੋ ਕੇ ਕੰਮ ਕਰਨਾ ਚਾਹੀਦਾ ਹੈ।

ਆਲ ਇੰਡੀਆ ਸਟੂਡੈਂਟ ਫੈਡਰੇਸ਼ਨ ਦੇ ਸਕੱਤਰੇਤ ਮੈਂਬਰ ਨਵਜੋਤ ਬਿਲਾਸਪੁਰ ਤੇ ਸਰਬ ਭਾਰਤ ਨੌਜਵਾਨ ਸਭਾ ਦੇ ਸੀਨੀਅਰ ਮੀਤ ਸਕੱਤਰ ਬੋਰਡ ਬੁੱਟਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਦੀ ਜਵਾਨੀ ਨੂੰ ਸਹੀ ਰਾਹ ਦਿਖਾਉਣ ਵਾਸਤੇ ਇੱਕ ਰੁਜ਼ਗਾਰ ਦੀ ਗਰੰਟੀ ਦੀ ਲੋੜ ਹੈ ਇਹ ਗਰੰਟੀ ਹਰ ਇੱਕ ਨੂੰ ਉਸ ਦੀ ਯੋਗਤਾ ਮੁਤਾਬਕ ਕੰਮ ਤੇ ਕੰਮ ਅਨੁਸਾਰ ਤਨਖਾਹ ਦੀ ਗੱਲ ਕਰੇਗੀ।ਇਸ ਵਾਸਤੇ ਨੌਜਵਾਨ ਵਿਦਿਆਰਥੀ ਜਥੇਬੰਦੀਆਂ ਲਗਾਤਾਰ ਕੰਮ ਕਰ ਰਹੀਆਂ ਹਨ। ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ, ਜਿਸ ਵਿੱਚ ਹਰ 18 ਤੋਂ 58 ਸਾਲ ਦੇ ਮੁੰਡੇ ਕੁੜੀ ਨੂੰ ਯੋਗਤਾ ਮੁਤਾਬਿਕ ਕੰਮ ਦੀ ਗਰੰਟੀ ਹੋਵੇਗੀ, ਦੀ ਪ੍ਰਾਪਤੀ ਲਈ ਅੱਗੇ ਵਧੀਏ।ਇਸ ਸਮੇਂ ਹੋਰਨਾਂ ਤੋਂ ਇਲਾਵਾ ਭਾਰਤੀ ਕਮਿਊਨਿਸਟ ਪਾਰਟੀ ਦੇ ਬ੍ਰਾਂਚ ਮੈਂਬਰ ਤੇ ਪੰਚ ਚਮਕੌਰ ਸਿੰਘ, ਬਿਜਲੀ ਬੋਰਡ ਦੇ ਆਗੂ ਗੁਰਮੀਤ ਸਿੰਘ, ਜਸਪ੍ਰੀਤ ਬੱਧਨੀ, ਕਿਰਨਾ, ਜਸਵੀਰ ਕੌਰ, ਕੁਲਵਿੰਦਰ ਕੌਰ ਆਦਿ ਨੇ ਸੰਬੋਧਨ ਕੀਤਾ।

# ਜੰਮੂ-ਕਸ਼ਮੀਰ ਸੰਬੰਧੀ ਕਿਤਾਬਾਂ 'ਤੇ ਪਾਬੰਦੀ ਲਾਉਣਾ ਗ਼ੈਰ-ਸੰਵਿਧਾਨਕ : ਤਰਕਸ਼ੀਲ

ਸੰਗਰੂਰ, 24 ਅਗਸਤ (ਪ੍ਰਵੀਨ ਸਿੰਘ)-ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਨੇ ਜੰਮੂ-ਕਸ਼ਮੀਰ ਪ੍ਰਸ਼ਾਸਨ ਵੱਲੋਂ ਕੌਮਾਂਤਰੀ ਪ੍ਰਸਿੱਧ ਨਾਮਵਰ ਵਿਦਵਾਨਾਂ ਦੀਆਂ 25 ਕਿਤਾਬਾਂ ਉੱਪਰ ਗ਼ੈਰ- ਸੰਵਿਧਾਨਕ ਪਾਬੰਦੀ ਲਾ ਕੇ ਉਨ੍ਹਾਂ ਨੂੰ ਜ਼ਬਤ ਕਰਨ ਦੇ ਆਦੇਸ਼ ਦੇਣ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਇਸ ਨੂੰ ਮੋਦੀ ਸਰਕਾਰ ਦੀ ਤਾਨਾਸ਼ਾਹੀ ਕਾਰਵਾਈ ਕਰਾਰ ਦਿੱਤਾ ਹੈ ਤੇ ਇਸ ਆਦੇਸ਼ ਨੂੰ ਤੁਰੰਤ ਰੱਦ ਕਰਨ ਦੀ ਜ਼ੋਰਦਾਰ ਮੰਗ ਕੀਤੀ ਹੈ।

ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਦੇ ਆਗੂਆਂ ਮਾਸਟਰ ਪਰਮ ਵੇਦ, ਸੀਤਾ ਰਾਮ, ਸੁਰਿੰਦਰ ਪਾਲ, ਲੈਕਚਰਾਰ ਕ੍ਰਿਸ਼ਨ ਸਿੰਘ, ਗੁਰਦੀਪ ਸਿੰਘ ਲਹਿਰਾ ਨੇ ਇੱਕ ਪ੍ਰੈੱਸ ਬਿਆਨ ਰਾਹੀਂ ਦੱਸਿਆ ਕਿ ਇਹ ਕਿਤਾਬਾਂ ਬੁੱਕਰ ਇਨਾਮ ਜੇਤੂ ਵਿਸ਼ਵ ਪ੍ਰਸਿੱਧ ਲੇਖਿਕਾ ਅਰੁੰਧਤੀ ਰਾਏ, ਤਾਰਿਕ ਅਲੀ, ਏ. ਜੇ. ਨੂਰਾਨੀ, ਅਨੁਰਾਧਾ ਭਸੀਨ, ਸੁਮਾਂਤਰਾ ਬੋਸ, ਕ੍ਰਿਸਟੋਫਰ ਸਨੇਡਨ, ਰਾਧਿਕਾ ਗੁਪਤਾ, ਸੀਮਾ ਕਾਜ਼ੀ, ਡਾ. ਅਬਦੁਲ ਜੱਬਰ ਗੋਕਖਾਨੀ ਵਰਗੇ ਉੱਘੇ ਲੇਖਕਾਂ, ਵਿਦਵਾਨਾਂ, ਸੰਪਾਦਕਾਂ ਤੇ ਇਤਿਹਾਸਕਾਰਾਂ ਦੀਆਂ ਲਿਖੀਆਂ ਹੋਈਆਂ ਹਨ।ਉਨ੍ਹਾਂ ਕਿਹਾ ਕਿ ਇਨ੍ਹਾਂ ਕਿਤਾਬਾਂ ਨੂੰ ਝੂਠੇ ਬਿਰਤਾਂਤ ਤੇ ਵੱਖਵਾਦ ਨੂੰ ਪ੍ਰਚਾਰਨ ਵਾਲਾ 'ਗੁੰਮਰਾਹਕੁਨ' ਸਾਹਿਤ ਕਰਾਰ ਦੇ ਕੇ ਪਾਬੰਦੀ ਲਾਉਣਾ ਭਾਜਪਾ ਸਰਕਾਰ ਦੀ ਫਾਸ਼ੀਵਾਦੀ ਮਾਨਸਿਕਤਾ ਦਾ ਮੂੰਹ ਬੋਲਦਾ ਸਬੂਤ ਹੈ ।

ਤਰਕਸ਼ੀਲ ਸੁਸਾਇਟੀ ਨੇ ਸਮੂਹ ਲੋਕ ਪੱਖੀ ਤੇ ਇਨਸਾਫ਼ਪਸੰਦ ਜਮਹੂਰੀ ਤਾਕਤਾਂ ਨੂੰ ਇਸ ਫਾਸ਼ੀਵਾਦੀ ਫਰਮਾਨ ਦਾ ਡੱਟ ਕੇ ਵਿਰੋਧ ਕਰਨ ਦੀ ਅਪੀਲ ਕਰਦਿਆਂ ਜ਼ੋਰਦਾਰ ਮੰਗ ਕੀਤੀ ਕਿ ਜੰਮੂ-ਕਸ਼ਮੀਰ ਪ੍ਰਸ਼ਾਸਨ ਇਹ ਗ਼ੈਰ-ਜਮਹੂਰੀ ਪਾਬੰਦੀ ਵਾਪਸ ਲਏ, ਵਿਚਾਰ ਪ੍ਰਗਟਾਵੇ ਦੇ ਹੱਕ ਉੱਪਰ ਹਮਲੇ ਬੰਦ ਕੀਤੇ ਜਾਣ।

# ਮੋਦੀ ਸਰਕਾਰ ਨੂੰ ਪੰਜਾਬ ਦੇ 55 ਲੱਖ ਗ਼ਰੀਬ ਲੋਕਾਂ ਦੇ ਰਾਸ਼ਨ 'ਤੇ ਨਹੀਂ ਮਾਰਨ ਦੇਵਾਂਗੇ ਡਾਕਾ : ਅਮਨ ਅਰੋੜਾ



**ਸੰਗਰੂਰ (ਪ੍ਰਵੀਨ ਸਿੰਘ)**
ਕੇ. ਟੀ. ਰੋਆਇਲ ਹੋਟਲ ਵਿਖੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਤੇ ਆਮ ਆਦਮੀ ਪਾਰਟੀ, ਪੰਜਾਬ ਦੇ ਪ੍ਰਧਾਨ ਸ਼੍ਰੀ ਅਮਨ ਅਰੋੜਾ ਨੇ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ, ਪੰਜਾਬ ਦੇ ਕਰੀਬ 55 ਲੱਖ ਲੋੜਵੰਦ ਤੇ ਗਰੀਬ ਲੋਕਾਂ ਦੇ ਰਾਸ਼ਨ ਉੱਤੇ ਡਾਕਾ ਮਾਰਨਾ ਚਾਹੁੰਦੀ ਹੈ, ਪਰ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਕਿਸੇ ਦੇ ਵੀ ਹਿੱਸੇ ਦਾ ਰਾਸ਼ਨ ਖੋਹਣ ਨਹੀਂ ਦਿੱਤਾ ਜਾਵੇਗਾ।

ਕੇਂਦਰ ਦੀ ਭਾਜਪਾ ਸਰਕਾਰ ਨੇ ਪਹਿਲਾਂ ਕੇ.ਵਾਈ.ਸੀ. ਤੇ ਵੈਰੀਫਿਕੇਸ਼ਨ ਦੇ ਨਾਂ ਉੱਤੇ 23 ਲੱਖ ਲੋਕਾਂ ਦਾ ਰਾਸ਼ਨ ਰੋਕ ਰੱਖਿਆ ਹੈ ਤੇ ਹੁਣ ਪੰਜਾਬ ਸਰਕਾਰ ਨੂੰ ਨਵਾਂ ਤਾਨਾਸ਼ਾਹੀ ਫੁਰਮਾਨ ਜਾਰੀ ਕਰਦਿਆਂ 08 ਲੱਖ 02 ਹਜ਼ਾਰ 500 ਰਾਸ਼ਨ ਕਾਰਡ (ਕਰੀਬ 32 ਲੱਖ ਲੋਕ) ਕੱਟਣ ਲਈ ਕਿਹਾ ਹੈ।ਇਸ ਤਰ੍ਹਾਂ ਕੇਂਦਰ ਸਰਕਾਰ ਪੰਜਾਬ ਦੇ ਕਰੀਬ 55 ਲੱਖ ਲੋੜਵੰਦ ਲੋਕਾਂ ਦਾ ਰਾਸ਼ਨ ਖੋਹਣ ਦੇ ਰਾਹ ਪਈ ਹੋਈ ਹੈ।

ਕੈਬਨਿਟ ਮੰਤਰੀ ਨੇ ਆਖਿਆ ਕਿ ਪੰਜਾਬ ਵਿੱਚ ਨੈਸ਼ਨਲ ਫੂਡ ਸਕਿਉਰਿਟੀ ਐਕਟ ਅਧੀਨ ਕਰੀਬ 01 ਕਰੋੜ 53 ਲੱਖ ਲਾਭਪਾਤਰੀ ਹਨ ਤੇ 01 ਕਰੋੜ 29 ਲੱਖ ਲਾਭਪਾਤਰੀਆਂ ਸਬੰਧੀ ਵੈਰੀਫਿਕੇਸ਼ਨ ਹੋ ਚੁੱਕੀ ਹੈ ਤੇ ਬਾਕੀਆਂ ਸਬੰਧੀ ਇਹ ਪ੍ਰਕਿਰਿਆ ਜਾਰੀ ਹੈ।ਪੰਜਾਬ ਸਰਕਾਰ ਨੇ ਇਸ ਕਾਰਜ ਬਾਬਤ 06 ਮਹੀਨੇ ਦਾ ਸਮਾਂ ਹੋਰ ਮੰਗਿਆ ਹੈ।ਜੇਕਰ ਕੇਂਦਰ ਨੂੰ ਕਿਸੇ ਕਿਸਮ ਦੀ ਕੋਈ ਕਮੀ ਨਜ਼ਰ ਆਉਂਦੀ ਹੈ ਤਾਂ ਪੰਜਾਬ ਸਰਕਾਰ, ਜੋ ਕਿ ਨੈਸ਼ਨਲ ਫੂਡ ਸਕਿਉਰਿਟੀ ਐਕਟ ਅਧੀਨ ਐਗਜ਼ੀਕਿਊਟਿੰਗ ਏਜੰਸੀ ਹੈ, ਨਾਲ ਰਾਬਤਾ ਕਰ ਕੇ ਮਸਲਾ ਹੱਲ ਕੀਤਾ ਜਾ ਸਕਦਾ ਹੈ।ਇੱਕ ਪਾਸੜ ਤਾਨਾਸ਼ਾਹੀ ਫੁਰਮਾਨ ਜਾਰੀ ਕਰਨਾ ਬਹੁਤ ਗਲਤ ਹੈ ਤੇ ਪੰਜਾਬ ਨਾਲ ਮਤਰੇਈ ਮਾਂ ਵਾਲਾ ਸਲੂਕ ਹੈ।

ਪੰਜਾਬ ਵਿੱਚ ਭਾਜਪਾ ਵੱਲੋਂ ਲੋਕ ਭਲਾਈ ਸਕੀਮਾਂ ਲੋਕਾਂ ਤਕ ਪੁੱਜਦੀਆਂ ਕਰਨ ਦੇ ਨਾਂ ਉੱਤੇ ਲਾਏ ਕੈਂਪਾਂ ਬਾਬਤ ਕਾਰਵਾਈ ਸਬੰਧੀ ਪੁੱਛੇ ਗਏ ਸਵਾਲ ਦੇ ਜਵਾਬ ਵਿੱਚ ਕੈਬਨਿਟ ਮੰਤਰੀ ਨੇ ਕਿਹਾ ਕਿ ਪੁਲਸ ਨੂੰ ਉਨ੍ਹਾਂ ਕੈਂਪਾਂ ਵਿੱਚ ਲੋਕਾਂ ਤੋਂ ਪੈਸੇ ਲਏ ਜਾਣ ਤੇ ਲੋਕਾਂ ਤੋਂ ਬੈਂਕ ਖਾਤਿਆਂ ਦੇ ਵੇਰਵੇ ਲਏ ਜਾਣ ਦੀਆਂ ਸ਼ਿਕਾਇਤਾਂ ਮਿਲੀਆਂ ਸਨ।ਉਨ੍ਹਾਂ ਕਿਹਾ ਕਿ ਜੇਕਰ ਕਿਸੇ ਆਮ ਵਿਅਕਤੀ ਦੇ ਖਾਤੇ ਵਿੱਚੋਂ ਪੈਸੇ ਨਿਕਲ ਗਏ ਤਾਂ ਕੌਣ ਜ਼ਿੰਮੇਵਾਰ ਹੋਵੇਗਾ ?

ਸ੍ਰੀ ਅਰੋੜਾ ਨੇ ਇਹ ਵੀ ਆਖਿਆ ਕਿ ਕੇਂਦਰ ਸਰਕਾਰ ਕੋਲ ਆਧਾਰ ਕਾਰਡ ਤੇ ਪੈਨ ਕਾਰਡ ਜ਼ਰੀਏ ਦੇਸ਼ ਵਾਸੀਆਂ ਦੇ ਵੇਰਵੇ ਮੌਜੂਦ ਹਨ ਤੇ ਕੇਂਦਰ ਦੀ ਭਾਜਪਾ ਸਰਕਾਰ ਜੇਕਰ ਲੋਕਾਂ ਦਾ ਭਲਾ ਕਰਨ ਦੀ ਐਨੀ ਇੱਛਾ ਰੱਖਦੀ ਹੈ ਤਾਂ ਪਹਿਲਾਂ ਸਾਰੇ ਦੇਸ਼ ਵਾਸੀਆਂ ਦੇ ਖਾਤਿਆਂ ਵਿੱਚ ਕੀਤੇ ਵਾਅਦੇ (ਜੁਮਲੇ) ਮੁਤਾਬਕ 15-15 ਲੱਖ ਰੁਪਏ (ਡੀ.ਟੀ.ਪੀ.) ਟਰਾਂਸਫਰ ਕਰ ਦੇਵੇ, ਜਿਹੜੇ ਕਿ ਪਿਛਲੇ ਕਰੀਬ 11 ਸਾਲ ਤੋਂ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਵੱਲ ਬਕਾਇਆ ਹਨ।ਕੈਬਨਿਟ ਮੰਤਰੀ ਨੇ ਪੰਜਾਬ ਦੇ ਲੋਕਾਂ ਦੇ ਹੱਕਾਂ ਦੀ ਰਾਖੀ ਪ੍ਰਤੀ ਆਪਣੀ ਵਚਨਬੱਧਤਾ ਦਹੁਰਾਉਂਦਿਆਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਕਿਸੇ ਵੀ ਹਾਲ ਕਿਸੇ ਵੀ ਪੰਜਾਬੀ ਦੇ ਹੱਕ ਉੱਤੇ ਡਾਕਾ ਨਹੀਂ ਪੈਣ ਦੇਵੇਗੀ।

# ਹਰਭਗਵਾਨ ਭੀਖੀ ਦਾ ਕਾਵਿ ਸੰਗ੍ਰਹਿ 'ਚੁੱਪ ਦਾ ਸਵਾਲ' 'ਤੇ ਹੋਈ ਵਿਚਾਰ-ਚਰਚਾ

## ਪੁਸਤਕ ਸਮਾਜ ਦੇ ਦੱਬੇ-ਕੁਚਲੇ ਲੋਕਾਂ ਦੀ ਬਾਤ ਪਾਉਂਦੀ ਹੈ : ਡਾ. ਚੌਹਾਨ



**ਭੀਖੀ (ਗੁਰਿੰਦਰ ਸਿੰਘ ਔਲਖ)**
ਨਵਯੁਗ ਸਾਹਿਤ ਕਲਾ ਮੰਚ ਭੀਖੀ ਵੱਲੋਂ ਹਰਭਗਵਾਨ ਭੀਖੀ ਦੀ ਕਾਵਿ ਪੁਸਤਕ 'ਚੁੱਪ ਦਾ ਸਵਾਲ' 'ਤੇ ਉੱਘੇ ਰੰਗਕਰਮੀ ਤੇ ਫਿਲਮੀ ਅਦਾਕਾਰ ਬੇਬੇ ਮਨਜੀਤ ਕੌਰ ਔਲਖ ਦੀ ਪ੍ਰਧਾਨਗੀ ਹੇਠ ਸ਼ਹੀਦ ਭਗਤ ਸਿੰਘ ਯਾਦਗਾਰੀ ਲਾਇਬ੍ਰੇਰੀ ਵਿਖੇ ਵਿਚਾਰ ਚਰਚਾ ਕਰਾਈ ਗਈ।ਸਮਾਗਮ ਦੇ ਪ੍ਰਧਾਨਗੀ ਮੰਡਲ ਵਿੱਚ ਬੇਬੇ ਮਨਜੀਤ ਕੌਰ ਔਲਖ, ਉੱਘੇ ਆਲੋਚਕ ਕੁਲਦੀਪ ਚੌਹਾਨ, ਡਾ. ਲਕਸ਼ਮੀ ਨਰਾਇਣ ਭੀਖੀ, ਡਾ. ਬਿਕਰਜੀਤ ਸਾਧੂਵਾਲਾ ਮੰਚ ਪ੍ਰਧਾਨ ਕਹਾਣੀਕਾਰ ਭੁਪਿੰਦਰ ਫ਼ੌਜੀ ਤੇ ਪੁਸਤਕ ਦੇ ਲੇਖਕ ਹਰਭਗਵਾਨ ਭੀਖੀ ਸ਼ਾਮਲ ਹੋਏ।ਸਮਾਗਮ ਦੀ ਸ਼ੁਰੂ ਹੋਣ ਤੋਂ ਪਹਿਲਾਂ ਵੱਖ-ਵੱਖ ਖੇਤਰਾਂ 'ਚ ਨਾਮਣਾ ਖੱਟਣ ਵਾਲੀਆਂ ਵਿੱਛੜ ਚੁੱਕੀਆਂ ਸ਼ਖ਼ਸੀਅਤਾਂ, ਜਿਨ੍ਹਾਂ ਵਿੱਚ ਡਾ. ਬਲਜਿੰਦਰ ਸਿੰਘ ਸੇਖੋਂ, ਨਾਟਕਕਾਰ ਬਲਰਾਜ ਮਾਨ, ਪ੍ਰਸਿੱਧ ਫ਼ਿਲਮੀ ਅਦਾਕਾਰ ਜਸਵਿੰਦਰ ਭੱਲਾ ਨੂੰ ਸਰਧਾਂਜਲੀ ਭੇਟ ਕੀਤੀ ਗਈ।ਇਸ ਉਪਰੰਤ ਖੁਸਬੀਰ ਕੌਰ ਮੱਟੂ, ਹਰਸੁਖਮਨ ਕੌਰ ਤੇ ਗੁਰਦੇਵ ਚਹਿਲ ਨੇ ਕਾਵਿ ਰੂਪੀ ਗੀਤ ਪੇਸ਼ ਕੀਤੇ।

ਸਮਾਗਮ ਦੀ ਰਸ਼ਮੀ ਸ਼ੁਰਆਤ ਡਾ. ਕੁਲਦੀਪ ਚੌਹਾਨ ਨੇ ਪੁਸਤਕ 'ਤੇ ਆਪਣਾ ਪਰਚਾ ਪੜ੍ਹਦਿਆਂ ਕਿਹਾ ਕਿ ਹਰਭਗਵਾਨ ਭੀਖੀ ਦੀ ਪੁਸਤਕ ਸਮਾਜ ਦੇ ਦੱਬੇ ਕੁਚਲੇ ਲੋਕਾਂ ਦੀਆਂ ਸਮੱਸਿਆਵਾਂ ਲੈ ਕੇ ਉਨ੍ਹਾਂ ਦੇ ਸਵਾਲਾਂ ਨੂੰ ਮੁਖਾਤਬ ਹੁੰਦੀ ਹੈ ਤੇ ਸਮਾਜਿਕ ਵਰਤਾਰਿਆਂ 'ਤੇ ਤਿੱਖੇ ਸਵਾਲ ਕਰਦੀ ਹੈ।

ਲਕਸ਼ਮੀ ਨਰਾਇਣ ਭੀਖੀ ਨੇ ਕਿਹਾ ਲੇਖਕ ਨੇ ਆਪਣੀ ਕਵਿਤਾ ਰਾਹੀਂ ਸਮਾਜ ਦੀ ਫੋਟੋਗ੍ਰਾਫੀ ਕੀਤੀ ਹੈ।ਉਸਦੀ ਕਵਿਤਾ ਹਮੇਸ਼ਾ ਸੰਘਰਸ਼ ਕਰਨ ਲਈ ਮਜਬੂਰ ਕਰਦੀ ਹੈ।ਕਵੀ ਤੇ ਨਾਵਲਕਾਰ ਸੁਖਵਿੰਦਰ ਪੱਪੀ ਨੇ ਕਿਹਾ ਕਿ ਹਰਭਗਵਾਨ ਨੇ ਕੇਵਲ ਕਵਿਤਾ ਲਿਖੀ ਹੀ ਨਹੀਂ ਉਸ ਨੇ ਕਵਿਤਾ ਵਿਚਲੀਆਂ ਸਮੱਸਿਆਵਾਂ ਨੂੰ ਆਪਣੇ ਪਿੰਡੇ 'ਤੇ ਹੰਢਾਇਆ ਤੇ ਜੀਵਿਆ ਵੀ ਹੈ।ਸਮਾਗਮ ਦੇ ਅੰਤ 'ਚ ਉੱਘੇ ਅਦਾਕਾਰ ਮਨਜੀਤ ਕੌਰ ਔਲਖ ਨੇ ਕਿਹਾ ਕਿ ਹਰਭਗਵਾਨ ਭੀਖੀ ਆਪਣੀ ਕਵਿਤਾ ਰਾਹੀਂ ਦਲਿਤਾਂ ਦੇ ਦੁੱਖਾਂ ਤਕਲੀਫ਼ਾਂ ਨੂੰ ਬਾਖੂਬੀ ਬਿਆਨ ਦਾ ਹੈ।

ਪੁਸਤਕ ਦੇ ਲੇਖਕ ਹਰਭਗਵਾਨ ਭੀਖੀ ਨੇ ਸਾਹਿਤ ਪ੍ਰੇਮੀਆਂ ਵੱਲੋਂ ਕੀਤੇ ਸਵਾਲਾਂ ਦੇ ਜਵਾਬ ਬੜੀ ਹਲੀਮੀ ਨਾਲ ਦਿੱਤੇ।ਮੰਚ ਦੇ ਪ੍ਰਧਾਨ ਭੁਪਿੰਦਰ ਫ਼ੌਜੀ ਨੇ ਸਮਾਗਮ 'ਚ ਪਹੁੰਚੇ ਸਾਹਿਤ ਪ੍ਰੇਮੀਆਂ ਨੂੰ ਜੀ ਆਇਆਂ ਕਿਹਾ ਤੇ ਮੰਚ ਦੇ ਪ੍ਰੈਸ ਸਕੱਤਰ ਗੁਰਿੰਦਰ ਔਲਖ ਨੇ ਸਭਨਾਂ ਦਾ ਧੰਨਵਾਦ ਕੀਤਾ।

# ਅੱਖਾਂ ਦਾ 67ਵਾਂ ਅਪਰੇਸ਼ਨ ਤੇ ਚੈੱਕਅੱਪ ਕੈਂਪ ਲਾਇਆ



**ਜਗਰਾਉਂ (ਅਮਿਤ ਖੰਨਾ)**-ਸਭ ਤੋਂ ਵੱਡੀ ਸਮਾਜ ਸੇਵੀ ਸੰਸਥਾ ਲੋਕ ਸੇਵਾ ਸੁਸਾਇਟੀ ਜਗਰਾਉਂ ਵੱਲੋਂ ਅੱਖਾਂ ਦਾ 67ਵਾਂ ਆਪ੍ਰੇਸ਼ਨ ਤੇ ਚੈੱਕਅਪ ਕੈਂਪ ਲੰਮਿਆ ਵਾਲਾ ਬਾਗ ਜਗਰਾਉਂ ਵਿਖੇ ਲਗਾਇਆ ਗਿਆ। ਸਵਰਗਵਾਸੀ ਸ਼੍ਰੀਮਤੀ ਕਮਲੇਸ਼ ਰਾਣੀ ਦੀ ਦੂਜੀ ਬਰਸੀ ਨੂੰ ਸਮਰਪਤ ਵਿਸ਼ਨੂ ਰਾਈਸ ਮਿੱਲ ਅਜੀਤਵਾਲ ਦੇ ਸਹਿਯੋਗ ਨਾਲ ਲੋਕ ਸੇਵਾ ਸੁਸਾਇਟੀ ਵੱਲੋਂ ਚੇਅਰਮੈਨ ਗੁਲਸ਼ਨ ਅਰੋੜਾ ਪ੍ਰਧਾਨ ਰਜਿੰਦਰ ਜੈਨ ਕਾਕਾ ਸੈਕਟਰੀ ਕੁਲਭੂਸ਼ਨ ਗੁਪਤਾ ਸ਼ੀਅਰ, ਸੁਨੀਲ ਬਜਾਜ ਦੀ ਅਗਵਾਈ ਵਿੱਚ ਲਗਾਏ ਕੈਂਪ ਦਾ ਉਦਘਾਟਨ ਸ਼ੰਕਰਾ ਆਈ ਹੌਸਪਿਟਲ ਦੀ ਡਾਕਟਰ ਮਨਜੋਤ ਕੌਰ ਨੇ ਕਰਦਿਆਂ ਸੁਸਾਇਟੀ ਵੱਲੋਂ ਕੀਤੇ ਜਾ ਰਹੇ ਜਿੱਥੇ ਕੰਮਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਅੱਖਾਂ ਦਾਨ ਮਹਾਦਾਨ ਮੁਹਿੰਮ ਤਹਿਤ ਮਰਨ ਉਪਰੰਤ ਆਪਣੀਆਂ ਅੱਖਾਂ ਦਾਨ ਕਰਨ ਦੀ ਅਪੀਲ ਵੀ ਕੀਤੀ। ਕੈਂਪ ਵਿੱਚ ਸ਼ੰਕਰਾ ਆਈ ਹਸਪਤਾਲ ਦੇ ਡਾਕਟਰਾਂ ਦੀ ਟੀਮ ਵੱਲੋਂ 122 ਮਰੀਜ਼ਾਂ ਦੀ ਜਾਂਚ ਕਰਨ ਉਪਰੰਤ 52 ਮਰੀਜ਼ਾਂ ਦੀ ਚੋਣ ਕੀਤੀ, ਜਿਨ੍ਹਾਂ ਦੇ ਅੱਖਾਂ ਦੇ ਆਪ੍ਰੇਸ਼ਨ ਆਉਂਦੇ ਦਿਨਾਂ ਵਿੱਚ ਹਸਪਤਾਲ ਵਿਖੇ ਕੀਤੇ ਜਾਣਗੇ।

ਇਸ ਮੌਕੇ ਵਾਈਸ ਚੇਅਰਮੈਨ ਕੰਵਲ ਕੱਕੜ, ਪ੍ਰੋਜੈਕਟ ਕੈਸ਼ੀਅਰ ਮਨੋਹਰ ਸਿੰਘ ਟੱਕਰ, ਪ੍ਰੋਜੈਕਟ ਚੇਅਰਮੈਨ ਮਨੋਹਰ ਸਿੰਘ ਟੱਕਰ, ਪ੍ਰੋਜੈਕਟ ਕੈਸ਼ੀਅਰ ਰਾਜੀਵ ਗੁਪਤਾ, ਪੀਆਰਓ ਸੁਖਦੇਵ ਗਰਗ, ਗੋਪਾਲ ਗੁਪਤਾ, ਅਨਿਲ ਮਲਹੋਤਰਾ, ਪ੍ਰਵੀਨ ਮਿੱਤਲ, ਰਾਜਨ ਸਿੰਗਲਾ, ਸੁਖਜਿੰਦਰ ਸਿੰਘ ਢਿੱਲੋਂ, ਜਸਵੰਤ ਸਿੰਘ, ਅਮਰਿਤ ਸਿੰਘ ਆਦਿ ਹਾਜ਼ਰ ਸਨ।

# ਭਾਈ ਘਨੱਈਆ ਕੈਂਸਰ ਰੋਕੋ ਸੇਵਾ ਸੁਸਾਇਟੀ ਵੱਲੋਂ ਜਾਗਰੂਕਤਾ ਸੈਮੀਨਾਰ

## ਵਾਤਾਵਰਣ ਦੇ ਵਿਗਾੜ ਤੇ ਕੁਦਰਤ ਨਾਲ ਖਿਲਵਾੜ ਦਾ ਭੁਗਤਣਾ ਪਵੇਗਾ ਖਮਿਆਜ਼ਾ : ਮਹਿੰਦੀਰੱਤਾ



**ਕੋਟਕਪੂਰਾ (ਰਛਪਾਲ ਭੁੱਲਰ)**
ਭਾਈ ਘਨੱਈਆ ਕੈਂਸਰ ਰੋਕੋ ਸੇਵਾ ਸੁਸਾਇਟੀ ਦੇ ਸੰਸਥਾਪਕ/ਪ੍ਰਧਾਨ ਗੁਰਪ੍ਰੀਤ ਸਿੰਘ ਚੰਦਬਾਜ਼ਾ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਕੋਟਕਪੂਰਾ ਗਰੁੱਪ ਆਫ ਫੈਮਲੀਜ਼ ਬਰੈਂਪਟਨ (ਕੈਨੇਡਾ) ਦੇ ਸਹਿਯੋਗ ਨਾਲ ਸਿਹਤ, ਸਿੱਖਿਆ, ਵਾਤਾਵਰਨ, ਟ੍ਰੈਫਿਕ, ਸਮਾਜਿਕ ਕੁਰਤੀਆਂ ਦੇ ਖਾਤਮੇ, ਨੈਤਿਕ ਕਦਰਾਂ ਕੀਮਤਾਂ ਤੇ ਸਿਹਤਮੰਦ ਪੰਜਾਬ ਬਾਰੇ ਵਾਤਾਵਰਣ ਜਾਗਰੂਕਤਾ ਸੈਮੀਨਾਰ ਕਰਵਾਉਣ ਦਾ ਸਿਲਸਿਲਾ ਲਗਾਤਾਰ ਜਾਰੀ ਹੈ।

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੀਆਂ ਜੈਤੋ ਵਿਖੇ ਕਰਵਾਏ ਗਏ ਸੈਮੀਨਾਰ ਦੌਰਾਨ ਮੁੱਖ ਵਕਤਾ ਵਜੋਂ ਪੁੱਜੇ ਸੁਸਾਇਟੀ ਦੇ ਪ੍ਰੈੱਸ ਸਕੱਤਰ ਗੁਰਿੰਦਰ ਸਿੰਘ ਮਹਿੰਦੀਰੱਤਾ ਨੇ ਦੱਸਿਆ ਕਿ ਵਾਤਾਵਰਣ ਵਿੱਚ ਪਾਏ ਜਾ ਰਹੇ ਵਿਗਾੜ ਤੇ ਕੁਦਰਤ ਨਾਲ ਕੀਤੇ ਜਾ ਰਹੇ ਖਿਲਵਾੜ ਦਾ ਖਮਿਆਜਾ ਸਾਨੂੰ ਸਾਰਿਆਂ ਨੂੰ ਬਿਮਾਰੀਆਂ ਤੇ ਅਣਕਿਆਸੀਆਂ ਆਫਤਾਂ ਦੇ ਰੂਪ ਵਿੱਚ ਭੁਗਤਣਾ ਪੈ ਰਿਹਾ ਹੈ।ਉਨ੍ਹਾਂ ਅੰਕੜਿਆਂ ਸਹਿਤ ਦਲੀਲਾਂ ਦਿੰਦਿਆਂ ਦੱਸਿਆ ਕਿ ਕੈਂਸਰ ਵਰਗੀ ਨਾਮੁਰਾਦ ਬਿਮਾਰੀ ਸਮੇਤ ਦਿਲ ਦੇ ਰੋਗ, ਕਾਲਾ ਪੀਲੀਆ, ਚਮੜੀ ਦੇ ਰੋਗ, ਹੱਡੀਆਂ ਦੇ ਰੋਗ, ਅੰਤੜੀਆਂ ਦੇ ਰੋਗ, ਅੱਖਾਂ ਦੀਆਂ ਬਿਮਾਰੀਆਂ, ਮੰਦਬੁੱਧੀ ਜਾਂ ਅਪਾਹਜ ਬੱਚੇ ਪੈਦਾ ਹੋਣ ਤੇ ਹੋਰ ਅਨੇਕਾਂ ਬਿਮਾਰੀਆਂ ਦਾ ਤੇਜ਼ੀ ਨਾਲ ਵਧਣਾ ਭਾਵੇਂ ਚਿੰਤਾ ਵਾਲੀ ਗੱਲ ਹੈ, ਪਰ ਇਸ ਦਾ ਸਿੱਧਾ ਸਿੱਧਾ ਸਬੰਧ ਵਾਤਾਵਰਣ ਦੇ ਵਿਗਾੜ ਤੇ ਕੁਦਰਤ ਨਾਲ ਖਿਲਵਾੜ ਕੀਤੇ ਜਾਣ ਨਾਲ ਹੀ ਹੈ।ਉਨ੍ਹਾਂ ਝੋਨੇ ਦੀ ਪਰਾਲੀ, ਕਣਕ ਦੇ ਨਾੜ ਨੂੰ ਲਾਈਆਂ ਜਾਂਦੀਆਂ ਅੱਗਾਂ ਨਾਲ ਫੈਲਦੇ ਧੂੰਏਂ, ਫੈਕਟਰੀਆਂ ਤੇ ਵਾਹਨਾਂ ਦੇ ਪ੍ਰਦੂਸ਼ਣ, ਤਿਉਹਾਰਾਂ ਜਾਂ ਖੁਸ਼ੀ ਮੌਕੇ ਚਲਾਏ ਜਾਂਦੇ ਪਟਾਕੇ/ਆਤਿਸ਼ਬਾਜ਼ੀਆਂ ਨਾਲ ਵਾਤਾਵਰਣ ਨੂੰ ਪਲੀਤ ਕਰਨ ਵਾਲੀਆਂ ਸਾਡੀਆਂ ਗਲਤ ਆਦਤਾਂ ਬਾਰੇ ਵੀ ਵਿਸਥਾਰ ਵਿੱਚ ਸਮਝਾਉਣ ਦੀ ਕੋਸ਼ਿਸ਼ ਕੀਤੀ।ਮਹਿੰਦੀਰੱਤਾ ਨੇ ਉਨ੍ਹਾ ਨਾਲ ਸੁਸਾਇਟੀ ਦੇ ਮੈਂਬਰਾਂ ਦੇ ਤੌਰ 'ਤੇ ਪੁੱਜੇ ਵਰਿੰਦਰਪਾਲ ਸਿੰਘ ਅਰਨੇਜਾ ਤੇ ਮਾ. ਸੋਮਨਾਥ ਅਰੋੜਾ ਦੀ ਹਾਜ਼ਰੀ ਵਿੱਚ ਸੁਸਾਇਟੀ ਦੀਆਂ ਪ੍ਰਾਪਤੀਆਂ ਤੇ ਸੇਵਾ ਕਾਰਜਾਂ ਬਾਰੇ ਵੀ ਜ਼ਿਕਰ ਕੀਤਾ।

ਸਟੇਜ ਸੰਚਾਲਨ ਕਰਦਿਆਂ ਮਾ ਸੁਖਦਰਸ਼ਨ ਸਿੰਘ ਸਾਰਿਆਂ ਦੀ ਜਾਣ-ਪਛਾਣ ਕਰਵਾਉਂਦਿਆਂ ਮਹਿਮਾਨਾਂ ਨੂੰ ਜੀ ਆਇਆਂ ਆਖਿਆ, ਜਦਕਿ ਸਕੂਲ ਮੁਖੀ ਪ੍ਰਿੰਸੀਪਲ ਸਿਕੰਦਰ ਸਿੰਘ ਨੇ ਸੁਸਾਇਟੀ ਦਾ ਧੰਨਵਾਦ ਕਰਦਿਆਂ ਆਖਿਆ ਕਿ ਵਰਤਮਾਨ ਸਮੇਂ ਵਿੱਚ ਇਸ ਤਰ੍ਹਾਂ ਦੀਆਂ ਕੋਸ਼ਿਸ਼ਾਂ ਨਾਲ ਬੱਚਿਆਂ ਨੂੰ ਪਲੀਤ ਹੋ ਰਹੇ ਵਾਤਾਵਰਣ ਪ੍ਰਤੀ ਜਾਗਰੂਕ ਕਰਨਾ ਜ਼ਰੂਰੀ ਹੈ।ਸੁਸਾਇਟੀ ਵੱਲੋਂ ਬੱਚਿਆਂ ਨੂੰ ਜਾਗਰੂਕਤਾ ਵਾਲੀਆਂ ਬਹੁਮੁੱਲੀਆਂ ਕਾਪੀਆਂ ਵੀ ਵੰਡੀਆਂ ਗਈਆਂ।

# ਡਾ. ਅਰੋੜਾ ਨੇ ਸੜਕ 'ਤੇ ਪ੍ਰੀਮਿਕਸ ਪਾਉਣ ਦਾ ਕੰਮ ਸ਼ੁਰੂ ਕਰਵਾਇਆ

**ਮੋਗਾ (ਇਕਬਾਲ ਸਿੰਘ ਖਹਿਰਾ)**-ਦੁੱਨੇਕੇ ਵਿੱਚ 15 ਲੱਖ ਰੁਪਏ ਦੀ ਲਾਗਤ ਨਾਲ ਬਣ ਰਹੀਆਂ ਸੜਕਾਂ 'ਤੇ ਪ੍ਰੀਮਿਕਸ ਪਾਉਣ ਦੇ ਕੰਮ ਦਾ ਉਦਘਾਟਨ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਤੇ ਮੇਅਰ ਬਲਜੀਤ ਸਿੰਘ ਚਾਨੀ ਵੱਲੋਂ ਕੀਤਾ ਗਿਆ।ਇਸ ਮੌਕੇ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਕਿਹਾ ਕਿ ਮੋਗਾ ਨਗਰ ਨਿਗਮ ਅਧੀਨ ਆਉਂਦੇ ਦੁੱਨੇਕੇ ਇਲਾਕੇ ਨੂੰ ਪਿਛਲੀਆਂ ਸਰਕਾਰਾਂ ਨੇ ਹੁਣ ਤੱਕ ਅਣਗੌਲਿਆ ਕੀਤਾ ਸੀ, ਅੱਜ ਉਸ ਜਗ੍ਹਾ 'ਤੇ 15 ਲੱਖ ਰੁਪਏ ਦੀ ਲਾਗਤ ਨਾਲ ਸੜਕ 'ਤੇ ਪ੍ਰੀਮਿਕਸ ਪਾਉਣ ਦਾ ਕੰਮ ਸ਼ੁਰੂ ਕੀਤਾ ਗਿਆ।ਉਨ੍ਹਾਂ ਕਿਹਾ ਕਿ ਵਾਰਡ ਦੌਰਾਨ ਵਿਕਾਸ ਕਾਰਜ ਜਲਦੀ ਹੀ ਪੂਰੇ ਕਰ ਲਏ ਜਾਣਗੇ।ਇਸ ਮੌਕੇ ਵਾਰਡ ਵਾਸੀਆਂ ਨੇ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਤੇ ਮੇਅਰ ਬਲਜੀਤ ਸਿੰਘ ਚਾਨੀ ਦਾ ਮਠਿਆਈਆਂ ਤੇ ਸਿਰੋਪਾਓ ਦੇ ਕੇ ਧੰਨਵਾਦ ਕੀਤਾ।ਇਸ ਮੌਕੇ ਮਹਿੰਦਰ ਸਿੰਘ ਬਰਾੜ, ਦੀਪਾ ਦੁੱਨੇਕੇ, ਬੱਬੂ ਦੁੱਨੇਕੇ ਕੌਂਸਲਰ, ਆਮ ਆਦਮੀ ਪਾਰਟੀ ਦੇ ਵਲੰਟੀਅਰ ਤੇ ਇਲਾਕਾ ਨਿਵਾਸੀ ਮੌਜੂਦ ਸਨ।



# ਮੁਹੱਲੇ 'ਚ ਮੋਬਾਇਲ ਟਾਵਰ ਲੱਗਣ 'ਤੇ ਨਿਵਾਸੀਆਂ ਵੱਲੋਂ ਨਾਅਰੇਬਾਜ਼ੀ

## ਲੋਕਾਂ ਨਾਲ ਗੱਲਬਾਤ ਕਰਕੇ ਕੱਢਿਆ ਜਾਵੇਗਾ ਹੱਲ : ਅਧਿਕਾਰੀ



**ਧੂਰੀ (ਮੋਹਿਤ ਗਰਗ, ਬਿੰਨੀ ਗਰਗ, ਮਨੋਹਰ ਸਿੰਘ ਸੱਗੂ)**-ਸਥਾਨਕ ਸ਼ਹਿਰ ਦੇ ਭਲਵਾਨ ਵਾਲੇ ਅੱਡੇ ਵਿੱਚ ਇੱਕ ਦੁਕਾਨ ਦੀ ਛੱਤ 'ਤੇ ਲਗਾਏ ਜਾ ਰਹੇ ਮੋਬਾਇਲ ਟਾਵਰ ਨੂੰ ਲੈ ਕੇ ਇਲਾਕਾ ਨਿਵਾਸੀਆਂ ਵੱਲੋਂ ਭਾਰੀ ਰੋਸ ਪ੍ਰਗਟਾਇਆ ਗਿਆ।ਲੋਕਾਂ ਨੇ ਪ੍ਰਸ਼ਾਸਨ, ਦੁਕਾਨਦਾਰ ਅਤੇ ਮੋਬਾਇਲ ਕੰਪਨੀ ਦੇ ਅਧਿਕਾਰੀਆਂ ਵਿਰੁੱਧ ਨਾਅਰੇਬਾਜ਼ੀ ਕਰਦਿਆਂ ਟਾਵਰ ਦਾ ਕੰਮ ਤੁਰੰਤ ਰੋਕਣ ਦੀ ਮੰਗ ਕੀਤੀ।ਇਸ ਮੌਕੇ ਪੰਜਾਬ ਕਾਂਗਰਸ ਦੇ ਸਕੱਤਰ ਹੰਸ ਰਾਜ ਗੁਪਤਾ, ਅਪਿੰਦਰ ਸਿੰਘ ਸੋਢੀ, ਰਾਜੀ, ਬਿੱਟੂ ਤਲਵਾੜ, ਗੁਰਮੀਤ ਸਿੰਘ ਮੀਤਾ, ਹਨੀ ਲੋਮਸ ਤੇ ਸੋਨੂੰ ਨੇ ਦੱਸਿਆ ਕਿ ਰਹਾਇਸ਼ੀ ਇਲਾਕੇ ਵਿੱਚ ਟਾਵਰ ਲਗਾਉਣ ਤੋਂ ਪਹਿਲਾਂ ਵਾਰਡ ਵਾਸੀਆਂ ਨਾਲ ਸਲਾਹ-ਮਸ਼ਵਰਾ ਕੀਤਾ ਜਾਣਾ ਚਾਹੀਦਾ ਸੀ, ਪਰ ਦੁਕਾਨ ਮਾਲਕ ਨੇ ਚੁੱਪ-ਚੁਪੀਤੇ ਟਾਵਰ ਲਗਾ ਦਿੱਤਾ।ਉਨ੍ਹਾਂ ਕਿਹਾ ਕਿ ਮੋਬਾਇਲ ਟਾਵਰ ਦੀਆਂ ਕਿਰਨਾਂ ਇਨਸਾਨੀ ਸਿਹਤ ਉੱਪਰ ਨਕਾਰਾਤਮਕ ਅਸਰ ਪਾ ਸਕਦੀਆਂ ਹਨ, ਇਸ ਲਈ ਮੁਹੱਲੇ ਦੇ ਲੋਕ ਇਸ ਨੂੰ ਕਦੇ ਵੀ ਬਰਦਾਸ਼ਤ ਨਹੀਂ ਕਰਨਗੇ।

ਇਲਾਕਾ ਵਾਸੀਆਂ ਨੇ ਕਿਹਾ ਕਿ ਉਹ ਪਹਿਲਾਂ ਹੀ ਇਸ ਮਸਲੇ ਬਾਰੇ ਪੁਲਸ ਪ੍ਰਸ਼ਾਸਨ ਤੇ ਨਗਰ ਕੌਂਸਲ ਦੇ ਕਾਰਜ ਸਾਧਕ ਅਫਸਰ ਨੂੰ ਸੂਚਿਤ ਕਰ ਚੁੱਕੇ ਹਨ, ਪਰ ਇਸ ਦੇ ਬਾਵਜੂਦ ਟਾਵਰ ਲਗਾਉਣ ਦਾ ਕੰਮ ਨਹੀਂ ਰੁਕਿਆ।ਉਨ੍ਹਾਂ ਰੋਸ ਜ਼ਾਹਰ ਕਰਦਿਆਂ ਕਿਹਾ ਕਿ ਧੂਰੀ ਸ਼ਹਿਰ ਵਿੱਚ ਆਮ ਲੋਕਾਂ ਦੀ ਕੋਈ ਸੁਣਵਾਈ ਨਹੀਂ ਹੋ ਰਹੀ।ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਇਹ ਟਾਵਰ ਜਲਦੀ ਕਿਸੇ ਹੋਰ ਥਾਂ ਸ਼ਿਫਟ ਨਾ ਕੀਤਾ ਗਿਆ ਤਾਂ ਉਹ ਵੱਡਾ ਸੰਘਰਸ਼ ਕਰਨ ਲਈ ਮਜਬੂਰ ਹੋਣਗੇ।

ਦੂਜੇ ਪਾਸੇ, ਦੁਕਾਨ ਮਾਲਕ ਕਾਲਾ ਨੇ ਆਪਣਾ ਪੱਖ ਰੱਖਦਿਆਂ ਕਿਹਾ ਕਿ ਉਸ ਨੇ ਟਾਵਰ ਲਗਾਉਣ ਤੋਂ ਪਹਿਲਾਂ ਸਾਰੀਆਂ ਲਾਜ਼ਮੀ ਮਨਜ਼ੂਰੀਆਂ ਪ੍ਰਾਪਤ ਕੀਤੀਆਂ ਹਨ ਤੇ ਇਹ ਕੰਮ ਕਾਨੂੰਨ ਅਨੁਸਾਰ ਕੀਤਾ ਜਾ ਰਿਹਾ ਹੈ।ਮੋਬਾਇਲ ਕੰਪਨੀ ਵੱਲੋਂ ਅਧਿਕਾਰੀ ਜਗਦੀਪ ਸਿੰਘ ਨੇ ਕਿਹਾ ਕਿ ਉਹ ਜਲਦੀ ਹੀ ਇਲਾਕਾ ਨਿਵਾਸੀਆਂ ਨਾਲ ਗੱਲਬਾਤ ਕਰਕੇ ਮਸਲੇ ਦਾ ਹੱਲ ਕੱਢਣ ਦੀ ਕੋਸ਼ਿਸ਼ ਕਰਨਗੇ।ਇਸੇ ਤਰ੍ਹਾਂ ਪੁਲਸ ਅਧਿਕਾਰੀ ਪਰਮਜੀਤ ਸਿੰਘ ਨੇ ਵੀ ਭਰੋਸਾ ਦਿਵਾਇਆ ਕਿ ਦੋਵੇਂ ਪੱਖਾਂ ਦੀ ਮੀਟਿੰਗ ਬੁਲਾਈ ਜਾਵੇਗੀ, ਤਾਂ ਜੋ ਮਾਮਲੇ ਨੂੰ ਸ਼ਾਂਤੀਪੂਰਵਕ ਨਿਪਟਾਇਆ ਜਾ ਸਕੇ।ਮੁਹੱਲੇ ਦੇ ਲੋਕਾਂ ਨੇ ਸਪੱਸ਼ਟ ਕੀਤਾ ਕਿ ਉਹ ਕਿਸੇ ਵੀ ਹਾਲਤ ਵਿੱਚ ਆਪਣੀ ਸਿਹਤ ਨਾਲ ਖਿਲਵਾੜ ਨਹੀਂ ਹੋਣ ਦੇਣਗੇ ਤੇ ਜੇਕਰ ਪ੍ਰਸ਼ਾਸਨ ਵੱਲੋਂ ਤੁਰੰਤ ਕਾਰਵਾਈ ਨਾ ਕੀਤੀ ਗਈ ਤਾਂ ਸੰਘਰਸ਼ ਹੋਰ ਤੇਜ਼ ਕੀਤਾ ਜਾਵੇਗਾ।

# ਮੇਹਰ ਸਿੰਘ ਵਾਲਾ ਵਿਖੇ ਮੁਫਤ ਮੈਡੀਕਲ ਤੇ ਖ਼ੂਨਦਾਨ ਕੈਂਪ ਲਗਾਇਆ



**ਜ਼ੀਰਾ (ਨਰਿੰਦਰ ਅਨੇਜਾ)**-ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਵੱਲੋਂ ਗੁਰਦੁਆਰਾ ਸ਼ੀਹਣੀ ਸਾਹਿਬ ਪਿੰਡ ਮੇਹਰ ਸਿੰਘ ਵਾਲਾ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਤ ਧਾਰਮਿਕ ਪ੍ਰੋਗਰਾਮ ਮੌਕੇ ਫ੍ਰੀ ਮੈਡੀਕਲ ਕੈਂਪ ਤੇ ਸਾਂਝ ਬਲੱਡ ਵੈੱਲਫੇਅਰ ਕਲੱਬ ਫ਼ਰੀਦਕੋਟ, ਦੀਪ ਬਲੱਡ ਬੈਂਕ ਫ਼ਰੀਦਕੋਟ ਦੇ ਸਹਿਯੋਗ ਨਾਲ ਖ਼ੂਨਦਾਨ ਕੈਂਪ ਲਗਾਇਆ ਗਿਆ।ਕੈਂਪ ਵਿੱਚ ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਦੇ ਸਤਿਕਾਰਯੋਗ ਪਿਤਾ ਤਰਸੇਮ ਸਿੰਘ ਨੇ ਪਹੁੰਚ ਕੇ ਸ਼ਲਾਘਾ ਕਰਦਿਆਂ ਕਿਹਾ ਅਜਿਹੇ ਸਮਾਜ ਭਲਾਈ ਦੇ ਕਾਰਜਾਂ ਦੀ ਸਾਡੇ ਸਮਾਜ ਨੂੰ ਬਹੁਤ ਲੋੜ ਹੈ।ਕੈਂਪ ਦੇ ਪ੍ਰਬੰਧਕਾਂ ਤੇ ਖ਼ੂਨ ਦਾਨ ਕਰਨ ਵਾਲੇ ਦਾਨੀਆਂ ਦਾ ਧੰਨਵਾਦ ਕਰਦਿਆਂ ਉਤਸ਼ਾਹਤ ਕੀਤਾ।ਕੈਂਪ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚੇ ਗੁਰਦੁਆਰਾ ਸ਼ੀਹਣੀ ਸਾਹਿਬ ਦੇ ਮੁੱਖ ਸੇਵਾਦਾਰ ਬਾਬਾ ਗੁਰਸੇਵਕ ਸਿੰਘ ਨੇ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਮਨੁੱਖਤਾ ਦੀ ਸੇਵਾ ਕਰਨਾ ਸਾਡਾ ਮੁੱਖ ਧਰਮ ਹੈ।ਸਾਡਾ ਧਰਮ ਸਾਨੂੰ ਸਿੱਖਿਆ ਦਿੰਦਾ ਹੈ ਕਿ ਅਸੀਂ ਦੀਨ ਦੁਖੀਆਂ ਤੇ ਸਮਾਜ ਭਲਾਈ ਦੇ ਕਾਰਜ ਕਰਦੇ ਰਹੀਏ।ਕੈਂਪ ਵਿੱਚ 170 ਦੇ ਕਰੀਬ ਮਰੀਜ਼ਾਂ ਦਾ ਚੈੱਕਅਪ ਕਰਕੇ ਫ੍ਰੀ ਦਵਾਈਆਂ ਦਿੱਤੀਆਂ ਗਈਆਂ ਤੇ ਵੱਡੀ ਗਿਣਤੀ ਵਿੱਚ ਖ਼ੂਨ ਦਾਨੀਆਂ ਨੇ ਕੈਂਪ ਵਿੱਚ ਪਹੁੰਚ ਕੇ ਸਮਾਜ ਭਲਾਈ ਦਾ ਕੰਮ ਕਰਦੇ ਹੋਏ ਖ਼ੂਨ ਦਾਨ ਕੀਤਾ।ਇਸ ਕੈਂਪ ਵਿੱਚ ਜ਼ਿਲ੍ਹਾ ਸਕੱਤਰ ਡਾਕਟਰ ਸੰਤੋਖ ਸਿੰਘ ਤੋਂ ਇਲਾਵਾ ਸੀਨੀਅਰ ਮੀਤ ਪ੍ਰਧਾਨ ਡਾਕਟਰ ਅਜਮੇਰ ਸਿੰਘ ਢੇਰੂ, ਸੀਨੀਅਰ ਆਗੂ ਡਾਕਟਰ ਵਿਜੇ ਕੁਮਾਰ, ਡਾਕਟਰ ਨਾਰਾਇਣ ਸਿੰਘ, ਡਾਕਟਰ ਕੁਲਵੰਤ ਸਿੰਘ, ਡਾਕਟਰ ਗੁਰਜੰਟ ਸਿੰਘ ਤੇ ਲੋਕ ਭਲਾਈ ਆਰਮੀ ਕੋਟ ਕਰੋੜ ਦੇ ਗੁਰਪ੍ਰੀਤ ਸਿੰਘ ਵੱਲੋਂ ਸੇਵਾ ਨਿਭਾਈ ਗਈ।

# ਇੱਕ ਕੁਇੰਟਲ ਭੁੱਕੀ ਸਮੇਤ ਤਿੰਨ ਗ੍ਰਿਫ਼ਤਾਰ



**ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**
ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਤੇ ਡੀਜੀਪੀ ਗੌਰਵ ਯਾਦਵ ਦੇ ਦਿਸ਼ਾ-ਨਿਰਦੇਸ਼ਾਂ ਹੇਠ ਜ਼ਿਲ੍ਹਾ ਨਸ਼ਿਆਂ ਖਿਲਾਫ਼ ਚਲਾਈ ਜਾ ਰਹੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਸਾਰਥਿਕ ਨਤੀਜੇ ਸਾਹਮਣੇ ਆ ਰਹੇ ਹਨ। ਜ਼ਿਲ੍ਹਾ ਪੁਲਸ ਮੁਖੀ ਸ਼ੁਭਮ ਅਗਰਵਾਲ ਦੀਆਂ ਹਦਾਇਤਾਂ ਉੱਤੇ ਐਸ.ਪੀ (ਡੀ) ਰਾਕੇਸ਼ ਕੁਮਾਰ ਯਾਦਵ ਨੇ ਦੱਸਿਆ ਕਿ ਸੀ.ਆਈ.ਏ ਸਟਾਫ ਸਰਹਿੰਦ ਦੀ ਪੁਲਿਸ ਟੀਮ ਨੇ ਤਿੰਨ ਜਣਿਆਂ ਨੂੰ ਇੱਕ ਕੁਇੰਟਲ ਭੁੱਕੀ ਚੂਰਾ ਪੋਸਤ ਸਮੇਤ ਗ੍ਰਿਫਤਾਰ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ।ਐਸ.ਪੀ ਰਾਕੇਸ਼ ਕੁਮਾਰ ਯਾਦਵ ਨੇ ਦੱਸਿਆ ਕਿ ਉਪ ਕਪਤਾਨ ਪੁਲਿਸ (ਇਨਵੈਸਟੀਗੇਸ਼ਨ) ਨਿਖਿਲ ਗਰਗ ਤੇ ਸੀਆਈਏ ਸਰਹਿੰਦ ਦੇ ਇੰਚਾਰਜ ਇੰਸਪੈਕਟਰ ਸਰਬਜੀਤ ਸਿੰਘ ਦੀ ਅਗਵਾਈ ਹੇਠ ਗ੍ਰਿਫਤਾਰ ਕੀਤੇ ਗਏ ਇਹਨਾਂ ਵਿਅਕਤੀਆਂ ਵਿੱਚ ਇੱਕ ਮਹਿਲਾ ਵੀ ਸ਼ਾਮਿਲ ਹੈ।

ਐਸ.ਪੀ ਰਾਕੇਸ਼ ਕੁਮਾਰ ਯਾਦਵ ਨੇ ਦੱਸਿਆ ਕਿ 20.08.2025 ਦੀ ਰਾਤ ਨੂੰ ਸੀ.ਆਈ.ਏ ਸਰਹਿੰਦ ਦੀ ਟੀਮ ਨੇ ਦਾਣਾ ਮੰਡੀ ਸਰਹਿੰਦ ਵਿੱਚੋਂ ਸੰਜੀਵ ਕੁਮਾਰ ਵਾਸੀ ਪਿੰਡ ਲੱਖਾ ਸਿੰਘ ਵਾਲਾ ਥਾਣਾ ਮਮਦੋਟ ਜ਼ਿਲ੍ਹਾ ਫ਼ਿਰੋਜ਼ਪੁਰ, ਉਜਵਲ ਗੁਪਤਾ ਵਾਸੀ ਨਵੀਨ ਨਗਰ ਓਜਪੁਰਾ ਥਾਣਾ ਸਦਰ ਸਹਾਰਨਪੁਰ ਯੂ.ਪੀ ਅਤੇ ਇੱਕ ਔਰਤ ਸਿਮਰਨ ਉਰਫ ਸੋਨੀ ਵਾਸੀ ਨੇੜੇ ਪੰਜਾਬੀ ਬਾਗ ਸਹਾਰਨਪੁਰ ਯੂ.ਪੀ ਨੂੰ ਮੁਖਬਰੀ ਦੇ ਅਧਾਰ 'ਤੇ ਕਾਬੂ ਕੀਤਾ। ਉਨ੍ਹਾਂ ਦੱਸਿਆ ਕਿ ਇਨ੍ਹਾਂ ਤਿੰਨਾਂ ਦੇ ਕਬਜ਼ੇ ਵਿਚਲੇ ਚਾਰ ਥੈਲਿਆਂ ਦੀ ਤਲਾਸ਼ੀ ਕਰਨ ਉਪਰੰਤ ਚਾਰੋਂ ਥੈਲੇ ਭੁੱਕੀ ਚੂਰਾ ਪੋਸਤ ਨਾਲ ਭਰੇ ਹੋਣੇ ਪਾਏ ਗਏ, ਜੋ ਭੁੱਕੀ ਚੂਰਾ ਪੋਸਤ ਦਾ ਕੁੱਲ ਵਜਨ 01 ਕੁਇੰਟਲ (100 ਕਿੱਲੋਗ੍ਰਾਮ) ਹੋਇਆ।ਉਨ੍ਹਾਂ ਦੱਸਿਆ ਕਿ ਇਨ੍ਹਾਂ ਤਿੰਨਾਂ ਦੇ ਖਿਲਾਫ਼ ਮੁਕੱਦਮਾ ਨੰਬਰ 152 ਮਿਤੀ 21.08.2025 ਅ /ਧ 15ਸੀ/61/85 ਐਨਡੀਪੀਐਸ ਐਕਟ ਥਾਣਾ ਸਰਹੰਦ ਦਰਜ ਕਰਾਇਆ ਜਾ ਚੁੱਕਾ ਸੀ।

ਐਸ.ਪੀ ਰਾਕੇਸ਼ ਕੁਮਾਰ ਯਾਦਵ ਨੇ ਦੱਸਿਆ ਕਿ ਮੁੱਢਲੀ ਪੁੱਛਗਿੱਛ ਦੌਰਾਨ ਗੱਲ ਸਾਹਮਣੇ ਆਈ ਕਿ ਇਹ ਤਿੰਨੋ ਦੋਸ਼ੀ ਮੱਧ ਪ੍ਰਦੇਸ਼ ਤੋਂ ਸਮਗਲਿੰਗ ਕਰਕੇ ਭੁੱਕੀ ਲੈ ਕੇ ਆਉਂਦੇ ਹਨ, ਜੋ ਪੰਜਾਬ ਦੇ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ, ਲੁਧਿਆਣਾ ਤੇ ਮੋਹਾਲੀ ਵਿੱਚ ਸਪਲਾਈ ਕਰਦੇ ਹਨ।ਉਨ੍ਹਾਂ ਦੱਸਿਆ ਕਿ ਕਥਿਤ ਦੋਸ਼ੀ ਕਾਫੀ ਲੰਬੇ ਅਰਸੇ ਤੋਂ ਇਹ ਧੰਦਾ ਕਰਦੇ ਆ ਰਹੇ ਹਨ ਤੇ ਇਨ੍ਹਾਂ ਵਿੱਚੋਂ ਕਥਿਤ ਦੋਸ਼ਣ ਸਿਮਰਨ ਉਰਫ ਸੋਨੀ 'ਤੇ ਪਹਿਲਾਂ ਵੀ ਸਾਲ 2021 ਵਿੱਚ ਭੁੱਕੀ ਦਾ ਮੁਕੱਦਮਾ ਦਰਜ ਹੈ, ਪ੍ਰੰਤੂ ਜੇਲ੍ਹ ਤੋਂ ਬਾਹਰ ਆ ਕੇ ਵੀ ਇਸ ਨੇ ਆਪਣਾ ਭੁੱਕੀ ਵੇਚਣ ਦਾ ਧੰਦਾ ਜਾਰੀ ਰੱਖਿਆ।

# ਡੀ ਟੀ ਐੱਫ਼ ਵੱਲੋਂ ਅਧਿਆਪਕਾਂ ਦੀਆਂ ਬਦਲੀਆਂ 'ਚ ਵੱਡੀ ਹੇਰਾਫੇਰੀ ਦਾ ਦੋਸ਼



**ਬੱਧਨੀ ਕਲਾਂ (ਲਵਲੀ ਕੁਮਾਰ)**-ਸਿੱਖਿਆ ਵਿਭਾਗ ਪੰਜਾਬ ਨੇ ਅਧਿਆਪਕਾਂ ਲਈ ਬਣਾਈ ਬਦਲੀ ਨੀਤੀ ਸਵਾਲਾਂ ਦੇ ਘੇਰੇ ਵਿੱਚ ਆ ਗਈ ਹੈ। 22 ਅਗਸਤ ਨੂੰ ਜਾਰੀ ਹੋਏ ਅਧਿਆਪਕਾਂ ਦੀਆਂ ਬਦਲੀਆਂ ਦੇ ਆਰਡਰ ਦੇਖ ਕੇ ਕਈ ਅਧਿਆਪਕ ਹੱਕੇ ਬੱਕੇ ਰਹਿ ਗਏ, ਕਿਉਂਕਿ ਇਸ ਵਿੱਚ ਵੱਡੇ ਪੱਧਰ 'ਤੇ ਸਿਫਾਰਸਾਂ ਤੇ ਪੈਸੇ ਦੇ ਲੈਣ ਦੇਣ ਕਰਕੇ ਬਦਲੀਆਂ ਹੋਈਆਂ ਹਨ।

ਅਧਿਆਪਕਾਂ ਦੀ ਨੁਮਾਇੰਦਾ ਜਥੇਬੰਦੀ ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਪੰਜਾਬ ਦੇ ਸੂਬਾ ਪ੍ਰਧਾਨ ਦਿਗਵਿਜੇਪਾਲ ਸ਼ਰਮਾ ਤੇ ਜ਼ਿਲ੍ਹਾ ਮੋਗਾ ਦੇ ਪ੍ਰਧਾਨ ਸੁਖਪਾਲਜੀਤ ਸਿੰਘ, ਜ਼ਿਲ੍ਹਾ ਸਕੱਤਰ ਜਗਵੀਰਨ ਕੌਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਪਿਛਲੇ ਦੋ- ਢਾਈ ਮਹੀਨੇ ਤੋਂ ਬਦਲੀਆਂ ਦੀ ਪ੍ਰਕਿਰਿਆ ਚਲਾਉਣ ਤੋਂ ਬਾਅਦ ਜਦ ਹੁਣ ਬਦਲੀਆਂ ਦੇ ਆਰਡਰ ਆਏ ਤਾਂ ਬਹੁਤ ਸਾਰੇ ਅਜਿਹੇ ਸਟੇਸ਼ਨ ਤੇ ਸਿਫਾਰਸ਼ ਨਾਲ ਬਦਲੀਆਂ ਹੋ ਗਈਆਂ, ਜੋ ਸਟੇਸ਼ਨ ਸ਼ੋ ਹੀ ਨਹੀਂ ਸਨ ਕੀਤੇ, ਕਈ ਅਧਿਆਪਕਾਂ ਦੇ ਗੰਭੀਰ ਬਿਮਾਰੀਆਂ ਤੋਂ ਪੀੜਤ ਹੋਣ ਦੇ ਬਾਵਜੂਦ ਉਨ੍ਹਾਂ ਦੀ ਖਾਲੀ ਸਟੇਸ਼ਨ ਤੇ ਬਦਲੀ ਨਹੀਂ ਹੋਈ। ਮੈਰਿਟ ਦੇ ਅਧਾਰ 'ਤੇ ਬਦਲੀਆਂ ਕਰਨ ਲਈ ਬਣੀ ਬਦਲੀ ਨੀਤੀ ਵਿੱਚ ਕਿਸੇ ਵੀ ਅਧਿਆਪਕ ਦੀ ਮੈਰਿਟ ਸ਼ੋ ਨਹੀਂ ਕੀਤੀ ਗਈ। ਅਧਿਆਪਕ ਆਗੂਆਂ ਨੇ ਕਿਹਾ ਕਿ ਸਰਕਾਰ ਨੇ ਆਪਣੇ ਚਹੇਤਿਆਂ ਨੂੰ ਸੈੱਟ ਕਰਨ ਲਈ ਬਹੁਤ ਸਾਰੇ ਸਟੇਸ਼ਨ ਪਹਿਲਾਂ ਸਟੇਸ਼ਨ ਚੁਆਇਸ ਵੇਲੇ ਦਿਖਾਏ ਹੀ ਨਹੀਂ ਤੇ ਆਨਲਾਈਨ ਬਦਲੀ ਨੀਤੀ ਤੋੜ ਕੇ ਸ਼ਹਿਰਾਂ ਦੇ ਸਕੂਲਾਂ ਦੀਆਂ ਖਾਲੀ ਪੋਸਟਾਂ ਬਦਲੀਆਂ ਕਰ ਦਿੱਤੀਆਂ।ਜਥੇਬੰਦੀ ਦੇ ਸੀਨੀਅਰ ਮੀਤ ਪ੍ਰਧਾਨ ਸੁਖਵਿੰਦਰ ਸਿੰਘ ਘੋਲੀਆ, ਮੀਤ ਪ੍ਰਧਾਨ ਸਵਰਨਦਾਸ, ਜ਼ਿਲ੍ਹਾ ਪ੍ਰੈੱਸ ਸਕੱਤਰ ਗੁਰਮੀਤ ਸਿੰਘ ਝੋਰੜਾ ਨੇ ਦੱਸਿਆ ਕਿ ਅਧਿਆਪਕਾਂ ਵੱਲੋਂ ਪਹਿਲੇ ਤੇ ਦੂਜੇ ਨੰਬਰ 'ਤੇ ਚੁਆਇਸ ਦੇਣ ਦੇ ਬਾਵਜੂਦ ਉਨ੍ਹਾਂ ਨੂੰ ਤੀਜੇ ਜਾਂ ਚੌਥੇ ਸਟੇਸ਼ਨ 'ਤੇ ਆਰਡਰ ਕਰ ਦਿੱਤੇ ਗਏ। ਉਨ੍ਹਾਂ ਦੱਸਿਆ ਕਿ ਪੂਰੇ ਪੰਜਾਬ ਵਿੱਚ ਪੀ ਟੀ ਆਈ ਅਧਿਆਪਕਾਂ ਦੀ ਇੱਕ ਵੀ ਬਦਲੀ ਨਹੀਂ ਹੋਈ ਹਾਲਾਂਕਿ ਉਨ੍ਹਾਂ ਨੂੰ ਸਟੇਸ਼ਨ ਚੁਆਇਸ ਕਰਵਾਈ ਗਈ ਸੀ। ਜ਼ਿਲ੍ਹਾ ਸੰਯੁਕਤ ਸਕੱਤਰ ਅਮਨਦੀਪ ਮਾਛੀਕੇ, ਜ਼ਿਲ੍ਹਾ ਵਿੱਤ ਸਕੱਤਰ ਗੁਰਸ਼ਰਨ ਸਿੰਘ ਨੇ ਦੱਸਿਆ ਕਿ ਸਰਕਾਰੀ ਹਾਈ ਸਕੂਲ ਗਿੱਲਪੱਤੀ (ਜ਼ਿਲ੍ਹਾ ਬਠਿੰਡਾ) ਵਿਖੇ ਤਾਇਨਾਤ ਵਿਧਵਾ ਕੈਟਾਗਰੀ ਅਧੀਨ ਆਉਣ ਵਾਲੀ ਅਧਿਆਪਕਾ ਨੂੰ 16 ਅਗਸਤ ਨੂੰ ਕਰਵਾਈ ਸਟੇਸ਼ਨ ਚੋਣ ਸਮੇਂ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਮਾਲ ਰੋਡ ਬਠਿੰਡਾ ਤੇ ਸਰਕਾਰੀ ਹਾਈ ਸਕੂਲ ਚੰਦਸਰ ਬਸਤੀ ਬਠਿੰਡਾ ਦਿਖਾਏ ਗਏ।ਫਿਰ ਪਹਿਲਾਂ ਵਾਲੀ ਸਟੇਸ਼ਨ ਚੋਣ ਰੱਦ ਕਰਕੇ ਹੁਣ ਹੋਈਆਂ ਬਦਲੀਆਂ ਵਿੱਚ ਇਹ ਦੋਵੇਂ ਸਟੇਸ਼ਨ ਛੁਪਾ ਲਏ, ਜਿਸ ਕਾਰਨ ਕਿਸੇ ਵੀ ਅਧਿਆਪਕ ਨੂੰ ਉਕਤ ਸਟੇਸ਼ਨਾਂ ਦੀ ਚੁਆਇਸ ਹੀ ਉਪਲੱਬਧ ਨਹੀਂ ਹੋਈ, ਪਰ ਹੈਰਾਨੀਜਨਕ ਪੱਖ ਇਹ ਹੈ ਕਿ 22 ਅਗਸਤ ਨੂੰ ਜਾਰੀ ਬਦਲੀਆਂ ਵਿੱਚ ਪਹਿਲਾਂ ਛੁਪਾਏ ਗਏ ਇਹ ਦੋਵੇਂ ਸਟੇਸ਼ਨਾਂ ਤੇ ਆਪਣੇ ਚਹੇਤੇ ਅਧਿਆਪਕਾਂ ਦੀਆਂ ਬਦਲੀਆਂ ਕਰ ਦਿੱਤੀਆਂ ਗਈਆਂ। ਇਹ ਸਰਾਸਰ ਧੱਕਾ ਤੇ ਆਨਲਾਈਨ ਬਦਲੀ ਦੀ ਆੜ ਹੇਠ ਇੱਕ ਵਿਧਵਾ ਨਾਲ ਧੋਖਾ ਕੀਤਾ ਗਿਆ।ਇੱਥੇ ਹੀ ਬੱਸ ਨਹੀਂ ਮਾਨਸਾ ਜ਼ਿਲ੍ਹੇ ਦੇ ਮੂਸਾ ਸਕੂਲ ਦੇ ਲਾਇਬ੍ਰੇਰੀਅਨ ਬਲਵਿੰਦਰ ਸਿੰਘ ਆਪਣੇ ਬੱਚੇ ਦੀ ਗੰਭੀਰ ਬਿਮਾਰੀ ਕਾਰਨ ਸਪੈਸ਼ਲ ਕੈਟਾਗਰੀ 'ਚ ਬਦਲੀ ਫੱਤਾ ਮਲੋਕਾ ਸਕੂਲ ਵਿੱਚ ਅਪਲਾਈ ਕੀਤੀ, ਪਰ ਉਸ ਦੀ ਬਦਲੀ ਨਹੀਂ ਕੀਤੀ, ਹਾਲਾਂਕਿ ਉਹ ਸਟੇਸ਼ਨ ਖਾਲੀ ਹੀ ਪਿਆ ਹੈ। ਆਗੂਆਂ ਨੇ ਸ਼ੱਕ ਜ਼ਾਹਰ ਕਰਦਿਆਂ ਕਿਹਾ ਕਿ ਆਉਣ ਵਾਲੇ ਅੰਤਰ ਜ਼ਿਲ੍ਹਾ ਰਾਊਂਡ ਵਿੱਚ ਵੀ ਵੱਡੇ ਪੱਧਰ 'ਤੇ ਧਾਂਦਲੀਆ ਹੋਣ ਦਾ ਅੰਦੇਸ਼ਾ ਹੈ।ਆਗੂਆਂ ਨੇ ਦੱਸਿਆ ਕਿ ਇੱਕ ਇੱਕ ਸਟੇਸ਼ਨ ਤੇ ਦੋ ਦੋ ਅਧਿਆਪਕਾਂ ਦੀਆਂ ਬਦਲੀਆਂ ਹੋਣ ਦਾ ਮਾਮਲਾ ਵੀ ਸਾਹਮਣੇ ਆਇਆ ਹੈ। ਇਸ ਤੋ ਇਲਾਵਾ ਡੀ ਪੀ ਈ ਅਧਿਆਪਕਾਂ ਬਹੁਤ ਖਾਲੀ ਸਟੇਸ਼ਨ ਸ਼ੋ ਹੀ ਨਹੀਂ ਕੀਤੇ ਗਏ ਮਾਨਸਾ ਜ਼ਿਲ੍ਹਾ ਦੇ ਖਿਆਲਾ, ਜੋਗਾ, ਰੱਲਾ, ਭੈਣੀ ਬਾਘਾ ਤੇ ਫੱਤਾ ਮਲੋਕਾ ਵਰਗੇ ਵੱਡੇ ਸਕੂਲਾਂ ਵਿੱਚ ਡੀ ਪੀ ਈ ਦੀ ਪੋਸਟ ਸ਼ੋ ਨਹੀਂ ਕੀਤੀ ਗਈ। ਉਨ੍ਹਾਂ ਮੰਗ ਕੀਤੀ ਕਿ 7-7 ਸਾਲ ਬਾਹਰਲੇ ਜ਼ਿਲ੍ਹਿਆਂ 'ਚ ਬੈਠੇ ਡੀ ਪੀ ਈ ਅਧਿਆਪਕਾਂ ਦੀਆਂ ਬਦਲੀਆਂ ਖਾਲੀ ਸਟੇਸ਼ਨ 'ਤੇ ਕੀਤੀਆਂ ਜਾਣ।

ਜਥੇਬੰਦੀ ਦੇ ਆਗੂਆਂ ਨੇ ਕਿਹਾ ਕਿ ਉਪਰੋਕਤ ਤੱਥਾਂ ਨਾਲ ਸਿੱਖਿਆ ਵਿਭਾਗ ਦੀ ਬਦਲੀ ਨੀਤੀ ਸਵਾਲਾਂ ਦੇ ਘੇਰੇ ਵਿੱਚ ਆ ਗਈ ਹੈ। ਉਨ੍ਹਾਂ ਮੰਗ ਕੀਤੀ ਕਿ ਸਿਫਾਰਸ਼ੀ ਤੇ ਗਲਤ ਢੰਗ ਨਾਲ ਕੀਤੀਆਂ ਬਦਲੀਆਂ ਤੁਰੰਤ ਰੱਦ ਕਰਕੇ ਲੋੜਵੰਦ ਤੇ ਯੋਗ ਅਧਿਆਪਕਾਂ ਦੀਆਂ ਬਦਲੀਆਂ ਕੀਤੀਆਂ ਜਾਣ, ਨਹੀਂ ਤਾਂ ਜਥੇਬੰਦੀ ਨੂੰ ਸੰਘਰਸ਼ ਕਰਨ ਲਈ ਮਜਬੂਰ ਹੋਣਾ ਪਵੇਗਾ। ਇਸ ਸਮੇਂ ਜਗਜੀਤ ਸਿੰਘ ਰਣੀਆਂ, ਅਮਰਦੀਪ ਸਿੰਘ ਬੁੱਟਰ, ਸਵਰਨਜੀਤ ਭਗਤਾ, ਨਰਿੰਦਰ ਸਿੰਘ, ਪ੍ਰੇਮ ਸਿੰਘ, ਦੀਪਕ ਮਿੱਤਲ, ਮਧੂ ਬਾਲਾ, ਮਮਤਾ ਕੌਸ਼ਲ ਆਦਿ ਜ਼ਿਲ੍ਹਾ ਕਮੇਟੀ ਮੈਂਬਰ ਹਾਜ਼ਰ ਸਨ।

# ਵੋਟ ਚੋਰਾਂ ਦੇ ਹੱਥ ਦੇਸ਼ ਦਾ ਸੰਵਿਧਾਨ ਤੇ ਲੋਕਤੰਤਰ ਸੁਰੱਖਿਅਤ ਨਹੀਂ : ਡਾਲਵੀ

## ਮਦਨ ਜਲਾਲਪੁਰ ਦੀ ਅਗਵਾਈ ਹੇਠ ਘਨੌਰ 'ਚ ਕਾਂਗਰਸ ਦੀ ਵਿਸ਼ਾਲ ਰੈਲੀ




**ਪਟਿਆਲਾ, ਘਨੌਰ (ਰਾਜਿੰਦਰ ਥਿੰਦ)**
ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਵੱਲੋਂ 2027 ਦੀਆਂ ਵਿਧਾਨ ਸਭਾ ਚੋਣਾਂ ਦਾ ਆਗਾਜ਼ ਕਰ ਦਿੱਤਾ ਗਿਆ ਹੈ, ਜਿਸ ਦੇ ਤਹਿਤ ਪੰਜਾਬ ਕਾਂਗਰਸ ਦੇ ਸਹਿ-ਇੰਚਾਰਜ ਤੇ ਸਕੱਤਰ ਆਲ ਇੰਡੀਆ ਕਾਂਗਰਸ ਕਮੇਟੀ ਰਵਿੰਦਰ ਉਤਮ ਰਾਓ ਡਾਲਵੀ ਵੱਲੋਂ ਪੰਜਾਬ ਦੇ ਸਾਰੇ ਵਿਧਾਨ ਸਭਾ ਹਲਕਿਆਂ ਦਾ ਦੌਰਾ ਕਰਕੇ ਕਾਂਗਰਸ ਦੇ ਬਲਾਕ ਪ੍ਰਧਾਨਾਂ, ਵਰਕਰਾਂ ਤੇ ਅਹੁਦੇਦਾਰਾਂ ਨੂੰ ਸੰਬੋਧਨ ਕੀਤਾ ਜਾ ਰਿਹਾ ਹੈ, ਜਿਸ ਦੀ ਕੜੀ ਵਜੋਂ ਵਿਧਾਨ ਸਭਾ ਹਲਕਾ ਘਨੌਰ ਤੋਂ ਕਾਂਗਰਸ ਦੇ ਹਲਕਾ ਇੰਚਾਰਜ, ਸਾਬਕਾ ਸਾਬਕਾ ਵਿਧਾਇਕ ਮਦਨ ਲਾਲ ਜਲਾਲਪੁਰ ਦੀ ਅਗਵਾਈ ਹੇਠ ਘਨੌਰ ਵਿਖੇ ਕਾਂਗਰਸ ਪਾਰਟੀ ਵੱਲੋਂ ਇਕ ਵਿਸ਼ਾਲ ਮੀਟਿੰਗ ਕੀਤੀ ਗਈ, ਜਿਸ ਵਿੱਚ ਹਲਕੇ ਦੇ ਸਮੂਹ ਬਲਾਕ ਪ੍ਰਧਾਨਾਂ, ਅਹੁਦੇਦਾਰਾਂ ਤੇ ਕਾਂਗਰਸੀ ਵਰਕਰਾਂ ਵੱਲੋਂ ਬੜੇ ਜ਼ੋਰ-ਸ਼ੋਰ ਨਾਲ ਸ਼ਮੂਲੀਅਤ ਕੀਤੀ ਗਈ।ਡਾਲਵੀਆ ਨੇ ਕਿਹਾ ਕਿ ਦੇਸ਼ ਭਰ ਵਿੱਚ ਕਾਂਗਰਸ ਸੰਗਠਨ ਨੂੰ ਮਜ਼ਬੂਤ ਕਰਨ ਲਈ ਪਾਰਟੀ ਹਾਈਕਮਾਨ ਵੱਲੋਂ ਸੰਗਠਨ ਸਿਰਜਣ ਮੁਹਿੰਮ ਸ਼ੁਰੂ ਕੀਤੀ ਗਈ ਹੈ, ਜਿਸ ਤਹਿਤ ਪੰਜਾਬ ਵਿੱਚ 90 ਆਬਜ਼ਰਵਰ ਲਗਾਏ ਗਏ ਹਨ, ਜੋ ਕਿ ਪੰਜਾਬ ਦੇ ਹਰੇਕ ਜ਼ਿਲ੍ਹੇ ਵਿੱਚ ਜਾ ਕੇ ਵਰਕਰਾਂ ਨਾਲ ਗੱਲਬਾਤ ਕਰਕੇ ਫੀਡ ਬੈਕ ਲੈਣਗੇ।

ਬੇਸ਼ੱਕ ਇਹ ਇੱਕ ਮੀਟਿੰਗ ਸੀ, ਪ੍ਰੰਤੂ ਵਰਕਰਾਂ ਵਿੱਚ ਇੰਨਾ ਉਤਸ਼ਾਹ ਸੀ ਕਿ ਇਸ ਮੀਟਿੰਗ ਨੇ ਰੈਲੀ ਦਾ ਰੂਪ ਧਾਰ ਲਿਆ ਸੀ।ਇਸ ਮੌਕੇ ਪੰਜਾਬ ਕਾਂਗਰਸ ਦੇ ਸਹਿ-ਇੰਚਾਰਜ ਰਵਿੰਦਰ ਉੱਤਮ ਰਾਓ ਡਾਲਵੀ ਨੇ ਸੰਬੋਧਨ ਕਰਦਿਆਂ ਭਾਜਪਾ 'ਤੇ ਵੋਟ ਚੋਰੀ ਦਾ ਦੋਸ਼ ਲਗਾਉਂਦਿਆਂ ਕਿਹਾ ਕਿ ਵੋਟ ਚੋਰੀ ਕਰਨ ਵਾਲੇ ਲੋਕਾਂ ਦੇ ਹੱਥ ਦੇਸ਼, ਸੰਵਿਧਾਨ ਤੇ ਲੋਕਤੰਤਰ ਸੁਰੱਖਿਅਤ ਨਹੀਂ ਹੈ।ਉਨ੍ਹਾਂ ਕਿਹਾ ਕਿ ਸੰਵਿਧਾਨ ਨੇ ਲੋਕਾਂ ਨੂੰ ਵੋਟ ਦਾ ਅਧਿਕਾਰ ਦਿੱਤਾ ਹੈ, ਜਦੋਂਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ ਤੇ ਚੋਣ ਕਮਿਸ਼ਨਰ ਉਨ੍ਹਾਂ ਤੋਂ ਵੋਟ ਖੋਹ ਰਹੇ ਹਨ।ਉਨ੍ਹਾਂ ਕਿਹਾ ਕਿ ਭਾਜਪਾ ਦੀ ਇਸ ਮਾੜੀ ਰਾਜਨੀਤੀ ਤਹਿਤ ਦੇਸ਼ ਵਾਸੀਆਂ ਦੇ ਪਹਿਲਾਂ ਵੋਟ ਕਾਰਡ ਜਾਵੇਗਾ, ਫਿਰ ਰਾਸਨ ਕਾਰਡ ਜਾਣਗੇ ਤੇ ਫਿਰ ਲੋਕਾਂ ਦੀ ਜ਼ਮੀਨ ਅਡਾਨੀ ਤੇ ਅੰਬਾਨੀ ਨੂੰ ਸੌਂਪ ਦਿੱਤੀ ਜਾਵੇਗੀ।ਉਨ੍ਹਾਂ ਕਾਂਗਰਸੀ ਆਗੂਆਂ, ਵਰਕਰਾਂ ਨੂੰ ਅਪੀਲ ਕੀਤੀ ਕਿ ਉਹ ਭਾਜਪਾ ਦੀ ਇਸ ਮਾੜੀ ਰਾਜਨੀਤੀ ਦਾ ਡੱਟ ਕੇ ਵਿਰੋਧ ਕਰਨ।ਇਸ ਮੌਕੇ ਮਦਨ ਲਾਲ ਜਲਾਲਪੁਰ ਨੇ ਕਿਹਾ ਕਿ ਪੰਜਾਬ ਅੰਦਰ ਅੱਜ ਭਗਵੰਤ ਮਾਨ ਸਰਕਾਰ ਕਿਸਾਨਾਂ ਦੀਆਂ ਜ਼ਮੀਨਾਂ ਨੂੰ ਲੈਂਡ ਪੂਲਿੰਗ ਨੀਤੀਆਂ ਬਣਾ ਕੇ ਹਥਿਆਉਣ ਦੀਆਂ ਸਾਜ਼ਿਸ਼ਾਂ ਘੜ ਰਹੀ ਹੈ, ਉਥੇ ਸੂਬੇ ਦੀ ਅਰਥ ਵਿਵਸਥਾ ਡਾਵਾਂਡੋਲ ਹੋਣ ਕਾਰਨ ਪੰਜਾਬ ਦਾ ਸਰਵ-ਪੱਖੀ ਵਿਕਾਸ ਨਾ ਹੋਣ ਕਾਰਨ ਆਮ ਆਦਮੀ ਪਾਰਟੀ ਵੱਲੋਂ ਦਿਖਾਏ ਸੁਪਨੇ ਚੂਰ-ਚੂਰ ਹੋ ਰਹੇ ਹਨ।ਉਨ੍ਹਾਂ ਕਿਹਾ ਕਿ ਸੂਬੇ ਦੇ ਲੋਕ ਆਮ ਆਦਮੀ ਪਾਰਟੀ ਦੇ ਰਾਜਭਾਗ ਤੋਂ ਇੰਨੇ ਦੁਖੀ ਹਨ ਕਿ ਉਹ 2027 ਵਿੱਚ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਇਸ ਦਾ ਪਲਟਾ ਪਲਟਣ ਲਈ ਪੱਬਾਂ ਭਾਰ ਹਨ।ਉਨ੍ਹਾਂ ਕਿਹਾ ਕਿ ਭਗਵੰਤ ਮਾਨ ਇਕ ਸਟੈਂਪ ਮੁੱਖ ਮੰਤਰੀ ਸਾਬਿਤ ਹੋਏ ਹਨ, ਜਦੋਂਕਿ ਦਿੱਲੀ ਦੇ ਆਕਾ ਪੰਜਾਬ ਵਿੱਚ ਰਾਜਭਾਗ 'ਤੇ ਕਬਜ਼ਾ ਕਰਕੇ ਸੂਬੇ ਦੇ ਲੋਕਾਂ ਦੀ ਲੁੱਟ-ਖਸੁੱਟ ਕਰ ਰਹੇ ਹਨ।ਇਸ ਮੌਕੇ ਡਿੰਪਲ ਮਿੱਢਾ, ਪੰਜਾਬ ਕਾਂਗਰਸ ਮਹਿਲਾ ਕਾਂਗਰਸ ਦੀ ਸੂਬਾ ਪ੍ਰਧਾਨ ਗੁਰਸ਼ਰਨ ਕੌਰ ਰੰਧਾਵਾ, ਗਗਨਦੀਪ ਸਿੰਘ ਜੌਲੀ, ਹੈਪੀ ਸਹਿਰਾ, ਗੁਰਦੀਪ ਸਿੰਘ ਉਲਟਸਰ ਤੋਂ ਇਲਾਵਾ ਹੋਰ ਬਹੁਤ ਸਾਰੇ ਆਗੂ ਹਾਜ਼ਰ ਸਨ।

# ਕਾਂਗਰਸ ਪਾਰਟੀ ਦੀ ਹਲਕਾ ਪੱਧਰੀ ਭਰਵੀਂ ਇਕੱਤਰਤਾ 'ਚ ਪਾਰਟੀ ਸੰਗਠਨ ਨੂੰ ਮਜ਼ਬੂਤ ਬਣਾਉਣ ਦਾ ਸੱਦਾ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**

ਕਾਂਗਰਸ ਪਾਰਟੀ ਨੂੰ ਹੋਰ ਮਜਬੂਤ ਬਨਾਉਣ ਤੇ ਵਰਕਰਾਂ 'ਚ ਜੋਸ਼ ਭਰਨ ਲਈ ਕਾਂਗਰਸ ਦੀ ਭਰਵੀਂ ਇੱਕਤਰਤਾ ਹੀਰਾ ਪੈਲੇਸ ਵਿਖੇ ਬਲਾਕ ਪ੍ਰਧਾਨ ਪਰਮਿੰਦਰ ਸਿੰਘ ਸੰਮੀ ਠੁੱਲੀਵਾਲ, ਬਲਾਕ ਸ਼ੇਰਪੁਰ ਦੇ ਪ੍ਰਧਾਨ ਜਸਮੇਲ ਸਿੰਘ ਬੜੀ ਦੀ ਅਗਵਾਈ ਹੇਠ ਹੋਈ।ਇਸ ਮੌਕੇ ਆਲ ਇੰਡੀਆ ਕਾਂਗਰਸ ਦੇ ਸੈਕਟਰੀ, ਸਹਿ ਇੰਚਾਰਜ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਸ਼੍ਰੀ ਰਵਿੰਦਰਾ ਉਤਮਰਾਓ ਡਾਲਵੀ, ਸੰਗਠਨ ਅਬਜਰਬਰ ਨਿਰਮਲ ਕੈੜਾ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।ਜ਼ਿਲ੍ਹਾ ਪ੍ਰਧਾਨ ਵਿਧਾਇਕ ਕੁਲਦੀਪ ਸਿੰਘ ਕਾਲਾ ਢਿੱਲੋਂ ਨੇ ਮੁੱਖ ਮਹਿਮਾਨ ਸਮੇਤ ਪਾਰਟੀ ਆਗੂਆਂ, ਵਰਕਰਾਂ ਨੂੰ ਵੱਡੀ ਗਿਣਤੀ 'ਚ ਪਹੁੰਚਣ 'ਤੇ ਧੰਨਵਾਦ ਕਰਦਿਆਂ ਕਾਂਗਰਸ ਦੀ ਮਜ਼ਬੂਤੀ ਲਈ ਇਕਜੁਟ ਹੋਣ ਦੀ ਅਪੀਲ ਕਰਦਿਆ ਸਪੱਸ਼ਟ ਕਿਹਾ ਕਿ ਪਾਰਟੀ ਦੇ ਕਿਸੇ ਵੀ ਆਗੂ, ਵਰਕਰ ਨਾਲ ਸਰਕਾਰ ਦੀ ਧੱਕੇਸ਼ਾਹੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਉਨ੍ਹਾਂ ਪਾਰਟੀ ਹਾਈਕਮਾਂਡ ਦੇ ਆਗੂਆਂ ਨੂੰ ਸੁਝਾਅ ਦਿੱਤਾ ਕਿ ਹਲਕਾ ਮਹਿਲ ਕਲਾਂ ਨਾਲ ਸਬੰਧਤ ਆਗੂ ਨੂੰ ਹੀ ਵਿਧਾਨ ਸਭਾ ਚੋਣ 'ਚ ਉਤਾਰਿਆ ਜਾਵੇ।ਕੋਆਰਡੀਨੇਟਰ ਪ੍ਰਿਤਪਾਲ ਕੌਰ ਬਡਲਾ, ਬਲਾਕ ਪ੍ਰਧਾਨ ਪ੍ਰਮਿੰਦਰ ਸਿੰਘ ਸ਼ੰਮੀ ਠੁੱਲੀਵਾਲ ਨੇ ਜੀ ਆਇਆਂ ਨੂੰ ਆਖਦਿਆਂ ਪਾਰਟੀ ਦੀ ਮਜ਼ਬੂਤੀ ਲਈ ਇਕਜੁਟ ਹੋ ਕੇ ਤੁਰਨ ਦਾ ਵਿਸ਼ਵਾਸ ਦੁਆਇਆ। ਜ਼ਿਲ੍ਹਾ ਪ੍ਰਧਾਨ ਕਾਂਗਰਸ ਕਿਸਾਨ ਸੈੱਲ ਸਰਬਜੀਤ ਸਿੰਘ ਸਰਬੀ ਆੜ੍ਹਤੀਆ, ਮਨਜੀਤ ਸਿੰਘ ਮਹਿਲ ਖ਼ੁਰਦ, ਕੋਆਰਡੀਨੇਟਰ ਗੁਰਮੇਲ ਸਿੰਘ ਮੌੜ, ਪਿਆਰਾ ਸਿੰਘ ਮਾਹਮਦਪੁਰ, ਡਾ. ਅਮਰਜੀਤ ਸਿੰਘ, ਬੀਬੀ ਕਾਂਤਾ ਕੁਠਾਲਾ, ਐਡਵੋਕੇਟ ਜਸਵੀਰ ਸਿੰਘ ਖੇੜੀ, ਬੰਨੀ ਖਹਿਰਾ, ਜਸਮੇਲ ਸਿੰਘ ਡੇਅਰੀਵਾਲਾ, ਬਲਦੇਵ ਸਿੰਘ ਪੇਧਨੀ, ਡਾ. ਬਲਵੰਤ ਰਾਏ ਹਮੀਦੀ, ਬੀਬੀ ਸਰਬਜੀਤ ਕੌਰ ਖੁੱਡੀ, ਮਨਵਿੰਦਰ ਕੌਰ ਪੱਖੋ, ਗਗਨਦੀਪ ਸਿੰਘ ਸਰਾਂ, ਹਰਦੀਪ ਸਿੰਘ ਕਿੰਗਰਾ, ਪ੍ਰਧਾਨ ਜਸਮੇਲ ਸਿੰਘ ਬੜੀ, ਅਵੀਕਰਨ ਸਿੰਘ, ਦਰਸ਼ਨ ਸਿੰਘ ਕਾਂਗੜਾ ਆਦਿ ਆਗੂਆਂ ਨੇ ਕਾਂਗਰਸ ਪਾਰਟੀ ਦੀ ਮਜਬੂਤੀ ਲਈ ਇਕਜੁਟ ਹੋ ਕੇ ਦਿਨ-ਰਾਤ ਇਕ ਕਰਨ ਦੀ ਅਪੀਲ ਕਰਦਿਆਂ ਆ ਰਹੀਆਂ ਜ਼ਿਲ੍ਹਾ ਪ੍ਰੀਸ਼ਦ, ਸੰਮਤੀ ਚੋਣਾਂ ਦੇ ਮੱਦੇਨਜ਼ਰ ਹੁਣੇ ਤੋਂ ਹੀ ਮੋਰਚੇ ਸੰਭਾਲਣ ਦੀ ਅਪੀਲ ਕੀਤੀ।

ਮੁੱਖ ਮਹਿਮਾਨ ਸੈਕਟਰੀ ਆਲ ਇੰਡੀਆ ਕਾਂਗਰਸ, ਸਹਿ ਇੰਚਾਰਜ ਪੰਜਾਬ ਪ੍ਰਦੇਸ਼ ਕਾਂਗਰਸ ਸ਼੍ਰੀ ਰਵਿੰਦਰਾ ਉਤਮਰਾਓ ਡਾਲਵੀ ਨੇ ਸਮੂਹ ਪ੍ਰਬੰਧਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ 'ਆਪ' ਦੇ ਰਾਜ ਪ੍ਰਬੰਧ ਤੋਂ ਅੱਕੇ ਹੋਏ ਲੋਕ ਹੁਣ ਅਗਲੀ ਸਰਕਾਰ ਕਾਂਗਰਸ ਪਾਰਟੀ ਦੀ ਲਿਆਉਣ ਦਾ ਮਨ ਬਣਾਈ ਬੈਠੇ ਹਨ।ਉਨ੍ਹਾਂ ਭਗਵੰਤ ਮਾਨ 'ਤੇ ਵਰ੍ਹਦਿਆਂ ਕਿਹਾ ਕਿ ਵੱਡੇ-ਵੱਡੇ ਵਾਅਦੇ ਕਰਕੇ ਰਾਜਭਾਗ ਉਪਰ ਕਾਬਜ਼ ਹੋਣ ਉਪਰੰਤ ਲੋਕਾਂ ਦੇ ਮਸਲਿਆਂ ਤੋਂ ਪਾਸਾ ਵੱਟ ਲਿਆ ਹੈ।ਕਰਜ਼ਾ ਘਟਾਉਣ ਦੀ ਥਾਂ ਪੰਜਾਬ ਸਿਰ ਕਰਜੇ ਦੀ ਪੰਡ ਹੋਰ ਭਾਰੀ ਹੋ ਗਈ ਹੈ।ਉਨ੍ਹਾਂ ਪਾਰਟੀ ਸੰਗਠਨ ਨੂੰ ਮਜ਼ਬੂਤ ਬਣਾਉਣ ਲਈ ਹਲਕੇ ਦੇ ਹਰ ਪਿੰਡ ਵਿੱਚ ਕਾਂਗਰਸ ਪਾਰਟੀ ਦੇ ਵੱਖ-ਵੱਖ ਵਿੰਗਾਂ ਦੇ ਗਠਨ ਲਈ ਵਿਸ਼ੇਸ਼ ਧਿਆਨ ਦੇਣ ਲਈ ਕਿਹਾ । ਉਨ੍ਹਾਂ ਪਾਰਟੀ ਹਾਈਕਮਾਂਡ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਅਨੁਸ਼ਾਸਨ 'ਚ ਰਹਿ ਕੇ ਕੰਮ ਕਰਨ ਲਈ ਪ੍ਰੇਰਿਤ ਕੀਤਾ।

## ਫਤਿਹ ਸੀਨੀ. ਸੈਕੰ. ਸਕੂਲ 'ਚ ਐੱਨ ਐੱਸ ਐੱਸ ਕੈਂਪ ਲਗਾਇਆ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਫਤਿਹ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਰਾਮਪੁਰਾ ਫੂਲ ਦੇ ਅਧੀਨ ਚੱਲ ਰਹੇ ਫਤਿਹ ਸੀਨੀਅਰ ਸੈਕੰਡਰੀ ਸਕੂਲ ਵਿੱਚ ਇੱਕ ਦਿਨਾ ਐੱਨ ਐੱਸ ਐੱਸ ਕੈਂਪ ਲਗਾਇਆ ਗਿਆ।ਪ੍ਰਿੰਸੀਪਲ ਬਘੇਲ ਸਿੰਘ ਦੀ ਅਗਵਾਈ ਹੇਠ ਹੋਏ ਇਸ ਕੈਂਪ ਵਿੱਚ ਸੈਂਕੜੇ ਵਲੰਟੀਅਰਾਂ ਨੇ ਚੜ੍ਹਦੀ ਕਲਾ ਨਾਲ ਹਿੱਸਾ ਲਿਆ।ਵਲੰਟੀਅਰਾਂ ਨੇ ਕੈਂਪਸ ਸਫ਼ਾਈ, ਖੇਡ ਮੈਦਾਨ ਦੀ ਸਫ਼ਾਈ ਤੇ ਦਰੱਖਤਾਂ ਦੀ ਦੇਖਭਾਲ ਵਰਗੀਆਂ ਗਤੀਵਿਧੀਆਂ ਨੂੰ ਅੰਜਾਮ ਦਿੱਤਾ।ਇਸ ਤੋਂ ਇਲਾਵਾ ਉਨ੍ਹਾਂ ਨੂੰ ਰਿਫਰੈਸ਼ਮੈਂਟ ਵੀ ਪ੍ਰਦਾਨ ਕੀਤੀ ਗਈ।ਡੀਨ ਅਕਾਦਮਿਕ ਡਾ. ਜਗਵਿੰਦਰ ਸਿੰਘ ਸਿੱਧੂ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਇਸ ਤਰ੍ਹਾਂ ਦੇ ਕੈਂਪ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।ਪ੍ਰਿੰਸੀਪਲ ਬਘੇਲ ਸਿੰਘ ਨੇ ਵਲੰਟੀਅਰਾਂ ਨੂੰ ਸਮਾਜ ਸੇਵਾ ਵਿੱਚ ਵੱਧ ਤੋਂ ਵੱਧ ਭਾਗੀਦਾਰੀ ਲਈ ਪ੍ਰੇਰਿਤ ਕਰਕੇ ਕੈਂਪ ਨੂੰ ਸਫਲਤਾ ਨਾਲ ਨੇਪਰੇ ਚਾੜ੍ਹਿਆ।ਇਸ ਮੌਕੇ ਸਹਾਇਕ ਡਾਇਰੈਕਟਰ ਪਬਲਿਕ ਰਿਲੇਸ਼ਨ ਹਰਪ੍ਰੀਤ ਸ਼ਰਮਾ ਨੇ ਵਿਦਿਆਰਥੀ ਜੀਵਨ ਵਿੱਚ ਐੱਨ ਐੱਸ ਐੱਸ ਦੀ ਮਹੱਤਤਾ 'ਤੇ ਚਾਨਣਾ ਪਾਇਆ।ਕੈਂਪ ਵਿੱਚ ਪ੍ਰੋਗਰਾਮ ਅਫ਼ਸਰ ਮਨਦੀਪ ਕੌਰ, ਪ੍ਰੋਗਰਾਮ ਅਫ਼ਸਰ ਕੁਲਦੀਪ ਸਿੰਘ, ਪ੍ਰੋਗਰਾਮ ਅਫ਼ਸਰ, ਵਰਿੰਦਰ ਕੌਰ ਨੇ ਵੀ ਵਲੰਟੀਅਰਾਂ ਨੂੰ ਸਮਾਜ ਸੇਵਾ ਦੀ ਮਹੱਤਤਾ ਬਾਰੇ ਪ੍ਰੇਰਿਤ ਕੀਤਾ।ਸਮਾਰੋਹ ਵਿੱਚ ਐੱਮ. ਡੀ. ਮਨਜੀਤ ਕੌਰ ਚੱਠਾ, ਸਹਾਇਕ ਡਾਇਰੈਕਟਰ ਜਸਵਿੰਦਰ ਸਿੰਘ ਤੇ ਐਜੂਕੇਸ਼ਨ ਵਿਭਾਗ ਮੁਖੀ ਪ੍ਰੋ. ਸੰਦੀਪ ਕੌਰ, ਆਈ ਟੀ ਸੈਲ ਦੇ ਮੁਖੀ ਪ੍ਰੋ. ਸੋਨਵਿੰਦਰ ਸਿੰਘ, ਗੌਰਵ ਕੁਮਾਰ ਹਾਜ਼ਰ ਰਹੇ।ਕੈਂਪ ਸਫ਼ਲਤਾਪੂਰਵਕ ਸੰਪੰਨ ਹੋਇਆ ਤੇ ਵਿਦਿਆਰਥੀਆਂ ਨੇ ਸਮਾਜਿਕ ਜ਼ਿੰਮੇਵਾਰੀ ਨਿਭਾਉਣ ਲਈ ਨਵਾਂ ਜੋਸ਼ ਤੇ ਪ੍ਰੇਰਨਾ ਪ੍ਰਾਪਤ ਕੀਤੀ।

## ਖਾਲਸਾ ਸਕੂਲ ਦੇ ਬੱਚਿਆਂ ਨੇ ਲਾਏ ਵੱਖ-ਵੱਖ ਕਿਸਮਾਂ ਦੇ ਬੂਟੇ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਖਾਲਸਾ ਸੀਨੀਅਰ ਸੈਕੰਡਰੀ ਸਕੂਲ ਤਲਵੰਡੀ ਸਾਬੋ (ਬਠਿੰਡਾ) ਵਿਖੇ ਸਕੂਲ ਵਿੱਚ ਚੱਲ ਰਹੇ ਕੌਮੀ ਸੇਵਾ ਯੋਜਨਾ ਯੂਨਿਟ ਅਧੀਨ ਮਾਨਯੋਗ ਡਾ. ਮਲਕੀਤ ਸਿੰਘ ਮਾਨ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਬਠਿੰਡਾ ਦੀਆਂ ਹਦਾਇਤਾਂ ਅਨੁਸਾਰ ਮਾਨਯੋਗ ਪ੍ਰਿੰਸੀਪਲ ਸ. ਬਿਕਰਮਜੀਤ ਸਿੰਘ ਸਿੱਧੂ ਦੇ ਸਹਿਯੋਗ ਤੇ ਗੁਰਸੇਵਕ ਸਿੰਘ, ਪ੍ਰੋਗਰਾਮ ਅਫ਼ਸਰ ਕੌਮੀ ਸੇਵਾ ਯੋਜਨਾ ਯੂਨਿਟ ਦੀ ਅਗਵਾਈ ਅਧੀਨ ਸਕੂਲ ਵਿੱਚ ਇਕ ਰੁੱਖ ਮਾਂ ਦੇ ਨਾਮ ਮੁਹਿੰਮ ਅਧੀਨ ਵੱਖ ਵੱਖ ਕਿਸਮ ਦੇ ਛਾਂਦਾਰ, ਫਲਦਾਰ ਤੇ ਸਜਾਵਟੀ ਕਿਸਮ ਦੇ ਲਗਭਗ 80 ਪੌਦੇ ਲਗਾਏ ਗਏ।ਇਸ ਦੌਰਾਨ ਸਕੂਲ ਦੇ ਪ੍ਰਿੰਸੀਪਲ ਬਿਕਰਮਜੀਤ ਸਿੰਘ ਨੇ ਵਿਦਿਆਰਥੀਆਂ ਦੇ ਇਸ ਕੰਮ ਦੀ ਸ਼ਲਾਘਾ ਕਰਦਿਆਂ ਲਗਾਏ ਗਏ ਪੌਦਿਆਂ ਦੀ ਸਾਂਭ ਸੰਭਾਲ ਲਈ ਪ੍ਰੇਰਿਤ ਕੀਤਾ।ਇਸ ਮੌਕੇ ਸਤਨਾਮ ਸਿੰਘ, ਗਗਨਦੀਪ ਸਿੰਘ, ਹਰਪਾਲ ਸਿੰਘ, ਹਰਦੀਪ ਸਿੰਘ, ਕਰਮਜੀਤ ਸਿੰਘ, ਮੈਡਮ ਜਸਵੀਰ ਕੌਰ, ਮੈਡਮ ਅਰੁਨ ਦੀਪ ਕੌਰ ਹਾਜ਼ਰ ਸਨ।

## 13 ਦੇ ਮਾਰਚ ਦੀ ਤਿਆਰੀ ਸੰਬੰਧੀ ਜਥੇਬੰਦੀਆਂ ਦੀ ਜ਼ਿਲ੍ਹਾ ਪੱਧਰੀ ਮੀਟਿੰਗ



**ਮਾਨਸਾ (ਆਤਮਾ ਸਿੰਘ ਪਮਾਰ)**-ਮੁੱਖ ਅਧਿਆਪਕ ਤੇ ਕੇਂਦਰ ਮੁੱਖ ਅਧਿਆਪਕ ਜਥੇਬੰਦੀ ਪੰਜਾਬ, ਪੁਰਾਣੀ ਪੈਨਸ਼ਨ ਬਹਾਲੀ ਸੰਗਠਨ ਪੰਜਾਬ ਤੇ ਮਿੱਡ-ਡੇ-ਮੀਲ ਵਰਕਰਜ਼ ਯੂਨੀਅਨ ਜ਼ਿਲ੍ਹਾ ਮਾਨਸਾ ਦੀ ਅਹਿਮ ਮੀਟਿੰਗ ਪੈਨਸ਼ਨਰਜ਼ ਭਵਨ ਮਾਨਸਾ ਵਿਖੇ ਹੋਈ।ਮੀਟਿੰਗ ਦੀ ਸ਼ੁਰੂਆਤ ਕਰਦਿਆਂ ਜਥੇਬੰਦੀ ਦੇ ਸੂਬਾਈ ਪ੍ਰਧਾਨ ਅਮਨਦੀਪ ਸ਼ਰਮਾ ਨੇ ਕਿਹਾ ਕਿ ਅਧਿਆਪਕ ਮਸਲਿਆਂ ਨੂੰ ਲੈ ਕੇ 13 ਸਤੰਬਰ ਨੂੰ ਮੁੱਖ ਮੰਤਰੀ ਦੀ ਕੋਠੀ ਵੱਲ ਮਾਰਚ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨਾ, ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਜਾਰੀ ਕਰਨਾ, ਪੇਂਡੂ ਭੱਤਾ ਬਹਾਲ ਕਰਨਾ, ਏਸੀਪੀ ਸਕੀਮ ਨੂੰ ਮੁੜ ਲਾਗੂ ਕਰਨਾ ਆਦਿ ਵਿੱਤੀ ਮਸਲਿਆਂ ਨੂੰ ਲੈ ਕੇ ਰੋਸ ਮਾਰਚ ਕੀਤਾ ਜਾਵੇਗਾ।ਪੁਰਾਣੀ ਪੈਨਸ਼ਨ ਸੰਗਠਨ ਪੰਜਾਬ ਦੇ ਪ੍ਰਧਾਨ ਹਰਪਾਲ ਕੌਰ ਨੇ ਕਿਹਾ ਕਿ ਪੈਨਸ਼ਨ ਸਾਡਾ ਹੱਕ ਹੈ।ਮੁਲਾਜ਼ਮਾਂ ਲਈ ਬਹੁਤ ਅਹਿਮ ਹੈ।ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਪੈਨਸ਼ਨ ਦਾ ਮਸਲਾ ਹੱਲ ਨਹੀਂ ਕਰਦੀ ਤਾਂ ਇਸ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ।ਉਨ੍ਹਾਂ ਮੁੱਖ ਬਲਾਕਾਂ ਦੀਆਂ ਕਮੇਟੀਆਂ ਦਾ ਗਠਨ ਕਰਨ ਸਬੰਧੀ ਵੀ ਸਥਾਨਕ ਆਗੂਆਂ ਦੀ ਜ਼ਿੰਮੇਵਾਰੀ ਲਗਾਈ।ਅਜੈਬ ਸਿੰਘ ਭੂਪਾਲ ਨੇ ਕਿਹਾ ਕਿ ਜਥੇਬੰਦਕ ਲੜਾਈਆਂ ਵਿੱਚ ਪੈਨਸ਼ਨਰਜ਼ ਐਸੋਸੀਏਸ਼ਨ ਹਮੇਸ਼ਾ ਹੀ ਜਥੇਬੰਦੀਆਂ ਦਾ ਸਾਥ ਦਿੰਦੀ ਹੈ ਤੇ ਭਵਿੱਖ 'ਚ ਵੀ ਅਜਿਹਾ ਸਮਰਥਨ ਜਾਰੀ ਰਹੇਗਾ।ਇਸ ਮੌਕੇ ਬਲਜਿੰਦਰ ਸਿੰਘ ਕਣਕਵਾਲ ਚਹਿਲਾ, ਰੰਗੀ ਰਾਮ ਕੋਟਲੀ, ਜਗਮੋਹਨ ਸਿੰਘ ਧਾਲੀਵਾਲ, ਬਚਿੱਤਰ ਭੁਨੇਰ, ਭਾਰਤ ਭੂਸ਼ਣ ਮਾਨਸਾ, ਅਸ਼ਵਿੰਦਰ ਸਿੰਘ ਮਾਨਸਾ, ਮਿੱਡ-ਡੇ ਮੀਲ ਵਰਕਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਜਸਵੀਰ ਕੌਰ ਮਾਨਸਾ, ਜਸਪ੍ਰੀਤ ਕੌਰ ਬੁਢਲਾਡਾ ਆਦਿ ਹਾਜ਼ਰ ਸਨ।

## ਰਾਇਟਵੇ ਏਅਰਲਿੰਕਸ ਨੇ ਲਵਾਇਆ ਆਸਟ੍ਰੇਲੀਆ ਦਾ ਵੀਜ਼ਾ



**ਮੋਗਾ (ਇਕਬਾਲ ਸਿੰਘ ਖਹਿਰਾ)**-ਮਾਲਵਾ ਖੇਤਰ ਦੀ ਪ੍ਰਸਿੱਧ ਰਾਇਟ ਵੇ ਏਅਰਲਿੰਕਸ ਇਮੀਗ੍ਰੇਸ਼ਨ ਤੇ ਆਈਲਟਸ ਸੰਸਥਾ ਨੇ ਗੁਰਪਿੰਦਰ ਸਿੰਘ ਪੁੱਤਰ ਸਵਰਨਜੀਤ ਸਿੰਘ ਵਾਸੀ ਪਿੰਡ ਜੋਹਲਾਂ, ਲੁਧਿਆਣਾ ਦਾ ਆਸਟ੍ਰੇਲੀਆ ਡਿਪੈਂਡੈਂਟ ਵੀਜ਼ਾ ਲਗਵਾ ਕੇ ਦਿੱਤਾ।ਇਸ ਮੌਕੇ ਸੰਸਥਾ ਦੇ ਡਾਇਰੈਕਟਰ ਦੇਵਪ੍ਰਿਆ ਤਿਆਗੀ ਨੇ ਕਿਹਾ ਕਿ ਅਰਜ਼ਦਾਰਾਂ 'ਤੇ ਧਿਆਨ ਨਾ ਦਿਓ। ਉਨ੍ਹਾਂ ਕਿਹਾ ਕਿ ਜਿਨ੍ਹਾਂ ਬੱਚਿਆਂ ਦੇ ਕੈਨੇਡਾ ਤੇ ਯੂ ਕੇ ਦੇ ਸਟੱਡੀ ਕੇਸ ਰੀਫਿਊਜ਼ ਹੋ ਚੁੱਕੇ ਹਨ, ਉਹ ਆਸਟ੍ਰੇਲੀਆ ਲਈ ਅਪਲਾਈ ਕਰ ਸਕਦੇ ਹੋ ਤੇ ਜਿਹੜੇ ਬੱਚੇ ਵੀ ਵਿਜ਼ਟਰ ਜਾਂ ਟੂਰਿਸਟ ਵੀਜ਼ੇ 'ਤੇ ਯੂਕੇ, ਕੈਨੇਡਾ ਜਾਂ ਆਸਟ੍ਰੇਲੀਆ ਜਾਣਾ ਚਾਹੁੰਦਾ ਹੋਵੇ ਤਾਂ ਉਹ ਵੀ ਅਪਲਾਈ ਕਰ ਸਕਦਾ ਹੈ।ਉਨ੍ਹਾਂ ਕਿਹਾ ਕਿ ਹੁਣ ਬੱਚੇ ਕਾਲਜ ਦੀ ਤੇ ਅੰਬੈਸੀ ਦੀ ਫੀਸ ਵੀਜ਼ਾ ਲੱਗਣ ਤੋਂ ਬਾਅਦ ਦੇ ਸਕਦੇ ਹਨ।ਰਾਇਟਵੇ ਏਅਰਲਿੰਕਸ ਵਿਦਿਆਰਥੀਆਂ ਨੂੰ ਐਜੂਕੇਸ਼ਨ ਲੋਨ ਦੀ ਸੁਵਿਧਾ ਵੀ ਦੇ ਦਿੰਦਾ ਹੈ, ਜਿਨ੍ਹਾਂ ਪੇਰੈਂਟਸ ਨੂੰ ਬੱਚੇ ਆਪਣੇ ਖਰਚੇ ਲਈ ਵਰਤ ਸਕਦੇ ਹਨ।ਇਸ ਮੌਕੇ ਸੰਸਥਾ ਦੇ ਡਾਇਰੈਕਟਰ ਦੇਵਪ੍ਰਿਆ ਤਿਆਗੀ ਨੇ ਗੁਰਪਿੰਦਰ ਸਿੰਘ ਨੂੰ ਵਧਾਈ ਦਿੱਤੀ।

## ਸਵਾਮੀ ਜੀ ਦਾ ਮੂਰਤੀ ਸਥਾਪਨਾ ਦਿਵਸ ਮਨਾਇਆ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਮਾਛੀਵਾੜਾ-ਰਤੀਪੁਰ ਰੋਡ 'ਤੇ ਸਥਿਤ ਮਾਤਾ ਰਾਣੀ ਮੰਦਰ ਵਿੱਚ ਸ਼ਿਵ ਸਵਰੂਪ ਆਤਮਾ ਨਦੀ ਪਾਰ ਵਾਲੇ ਸਵਾਮੀ ਜੀ ਦਾ ਮੂਰਤੀ ਸਥਾਪਨਾ ਦਿਵਸ ਸ਼ਰਧਾਲੂਆਂ ਵੱਲੋਂ ਬੜੇ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ।ਸਵੇਰੇ ਸ਼ਰਧਾਲੂਆਂ ਵੱਲੋਂ ਸਵਾਮੀ ਜੀ ਦੀ ਮੂਰਤੀ ਦਾ ਇਸ਼ਨਾਨ ਕਰਵਾਉਣ ਉਪਰੰਤ ਪੂਜਾ ਅਰਚਨਾ ਕੀਤੀ ਗਈ। ਇਸ ਮੌਕੇ ਆਰਤੀ ਕੀਤੇ ਗਏ ਸ੍ਰੀ ਰਮਾਇਣ ਪਾਠ ਦੇ ਭੋਗ ਪਾਉਣ ਉਪਰੰਤ ਹਵਨ ਵੀ ਕਰਵਾਇਆ ਗਿਆ। ਧਾਰਮਿਕ ਸਮਾਗਮ ਦੌਰਾਨ ਭਜਨ ਗਾਇਕ ਰਣਵੀਰ ਸਿੰਘ ਕੁਹਾੜੀ ਵਾਲਿਆਂ ਨੇ ਸਵਾਮੀ ਜੀ ਦੀ ਮਹਿਮਾ ਦਾ ਗੁਣਗਾਨ ਕੀਤਾ ਤੇ ਕੀਰਤਨ ਵਿੱਚ ਸ਼ਰਧਾਲੂਆਂ ਔਰਤਾਂ ਵੱਲੋਂ ਭਾਰੀ ਗਿਣਤੀ 'ਚ ਸ਼ਮੂਲੀਅਤ ਕੀਤੀ।ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਸਚਿਦਾਨੰਦ ਜੀ ਵੱਲੋਂ, ਸ੍ਰੀ ਆਤਮਾ ਨੰਦ ਜੀ ਗੁਰੀ ਵਾਲੇ, ਨਿਰਮਲ ਗਿਰੀ ਜੀ ਖੜ੍ਹ ਵਾਲੇ ਵਿਸ਼ੇਸ਼ ਤੌਰ 'ਤੇ ਪੁੱਜੇ, ਜਿਨ੍ਹਾਂ ਸ਼ਰਧਾਲੂਆਂ ਨੂੰ ਆਪਣੇ ਪ੍ਰਵਚਨਾਂ ਰਾਹੀਂ ਨਾਮ-ਸਿਮਰਨ ਕਰਨ ਲਈ ਪ੍ਰੇਰਿਤ ਕੀਤਾ।ਆਈ ਸੰਗਤ ਲਈ ਅਤੁੱਟ ਲੰਗਰ ਵੀ ਵਰਤਾਇਆ ਗਿਆ।ਇਸ ਮੌਕੇ ਪੁਜਾਰੀ ਸੋਨੂੰ ਪੰਡਿਤ, ਪੰਡਿਤ ਅਨੁਜ ਸ਼ਾਸਤਰੀ, ਸ਼ਿਵਚਰਨ ਸ਼ਰਮਾ, ਪ੍ਰਿੰਸੀਪਲ ਬੀ.ਡੀ. ਵਰਮਾ, ਵਿਨੋਦ ਸਿਗਲਾ, ਅਨਿਲ ਸ਼ਰਮਾ, ਡਾ. ਜੀਵਨ ਸ਼ਰਮਾ, ਪਵਨ ਸਿਗਲਾ, ਅਸ਼ਵਨੀ ਭਾਰਦਵਾਜ, ਰਾਕੇਸ਼ ਚੋਪੜਾ, ਮਨੋਹਰ ਲਾਲ, ਸਿੰਧ ਰਾਮ, ਮੰਗਤ ਰਾਏ ਬੱਤਰਾ ਆਦਿ ਮੌਜੂਦ ਸਨ।

## ਨਵੇਂ ਹਾਈਵੇ ਪ੍ਰਾਜੈਕਟ ਹੇਠ ਮਿੱਟੀ ਦੇ ਭਾਅ ਜਾਇਦਾਦ ਜਬਰੀ ਐਕਵਾਇਰ, ਵਾਜਿਬ ਮੁਆਵਜ਼ੇ ਦੀ ਮੰਗ : ਮੱਖਣ ਬਰਾੜ



**ਮੋਗਾ (ਇਕਬਾਲ ਸਿੰਘ ਖਹਿਰਾ)**-ਮੋਗਾ-ਫਿਰੋਜ਼ਪੁਰ ਰੋਡ 'ਤੇ ਬਣ ਰਹੇ ਨਵੇਂ ਹਾਈਵੇ ਪ੍ਰਾਜੈਕਟ ਲਈ ਲੋਕਾਂ ਦੀ ਕਮਰਸ਼ੀਅਲ ਤੇ ਰਿਹਾਇਸ਼ੀ ਜਾਇਦਾਦਾਂ ਨੂੰ ਮਿੱਟੀ ਦੇ ਭਾਅ 'ਤੇ ਐਕਵਾਇਰ ਕੀਤਾ ਜਾ ਰਿਹਾ ਹੈ।ਲੋਕਾਂ ਦੇ ਦਾਅਵਿਆਂ ਅਨੁਸਾਰ ਪ੍ਰਸ਼ਾਸਨ ਵੱਲੋਂ ਨਾ ਸਿਰਫ਼ ਘੱਟ ਮੁਆਵਜ਼ਾ ਦਿੱਤਾ ਜਾ ਰਿਹਾ ਹੈ, ਬਲਕਿ ਪੈਸੇ ਲੈਣ ਲਈ ਜਬਰੀ ਦਬਾਅ ਵੀ ਬਣਾਇਆ ਜਾ ਰਿਹਾ ਹੈ।ਸਾਬਕਾ ਚੇਅਰਮੈਨ ਬਲਵਿੰਦਰ ਸਿੰਘ ਮੱਖਣ ਬਰਾੜ ਨੇ ਇਸ 'ਤੇ ਗਹਿਰੀ ਚਿੰਤਾ ਜਤਾਈ ਹੈ। ਉਨ੍ਹਾਂ ਕਿਹਾ ਕਿ ਸਰਕਾਰ ਲੋਕ ਭਲਾਈ ਦੇ ਨਾਅਰੇ ਲਾ ਰਹੀ ਹੈ, ਪਰ ਜ਼ਮੀਨ ਦੀ ਖਰੀਦ 'ਚ ਲੋਕਾਂ ਦੀ ਮਰਜ਼ੀ ਦੀ ਕੋਈ ਕਦਰ ਨਹੀਂ। ਇਸ ਤਰ੍ਹਾਂ ਦੀ ਜਬਰੀ ਕਾਰਵਾਈ ਤਣਾਅ ਪੈਦਾ ਕਰ ਰਹੀ ਹੈ।ਪ੍ਰਸ਼ਾਸਨ ਨੂੰ ਲੋਕਾਂ ਦੇ ਹੱਕਾਂ ਦੀ ਰੱਖਿਆ ਕਰਨੀ ਚਾਹੀਦੀ ਹੈ ਨਾ ਕਿ ਉਨ੍ਹਾਂ 'ਤੇ ਦਬਾਅ ਬਣਾਉਣਾ।ਕਰੋੜਾਂ ਦੀ ਜਾਇਦਾਦ ਲਈ ਮਿਲ ਰਹੇ ਬਹੁਤ ਘੱਟ ਪੈਸੇ।ਫਿਰੋਜ਼ਪੁਰ ਜੇਲ੍ਹ 'ਚ ਬੰਦ ਭਾਈ ਅੰਮ੍ਰਿਤਪਾਲ ਸਿੰਘ ਦੇ ਸਾਥੀ ਗੁਰਮੀਤ ਸਿੰਘ ਬੁੱਕਣਵਾਲਾ ਦੇ ਵਕੀਲ ਸ੍ਰੀ-ਰੂਮ, ਜਿਸ ਦੀ ਕੀਮਤ ਕਥਿਤ ਤੌਰ 'ਤੇ ਕਰੋੜਾਂ ਰੁਪਏ ਹੈ ਨੂੰ ਵੀ ਹਾਈਵੇ ਲਈ ਬਹੁਤ ਘੱਟ ਰੇਟ 'ਤੇ ਐਕਵਾਇਰ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।ਲੋਕਾਂ ਵੱਲੋਂ ਵਿੱਚ ਇਸ ਸਾਰੀ ਕਾਰਵਾਈ ਕਾਰਨ ਭਾਰੀ ਰੋਸ ਪਾਇਆ ਜਾ ਰਿਹਾ ਹੈ।ਇਸ ਵਿਵਾਦ ਨੇ ਇਲਾਕੇ ਵਿੱਚ ਤਣਾਅ ਦਾ ਮਾਹੌਲ ਬਣਾਇਆ ਹੋਇਆ ਹੈ।ਪੀੜਤ ਪਰਿਵਾਰ ਆਪਣੀ ਰੋਜ਼ੀ-ਰੋਟੀ ਜਾਂ ਆਪਣੇ ਸਾਲਾਂ ਪੁਰਾਣੇ ਕਾਰੋਬਾਰ ਖੋ ਦੇਣ ਦੇ ਖ਼ਤਰੇ 'ਚ ਹਨ।

## ਵਿਦਿਆਰਥੀਆਂ ਨੂੰ ਡੇਂਗੂ ਤੇ ਡਾਇਰੀਏ ਬਾਰੇ ਕੀਤਾ ਜਾਗਰੂਕ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਸੀਨੀਅਰ ਸੈਕੰਡਰੀ ਮਾਡਲ ਸਕੂਲ ਪੰਜਾਬੀ ਯੂਨੀਵਰਸਿਟੀ ਵਿਖੇ ਯੂਨੀਵਰਸਿਟੀ ਦੇ ਭਾਈ ਘਨੱਈਆ ਸਿਹਤ ਕੇਂਦਰ ਤੋਂ ਸੀਨੀਅਰ ਮੈਡੀਕਲ ਅਫ਼ਸਰ ਡਾ. ਰਗੀਨਾ ਮੈਨੀ ਨੇ ਬੱਚਿਆਂ ਨੂੰ ਡੇਂਗੂ ਤੇ ਡਾਇਰੀਏ ਬਾਰੇ ਜਾਗਰੂਕ ਕੀਤਾ ਗਿਆ ਹੈ।ਉਨ੍ਹਾਂ ਆਪਣੇ ਭਾਸ਼ਣ ਵਿੱਚ ਕਿਹਾ ਕਿ ਗਰਮੀ ਦੇ ਦਿਨਾਂ ਵਿੱਚ ਡਾਇਰੀਆ ਫੈਲਣ ਦੇ ਆਸਾਰ ਬਣ ਜਾਂਦੇ ਹਨ ਤੇ ਇਸ ਜਾਨਲੇਵਾ ਬੀਮਾਰੀ ਦੇ ਲਈ ਜ਼ਿੰਕ ਦੀਆਂ ਗੋਲੀਆਂ ਤੇ ਓ.ਆਰ.ਐੱਸ. ਦਾ ਪਾਣੀ ਬੱਚਿਆਂ ਲਈ ਬਹੁਤ ਜ਼ਰੂਰੀ ਹੈ।ਉਨ੍ਹਾਂ ਕਿਹਾ ਕਿ ਜੇਕਰ ਬੱਚਾ ਉਲਟੀਆਂ ਜਾਂ ਦਸਤ ਨਾਲ ਪੀੜਤ ਹੋਵੇ ਤਾਂ ਉਸ ਨੂੰ ਤੁਰੰਤ ਨੇੜਲੇ ਸਰਕਾਰੀ ਹਸਪਤਾਲ ਵਿਚ ਲੈ ਕੇ ਜਾਣਾ ਚਾਹੀਦਾ ਹੈ ਤਾਂ ਜੋ ਉਸ ਦਾ ਸਹੀ ਇਲਾਜ ਹੋ ਸਕੇ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਮੀਂਹ ਦੇ ਮੌਸਮ ਵਿੱਚ ਬਾਹਰਲੀਆਂ ਬਾਜ਼ਾਰੀ ਚੀਜ਼ਾਂ ਖਾਣ ਤੋਂ ਪ੍ਰਹੇਜ਼ ਕਰਨ ਲਈ ਕਿਹਾ।ਇਸ ਮੌਕੇ ਇੰਚਾਰਜ ਸਕੂਲ ਸ੍ਰ. ਸਤਵੀਰ ਸਿੰਘ ਗਿੱਲ ਵੱਲੋਂ ਉਨ੍ਹਾਂ ਦਾ ਸਵਾਗਤ ਕੀਤਾ ਗਿਆ।ਇਸ ਮੌਕੇ ਸਕੂਲ ਦਾ ਸਾਰਾ ਸਟਾਫ ਮੌਜੂਦ ਰਿਹਾ।

# ਜਥੇਬੰਦੀਆਂ ਦਾ ਵਫ਼ਦ ਜ਼ਿਲ੍ਹਾ ਸਿੱਖਿਆ ਅਫਸਰ ਨੂੰ ਮਿਲਿਆ

■ ਹੈੱਡ ਟੀਚਰਜ਼ ਦੀਆਂ ਤਰੱਕੀਆਂ ਤੁਰੰਤ ਕੀਤੀਆਂ ਜਾਣ : ਹਰਪਾਲ ਕੌਰ



**ਮਾਨਸਾ (ਆਤਮਾ ਸਿੰਘ ਪਮਾਰ)**

ਮੁੱਖ ਅਧਿਆਪਕ ਜਥੇਬੰਦੀ, ਪੁਰਾਣੀ ਪੈਨਸ਼ਨ ਬਹਾਲੀ ਸੰਗਠਨ ਤੇ ਮਿੱਡ ਡੇ ਮਿਲ ਵਰਕਰ ਯੂਨੀਅਨ ਦਾ ਸਾਂਝਾ ਵਫਦ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਸਿੱਖਿਆ ਮੰਜੂ ਬਾਲਾ ਨੂੰ ਮਿਲਿਆ।

ਜਥੇਬੰਦੀ ਵੱਲੋਂ ਅਧਿਆਪਕਾਂ ਦੀਆਂ ਤਰੱਕੀਆਂ ਦੀ ਸੀਨੀਆਰਤਾ ਸੂਚੀ ਦੇ ਕੇਸਾਂ ਵਿੱਚ ਸਮਾਂ ਦੇਣ ਸਬੰਧੀ, ਈਟੀਟੀ ਤੋਂ ਹੈੱਡ ਟੀਚਰਜ਼ ਦੀਆਂ ਤਰੱਕੀਆਂ ਕਰਨ ਸਬੰਧੀ, ਨਬਾਰਡ ਤਹਿਤ ਸਕੂਲ ਆਫ ਹੈਪੀਨੈਸ ਦੀ ਗਰਾਂਟ ਜਾਰੀ ਕਰਨ ਸਬੰਧੀ, ਸਕੂਲਾਂ 'ਚ ਸਿੱਖਿਆ ਕ੍ਰਾਂਤੀ ਰੱਖੇ ਗਏ ਨੀਹ ਪੱਥਰਾਂ ਦੀ ਗਰਾਂਟ ਜਾਰੀ ਕਰਨ, ਸਕੂਲਾਂ ਵਿੱਚ ਕੰਮ ਕਰਦੀਆਂ ਸਫਾਈ ਸੇਵਕਾਂ ਦੀ ਤਨਖਾਹ ਜਾਰੀ ਕਰਨ, ਪਿਛਲੇ ਦੋ ਮਹੀਨਿਆਂ ਤੋਂ ਪੈਂਡਿੰਗ ਪੇਮੈਂਟ ਮਿੱਡ-ਡੇ-ਮੀਲ ਦੀ ਰਾਸ਼ੀ ਆਦਿ ਜਾਰੀ ਕਰਨ ਸਬੰਧੀ ਗੱਲਬਾਤ ਰੱਖੀ ਗਈ।ਜਥੇਬੰਦੀ ਨੂੰ ਵਿਸ਼ਵਾਸ ਦਿਵਾਉਂਦਿਆਂ ਜ਼ਿਲ੍ਹਾ ਸਿੱਖਿਆ ਅਫਸਰ ਵੱਲੋਂ ਨੇ ਕਿਹਾ ਕਿ ਨਬਾਰਡ ਤਹਿਤ ਗਰਾਂਟਾਂ ਦੇ ਬਿਲ ਜ਼ਿਲ੍ਹਾ ਖਜ਼ਾਨਾ ਦਫਤਰ ਭੇਜੇ ਜਾ ਚੁੱਕੇ ਹਨ, ਮਿੱਡ-ਡੇ-ਮੀਲ ਦੀ ਗਰਾਂਟ ਜਾਰੀ ਕਰਨ ਸਬੰਧੀ ਸਟੇਟ ਨੂੰ ਲਿਖਿਆ ਜਾਵੇਗਾ।ਸਕੂਲਾਂ ਵਿੱਚ ਰੱਖੇ ਨੀਂਹ ਪੱਥਰਾਂ ਦੀ ਗਰਾਂਟ ਵੀ ਜਲਦੀ ਜਾਰੀ ਕੀਤੀ ਜਾਵੇਗੀ।ਈ ਟੀ ਟੀ ਤੋਂ ਹੈੱਡ ਟੀਚਰਜ਼ ਦੀਆਂ ਤਰੱਕੀਆਂ ਕਰਨ ਸਬੰਧੀ ਉਨ੍ਹਾਂ ਕਿਹਾ ਕਿ ਭਲਾਈ ਵਿਭਾਗ ਨੂੰ ਰੋਸਟਰ ਪ੍ਰਵਾਨਗੀ ਲਈ ਭੇਜਿਆ ਗਿਆ ਹੈ, ਜਿਸ ਦਾ ਯਾਦ ਪੱਤਰ ਵੀ ਭੇਜਿਆ ਗਿਆ ਹੈ।ਰੋਸਟਰ ਰਜਿਸਟਰ ਦੀ ਮਨਜ਼ੂਰੀ ਉਪਰੰਤ ਤਰੱਕੀਆਂ ਤੁਰੰਤ ਕੀਤੀਆਂ ਜਾਣਗੀਆਂ।ਇਸ ਮੌਕੇ ਭਾਰਤ ਭੂਸ਼ਨ ਮਾਨਸਾ, ਗੁਰਜੰਟ ਸਿੰਘ ਬੱਛੋਆਣਾ, ਜਸਵੀਰ ਕੌਰ ਬੁਢਲਾਡਾ, ਜਸਪ੍ਰੀਤ ਕੌਰ ਬੁਢਲਾਡਾ ਆਦਿ ਵਫ਼ਦ 'ਚ ਹਾਜ਼ਰ ਸਨ।

# ਇਨਟੈੱਕ ਨੇ ਡੀ ਸੀ ਐੱਮ ਸਕੂਲ 'ਚ ਕੁਇੱਜ਼ ਮੁਕਾਬਲੇ ਕਰਵਾਏ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਵਿਦਿਆਰਥੀਆਂ ਨੂੰ ਦੇਸ਼ ਦੇ ਅਮੀਰ ਇਤਿਹਾਸ ਤੇ ਵਿਰਾਸਤੀ ਸਥਾਨਾਂ ਤੋਂ ਜਾਣੂ ਕਰਵਾਉਣ ਦੇ ਮਕਸਦ ਨਾਲ, ਇੰਡੀਅਨ ਨੈਸ਼ਨਲ ਟਰੱਸਟ ਫਾਰ ਆਰਟ ਐਂਡ ਕਲਚਰਲ ਹੈਰੀਟੇਜ (ਇਨਟੈਕ) ਵੱਲੋਂ ਇਕ ਵਿਸ਼ੇਸ਼ ਕੁਇੱਜ਼ ਮੁਕਾਬਲੇ ਦਾ ਆਯੋਜਨ ਕੀਤਾ ਗਿਆ। ਇਸ ਮੁਕਾਬਲੇ ਵਿੱਚ ਜ਼ਿਲ੍ਹੇ ਦੇ 8 ਵੱਖ-ਵੱਖ ਸਕੂਲਾਂ ਦੇ 80 ਤੋਂ ਵੱਧ ਵਿਦਿਆਰਥੀਆਂ ਨੇ ਭਾਗ ਲਿਆ। ਇਹ ਪ੍ਰਤੀਯੋਗਿਤਾ ਡੀਸੀਐੱਮ ਇੰਟਰਨੈਸ਼ਨਲ ਸਕੂਲ ਵਿੱਚ ਕਰਵਾਈ ਗਈ, ਜਿਸ ਦਾ ਮੁੱਖ ਉਦੇਸ਼ ਨੌਜਵਾਨ ਪੀੜ੍ਹੀ ਨੂੰ ਆਪਣੀ ਸੱਭਿਆਚਾਰਕ ਵਿਰਾਸਤ ਪ੍ਰਤੀ ਜਾਗਰੂਕ ਕਰਨਾ ਸੀ। ਪ੍ਰਤੀਯੋਗਿਤਾ ਦੀ ਸ਼ੁਰੂਆਤ ਲਿਖਤੀ ਪ੍ਰੀਖਿਆ ਨਾਲ ਹੋਈ, ਜਿਸ ਵਿੱਚ ਵਿਰਾਸਤ ਨਾਲ ਸਬੰਧਤ ਬਹੁ-ਵਿਕਲਪੀ ਪ੍ਰਸ਼ਨ ਪੁੱਛੇ ਗਏ। ਇਸ ਲਿਖਤੀ ਟੈਸਟ ਵਿੱਚੋਂ ਪਾਸ ਹੋਣ ਵਾਲੇ ਵਿਦਿਆਰਥੀਆਂ ਨੂੰ ਹੀ ਕੁਇੱਜ਼ ਦੇ ਅਗਲੇ ਦੌਰ ਲਈ ਚੁਣਿਆ ਗਿਆ। ਇੰਨਟੈਕ ਫਿਰੋਜ਼ਪੁਰ ਚੈਪਟਰ ਦੇ ਕਨਵੀਨਰ ਤੇ ਪ੍ਰਸਿੱਧ ਸਿੱਖਿਆ ਸ਼ਾਸਤਰੀ ਡਾ. ਅਨਿਰੁਧ ਗੁਪਤਾ ਨੇ ਦੱਸਿਆ ਕਿ ਵਿਦਿਆਰਥੀਆਂ ਨੇ ਇਸ ਮੁਕਾਬਲੇ ਵਿੱਚ ਬਹੁਤ ਉਤਸ਼ਾਹ ਨਾਲ ਹਿੱਸਾ ਲਿਆ ਤੇ ਆਪਣੀ ਗਿਆਨ ਦਾ ਪ੍ਰਦਰਸ਼ਨ ਕੀਤਾ। ਉਨ੍ਹਾਂ ਦੱਸਿਆ ਕਿ ਦਾਸ ਐਂਡ ਬ੍ਰਾਊਨ ਵਰਲਡ ਸਕੂਲ ਦੀ ਟੀਮ ਨੇ ਪਹਿਲਾ ਸਥਾਨ ਹਾਸਲ ਕੀਤਾ, ਜਦੋਂਕਿ ਡੀਸੀਐੱਮ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀਆਂ ਨੇ ਦੂਜਾ ਤੇ ਸੀਕੇ ਸੀਨੀਅਰ ਸੈਕੰਡਰੀ ਸਕੂਲ ਦੀ ਟੀਮ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਜਿੱਤ ਨਾਲ ਦਾਸ ਐਂਡ ਬ੍ਰਾਊਨ ਵਰਲਡ ਸਕੂਲ ਦੀ ਟੀਮ ਨੇ ਰਾਜ ਪੱਧਰੀ ਕੁਇੱਜ਼ ਚੈਂਪੀਅਨਸ਼ਿਪ ਲਈ ਆਪਣੀ ਜਗ੍ਹਾ ਪੱਕੀ ਕਰ ਲਈ ਹੈ। ਡਾ. ਗੁਪਤਾ ਨੇ ਕਿਹਾ ਕਿ ਭਾਰਤ ਇਤਿਹਾਸਿਕ ਵਿਰਾਸਤ ਦਾ ਖ਼ਜ਼ਾਨਾ ਹੈ ਅਤੇ ਇਨ੍ਹਾਂ ਦਾ ਸੰਭਾਲ ਕਰਨਾ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ। ਇਸ ਮੌਕੇ ਇੰਨਟੈਕ ਦੇ ਮੈਂਬਰ ਪਰਮਿੰਦਰ ਥਿੰਦ ਨੇ ਵਿਦਿਆਰਥੀਆਂ ਨੂੰ ਫਿਰੋਜ਼ਪੁਰ ਸ਼ਹਿਰ ਦੇ ਇਤਿਹਾਸ ਤੇ ਇਸ ਨਾਲ ਜੁੜੀਆਂ ਇਤਿਹਾਸਕ ਵਿਰਾਸਤਾਂ ਬਾਰੇ ਮਹੱਤਵਪੂਰਨ ਜਾਣਕਾਰੀ ਦਿੱਤੀ। ਉਨ੍ਹਾਂ ਤੋਂ ਇਲਾਵਾ ਹੋਰਨਾਂ ਮੈਂਬਰਾਂ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ। ਇਸ ਸਮਾਗਮ ਵਿੱਚ ਸਹਿ-ਕਨਵੀਨਰ ਵਿਕਰਮਾਦਿੱਤਿਆ ਸ਼ਰਮਾ, ਰੰਜਨ ਸ਼ਰਮਾ, ਅਸ਼ੋਕ ਬਹਿਲ, ਵਿਕਾਸ ਪਾਸੀ, ਯੋਗੇਸ਼ ਬਾਂਸਲ, ਕੁਲਵਿੰਦਰ ਨੰਦਾ, ਡਾ. ਵਿਕਾਸ ਅਰੋੜਾ, ਡਾ. ਕੇ. ਸੀ. ਅਰੋੜਾ, ਐਡਵੋਕੇਟ ਵਿਵੇਕ ਜੈਨ, ਅਨੁਰਾਗ ਐਰੀ ਤੇ ਅਕਸ਼ੈ ਗਿਲਹੋਤਰਾ ਸਮੇਤ ਕਈ ਹੋਰ ਸ਼ਖ਼ਸੀਅਤਾਂ ਮੌਜੂਦ ਸਨ।

## ਸੜਕ ਹਾਦਸੇ 'ਚ ਨੌਜਵਾਨ ਦੀ ਮੌਤ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਮਮਦੋਟ ਵਿਖੇ ਹੋਏ ਸੜਕ ਹਾਦਸੇ ਵਿੱਚ ਇੱਕ ਨੌਜਵਾਨ ਦੀ ਮੌਤ ਹੋਣ ਦੀ ਖਬਰ ਮਿਲੀ ਹੈ। ਇਸ ਸਬੰਧੀ ਥਾਣਾ ਮਮਦੋਟ ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਜੋਗਿੰਦਰ ਕੌਰ ਪਤਨੀ ਹੁਕਮ ਸਿੰਘ ਵਾਸੀ ਪਿੰਡ ਹਜ਼ਾਰਾ ਸਿੰਘ ਵਾਲਾ ਨੇ ਦੱਸਿਆ ਕਿ 22 ਅਗਸਤ 2025 ਨੂੰ ਉਹ ਆਪਣੇ ਪੇਕੇ ਪਿੰਡ ਸਦਰ ਕੇ ਤੋਂ ਵਾਪਸ ਆਪਣੇ ਪਿੰਡ ਹਜ਼ਾਰਾ ਸਿੰਘ ਵਾਲਾ ਨੂੰ ਆ ਰਹੀ ਸੀ ਤੇ ਉਸ ਦਾ ਲੜਕਾ ਆਪਣੇ ਮੋਟਰਸਾਈਕਲ ਡੀਲਕਸ 'ਤੇ ਸਵਾਰ ਹੋ ਕੇ ਉਨ੍ਹਾਂ ਦੇ ਅੱਗੇ ਜਾ ਰਿਹਾ ਸੀ ਤਾਂ ਉਹ ਆਪਣੇ ਦਿਉਰ ਦੇ ਲੜਕੇ ਪਵਨ ਸਿੰਘ ਪੁੱਤਰ ਸ਼ਿੰਗਾਰ ਸਿੰਘ ਦੇ ਮੋਟਰਸਾਈਕਲ ਸੀਡੀ ਡੀਲੈਕਸ ਮਗਰ ਸਵਾਰ ਹੋ ਕੇ ਪਿੱਛੇ ਪਿੱਛੇ ਆ ਰਹੀ ਸੀ, ਜਦ ਉਹ ਪੁਲ ਨਹਿਰ ਰਹੀਮੇ ਕੇ ਤੋਂ ਅੱਗੇ ਲੰਘੇ ਤਾਂ ਉਸ ਦੇ ਲੜਕੇ ਕੁਲਦੀਪ ਸਿੰਘ ਦਾ ਮੋਟਰਸਾਈਕਲ ਕਿਸੇ ਅਣਪਛਾਤੇ ਵਾਹਨ ਨਾਲ ਟਕਰਾ ਗਿਆ, ਜਿਸ ਨਾਲ ਉਸ ਦੀ ਮੌਤ ਹੋ ਗਈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਸੁਖਚੈਨ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਅਣਪਛਾਤੇ ਵਾਹਨ ਚਾਲਕ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

## ਖ਼ੂਨਦਾਨ ਕੈਂਪ ਅੱਜ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਵਿਸ਼ਵ ਭਾਈਚਾਰਾ ਦਿਵਸ ਮੌਕੇ ਬ੍ਰਹਮਾ ਕੁਮਾਰੀ ਸੈਂਟਰ ਤੇ ਰੋਟਰੀ ਕਲੱਬ ਪਾਤੜਾਂ ਰੋਇਲ ਵੱਲੋਂ ਸ੍ਰੀ ਦੁਰਗਾ ਦਲ ਸੇਵਾ ਸਮਿਤੀ ਚੈਰੀਟੇਬਲ ਹਸਪਤਾਲ ਵਿਖੇ ਬ੍ਰਹਮਾ ਕੁਮਾਰੀ ਸੰਸਥਾ ਦੇ ਸਾਬਕਾ ਮੁੱਖ ਪ੍ਰਸ਼ਾਸਕ ਰਾਜਯੋਗਿਨੀ ਪ੍ਰਕਾਸ਼ਮਨੀ ਦਾਦੀ ਜੀ ਦੀ 18ਵੀਂ ਬਰਸੀ ਮੌਕੇ ਇੱਕ ਵਿਸ਼ਾਲ ਖ਼ੂਨਦਾਨ ਕੈਂਪ 25 ਅਗਸਤ ਨੂੰ ਲਾਇਆ ਜਾ ਰਿਹਾ ਹੈ।ਜਾਣਕਾਰੀ ਦਿੰਦਿਆਂ ਕੇਂਦਰ ਦੇ ਡਾਇਰੈਕਟਰ ਰਾਜਯੋਗਿਨੀ ਬੀਕੇਨਿਸ਼ਾ ਦੀਦੀ ਨੇ ਦੱਸਿਆ ਕਿ ਕਾਰ ਡੀਲਰਜ਼ ਐਸੋਸੀਏਸ਼ਨ ਦੇ ਪ੍ਰਧਾਨ ਸ੍ਰੀ ਸੁਨੀਲ ਜੰਡਾਲ ਕੈਂਪ ਵਿੱਚ ਮੁੱਖ ਮਹਿਮਾਨ ਹੋਣਗੇ।ਉਨ੍ਹਾਂ ਕਿਹਾ ਕਿ ਦਾਦੀ ਜੀ ਪ੍ਰਕਾਸ਼ਮਨੀ ਨੇ ਆਪਣਾ ਪੂਰਾ ਜੀਵਨ ਬ੍ਰਹਮ ਸੇਵਾ ਤੇ ਮਨੁੱਖੀ ਭਲਾਈ ਲਈ ਸਮਰਪਤ ਕਰ ਦਿੱਤਾ।

ਉਨ੍ਹਾਂ ਦੀਆਂ ਸਿੱਖਿਆਵਾਂ ਅੱਜ ਵੀ ਲੋਕਾਂ ਨੂੰ ਸੱਚ ਤੇ ਸੇਵਾ ਦੇ ਮਾਰਗ 'ਤੇ ਚੱਲਣ ਲਈ ਪ੍ਰੇਰਿਤ ਕਰਦੀਆਂ ਹਨ।

# ਨਵੀਂ ਬਣਨ ਵਾਲੀ ਟੈਂਕੀ ਦੇ ਕੰਮ ਦਾ ਵਿਧਾਇਕ ਬਾਜ਼ੀਗਰ ਵੱਲੋਂ ਨਿਰੀਖਣ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਸ਼ਹਿਰ ਵਾਸੀਆਂ ਨੂੰ ਸਾਫ ਸੁਥਰਾ ਪੀਣ ਵਾਲਾ ਸ਼ੁੱਧ ਪਾਣੀ ਮੁਹੱਈਆ ਕਰਵਾਉਣ ਦੇ ਮਕਸਦ ਨਾਲ ਵਾਟਰ ਸਪਲਾਈ ਤੇ ਸੀਵਰੇਜ ਬੋਰਡ ਪੰਜਾਬ ਵੱਲੋਂ ਵਾਰਡ ਨੰਬਰ 15 ਵਿੱਚ ਇੱਕ ਲੱਖ ਗੈਲਨ ਪਾਣੀ ਦੀ ਸਮਰੱਥਾ ਵਾਲੀ ਇਕ ਕਰੋੜ ਦੀ ਲਾਗਤ ਨਾਲ ਤਿਆਰ ਹੋਣ ਵਾਲੀ ਨਵੀਂ ਬਣਾਈ ਜਾ ਰਹੀ ਟੈਂਕੀ ਤੇ 9 ਕਰੋੜ ਦੀ ਲਾਗਤ ਨਾਲ 30 ਕਿਲੋਮੀਟਰ ਵਿਛਾਈ ਜਾ ਰਹੀ ਪਾਈਪਲਾਈਨ ਦੇ ਚੱਲ ਰਹੇ ਕੰਮ ਦਾ ਨਿਰੀਖਣ ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਕੀਤਾ।ਇਸ ਦੌਰਾਨ ਉਨ੍ਹਾਂ ਬੋਰਡ ਦੇ ਅਧਿਕਾਰੀਆਂ ਨੂੰ ਮਿੱਥੇ ਸਮੇਂ ਵਿੱਚ ਕੰਮ ਮੁਕੰਮਲ ਕਰਨ ਸਬੰਧੀ ਹਦਾਇਤਾਂ ਜਾਰੀ ਕੀਤੀਆਂ।ਨਰੀਖਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਕਿਹਾ ਕਿ ਸੂਬੇ ਦੀ ਆਮ ਆਦਮੀ ਪਾਰਟੀ ਦੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਚੋਣਾਂ ਤੋਂ ਪਹਿਲਾਂ ਸਾਫ ਸੁਥਰਾ ਪ੍ਰਸ਼ਾਸਨ ਦੇਣ ਦੇ ਨਾਲ ਨਾਲ ਲੋਕਾਂ ਦੀਆਂ ਬੁਨਿਆਦੀ ਜ਼ਰੂਰਤਾਂ ਨੂੰ ਪਹਿਲ ਦੇ ਅਧਾਰ 'ਤੇ ਹੱਲ ਕਰਨ ਦਾ ਭਰੋਸਾ ਦਿੱਤਾ ਸੀ, ਜਿਸ ਦੇ ਤਹਿਤ ਸਿਹਤ ਤੇ ਸਿੱਖਿਆ ਦੇ ਖੇਤਰ ਵਿੱਚ ਸਰਕਾਰ ਵੱਲੋਂ ਲਗਾਤਾਰ ਕਦਮ ਚੁੱਕੇ ਜਾ ਰਹੇ ਹਨ।ਉਨ੍ਹਾਂ ਦੱਸਿਆ ਕਿ ਸ਼ਹਿਰ ਵਿੱਚ ਨੌਂ ਟਿਊਬਵੈੱਲ ਲੋਕਾਂ ਨੂੰ ਪੀਣ ਵਾਲਾ ਸਾਫ ਸੁਥਰਾ ਪਾਣੀ ਮੁਹੱਈਆ ਕਰਵਾ ਰਹੇ ਹਨ, ਪਰ ਦਿਨੋਂ ਦਿਨ ਵੱਧਦੀ ਆਬਾਦੀ ਕਰਕੇ ਪੀਣ ਵਾਲੇ ਪਾਣੀ ਦੀ ਜ਼ਰੂਰਤ ਬਹੁਤ ਵੱਧ ਗਈ ਹੈ, ਜਿਸ ਨੂੰ ਧਿਆਨ ਵਿੱਚ ਰੱਖਦਿਆਂ ਨਗਰ ਕੌਂਸਲ ਵੱਲੋਂ ਕੀਤੇ ਗਏ ਉਪਰਾਲਿਆਂ ਤਹਿਤ ਇਕ ਲੱਖ ਗੈਲਨ ਪਾਣੀ ਸਟੋਰ ਕਰਨ ਵਾਲੀ ਟੈਂਕੀ ਬਣਾਈ ਜਾ ਰਹੀ ਹੈ ਤਾਂ ਕਿ ਸ਼ਹਿਰ ਵਿੱਚ ਉੱਚੀਆਂ ਥਾਵਾਂ ਉੱਤੇ ਵੀ ਪੀਣ ਵਾਲੇ ਸਾਫ ਸੁਥਰੇ ਪਾਣੀ ਦੀ ਸਪਲਾਈ ਯਕੀਨੀ ਬਣਾਈ ਜਾ ਸਕੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਨਗਰ ਕੌਂਸਲ ਪਾਤੜਾਂ ਦੇ ਪ੍ਰਧਾਨ ਰਣਵੀਰ ਸਿੰਘ ਅਤੇ ਕਾਰਜਸਾਧਕ ਅਫਸਰ ਬਲਜਿੰਦਰ ਸਿੰਘ, ਮਾਰਕੀਟ ਕਮੇਟੀ ਪਾਤੜਾਂ ਦੇ ਚੇਅਰਮੈਨ ਮਹਿੰਗਾ ਸਿੰਘ ਬਰਾੜ, ਸੀਨੀਅਰ ਆਪ ਆਗੂ ਕੁਲਦੀਪ ਸਿੰਘ ਥਿੰਦ, ਸਮੂਹ ਕੌਂਸਲਰ ਤੇ ਸੀਵਰੇਜ ਬੋਰਡ ਦੇ ਅਧਿਕਾਰੀ ਹਾਜ਼ਰ ਸਨ।

# ਪੰਜਾਬ ਦੀ ਤਰੱਕੀ ਲਈ ਸੂਬਾ ਸਰਕਾਰ ਲੈ ਰਹੀ ਇਤਿਹਾਸਕ ਫੈਸਲੇ : ਬਰਸਟ

## ਲੋਕ ਮਿਲਣੀ ਪ੍ਰੋਗਰਾਮ 'ਚ ਲੋਕਾਂ ਦੀਆਂ ਸਮੱਸਿਆਵਾਂ ਦਾ ਮੌਕੇ 'ਤੇ ਨਿਪਟਾਰਾ



**ਪਟਿਆਲਾ/ਸਮਾਣਾ (ਰਾਜਿੰਦਰ ਸਿੰਘ ਥਿੰਦ/ਗੁਰਪਿਆਰ ਸਿੰਘ ਬੱਲ, ਇਕਬਾਲ ਸਿੰਘ ਬੱਲ)**

ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਤੇ ਆਮ ਆਦਮੀ ਪਾਰਟੀ, ਪੰਜਾਬ ਦੇ ਸੂਬਾ ਜਨਰਲ ਸਕੱਤਰ ਸ੍ਰ. ਹਰਚੰਦ ਸਿੰਘ ਬਰਸਟ ਵੱਲੋਂ ਪਟਿਆਲਾ ਦਫ਼ਤਰ ਵਿਖੇ ਲੋਕ ਮਿਲਣੀ ਪ੍ਰੋਗਰਾਮ ਕੀਤਾ ਗਿਆ।ਇਸ ਦੌਰਾਨ ਵੱਖ-ਵੱਖ ਪਿੰਡਾਂ ਦੀਆਂ ਪੰਚਾਇਤਾਂ ਤੇ ਆਮ ਲੋਕ ਪਹੁੰਚੇ, ਜਿਨ੍ਹਾਂ ਵੱਲੋਂ ਸ੍ਰ. ਬਰਸਟ ਨੂੰ ਆਪਣੀਆਂ ਸਮੱਸਿਆਵਾਂ ਤੋਂ ਜਾਣੂ ਕਰਵਾਇਆ ਗਿਆ।ਸ੍ਰ. ਬਰਸਟ ਨੇ ਹਰ ਵਿਅਕਤੀ ਨਾਲ ਮੁਲਾਕਾਤ ਕਰਕੇ ਉਨ੍ਹਾਂ ਦੀ ਗੱਲ ਧਿਆਨ ਨਾਲ ਸੁਣੀ ਤੇ ਮੌਕੇ 'ਤੇ ਹੀ ਸਮੱਸਿਆਵਾਂ ਦਾ ਨਿਪਟਾਰਾ ਕੀਤਾ।ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਨੇ ਕਿਹਾ ਕਿ ਪੰਜਾਬ ਦੇ ਮਾਣਯੋਗ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਅਤੇ ਸੂਬੇ ਨੂੰ ਰੰਗਲਾ ਤੇ ਖੁਸ਼ਹਾਲ ਪੰਜਾਬ ਬਣਾਉਣ ਲਈ ਲਗਾਤਾਰ ਕਾਰਜ ਕੀਤੇ ਜਾ ਰਹੇ ਹਨ ਅਤੇ ਯੋਜਨਾਬੱਧ ਤਰੀਕੇ ਨਾਲ ਸੂਬੇ ਨੂੰ ਵਿਕਾਸ ਦੀ ਰਾਹ ਤੇ ਅੱਗੇ ਵਧਾਇਆ ਜਾ ਰਿਹਾ ਹੈ।ਸੂਬੇ ਦੇ ਸਰਵਪੱਖੀ ਵਿਕਾਸ ਤੇ ਲੋਕਾਂ ਦੀ ਭਲਾਈ ਲਈ ਇਤਿਹਾਸਕ ਫੈਸਲੇ ਲਏ ਜਾ ਰਹੇ ਹਨ।

ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਆਪਣੇ ਸਾਢੇ ਤਿੰਨ ਸਾਲਾਂ ਦੇ ਕਾਰਜਕਾਲ ਦੌਰਾਨ ਮਿਸਾਲੀ ਕਾਰਜ ਕੀਤੇ ਗਏ ਹਨ, ਜਿਸ ਦੇ ਤਹਿਤ ਸਿਹਤ, ਸਿੱਖਿਆ, ਰੋਜ਼ਗਾਰ, ਖੇਤੀਬਾੜੀ ਸਮੇਤ ਹਰ ਖੇਤਰ ਵਿੱਚ ਵਿਸ਼ੇਸ਼ ਕਦਮ ਚੁੱਕੇ ਹਨ, ਜਿਸ ਤੋਂ ਲੋਕ ਬਹੁਤ ਖੁਸ਼ ਹਨ।ਸੂਬੇ ਨੂੰ ਨਸ਼ਾ ਮੁਕਤ ਬਣਾਉਣ ਲਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਚਲਾਈ ਜਾ ਰਹੀ ਹੈ, ਜਿਸ ਦੇ ਤਹਿਤ ਨਸ਼ਿਆਂ ਦਾ ਕਾਰੋਬਾਰ ਕਰਨ ਵਾਲਿਆਂ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ।ਨਸ਼ਿਆਂ ਦੇ ਦਲਦਲ ਵਿੱਚ ਫਸੇ ਨੌਜਵਾਨਾਂ ਦਾ ਸਰਕਾਰੀ ਪੱਧਰ 'ਤੇ ਇਲਾਜ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਕਰਕੇ ਖੇਡਾਂ ਵੱਲ ਉਤਸ਼ਾਹਤ ਕਰਨ ਲਈ ਸੂਬਾ ਸਰਕਾਰ ਵੱਲੋਂ ਲਗਾਤਾਰ ਕਾਰਜ ਕੀਤੇ ਜਾ ਰਹੇ ਹਨ।ਸਰਕਾਰ ਵੱਲੋਂ ਸੂਬੇ ਦੇ ਪਿੰਡਾਂ ਵਿੱਚ ਖੇਡ ਮੈਦਾਨ ਬਣਾਏ ਜਾ ਰਹੇ ਹਨ।

ਇਸ ਮੌਕੇ ਆੜ੍ਹਤੀ ਐਸੋਸੀਏਸ਼ਨ ਪਟਿਆਲਾ ਦੇ ਨੁਮਾਇੰਦਿਆਂ ਵੱਲੋਂ ਸ. ਹਰਚੰਦ ਸਿੰਘ ਬਰਸਟ ਦਾ ਮੰਡੀ ਲੇਬਰ ਰੇਟ ਵਿੱਚ 10 ਫੀਸਦ ਵਾਧਾ ਕਰਨ ਲਈ ਧੰਨਵਾਦ ਕੀਤਾ ਗਿਆ।ਇਸ ਮੌਕੇ ਹਨੀ ਮਾਹਲਾ ਚੇਅਰਮੈਨ ਮਾਰਕਿਟ ਕਮੇਟੀ ਡਕਾਲਾ, ਜਸਬੀਰ ਸਿੰਘ ਚੰਦੂਆ ਚੇਅਰਮੈਨ ਮਾਰਕਿਟ ਕਮੇਟੀ ਬਨੂੰੜ, ਹਰਿੰਦਰ ਸਿੰਘ ਧਬਲਾਨ, ਐਡਵੋਕੇਟ ਹਰਤੇਜ ਸੰਧੂ, ਸ਼ਾਮ ਲਾਲ ਦੱਤ, ਗੁਲਜਾਰ ਦੁਘਾਟ, ਇੰਜ. ਸਤਵਿੰਦਰ ਸਿੰਘ ਸੈਣੀ ਸੀਨੀਅਰ ਮੀਤ ਪ੍ਰਧਾਨ ਆੜ੍ਹਤੀ ਐਸੋਸੀਏਸ਼ਨ ਪੰਜਾਬ, ਦਵਿੰਦਰ ਸਿੰਘ ਬੈਦਵਾਨ ਪ੍ਰਧਾਨ ਆੜ੍ਹਤੀ ਐਸੋਸੀਏਸ਼ਨ ਜ਼ਿਲ੍ਹਾ ਪਟਿਆਲਾ ਆਦਿ ਮੌਜੂਦ ਸਨ।

## ਬਰਗਾੜੀ ਫੋਰੈਸਟ ਪੈਨਸ਼ਨਰਜ਼ ਐਸੋਸੀਏਸ਼ਨ ਦੇ ਪ੍ਰਧਾਨ ਚੁਣੇ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਪੰਜਾਬ ਫੋਰੈਸਟ ਪੈਨਸ਼ਨਰਜ਼ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਬਲਵਿੰਦਰ ਸਿੰਘ ਸੰਧੂ ਤੇ ਜਨਰਲ ਸਕੱਤਰ ਮੋਹਿੰਦਰ ਸਿੰਘ ਧਾਲੀਵਾਲ ਨੇ ਦੱਸਿਆ ਕਿ ਮਧੂ ਭੂਸ਼ਣ ਨੂੰ ਫ਼ਿਰੋਜ਼ਪੁਰ ਸਰਕਲ ਕਮੇਟੀ ਦਾ ਪ੍ਰਧਾਨ ਚੁਣਿਆ ਸੀ, ਪਰ ਉਸ ਵੱਲੋਂ ਅਕਸਰ ਹੀ ਪੰਜਾਬ ਫੋਰੈਸਟ ਪੈਨਸ਼ਨਰਜ਼ ਐਸੋਸੀਏਸ਼ਨ ਦੀ ਹਰ ਕਾਰਵਾਈ ਦੀ ਵਿਰੋਧਤਾ ਕੀਤੀ। ਸੂਬਾ ਪ੍ਰਧਾਨ ਬਲਵਿੰਦਰ ਸਿੰਘ ਸੰਧੂ ਵੱਲੋਂ ਜ਼ਬਾਨੀ ਤੇ ਲਿਖਤੀ ਰੂਪ ਵਿੱਚ ਸਮਝਾਉਣ ਦੀ ਕੋਸ਼ਿਸ਼ ਕੀਤੀ, ਪਰ ਉਸ ਵੱਲੋਂ ਕੋਈ ਪ੍ਰਵਾਹ ਨਹੀਂ ਕੀਤੀ। ਇਥੋਂ ਤੱਕ ਕਿ ਵਣ ਮੰਡਲ ਅਫ਼ਸਰ ਮਾਨਸਾ ਦੇ ਦਫਤਰ ਬਿਨਾਂ ਨੋਟਿਸ ਦੇ ਧਰਨਾ ਦਿੱਤਾ। ਸੂਬਾ ਕਮੇਟੀ ਵੱਲੋਂ ਵਣ ਮੰਡਲ ਅਫ਼ਸਰ ਮਾਨਸਾ ਨਾਲ ਮੀਟਿੰਗ ਕਰਕੇ ਮਸਲਿਆਂ ਹੱਲ ਕਰਵਾਏ, ਜਿਸ ਕਾਰਨ ਬੀਤੇ ਦਿਨ ਕੋਟਕਪੂਰਾ ਵਿਖੇ ਰੱਖੀ ਮੀਟਿੰਗ ਵਿੱਚ ਸੂਬਾ ਆਗੂ ਤੇ ਫਿਰੋਜ਼ਪੁਰ ਸਰਕਲ ਦੀਆਂ ਮੰਡਲ ਕਮੇਟੀਆਂ ਦੇ ਅਹੁਦੇਦਾਰ ਤੇ ਮੈਂਬਰਾਂ ਨੇ ਇਸ ਐਸੋਸੀਏਸ਼ਨ ਨੂੰ ਸੁਚਾਰੂ ਢੰਗ ਨਾਲ ਚਲਾਉਣ ਤੇ ਵਣ ਪੈਨਸ਼ਨਰਾਂ ਦੇ ਮਸਲਿਆਂ ਨੂੰ ਹੱਲ ਕਰਨ ਲਈ ਸਰਬ ਸਾਂਝਾ ਮਤਾ ਪਾਸ ਕੀਤਾ ਕਿ ਮਧੂ ਭੂਸ਼ਣ ਨੂੰ ਫ਼ਿਰੋਜ਼ਪੁਰ ਸਰਕਲ ਕਮੇਟੀ ਦੀ ਪ੍ਰਧਾਨਗੀ ਤੋਂ ਬਰਖਾਸਤ ਕੀਤਾ ਜਾਵੇ ਤੇ ਨਵੀਂ ਕਮੇਟੀ ਚੁਣੀ ਜਾਵੇ। ਇਸ ਲਈ ਫਿਰੋਜ਼ਪੁਰ ਸਰਕਲ ਕਮੇਟੀ ਵੱਲੋਂ ਪੇਸ਼ ਮਤੇ ਤੇ ਮਧੂ ਭੂਸ਼ਣ ਦੇ ਜਬਾਬ ਨੂੰ ਨਾ ਤਸੱਲੀਬਖ਼ਸ਼ ਮੰਨਦੇ ਹੋਏ ਉਸ ਦੀ ਮੁੱਢਲੀ ਮੈਂਬਰਸ਼ਿਪ ਰੱਦ ਕੀਤੀ ਜਾਂਦੀ ਹੈ ਅਤੇ ਫਿਰੋਜ਼ਪੁਰ ਸਰਕਲ ਕਮੇਟੀ ਦੇ ਪ੍ਰਧਾਨ ਦੇ ਅਹੁਦੇ ਤੋਂ ਬਰਖਾਸਤ ਕੀਤਾ ਗਿਆ। ਇਸ ਮੌਕੇ ਫਿਰੋਜ਼ਪੁਰ ਸਰਕਲ ਕਮੇਟੀ ਦੇ ਪ੍ਰਧਾਨ ਰਵੀ ਕੁਮਾਰ ਬਰਗਾੜੀ, ਸੀਨੀਅਰ ਮੀਤ ਗੁਰਜੰਗ ਸਿੰਘ ਜੈਤੋ, ਮੀਤ ਪ੍ਰਧਾਨ ਬਲਵਿੰਦਰ ਸਿੰਘ ਸੰਧੂ, ਸਕੱਤਰ ਮੋਹਿੰਦਰ ਸਿੰਘ ਧਾਲੀਵਾਲ, ਵਿੱਤ ਸਕੱਤਰ ਰਸ਼ਪਾਲ ਸਿੰਘ ਬਠਿੰਡਾ, ਸਹਾਇਕ ਸਕੱਤਰ ਸੁਖਦਰਸ਼ਨ ਸਿੰਘ ਬਾਜਾਖਾਨਾ ਚੁਣੇ ਗਏ।

## ਵਰਲਡ ਕੈਂਸਰ ਕੇਅਰ ਸੋਸਾਇਟੀ ਵੱਲੋਂ ਫ੍ਰੀ ਕੈਂਸਰ ਜਾਂਚ ਕੈਂਪ



**ਚੀਮਾ ਮੰਡੀ (ਰਵਿੰਦਰ ਚੀਮਾ)**-ਵਰਲਡ ਕੈਂਸਰ ਕੇਅਰ ਸੋਸਾਇਟੀ ਵੱਲੋਂ ਗੁਰਦੁਆਰਾ ਜਨਮ ਅਸਥਾਨ ਚੀਮਾ ਮੰਡੀ ਵਿਖੇ ਇੱਕ ਫਰੀ ਕੈਂਸਰ ਜਾਂਚ ਤੇ ਜਾਗਰੂਕਤਾ ਕੈਂਪ ਲਾਇਆ ਗਿਆ।ਇਹ ਕੈਂਪ ਗੁਰਦੁਆਰਾ ਜਨਮ ਅਸਥਾਨ ਦੇ ਮੁੱਖ ਸੇਵਾਦਾਰ ਭਾਈ ਜਗਜੀਤ ਸਿੰਘ (ਕਾਕਾ ਵੀਰ ਜੀ) ਦੀ ਸਰਪ੍ਰਸਤੀ ਹੇਠ ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ ਚਲਾਇਆ ਗਿਆ।ਕੈਂਪ ਦੌਰਾਨ ਮਾਹਰ ਡਾਕਟਰਾਂ ਦੀ ਟੀਮ ਵੱਲੋਂ ਲੋਕਾਂ ਦੀ ਮੁਫ਼ਤ ਜਾਂਚ ਕੀਤੀ ਗਈ ਤੇ ਉਨ੍ਹਾਂ ਨੂੰ ਕੈਂਸਰ ਦੀ ਰੋਕਥਾਮ, ਲੱਛਣਾਂ ਤੇ ਇਲਾਜ ਸੰਬੰਧੀ ਜਾਗਰੂਕਤਾ ਪ੍ਰਦਾਨ ਕੀਤੀ ਗਈ।ਕੈਂਸਰ ਟੈਸਟ ਦੇ ਨਾਲ ਨਾਲ ਬਲੱਡ ਪ੍ਰੈਸ਼ਰ, ਸ਼ੂਗਰ ਤੇ ਹੋਰ ਟੈਸਟ ਕੀਤੇ ਗਏ।ਕੁੱਲ 426 ਵਿਅਕਤੀਆਂ ਦੀ ਜਾਂਚ ਕੀਤੀ ਗਈ, ਜਿਸ ਨੇ ਲੋਕਾਂ ਦੀ ਵੱਡੀ ਹਾਜ਼ਰੀ ਤੇ ਕੈਂਪ ਦੀ ਲੋੜ ਨੂੰ ਦਰਸਾਇਆ।ਇਸ ਮੌਕੇ ਜੀਵੋ ਕੰਪਨੀ ਵੱਲੋਂ ਬੀਟ ਗ੍ਰਾਸ ਜੂਸ ਤੇ ਬੀਟ ਗ੍ਰਾਸ ਪਾਊਡਰ ਵੀ ਮੁਫ਼ਤ ਵੰਡਿਆ ਗਿਆ, ਜਿਸ ਦੀ ਲੋਕਾਂ ਵੱਲੋਂ ਖੂਬ ਸਰਾਹਣਾ ਕੀਤੀ ਗਈ।ਮੁੱਖ ਸੇਵਾਦਾਰ ਭਾਈ ਜਗਜੀਤ ਸਿੰਘ (ਕਾਕਾ ਵੀਰ ਜੀ) ਨੇ ਵਰਲਡ ਕੈਂਸਰ ਕੇਅਰ ਸੋਸਾਇਟੀ ਦੀ ਮੈਡੀਕਲ ਟੀਮ, ਡਾਕਟਰਾਂ ਤੇ ਜੀਵੋ ਕੰਪਨੀ ਦਾ ਇਸ ਉਪਰਾਲੇ ਲਈ ਤਹਿ ਦਿਲੋਂ ਧੰਨਵਾਦ ਕੀਤਾ ਤੇ ਉਨ੍ਹਾ ਲੋਕਾਂ ਨੂੰ ਆਪਣੀ ਸਿਹਤ ਪ੍ਰਤੀ ਸਚੇਤ ਰਹਿਣ ਦੀ ਅਪੀਲ ਕੀਤੀ ਗਈ।

## ਬਾਬਾ ਮੋਨੀ ਜੀ ਡਿਗਰੀ ਕਾਲਜ ਦਾ ਨਤੀਜਾ ਸ਼ਾਨਦਾਰ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਪਿਛਲੇ ਦਿਨੀਂ ਪੰਜਾਬੀ ਯੂਨੀਵਰਸਿਟੀ ਵੱਲੋਂ ਐਲਾਨੇ ਗਏ ਬੀ ਏ ਭਾਗ-ਦੂਜਾ (ਸਮੈਸਟਰ-ਤੀਜਾ) ਦੇ ਨਤੀਜੇ 'ਚੋਂ ਬਾਬਾ ਮੋਨੀ ਜੀ ਡਿਗਰੀ ਕਾਲਜ ਲਹਿਰਾ ਮੁਹੱਬਤ ਦਾ ਨਤੀਜਾ ਸ਼ਾਨਦਾਰ ਰਿਹਾ। ਕਾਲਜ 'ਚੋਂ ਜਗਦੀਪ ਕੌਰ ਨੇ ਪਹਿਲਾ, ਮਧੂ ਕੁਮਾਰੀ ਨੇ ਦੂਜਾ ਤੇ ਜੋਤਬੀਰ ਕੌਰ ਨੇ ਤੀਸਰਾ ਸਥਾਨ ਹਾਸਲ ਕਰਕੇ ਕਾਲਜ ਤੇ ਆਪਣੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ। ਨਤੀਜਾ ਲਗਭਗ ਪੂਰੇ ਫੀਸਦੀ ਰਿਹਾ, ਜਿਸ ਵਿੱਚ ਸਾਰੇ ਵਿਦਿਆਰਥੀਆਂ ਨੇ ਪਹਿਲੇ ਦਰਜੇ ਵਿੱਚ ਪ੍ਰੀਖਿਆ ਪਾਸ ਕੀਤੀ। ਕਾਲਜ ਦੇ ਡਾਇਰੈਕਟਰ ਕੇਸਰ ਸਿੰਘ ਧਲੇਵਾਂ, ਮੈਨੇਜਿੰਗ ਡਾਇਰੈਕਟਰ ਲਖਵੀਰ ਸਿੰਘ ਸਿੱਧੂ ਤੇ ਐਡਮਨਿਸਟ੍ਰੇਟਿਵ ਕੁਲਵੀਰ ਸਿੰਘ ਨੇ ਵਿਦਿਆਰਥੀਆਂ ਤੇ ਸਮੂਹ ਸਟਾਫ਼ ਨੂੰ ਵਧਾਈ ਦਿੱਤੀ। ਡਿਗਰੀ ਕਾਲਜ ਦੇ ਇੰਚਾਰਜ ਪ੍ਰਿੰਸੀਪਲ ਅਮਨਿੰਦਰ ਕੌਰ ਤੇ ਸਮੂਹ ਸਟਾਫ ਨੇ ਵਧਾਈ ਦਿੰਦਿਆਂ ਵਿਦਿਆਰਥਣਾਂ ਨੂੰ ਹੋਰ ਵੱਧ ਤੋਂ ਵੱਧ ਮਿਹਨਤ ਕਰਕੇ ਤਰੱਕੀਆਂ ਹਾਸਲ ਕਰਨ ਦੀ ਪ੍ਰੇਰਣਾ ਦਿੱਤੀ।

## ਭਾਜਪਾ ਵੱਲੋਂ ਪੰਜਾਬ ਸਰਕਾਰ ਖਿਲਾਫ ਰੋਸ ਪ੍ਰਦਰਸ਼ਨ



**ਦੋਰਾਹਾ (ਹਰਮਿੰਦਰ ਸੇਠ)**-ਪੁਲਸ ਜ਼ਿਲ੍ਹਾ ਖੰਨਾ ਭਾਜਪਾ ਦੇ ਪ੍ਰਧਾਨ ਪ੍ਰੋ. ਭੁਪਿੰਦਰ ਸਿੰਘ ਚੀਮਾ ਤੇ ਜਨਰਲ ਸਕੱਤਰ ਪ੍ਰਿੰਸੀਪਲ ਜਤਿੰਦਰ ਸ਼ਰਮਾ ਦੀ ਅਗਵਾਈ ਹੇਠ ਦੋਰਾਹਾ ਵਿਖੇ ਭਾਜਪਾ ਆਗੂਆਂ ਵੱਲੋਂ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਦੀਆਂ ਧੱਕੇਸ਼ਾਹੀਆਂ ਖਿਲਾਫ ਜਿੱਥੇ ਰੋਸ ਪ੍ਰਦਰਸ਼ਨ ਕੀਤਾ ਗਿਆ, ਉਥੇ ਹੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਪੁਤਲਾ ਫੂਕਿਆ ਗਿਆ।ਇਸ ਸਮੇਂ ਜ਼ਿਲ੍ਹਾ ਪ੍ਰਧਾਨ ਪ੍ਰੋ. ਭੁਪਿੰਦਰ ਸਿੰਘ ਚੀਮਾ ਤੇ ਜਨਰਲ ਸਕੱਤਰ ਪ੍ਰਿੰਸੀਪਲ ਜਤਿੰਦਰ ਸ਼ਰਮਾ ਨੇ ਕਿਹਾ ਕਿ ਭਾਜਪਾ ਦੀ ਕੇਂਦਰ ਸਰਕਾਰ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਦੇਸ਼ ਵਾਸੀਆਂ ਨੂੰ ਦਿੱਤੀਆਂ ਜਾ ਰਹੀਆਂ ਲੋਕ ਭਲਾਈ ਸਕੀਮਾਂ ਨੂੰ ਜਦੋਂ ਉਨ੍ਹਾਂ ਦੇ ਆਗੂ ਲੋਕਾਂ ਵਿੱਚ ਲੈ ਕੇ ਜਾ ਰਹੇ ਹਨ ਤਾਂ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਅੜਿੱਕਾ ਲਾਇਆ ਜਾ ਰਿਹਾ ਹੈ ਤੇ ਭਾਜਪਾ ਆਗੂਆਂ ਨੂੰ ਹਿਰਾਸਤ 'ਚ ਲਿਆ ਗਿਆ, ਜੋ ਕਿ ਅਤਿ ਮੰਦਭਾਗੀ ਗੱਲ ਹੈ।ਉਨ੍ਹਾਂ ਕਿਹਾ ਕਿ ਆਪ ਸਰਕਾਰ ਵੱਲੋਂ ਲੋਕਾਂ ਨੂੰ ਸਹੂਲਤ ਤਾਂ ਕੀ ਦੇਣੀ ਸੀ ਸਾਡੀਆਂ ਸਕੀਮਾਂ 'ਤੇ ਵੀ ਰੋਕ ਲਾਈ ਜਾ ਰਹੀ ਹੈ, ਜਿਸ ਨੂੰ ਸੂਬੇ ਦੇ ਲੋਕ ਬਰਦਾਸ਼ਤ ਨਹੀਂ ਕਰਨਗੇ ਅਤੇ ਆਪ ਨੂੰ ਇਸ ਦਾ ਜੁਆਬ ਦੇਣਾ ਪਵੇਗਾ।ਇਸ ਮੌਕੇ ਜ਼ਿਲ੍ਹਾ ਉਪ ਪ੍ਰਧਾਨ ਡਾ. ਅਸ਼ੀਸ਼ ਸੂਦ, ਮੰਡਲ ਪ੍ਰਧਾਨ ਦੋਰਾਹਾ ਜਗਤਾਰ ਸਿੰਘ ਕੁੱਕਾ ਕੱਦੋਂ, ਮੰਡਲ ਪ੍ਰਧਾਨ ਪਾਇਲ ਭਜਨ ਸਿੰਘ ਚਾਪੜਾ, ਮੰਡਲ ਪ੍ਰਧਾਨ ਮਲੋਦ ਕੁਲਦੀਪ ਸਿੰਘ, ਮੰਡਲ ਪ੍ਰਧਾਨ ਜਰਗ ਕੁਲਜੀਤ ਸਿੰਘ, ਉਪ ਪ੍ਰਧਾਨ ਨਾਰੇਸ਼ ਆਨੰਦ, ਸਰਪ੍ਰੀਤ ਸਿੰਘ ਕੱਦੋਂ ਡਾਇਰੈਕਟਰ, ਸਪਿੰਦਰ ਸਿੰਘ ਗਿੱਦੜੀ, ਪੰਡਿਤ ਮਨੋਜ ਕੁਮਾਰ, ਸਾਬਕਾ ਪ੍ਰਧਾਨ ਜ਼ਿਲ੍ਹਾ ਪ੍ਰਵਾਸੀ ਸੈੱਲ ਬ੍ਰਿਜੇਸ਼ ਤਿਵਾੜੀ, ਜ਼ਿਲ੍ਹਾ ਪ੍ਰਧਾਨ ਪ੍ਰਵਾਸੀ ਸੈੱਲ ਰਾਹੁਲ ਸਿੰਘ ਆਦਿ ਤੋਂ ਇਲਾਵਾ ਵੱਖ-ਵੱਖ ਭਾਜਪਾ ਆਗੂ 'ਤੇ ਵਰਕਰ ਹਾਜ਼ਰ ਸਨ।

## ਪੀ ਜੀ ਆਈ ਆਰਥੋਪੀਡਿਕਸ ਵੱਲੋਂ ਪਹਿਲਾ ਬੇਸਿਕ ਟਰੋਮਾ ਕੋਰਸ ਸ਼ੁਰੂ



**ਸਮਰਾਲਾ (ਸੁਰਜੀਤ ਸਿੰਘ)**-ਪੀ ਜੀ ਆਈ ਚੰਡੀਗੜ੍ਹ ਦੇ ਆਰਥੋਪੀਡਿਕਸ ਵਿਭਾਗ ਵੱਲੋਂ ਇਕ ਇਤਿਹਾਸਕ ਕਦਮ ਚੁੱਕਦਿਆਂ ਪਹਿਲਾ ਮੁਢਲਾ ਆਰਥੋਪੀਡਿਕ ਟ੍ਰੌਮਾ ਕੋਰਸ ਸ਼ੁਰੂ ਕੀਤਾ ਗਿਆ ਹੈ।ਇਹ ਕੋਰਸ ਅਗਲੇ ਕੁਝ ਸਾਲਾਂ ਵਿੱਚ ਹੋਣ ਵਾਲੇ ਐਡਵਾਂਸ ਤੇ ਮਾਸਟਰ-ਲੈਵਲ ਪ੍ਰੋਗਰਾਮਾਂ ਦੀ ਲੜੀ ਦਾ ਪਹਿਲਾ ਪੜਾਅ ਹੈ।ਰਾਸ਼ਟਰੀ ਮਹੱਤਤਾ ਦੇ ਸੰਸਥਾਨ ਤੇ ਅਕਾਦਮਿਕ ਸ਼੍ਰੇਸ਼ਠਤਾ, ਮਰੀਜ਼ ਸੰਭਾਲ ਤੇ ਖੋਜ ਲਈ ਵਿਸ਼ਵ ਪੱਧਰ 'ਤੇ ਪ੍ਰਸਿੱਧ ਪੀਜੀਆਈ ਆਪਣੀ ਵਿਰਾਸਤ ਵਿੱਚ ਜ਼ਿਕਰਯੋਗ ਵਾਧਾ ਕਰ ਰਿਹਾ ਹੈ। ਇਸ ਤੋਂ ਪਹਿਲਾਂ ਵਿਭਾਗ ਨੇ ਦੂਜਾ ਪੀਜੀਆਈ ਮੁਢਲਾ ਆਰਥਰੋਪਲਾਸਟੀ ਕੋਰਸ ਸਫਲਤਾਪੂਰਵਕ ਕਰਵਾਇਆ ਸੀ।ਪ੍ਰੋ. ਵਿਜੈ ਜੀ. ਗੋਨੀ ਦੀ ਰਹਿਨੁਮਾਈ ਹੇਠ ਤੇ ਆਰਥੋਪੀਡਿਕ ਸਰਜਰੀ ਵਿਭਾਗ ਦੀ ਜਜ਼ਬੇ ਨਾਲ ਭਰੀ ਟੀਮ ਵੱਲੋਂ ਤਿਆਰ ਕੀਤਾ ਗਿਆ ਇਹ ਕੋਰਸ ਟ੍ਰੌਮਾ ਸੰਭਾਲ ਦੇ ਮੂਲ ਸਿਧਾਂਤਾਂ ਨੂੰ ਮਜ਼ਬੂਤ ਕਰਨ ਦੇ ਨਾਲ-ਨਾਲ ਦੇਸ਼ ਭਰ ਦੇ ਆਰਥੋਪੀਡਿਕ ਰੈਜ਼ੀਡੈਂਟਾਂ ਵਿਚਕਾਰ ਸਹਿਯੋਗ ਵਿੱਚ ਵਾਧਾ ਕਰੇਗਾ।ਆਯੋਜਕਾਂ ਨੇ ਕਿਹਾ ਕਿ ਉਨ੍ਹਾਂ ਦਾ ਦ੍ਰਿਸ਼ਟੀਕੋਣ ਸਪੱਸ਼ਟ ਹੈ ਕਿ ਗੁਣਵੱਤਾ ਵਾਲੀ ਟ੍ਰੇਨਿੰਗ ਸੌਖੀ ਤੇ ਸਸਤੀ ਹੋਣੀ ਚਾਹੀਦੀ ਹੈ।ਹਰ ਨੌਜਵਾਨ ਸਰਜਨ ਹੱਕਦਾਰ ਹੈ ਕਿ ਉਹ ਆਪਣੇ ਖੇਤਰ ਦੇ ਸਭ ਤੋਂ ਵਧੀਆ ਮਾਹਰਾਂ ਤੋਂ ਬਿਨਾਂ ਕਿਸੇ ਆਰਥਿਕ ਰੁਕਾਵਟ ਦੇ ਸਿੱਖ ਸਕੇ।ਟ੍ਰੌਮਾ, ਆਰਥਰੋਪਲਾਸਟੀ, ਸਪਾਈਨ ਅਤੇ ਹੋਰ ਸਬ-ਸਪੈਸ਼ਲਿਟੀਆਂ ਨੂੰ ਕਵਰ ਕਰਨ ਵਾਲੇ ਵਿਸ਼ਾਲ ਅਕਾਦਮਿਕ ਕੈਲੰਡਰ ਨਾਲ, ਵਿਭਾਗ ਆਰਥੋਪੀਡਿਕ ਸਿੱਖਿਆ ਵਿੱਚ ਨਵੇਂ ਮਾਪਦੰਡ ਸਥਾਪਤ ਕਰਨ ਲਈ ਵਚਨਬੱਧ ਹੈ।

## ਅਗਰਵਾਲ ਸਮਾਜ ਦੇ ਰਾਜ ਪੱਧਰੀ ਸਮਾਗਮ ਦਾ ਕਾਰਡ ਰਿਲੀਜ਼



**ਜਗਰਾਉਂ (ਸੰਜੀਵ ਅਰੋੜਾ)**-ਅਗਰਵਾਲ ਸਮਾਜ ਦੇ ਕੁਲਪਿਤਾ ਸ੍ਰੀ ਰਾਮ ਵੰਸ਼ਜ਼ ਮਹਾਰਾਜਾ ਅਗਰਸੈਨ ਜੀ ਦੇ ਜਨਮ ਦਿਹਾੜੇ ਮੌਕੇ ਸ੍ਰੀ ਅਗਰਸੈਨ ਸਮਿਤੀ (ਰਜਿ:) ਜਗਰਾਉਂ ਅਗਰਵਾਲ ਸਮਾਜ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਜਗਰਾਉਂ ਵਿਖੇ ਰਾਜ ਪੱਧਰੀ ਸਮਾਗਮ ਕਰਵਾਇਆ ਜਾ ਰਿਹਾ ਹੈ। ਅਗਰਵਾਲ ਸਮਾਜ ਦੇ ਰਾਜ ਪੱਧਰੀ ਸਮਾਗਮ ਦਾ ਕਾਰਡ ਲੁਧਿਆਣਾ ਦਿਹਾਤੀ ਦੇ ਐੱਸ ਐੱਸ ਪੀ ਡਾ: ਅੰਕੁਰ ਗੁਪਤਾ ਤੇ ਮੁੱਖ ਮੰਤਰੀ ਪੰਜਾਬ ਦੇ ਸਾਬਕਾ ਓ ਐੱਸ ਡੀ ਅੰਕਿਤ ਬਾਂਸਲ ਵੱਲੋਂ ਰਿਲੀਜ਼ ਕੀਤਾ ਗਿਆ। ਇਸ ਮੌਕੇ ਸਾਬਕਾ ਓਐੱਸਡੀ ਅੰਕਿਤ ਬਾਂਸਲ ਨੇ ਸਮਿਤੀ ਦੇ ਸਮੂਹ ਮੈਂਬਰਾਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਨੌਜਵਾਨਾਂ ਵੱਲੋਂ ਕੀਤੇ ਜਾ ਰਹੇ ਇਸ ਤਰ੍ਹਾਂ ਦੇ ਉਪਰਾਲੇ ਨੌਜਵਾਨੀ ਨੂੰ ਇੱਕ ਵਧੀਆ ਰਾਹ ਦਿਖਾਉਂਦੇ ਹਨ ਤੇ ਨੌਜਵਾਨ ਇਸ ਤੋਂ ਪ੍ਰਭਾਵਿਤ ਹੋ ਕੇ ਧਰਮ ਤੇ ਦੇਸ਼ ਦੀ ਸੇਵਾ ਕਰਦੇ ਹਨ। ਸਮਿਤੀ ਦੇ ਚੇਅਰਮੈਨ ਅਨਮੋਲ ਗਰਗ ਤੇ ਪ੍ਰਧਾਨ ਕਮਲਦੀਪ ਬਾਂਸਲ ਨੇ ਦੱਸਿਆ ਕਿ ਸਮਾਗਮ ਵਿੱਚ ਮਹਾਰਾਜਾ ਅਗਰਸੈਨ ਜੀ ਦਾ ਗੁਣਗਾਨ ਵਿਸ਼ਵ ਪ੍ਰਸਿੱਧ ਗਾਇਕ ਰਾਜ ਪਾਰੀਕ ਕੋਲਕਤਾ ਤੇ ਵਿਸ਼ਾਲ ਗੋਇਲ ਧੂਰੀ ਵਾਲੇ ਕਰਨਗੇ। ਸਮਾਗਮ ਵਿੱਚ ਪਵਿੱਤਰ ਜੋਤ ਸ੍ਰੀ ਖਾਟੂ ਸ਼ਾਮ ਧਾਮ ਰਾਜਸਥਾਨ ਤੋਂ ਲਿਆਂਦੀ ਜਾਵੇਗੀ। ਇਸ ਮੌਕੇ ਸੰਸਥਾ ਦੇ ਜਨਰਲ ਸਕੱਤਰ ਮੋਹਿਤ ਗੋਇਲ, ਖਜ਼ਾਨਚੀ ਵੈਭਵ ਜੈਨ, ਸੋਸ਼ਲ ਮੀਡੀਆ ਇੰਚਾਰਜ ਹਿਮਾਂਸ਼ੂ ਸਿੰਗਲਾ, ਆਫਿਸ ਇੰਚਾਰਜ ਮਨੀਸ਼ ਜੈਨ ਤੇ ਕਾਰਜਕਾਰੀ ਮੈਂਬਰ ਰੋਹਿਤ ਗੋਇਲ ਆਦਿ ਹਾਜ਼ਰ ਸਨ।

25- August - Page - 7.qxd 8/24/2025 9:46 PM Page 1



# ਮੁੱਖ ਮੰਤਰੀ ਦੇ ਚੱਕਰ 'ਚ ਧੂਰੀ ਵਾਲਿਆਂ ਨੇ ਵਿਧਾਇਕ ਵੀ ਗੁਆ ਲਿਆ : ਗੋਲਡੀ ਖੰਗੂੜਾ



**ਧੂਰੀ, (ਮੋਹਿਤ ਗਰਗ, ਬਿੰਨੀ ਗਰਗ)** ਸਾਬਕਾ ਹਲਕਾ ਵਿਧਾਇਕ ਦਲਵੀਰ ਸਿੰਘ ਗੋਲਡੀ ਖੰਗੂੜਾ ਨੇ ਜਨਤਾ ਨਗਰ ਇਲਾਕੇ ਦੇ ਕੀਤੇ ਗਏ ਦੌਰੇ ਦੌਰਾਨ ਹਲਕੇ ਦੀ ਮੌਜੂਦਾ ਹਾਲਤ 'ਤੇ ਗੰਭੀਰ ਚਿੰਤਾ ਪ੍ਰਗਟ ਕਰਦਿਆਂ ਸ਼ਹਿਰ ਦੇ ਲੋਕਾਂ ਦੀ ਬੇਕਦਰੀ ਤੇ ਸ਼ਹਿਰ ਦੀ ਮਾੜੀ ਹਾਲਤ ਨੂੰ ਲੋਕਾਂ ਦੀ ਤ੍ਰਾਸਦੀ ਦੱਸਦਿਆਂ ਕਿਹਾ ਕਿ ਲੋਕਾਂ ਨੇ ਵੱਡੇ ਸੁਪਨੇ ਦੇਖ ਕੇ ਮੁੱਖ ਮੰਤਰੀ ਨੂੰ ਆਪਣਾ ਪ੍ਰਤਿਨਿਧੀ ਚੁਣਿਆ ਸੀ, ਪਰ ਉਸਦੇ ਚੱਕਰ ਵਿੱਚ ਉਨ੍ਹਾਂ ਨੇ ਆਪਣਾ ਵਿਧਾਇਕ ਵੀ ਗੁਆ ਲਿਆ।ਲੋਕਾਂ ਦੀਆਂ ਜਾਇਜ਼ ਸਮੱਸਿਆਵਾਂ ਸੁਣਨ ਵਾਲਾ ਕੋਈ ਨਹੀਂ ਤੇ ਹਲਕੇ ਵਿੱਚ ਸਥਾਪਤ ਕੀਤੇ ਗਏ, ਮੁੱਖ ਮੰਤਰੀ ਕੈਂਪ ਦਫ਼ਤਰ ਤੇ ਹਰੇਕ ਦਫ਼ਤਰਾਂ ਵਿੱਚ ਨਾਗਰਿਕਾਂ ਦੀ ਕੋਈ ਸੁਣਵਾਈ ਨਹੀਂ ਹੁੰਦੀ।ਗੋਲਡੀ ਖੰਗੂੜਾ ਨੇ ਕਿਹਾ ਕਿ ਜਦੋਂ ਵੀ ਪੰਜਾਬ ਦੇ ਹੋਰ ਹਲਕਿਆਂ 'ਚ ਮੁੱਖ ਮੰਤਰੀ ਬਣੇ ਹਨ, ਉਨ੍ਹਾਂ ਨੇ ਆਪਣੇ ਹਲਕੇ ਦੀ ਕਿਸਮਤ ਬਦਲ ਕੇ ਰੱਖ ਦਿੱਤੀ ਹੈ, ਪਰ ਧੂਰੀ ਹਲਕੇ ਦਾ ਹਾਲ ਇਹ ਹੈ ਕਿ ਇੱਥੇ ਦੇ ਲੋਕ ਮੁੱਢਲੀਆਂ ਸਹੂਲਤਾਂ ਲਈ ਵੀ ਤਰਸ ਰਹੇ ਹਨ।ਪਾਣੀ, ਸੜਕਾਂ, ਸਫ਼ਾਈ ਤੇ ਬੁਨਿਆਦੀ ਢਾਂਚੇ ਦੀ ਹਾਲਤ ਦਿਨੋ-ਦਿਨ ਖਰਾਬ ਹੋ ਰਹੀ ਹੈ।ਨਾ ਤਾਂ ਕੋਈ ਨਵਾਂ ਪ੍ਰਾਜੈਕਟ ਆਇਆ ਤੇ ਨਾ ਹੀ ਪੁਰਾਣੇ ਵਿਕਾਸ ਕਾਰਜਾਂ ਨੂੰ ਪੂਰਾ ਕੀਤਾ ਗਿਆ। ਉਨ੍ਹਾਂ ਸਖ਼ਤ ਸ਼ਬਦਾਂ 'ਚ ਕਿਹਾ ਕਿ ਮੌਜੂਦਾ ਮੁੱਖ ਮੰਤਰੀ ਨੇ ਕਦੇ ਵੀ ਹਲਕਾ ਨਿਵਾਸੀਆਂ ਦਾ ਧੰਨਵਾਦ ਨਹੀਂ ਕੀਤਾ।ਚੋਣਾਂ ਦੌਰਾਨ ਵਾਅਦੇ ਵੱਡੇ-ਵੱਡੇ ਕੀਤੇ ਗਏ ਸਨ, ਪਰ ਚੋਣ ਜਿੱਤਣ ਤੋਂ ਬਾਅਦ ਧੂਰੀ ਦੇ ਲੋਕ ਆਪਣੇ ਆਪ ਨੂੰ ਠੱਗਿਆ ਮਹਿਸੂਸ ਕਰ ਰਹੇ ਹਨ।ਖ਼ਾਸ ਕਰਕੇ ਐਸ.ਟੀ.ਪੀ. ਪਲਾਂਟ ਵਰਗੇ ਜ਼ਰੂਰੀ ਪ੍ਰਾਜੈਕਟਾਂ ਲਈ ਕੋਈ ਕਦਮ ਨਹੀਂ ਚੁੱਕਿਆ ਗਿਆ। ਗੰਦਗੀ, ਨਿਕਾਸੀ ਤੇ ਪ੍ਰਦੂਸ਼ਣ ਦੀ ਸਮੱਸਿਆ ਜਿਉਂ ਦੀ ਤਿਉਂ ਹੈ, ਜਿਸ ਨਾਲ ਲੋਕਾਂ ਦੀ ਸਿਹਤ ਤੇ ਜੀਵਨ-ਮਿਆਰ ਪ੍ਰਭਾਵਿਤ ਹੋ ਰਹੇ ਹਨ। ਉਨ੍ਹਾਂ ਅੱਗੇ ਕਿਹਾ ਕਿ ਜੇ ਧੂਰੀ ਹਲਕੇ ਦੇ ਲੋਕ ਇਕਜੁਟ ਹੋ ਕੇ ਆਪਣਾ ਹੱਕ ਮੰਗਣ, ਤਾਂ ਕੋਈ ਵੀ ਸਰਕਾਰ ਉਨ੍ਹਾਂ ਦੀ ਆਵਾਜ਼ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦੀ, ਪਰ ਜੇਕਰ ਉਹ ਚੁੱਪ ਰਹੇ ਤਾਂ ਹਾਲਾਤ ਹੋਰ ਵੀ ਖਰਾਬ ਹੋ ਸਕਦੇ ਹਨ।ਉਨ੍ਹਾਂ ਪ੍ਰਸ਼ਾਸਨ ਨੂੰ ਦੋ ਦਿਨਾਂ ਦਾ ਅਲਟੀਮੇਟਮ ਦਿੰਦਿਆਂ ਕਿਹਾ ਕਿ ਜੇਕਰ ਦੋ ਦਿਨਾਂ ਅੰਦਰ ਪ੍ਰਸ਼ਾਸ਼ਨ ਨੇ ਇਸ ਸਮੱਸਿਆ ਦਾ ਹੱਲ ਨਾ ਕੀਤਾ ਤਾਂ ਅਗਲਾ ਸੰਘਰਸ਼ੀ ਕਦਮ ਪੁੱਟਣ ਲਈ ਮਜਬੂਰ ਹੋਣਗੇ।

# ਮਾਤਾ ਗੁਜਰੀ ਕਾਲਜ ਦੇ ਗਣਿਤ ਵਿਭਾਗ ਵੱਲੋਂ ਐਸੋਸੀਏਸ਼ਨ ਦਾ ਗਠਨ



**ਫਤਹਿਗੜ੍ਹ ਸਾਹਿਬ, (ਪ੍ਰਮੋਦ ਭਾਰਦਵਾਜ)** ਮਾਤਾ ਗੁਜਰੀ ਕਾਲਜ ਦੇ ਪੋਸਟ ਗ੍ਰੈਜੂਏਟ ਗਣਿਤ ਵਿਭਾਗ ਵੱਲੋਂ ਸੈਸ਼ਨ 2025-2026 ਲਈ ਵਿਭਾਗ ਦੇ ਵਿਦਿਆਰਥੀਆਂ ਦੀ ਗਣਿਤ ਐਸੋਸੀਏਸ਼ਨ 'ਦਿ ਲੌਜਿਕ ਲੈਜੈਂਡਜ਼' ਦਾ ਗਠਨ ਕੀਤਾ ਗਿਆ।ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਗਣਿਤ ਐਸੋਸੀਏਸ਼ਨ ਦੇ ਨਵੇਂ ਚੁਣੇ ਗਏ ਅਹੁਦੇਦਾਰਾਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਨੂੰ ਜ਼ਿੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾਉਣ ਲਈ ਪ੍ਰੇਰਿਤ ਕੀਤਾ।ਗਣਿਤ ਵਿਭਾਗ ਦੇ ਮੁਖੀ ਪ੍ਰੋ. ਨਮਿਤਾ ਬੇਰੀ ਨੇ ਚੁਣੇ ਗਏ ਅਹੁਦੇਦਾਰਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਐਸੋਸੀਏਸ਼ਨ ਦਾ ਮੁੱਖ ਉਦੇਸ਼ ਵਿਦਿਆਰਥੀਆਂ 'ਚ ਸਹਿਪਾਠੀ ਗਤੀਵਿਧੀਆਂ ਨੂੰ ਉਤਸ਼ਾਹਤ ਕਰਨਾ ਤੇ ਇੰਟਰੈਕਟਿਵ ਪ੍ਰੋਗਰਾਮਾਂ ਦੇ ਆਯੋਜਨ ਲਈ ਪ੍ਰੇਰਿਤ ਕਰਨਾ ਹੈ।ਐਸੋਸੀਏਸ਼ਨ ਇੰਚਾਰਜ ਪ੍ਰੋ. ਸ਼ਿਵਦੀਪ ਕੌਰ ਨੇ ਚੁਣੀ ਗਈ ਟੀਮ ਨੂੰ ਪੂਰੀ ਲਗਨ ਨਾਲ ਕੰਮ ਕਰਨ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਗਣਿਤ ਐਸੋਸੀਏਸ਼ਨ ਦੇ ਅਹੁਦੇਦਾਰਾਂ ਦੀ ਚੋਣ ਨਿਸ਼ਚਿਤ ਕੀਤੇ ਗਏ ਮਾਪਦੰਡਾਂ ਅਨੁਸਾਰ ਕੀਤੀ ਗਈ ਹੈ। ਵਰਣਨਯੋਗ ਹੈ ਕਿ ਇਸ ਚੋਣ 'ਚ ਬੀ.ਐਸ.ਸੀ. ਆਨਰਜ਼ ਗਣਿਤ ਭਾਗ-ਦੂਜਾ ਦੀ ਅਮਨਦੀਪ ਕੌਰ ਨੂੰ ਪ੍ਰਧਾਨ ਚੁਣਿਆ ਗਿਆ, ਬੀ.ਐਸ.ਸੀ. ਆਨਰਜ਼ ਗਣਿਤ ਭਾਗ-ਤੀਜਾ ਦੀ ਰਾਜਪ੍ਰੀਤ ਕੌਰ ਨੂੰ ਉਪ-ਪ੍ਰਧਾਨ, ਬੀ.ਐਸ.ਸੀ. ਆਨਰਜ਼ ਗਣਿਤ ਭਾਗ-ਤੀਜਾ ਦੀ ਜਸਮੀਨ ਕੌਰ ਨੂੰ ਖ਼ਜ਼ਾਨਚੀ ਤੇ ਬੀ.ਐਸ.ਸੀ. ਆਨਰਜ਼ ਗਣਿਤ ਭਾਗ-ਦੂਜਾ ਦੀ ਪਰਨੀਤ ਕੌਰ ਨੂੰ ਸਕੱਤਰ ਚੁਣਿਆ ਗਿਆ।

# ਕਿਸਾਨ ਮੋਰਚੇ ਦੀ ਦਿੱਲੀ ਹੋਣ ਵਾਲੀ ਮਹਾਂ - ਪੰਚਾਇਤ 'ਚ ਦੇਸ਼ ਦੇ ਲੱਖਾਂ ਕਿਸਾਨ ਸ਼ਾਮਲ ਹੋਣਗੇ

**ਦੇਵੀਗੜ੍ਹ/ਪਟਿਆਲਾ (ਰਾਜਿੰਦਰ ਸਿੰਘ ਥਿੰਦ)** ਭਾਰਤ ਦੇ ਕਿਸਾਨਾਂ ਦੀਆਂ ਖੇਤੀਬਾੜੀ ਨਾਲ ਸਬੰਧਿਤ ਭਖਦੀਆਂ ਮੰਗਾਂ ਬਾਰੇ ਜੋ ਸੰਯੁਕਤ ਕਿਸਾਨ ਮੋਰਚਾ ਗੈਰ ਰਾਜਨੀਤਕ ਬੈਨਰ ਹੇਠ ਜਗਜੀਤ ਸਿੰਘ ਡੱਲੇਵਾਲ ਦੀ ਦੇਖ-ਰੇਖ 'ਚ 25 ਅਗਸਤ ਨੂੰ ਜੰਤਰ ਮੰਤਰ ਦਿੱਲੀ ਵਿਖੇ 16 ਸੂਬਿਆਂ ਤੋਂ ਵੱਧ ਕਿਸਾਨ ਜਥੇਬੰਦੀਆਂ ਵੱਲੋਂ ਕੌਮੀ ਕਿਸਾਨ ਪੰਚਾਇਤ ਹੋ ਰਹੀ ਹੈ, ਉਸਦੀ ਵਿਸਥਾਰ ਸਹਿਤ ਜਾਣਕਾਰੀ ਦਿੰਦਿਆਂ ਇੰਡੀਅਨ ਫਾਰਮਰਜ਼ ਐਸੋਸੀਏਸ਼ਨ ਦੇ ਕੌਮੀ ਪ੍ਰਧਾਨ ਸਤਨਾਮ ਸਿੰਘ ਬਹਿਰੂ ਨੇ ਕਿਹਾ ਕਿ ਇਸ ਕੌਮੀ ਕਿਸਾਨ ਪੰਚਾਇਤ ਦਾ ਫ਼ੈਸਲਾ ਪਿਛਲੇ ਮਹੀਨੇ 7 ਜੁਲਾਈ ਨੂੰ ਕਰਨਾਟਕਾ ਦੀ ਰਾਜਧਾਨੀ ਬੰਗਲੌਰ ਵਿਖੇ ਦੇਸ਼ ਦੇ ਵੱਖ-ਵੱਖ ਸੂਬਿਆਂ ਦੀਆਂ ਕਿਸਾਨ ਜਥੇਬੰਦੀਆਂ ਨੇ ਜਗਜੀਤ ਸਿੰਘ ਡੱਲੇਵਾਲ ਦੀ ਪ੍ਰਧਾਨਗੀ ਹੇਠ ਹੰਗਾਮੀ ਮੀਟਿੰਗ ਕਰਕੇ ਕਿਸਾਨਾਂ ਦੇ ਆਰਥਿਕ ਵਿਸਫ਼ੋਟਕ ਮਸਲਿਆਂ ਨੂੰ ਗੰਭੀਰਤਾ ਨਾਲ ਲੈਂਦਿਆਂ 25 ਅਗਸਤ ਨੂੰ ਦਿੱਲੀ ਵਿਖੇ ਇੱਕ ਵੱਡੀ ਕੌਮੀ ਕਿਸਾਨ ਪੰਚਾਇਤ ਕੀਤੀ ਜਾਵੇ ਤਾਂ ਜੁ ਦੇਸ ਦੇ ਹੁਕਮਰਾਨਾਂ ਸਹਮਣੇ ਕਿਸਾਨਾਂ ਦਾ ਪੱਖ ਮਜ਼ਬੂਤੀ ਨਾਲ ਰੱਖਿਆ ਜਾ ਸਕੇ।



ਬਹਿਰੂ ਨੇ ਇਸ ਹੋ ਰਹੀ ਕਿਸਾਨ ਪੰਚਾਇਤ ਦੇ ਏਜੰਡੇ ਬਾਰੇ ਗੱਲ ਕਰਦਿਆਂ ਦੱਸਿਆ ਕਿ ਜੋ 2021 'ਚ ਦਿੱਲੀ ਦੀਆਂ ਬਰੂਹਾਂ 'ਤੇ ਦੇਸ਼ ਵਿਆਪਕ ਅੰਦੋਲਨ ਹੋਇਆ ਸੀ, ਉਸ 'ਤੇ ਕੇਂਦਰ ਸਰਕਾਰ ਨੇ ਅੰਦੋਲਨਕਾਰੀ ਕਿਸਾਨਾਂ ਨਾਲ ਤਿੰਨ ਕਾਲੇ ਕਾਨੂੰਨ ਵਾਪਸ ਲੈਣ ਤੋਂ ਬਾਅਦ ਲਿਖਤੀ ਸਮਝੌਤਾ ਕੀਤਾ ਸੀ ਕਿ ਕੇਂਦਰ ਸਰਕਾਰ ਆਰਥਿਕ ਵਿਗਿਆਨੀਆਂ ਦੀ ਇੱਕ ਕਮੇਟੀ ਬਣਾ ਕੇ ਰਹਿੰਦੀਆਂ ਮੰਗਾਂ ਤੇ ਐਮ.ਐਸ.ਪੀ ਦੀ ਕਾਨੂੰਨੀ ਗਾਰੰਟੀ ਲਿਆਵੇ ਗਈ ਤੇ ਕਿਸਾਨਾਂ ਨੂੰ ਲਗਾਤ ਖਰਚਿਆਂ ਮੁਤਾਬਕ ਫ਼ਸਲਾਂ ਦੀਆਂ ਕੀਮਤਾਂ ਨਾ ਮਿਲਣ ਕਾਰਨ ਉਨ੍ਹਾਂ 'ਤੇ ਚੜ੍ਹੇ ਕਰਜ਼ਿਆਂ ਨੂੰ ਖਤਮ ਕਰਕੇ ਖੇਤੀ ਲਈ ਕਿਸਾਨਾਂ ਨੂੰ ਮਾਮੂਲੀ ਵਿਆਜ ਨਾਲ ਕਰਜ਼ਾ ਦੇਣਾ ਸ਼ੁਰੂ ਕਰੇਗੀ ਤੇ ਮੌਸਮ ਵਿੱਚ ਆਈ ਤਬਦੀਲੀ ਕਾਰਨ ਕਿਸਾਨਾਂ ਦੀਆਂ ਫ਼ਸਲਾਂ ਵੱਡੀ ਪੱਧਰ 'ਤੇ ਖਰਾਬ ਹੋ ਰਹੀਆਂ ਹਨ, ਉਨ੍ਹਾਂ ਨੂੰ 100 ਪ੍ਰਤੀਸ਼ਤ ਮੁਆਵਜ਼ਾ ਦੇਣ ਲਈ ਕੇਂਦਰ ਸਰਕਾਰ ਕੌਮੀ ਫੰਡ ਕਾਇਮ ਕਰੇਗੀ ਤੇ ਅੰਦੋਲਨ ਦੌਰਾਨ ਜਿਹੜੇ 700 ਤੋਂ ਵੱਧ ਕਿਸਾਨ ਸ਼ਹੀਦ ਹੋਏ ਹਨ, ਕੇਂਦਰ ਉਨ੍ਹਾਂ ਪਰਵਾਰਾਂ ਦੀ ਆਰਥਿਕ ਮੱਦਦ ਕਰੇਗੀ ਤੇ ਅੰਦੋਲਨਕਾਰੀ ਕਿਸਾਨਾਂ 'ਤੇ ਬਣੇ ਮੁਕੱਦਮੇ ਵਾਪਸ ਲਵੇਗੀ, ਪਰ ਇਨ੍ਹਾਂ ਲੰਮਾ ਸਮਾਂ ਬੀਤਣ 'ਤੇ ਵੀ ਕੇਂਦਰ ਸਰਕਾਰ ਦੇ ਕਿਸਾਨਾਂ ਨਾਲ ਵਾਅਦਾਖਿਲਾਫ਼ੀ ਕੀਤੀ ਜਾ ਰਹੀ ਹੈ। ਬਹਿਰੂ ਨੇ ਇਹ ਵੀ ਕਿਹਾ ਪੰਜਾਬ ਸਮੇਤ ਪੂਰੇ ਦੇਸ਼ ਵਿੱਚੋਂ ਕਿਸਾਨਾਂ ਦੇ ਜੱਥੇ 24 ਅਗਸਤ ਨੂੰ ਦਿੱਲੀ ਵਿਖੇ ਰੇਲ ਗੱਡੀਆਂ ਰਾਹੀਂ ਪੁੱਜਣੇ ਸ਼ੁਰੂ ਹੋ ਜਾਣਗੇ ਤੇ ਇਹ ਕੌਮੀ ਕਿਸਾਨ ਪੰਚਾਇਤ 25 ਅਗਸਤ ਨੂੰ 11 ਵਜੇ ਸ਼ੁਰੂ ਹੋ ਕੇ ਸ਼ਾਮ 4 ਵਜੇ ਸਮਾਪਤ ਹੋ ਜਾਵੇਗੀ ਤੇ ਸਰਕਾਰ ਦੇ ਰਹਵੀਏ ਮੁਤਾਬਕ ਸੰਯੁਕਤ ਕਿਸਾਨ ਮੋਰਚਾ ਗ਼ੈਰ ਰਾਜਨੀਤਕ ਆਪਣੀ ਅਗਲੀ ਰਣਨੀਤੀ ਦਾ ਐਲਾਨ ਕਰੇਗਾ।

# ਵਾਟਰ ਸਪਲਾਈ ਤੇ ਸੀਵਰੇਜ ਕਾਮੇ ਅੱਜ ਤੋਂ ਕਰਨਗੇ ਮੋਟਰਾਂ ਬੰਦ



**ਬਰੇਟਾ (ਰੀਤਵਾਲ)** ਪੰਜਾਬ ਵਾਟਰ ਸਪਲਾਈ ਤੇ ਸੀਵਰੇਜ਼ ਬੋਰਡ ਆਊਟਸੋਰਸ ਵਰਕਰਜ਼ ਯੂਨੀਅਨ ਦੇ ਉਲੀਕੇ ਪ੍ਰੋਗਰਾਮ ਤਹਿਤ ਪੰਜਾਬ ਪ੍ਰਧਾਨ ਗੁਰਦੇਵ ਸਿੰਘ ਨਿਹੰਗ ਦੀ ਅਗਵਾਈ ਹੇਠ ਪੰਜਾਬ ਪੱਧਰੀ ਅਣਮਿੱਥੇ ਸਮੇਂ ਦੀ ਹੜਤਾਲ ਇੱਕੀਵੇਂ ਦਿਨ ਵਿੱਚ ਸ਼ਾਮਲ ਹੋ ਗਈ ਹੈ।ਜਥੇਬੰਦੀ ਦੇ ਪ੍ਰਮੁੱਖ ਸਲਾਹਕਾਰ ਸ੍ਰੀ ਨਿਵਾਸ ਸ਼ਰਮਾ ਸੰਗਰੂਰ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਵਾਟਰ ਸਪਲਾਈ ਤੇ ਸੀਵਰੇਜ਼ ਬੋਰਡ ਆਊਟਸੋਰਸ ਕਾਮਿਆਂ ਦੀਆਂ ਮੰਗਾਂ ਨੂੰ ਇਸ ਸਮੇਂ ਪੂਰੀ ਤਰ੍ਹਾਂ ਅਣਗੌਲਿਆ ਕੀਤਾ ਹੋਇਆ ਹੈ।ਸਰਕਾਰ ਵੱਲੋਂ ਜਥੇਬੰਦੀ ਨਾਲ਼ ਮੀਟਿੰਗਾਂ ਦਰ ਮੀਟਿੰਗਾਂ ਖੇਡਿਆ ਜਾ ਰਿਹਾ ਹੈ। ਜਥੇਬੰਦੀ ਆਗੂਆਂ ਵੱਲੋਂ ਸੂਬਾ ਕਮੇਟੀ ਦੇ ਫ਼ੈਸਲੇ ਅਨੁਸਾਰ 25 ਅਗਸਤ ਨੂੰ ਪੰਜਾਬ ਭਰ ਦੀਆਂ ਸੀਵਰੇਜ਼ ਦੀਆਂ ਮੋਟਰਾਂ ਬੰਦ ਕਰਨ ਦਾ ਐਲਾਨ ਕੀਤਾ ਗਿਆ ਹੈ।ਇਸ ਫ਼ੈਸਲੇ ਨੂੰ ਵਾਟਰ ਸਪਲਾਈ ਅਤੇ ਸੀਵਰੇਜ਼ ਕਾਮੇ ਪੰਜਾਬ ਭਰ ਦੇ ਪੂਰੀ ਤਰ੍ਹਾਂ ਲਾਗੂ ਕਰਨਗੇ।ਜਿਥੇ ਕਿਤੇ ਵੀ ਪੰਜਾਬ ਦੇ ਵਿੱਚ ਸਾਡੇ ਵਰਕਰਾਂ ਨਾਲ ਪ੍ਰਸ਼ਾਸਨ ਵੱਲੋਂ ਸਾਡੇ ਸੰਘਰਸ਼ ਨੂੰ ਤਾਰੋਪੀਡੋ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਤੁਰੰਤ ਹੀ ਉਥੇ ਸੂਬਾ ਕਮੇਟੀ ਵੱਲੋਂ ਪਹੁੰਚ ਕੀਤੀ ਜਾਵੇਗੀ।ਪੁਲਸ ਪ੍ਰਸ਼ਾਸਨ ਦੀ ਕਿਸੇ ਵੀ ਤਰ੍ਹਾਂ ਦੀ ਧੱਕੇਸ਼ਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।ਆਉਣ ਵਾਲੇ ਸਮੇਂ ਵਿੱਚ ਸੰਘਰਸ਼ ਦਾ ਰੁਖ਼ ਹੈੱਡ ਆਫ਼ਿਸ ਚੰਡੀਗੜ੍ਹ ਵੱਲ ਵੀ ਵੱਧ ਸਕਦਾ ਹੈ।25 ਦੇ ਮੋਟਰਾਂ ਬੰਦ ਦੇ ਸੰਘਰਸ਼ ਦੀ ਪੂਰੀ ਜ਼ਿੰਮੇਵਾਰੀ ਪ੍ਰਸ਼ਾਸਨ ਦੀ ਹੋਵੇਗੀ।

## ਸ਼ੁਭਮ ਸ਼ਰਮਾ ਜ਼ਿਲ੍ਹਾ ਪਟਿਆਲਾ (ਅਰਬਨ) ਦੇ ਅਬਜ਼ਰਬਰ ਨਿਯੁਕਤ



**ਧੂਰੀ (ਮਨੋਹਰ ਸਿੰਘ ਸੱਗੂ)** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਵੱਲੋਂ ਸੀਨੀਅਰ ਕਾਂਗਰਸ ਆਗੂ ਤੇ ਪੰਜਾਬ ਯੂਥ ਕਾਂਗਰਸ ਦੇ ਸੂਬਾਈ ਜਨਰਲ ਸਕੱਤਰ ਸ਼ੁਭਮ ਸ਼ਰਮਾ ਸ਼ੁਭੀ ਨੂੰ ਜ਼ਿਲ੍ਹਾ ਪਟਿਆਲਾ (ਅਰਬਨ) ਦਾ ਅਬਜ਼ਰਬਰ ਨਿਯੁਕਤ ਕੀਤਾ ਗਿਆ । ਸ਼ੁਭਮ ਸ਼ਰਮਾ ਨੇ ਆਪਣੀ ਇਸ ਨਵੀਂ ਨਿਯੁਕਤੀ ਲਈ ਪ੍ਰਦੇਸ਼ ਕਾਂਗਰਸ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਸਮੇਤ ਸਮੁੱਚੀ ਕਾਂਗਰਸ ਹਾਈਕਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਸੌਂਪੀ ਗਈ ਨਵੀਂ ਜ਼ਿੰਮੇਵਾਰੀ ਨੂੰ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਉਂਦਿਆਂ 2027 ਦੀਆਂ ਵਿਧਾਨ ਸਭਾ ਚੋਣਾਂ 'ਚ ਕਾਂਗਰਸ ਨੂੰ ਸੱਤਾ ਵਿੱਚ ਲਿਆਉਣ ਲਈ ਪਾਰਟੀ ਨੂੰ ਮਜਬੂਤ ਬਣਾਉਣ ਲਈ ਯਤਨਸ਼ੀਲ ਰਹਿਣਗੇ।

# ਫਿੱਟ ਇੰਡੀਆ ਸਾਈਕਲ ਡਰਾਈਵ ਤਹਿਤ ਸਾਈਕਲ ਰੈਲੀ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)** ਸੀਨੀਅਰ ਪੁਲਿਸ ਕਪਤਾਨ ਡਾ. ਅਖਿਲ ਚੌਧਰੀ ਆਈ.ਪੀ.ਐਸ. ਦੇ ਦਿਸ਼ਾ-ਨਿਰਦੇਸ਼ਾਂ ਹੇਠ ਪੁਲਸ ਵੱਲੋਂ ਫਿਟ ਇੰਡੀਆ ਸਾਈਕਲ ਡਰਾਈਵ ਮੁਹਿੰਮ ਦੇ ਤਹਿਤ ਸਾਈਕਲ ਰੈਲੀ ਦਾ ਆਯੋਜਨ ਕੀਤਾ ਗਿਆ।ਰੈਲੀ ਦਾ ਮੁੱਖ ਉਦੇਸ਼ ਜ਼ਿਲ੍ਹੇ ਦੇ ਨੌਜਵਾਨਾਂ ਤੇ ਸਮੂਹ ਵਸਨੀਕਾਂ ਨੂੰ ਇਹ ਸੰਦੇਸ਼ ਦੇਣਾ ਸੀ ਕਿ ਨਸ਼ਿਆਂ ਤੋਂ ਦੂਰ ਰਹਿ ਕੇ ਤੰਦਰੁਸਤ ਜੀਵਨ ਸ਼ੈਲੀ ਅਪਣਾਉਣਾ ਸਮਾਜ ਲਈ ਬਹੁਤ ਜ਼ਰੂਰੀ ਹੈ। ਰੈਲੀ ਦੀ ਸ਼ੁਰੂਆਤ ਰੈੱਡ ਕਰਾਸ ਭਵਨ ਸ੍ਰੀ ਮੁਕਤਸਰ ਸਾਹਿਬ ਤੋਂ ਕੀਤੀ ਗਈ ਤੇ ਇਹ ਸ਼ਹਿਰ ਦੇ ਵੱਖ-ਵੱਖ ਮੁੱਖ ਚੌਂਕਾਂ ਤੋਂ ਲੰਘਦੀ ਹੋਈ ਐਸ.ਐਸ.ਪੀ ਦਫ਼ਤਰ ਵਿਖੇ ਸਮਾਪਤ ਹੋਈ।ਇਸ ਸਾਈਕਲ ਰੈਲੀ ਵਿੱਚ ਜ਼ਿਲ੍ਹੇ ਦੇ ਵੱਖ-ਵੱਖ ਇਲਾਕਿਆਂ ਤੋਂ ਆਏ ਹੋਏ 100 ਤੋਂ ਵੱਧ ਸਾਈਕਲ ਸਵਾਰਾਂ ਨੇ ਭਾਗ ਲਿਆ, ਜਿਸ ਵਿੱਚ ਸਕੂਲੀ ਨੌਜਵਾਨਾਂ ਤੋਂ ਲੈ ਕੇ ਖੇਡਾਂ ਵਿੱਚ ਰੁਚੀ ਰੱਖਣ ਵਾਲੇ ਖਿਡਾਰੀ ਵੀ ਸ਼ਾਮਲ ਸਨ। ਰੈਲੀ ਦੌਰਾਨ ਲੋਕਾਂ ਨੂੰ ਖ਼ਾਸ ਤੌਰ ਤੇ ਇਸ ਗੱਲ ਲਈ ਜਾਗਰੂਕ ਕੀਤਾ ਗਿਆ ਕਿ ਨਸ਼ੇ ਕਿਸ ਤਰ੍ਹਾਂ ਇੱਕ ਵਿਅਕਤੀ ਦੀ ਜ਼ਿੰਦਗੀ ਨੂੰ ਖ਼ਤਮ ਕਰ ਦਿੰਦੇ ਹਨ ਅਤੇ ਇਹ ਕਿ ਸਿਹਤਮੰਦ ਰਹਿਣ ਲਈ ਰੋਜ਼ਾਨਾ ਕਸਰਤ ਕਰਨੀ ਕਿੰਨੀ ਲਾਜ਼ਮੀ ਹੈ। ਪੁਲਿਸ ਵੱਲੋਂ ਲੋਕਾਂ ਨੂੰ ਅਪੀਲ ਕੀਤੀ ਗਈ ਕਿ ਉਹ ਆਪਣੀ ਰੋਜ਼ਾਨਾ ਜ਼ਿੰਦਗੀ ਵਿੱਚ ਸਾਈਕਲਿੰਗ ਨੂੰ ਸ਼ਾਮਲ ਕਰਨ, ਜਿਸ ਨਾਲ ਨਾ ਸਿਰਫ਼ ਸਰੀਰ ਤੰਦਰੁਸਤ ਰਹੇਗਾ ਬਲਕਿ ਪ੍ਰਦੂਸ਼ਣ ਘਟਾਉਣ ਵਿੱਚ ਵੀ ਯੋਗਦਾਨ ਪਵੇਗਾ। ਇਹ ਵੀ ਕਿਹਾ ਗਿਆ ਕਿ ਨੌਜਵਾਨ ਜੇ ਆਪਣੇ ਧਿਆਨ ਨੂੰ ਖੇਡਾਂ ਵੱਲ ਕੇਂਦਰਿਤ ਕਰ ਲੈਣ ਤਾਂ ਉਹ ਚੰਗੇ ਖਿਡਾਰੀ ਬਣ ਸਕਦੇ ਹਨ ਅਤੇ ਆਪਣੀ ਪਹਿਚਾਣ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਬਣਾਉਣ ਦੀ ਸਮਰੱਥਾ ਰੱਖਦੇ ਹਨ।

ਡੀ.ਐਸ.ਪੀ ਅਮਨਦੀਪ ਸਿੰਘ ਵੱਲੋਂ ਕੀਤੀ ਗਈ ਜਿਨ੍ਹਾਂ ਨੇ ਆਪਣੇ ਹੱਥੀਂ ਝੰਡੀ ਦਿਖਾ ਕੇ ਰੈਲੀ ਨੂੰ ਰਵਾਨਾ ਕੀਤਾ।ਉਨ੍ਹਾਂ ਵੱਲੋਂ ਭਾਗੀਦਾਰਾਂ ਨੂੰ ਇਹ ਸੁਨੇਹਾ ਦਿੱਤਾ ਗਿਆ ਕਿ ਨਸ਼ਿਆਂ ਤੋਂ ਦੂਰ ਰਹੋ ਤੇ ਖੇਡਾਂ ਨਾਲ ਆਪਣੀ ਜ਼ਿੰਦਗੀ ਨੂੰ ਜੋੜੀਏ।ਡੀ.ਐਸ.ਪੀ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਫਿਟਨੈੱਸ ਦੀ ਡੋਜ਼ ਅੱਧਾ ਘੰਟਾ ਰੋਜ਼ ਦੇ ਸਿਧਾਂਤ ਨੂੰ ਅਪਣਾਉਣਾ ਹਰ ਵਿਅਕਤੀ ਲਈ ਬਹੁਤ ਜ਼ਰੂਰੀ ਹੈ।ਸਵੇਰੇ ਤੇ ਸ਼ਾਮ ਸਿਰਫ਼ ਆਧਾ ਘੰਟਾ ਸਾਈਕਲ ਚਲਾਉਣਾ, ਦੌੜ ਲਾਉਣਾ ਜਾਂ ਹੋਰ ਕਸਰਤ ਕਰਨਾ ਸਿਹਤ ਨੂੰ ਮਜ਼ਬੂਤ ਕਰਨ ਦੇ ਨਾਲ-ਨਾਲ ਮਨੁੱਖ ਨੂੰ ਨਸ਼ਿਆਂ ਵਰਗੀਆਂ ਬੁਰਾਈਆਂ ਤੋਂ ਵੀ ਬਚਾ ਸਕਦਾ ਹੈ।

# ਬੱਸ ਦੀ ਲਪੇਟ 'ਚ ਆਉਣ ਨਾਲ ਇੱਕ ਵਿਅਕਤੀ ਦੀ ਮੌਤ



**ਜਲਾਲਾਬਾਦ, (ਜੀਤ ਕੁਮਾਰ)** ਜਲਾਲਾਬਾਦ-ਫ਼ਾਜ਼ਿਲਕਾ ਹਾਈਵੇਅ 'ਤੇ ਬੱਸ ਦੀ ਲਪੇਟ 'ਚ ਆਉਣ ਨਾਲ ਇੱਕ ਨੌਜਵਾਨ ਵਿਅਕਤੀ ਦੀ ਮੌਤ ਹੋ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਦੁਪਹਿਰ ਵੇਲ਼ੇ ਜਲਾਲਾਬਾਦ-ਫ਼ਾਜ਼ਿਲਕਾ ਨੈਸ਼ਨਲ ਹਾਈਵੇਅ 'ਤੇ ਵਾਪਰਿਆ। ਇੱਕ ਸਰਕਾਰੀ ਬੱਸ ਜਾ ਰਹੀ ਸੀ ਤੇ ਨੌਜਵਾਨ ਸੜਕ ਕਰਾਸ ਕਰਨ ਲੱਗਿਆ, ਜਿਸਦੀ ਲਪੇਟ 'ਚ ਆਉਣ ਨਾਲ ਨੌਜਵਾਨ ਦੀ ਮੌਕੇ 'ਤੇ ਮੌਤ ਹੋ ਗਈ ਹੈ। ਇਹ ਵਿਅਕਤੀ ਪਿੰਡ ਟਿਵਾਣਾ ਕਲਾਂ ਦਾ ਦੱਸਿਆ ਜਾ ਰਿਹਾ ਹੈ, ਜਿਵੇਂ ਹੀ ਇਸ ਹਾਦਸੇ ਬਾਰੇ ਪੁਲਸ ਨੂੰ ਸੂਚਨਾ ਮਿਲੀ, ਥਾਣਾ ਸਿਟੀ ਜਲਾਲਾਬਾਦ ਦੇ ਐਸ.ਐਚ.ਓ. ਪੁਲਿਸ ਪਾਰਟੀ ਸਮੇਤ ਮੌਕੇ 'ਤੇ ਪਹੁੰਚੇ ਅਤੇ ਵਾਪਰੇ ਹਾਦਸੇ ਦਾ ਜਾਇਜ਼ਾ ਲਿਆ। ਮ੍ਰਿਤਕ ਨੌਜਵਾਨ ਦੇ ਪਰਵਾਰਕ ਮੈਂਬਰਾਂ ਵੱਲੋਂ ਕਿਸੇ ਵਿਅਕਤੀ 'ਤੇ ਧੱਕਾ ਮਾਰਨ ਦੇ ਦੋਸ਼ ਲਾਏ ਜਾ ਰਹੇ ਹਨ। ਫ਼ਿਲਹਾਲ ਪੁਲਿਸ ਵੱਲੋਂ ਇਸ ਹਾਦਸੇ ਸਬੰਧੀ ਆਸ-ਪਾਸ ਦੁਕਾਨਦਾਰਾਂ ਅਤੇ ਲੋਕਾਂ ਤੋਂ ਜਾਣਕਾਰੀ ਲਈ ਜਾ ਰਹੀ ਹੈ। ਮੌਕੇ 'ਤੇ ਪੁੱਜੇ ਐਸ.ਐਚ.ਓ. ਦਾ ਕਹਿਣਾ ਸੀ ਕਿ ਵਾਪਰੇ ਹਾਦਸੇ ਬਾਰੇ ਪੜਤਾਲ ਕੀਤੀ ਜਾ ਰਹੀ ਹੈ ਤੇ ਇਸਦੇ ਬਾਅਦ ਬਣਦੀ ਕਾਰਵਾਈ ਕੀਤੀ ਜਾਵੇਗੀ।

# ਹੜ੍ਹਾਂ ਨਾਲ ਹੁੰਦੀ ਫਸਲਾਂ ਦੀ ਬਰਬਾਦੀ ਨੂੰ ਰੋਕਣ ਲਈ ਦਰਿਆਵਾਂ ਦਾ ਨਹਿਰੀਕਰਨ ਜ਼ਰੂਰੀ: ਡਾ. ਅਜਨਾਲਾ



**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**— ਹਰੇਕ ਸਾਲ ਦਰਿਆਵਾਂ ਵਿੱਚ ਆਏ ਹੜ੍ਹਾਂ ਨਾਲ ਹਜ਼ਾਰਾਂ ਏਕੜ ਪੰਜਾਬ ਦੀ ਫ਼ਸਲ ਬਰਬਾਦ ਹੋ ਜਾਂਦੀ ਹੈ। ਇਸ ਸਾਲ ਬਿਆਸ, ਸਤਲੁਜ ਤੇ ਘੱਗਰ ਵਿੱਚ ਹੜ੍ਹ ਆਉਣ ਕਾਰਨ 45 ਹਜ਼ਾਰ ਏਕੜ ਜਿਸ 'ਚ ਇਕੱਲੀ ਖਡੂਰ ਸਾਹਿਬ ਤਹਿਸੀਲ ਦਾ 12 ਹਜ਼ਾਰ ਏਕੜ ਰਕਬਾ ਮਾਰਿਆ ਗਿਆ। ਇਹ ਪ੍ਰਗਟਾਵਾ ਖੇਤੀ ਮਾਹਿਰ ਤੇ ਸੂਬਾ ਪ੍ਰਧਾਨ ਜਮਹੂਰੀ ਕਿਸਾਨ ਸਭਾ ਪੰਜਾਬ ਡਾ. ਸਤਨਾਮ ਸਿੰਘ ਅਜਨਾਲਾ ਨੇ ਇੱਕ ਮੀਟਿੰਗ 'ਚ ਕੀਤਾ। ਡਾ. ਅਜਨਾਲਾ ਨੇ ਕਿਹਾ ਕਿ ਹਜ਼ਾਰਾਂ ਕਰੋੜਾਂ ਰੁਪਏ ਦੀ ਫ਼ਸਲਾਂ ਦੀ ਬਰਬਾਦੀ ਨੂੰ ਰੋਕਣ ਲਈ ਦਰਿਆਵਾਂ ਦੇ ਨਹਿਰੀਕਰਨ ਹੋਣਾ ਚਾਹੀਦਾ। ਦਰਿਆਵਾਂ ਵਿੱਚੋਂ ਹੋਰ ਨਵੀਆਂ ਨਹਿਰਾਂ ਕੱਢੀਆਂ ਜਾ ਸਕਦੀਆਂ ਹਨ। ਅਜਿਹਾ ਹੋਣ ਨਾਲ ਹਰੇਕ ਖੇਤ ਤੱਕ ਲੋੜੀਂਦਾ ਨਹਿਰੀ ਪਾਣੀ ਦਿੱਤਾ ਜਾ ਸਕਦਾ ਹੈ ਅਤੇ ਹਰੇਕ ਘਰ ਵਿੱਚ ਪੀਣ ਲਈ ਸਵੱਛ ਪਾਣੀ ਮੁਹੱਈਆ ਕਰਵਾਇਆ ਜਾ ਸਕਦਾ ਹੈ! ਜਿਹੜੇ ਪੰਜਾਬ ਵਿੱਚ 15 ਲੱਖ ਤੋਂ ਜ਼ਿਆਦਾ ਬਿਜਲੀ ਨਾਲ ਟਿਊਬਵੈੱਲ ਚੱਲ ਰਹੇ ਹਨ ਉਨ੍ਹਾਂ ਦੀ ਲੋੜ ਨਹੀਂ ਰਹੇਗੀ! ਉਨ੍ਹਾਂ ਪੰਜਾਬ ਦੇ ਲੋਕਾਂ ਨੂੰ ਪੁਰਜ਼ੋਰ ਅਪੀਲ ਕੀਤੀ ਕਿ ਉਹ ਪੰਜਾਬ ਤੇ ਕੇਂਦਰ ਦੀ ਸਰਕਾਰ ਤੋਂ ਅਜਿਹਾ ਕਰਵਾਉਣ ਲਈ 24 ਅਗਸਤ ਨੂੰ ਸਮਰਾਲਾ ਵਿਖੇ ਜਿਹੜੀ ਐੱਸਕੇਐੱਮ ਵੱਲੋਂ ਮਹਾਂ ਰੈਲੀ ਆਯੋਜਿਤ ਕੀਤੀ ਜਾ ਰਹੀ ਹੈ ਉਸ ਵਿਚ ਵੱਧ ਚੜ੍ਹ ਕੇ ਪਹੁੰਚੋ। ਇਸ ਵੱਡੇ ਇਕੱਠ ਦੇ ਨਾਲ ਭਾਰਤ ਸਰਕਾਰ 'ਤੇ ਜ਼ੋਰ ਪਾਇਆ ਜਾਵੇਗਾ ਕਿ ਉਹ ਕਰਮੁਕਤ ਵਪਾਰ ਵਿੱਚੋਂ ਖੇਤੀ ਕਿੱਤੇ ਨੂੰ ਬਾਹਰ ਰੱਖੇ ਤਾਂ ਜੋ ਖੇਤੀ ਨੂੰ ਤਬਾਹ ਹੋਣ ਤੋਂ ਬਚਾਇਆ ਜਾ ਸਕੇ ! ਇਸ ਸਮੇਂ ਮੀਟਿੰਗ ਵਿੱਚ ਆਏ ਵੱਖ-ਵੱਖ ਪਿੰਡਾਂ ਤੋਂ ਆਗੂਆਂ ਨੇ ਕਿਹਾ ਕਿ ਉਹ ਇਸ ਮਹਾਂਪੰਚਾਇਤ ਵਿੱਚ ਵੱਧ-ਚੜ੍ਹ ਕੇ ਪਹੁੰਚਣਗੇ। ਇਸ ਸਮੇਂ ਹੋਰਨਾਂ ਤੋਂ ਇਲਾਵਾ ਸੁਰਜੀਤ ਸਿੰਘ ਭੂਰੇ ਗਿੱਲ, ਬਲਕਾਰ ਸਿੰਘ ਗੁਲਗੜ੍ਹ, ਜਥੇਦਾਰ ਤਸਬੀਰ ਸਿੰਘ ਹਾਸ਼ਮਪੁਰਾ, ਬਲਤੇਜ ਸਿੰਘ ਦਿਆਲਪੁਰਾ, ਨੌਜਵਾਨ ਆਗੂ ਸੁੱਚਾ ਸਿੰਘ ਘੋਗਾ, ਗਾਇਕ ਗੁਰਪਾਲ ਗਿੱਲ ਸੈਦਪੁਰ, ਹਰਜਿੰਦਰ ਸਿੰਘ ਛੀਨਾ, ਆੜ੍ਹਤੀ ਯੂਨੀਅਨ ਦਾ ਆਗੂ ਰੇਸ਼ਮ ਸਿੰਘ ਅਜਨਾਲਾ, ਹਰਨੇਕ ਸਿੰਘ ਨੇਪਾਲ, ਗੁਰਪ੍ਰੀਤ ਸਿੰਘ ਗੋਪੀ ਗੁਲਗੜ੍ਹ, ਸੂਰਤਾ ਸਿੰਘ ਚੱਕ ਔਲ, ਬੱਗਾ ਸਿੰਘ ਖਾਨੇਵਾਲ, ਰਣਜੀਤ ਸਿੰਘ ਕੋਟਲੀ ਕੋਕਾ ਆਦਿ ਨੇ ਵੀ ਆਪਣੇ ਵਿਚਾਰ ਰੱਖੇ

# ਦੇਵੀਗੜ੍ਹ ਦੇ ਨਹਿਰੀ ਰੈਸਟ ਹਾਊਸ 'ਚ ਸਾਫ਼-ਸਫ਼ਾਈ ਨਾ ਹੋਣ ਕਾਰਨ ਬਣਿਆ ਜੰਗਲ

**ਦੇਵੀਗੜ੍ਹ, ਪਟਿਆਲ਼ਾ (ਰਾਜਿੰਦਰ ਥਿੰਦ)** ਕਸਬਾ ਦੇਵੀਗੜ੍ਹ ਵਿਖੇ ਦੇਵੀਗੜ੍ਹ ਤੋਂ ਹਸਨਪੁਰ ਕੰਬੋਆਂ ਨੂੰ ਜਾਣ ਵਾਲੀ ਸੜਕ 'ਤੇ ਨਹਿਰੀ ਵਿਭਾਗ ਜੋ ਨਹਿਰੀ ਵਿਸ਼ਰਾਮ ਘਰ ਹੈ, ਉਸ ਦੀ ਸਾਫ਼-ਸਫ਼ਾਈ ਨਾ ਹੋਣ ਕਾਰਨ ਇਥੇ ਪੈਦਾ ਹੋਈ ਜੰਗਲੀ ਬੂਟੀ ਤੇ ਘਾਹ ਕਾਰਨ ਜੰਗਲ ਬਣਿਆ ਹੋਇਆ ਹੈ, ਪ੍ਰੰਤੂ ਨਹਿਰੀ ਵਿਭਾਗ ਇਸ ਦੀ ਸਾਫ਼ - ਫ਼ਾਈ ਕਰਾਉਣ ਲਈ ਕੁੰਭਕਰਨੀ ਨੀਂਦ ਸੁੱਤਾ ਪਿਆ ਹੈ। ਇਸ ਰੈਸਟ ਹਾਊਸ ਦੀ ਇਮਾਰਤ ਅੰਗਰੇਜ਼ਾਂ ਸਮੇਂ ਦੀ ਬਣੀ ਹੋਈ ਹੈ, ਪ੍ਰੰਤੂ ਵਿਭਾਗ ਵੱਲੋਂ ਇਸ ਦੀ ਮੁਰੰਮਤ ਨਾ ਕਰਾਉਣ ਕਾਰਨ ਇਹ ਇਮਾਰਤ ਖੰਡਰ ਦਾ ਰੂਪ ਧਾਰਨ ਕਰ ਚੁੱਕੀ ਹੈ। ਇਸ ਰੈਸਟ ਹਾਊਸ ਨੂੰ ਕਦੀ ਐਸ.ਡੀ.ਐਮ. ਦਾ ਦਫਤਰ ਕਦੇ ਪਟਵਾਰੀਆਂ ਦੇ ਦਫਤਰ ਤੇ ਕਿਸੇ ਵੀ ਹੋਣ ਵਾਲੀ ਚੋਣ ਲਈ ਵਰਤਿਆ ਜਾਂਦਾ ਹੈ, ਪਰ ਅੱਜ ਕੱਲ੍ਹ ਇਸ ਵਿਸਰਾਮ ਘਰ ਨੇ ਜੰਗਲ ਦਾ ਰੂਪ ਧਾਰਿਆ ਹੋਇਆ ਹੈ।ਇਸ ਦੇ ਕੁੱਝ ਕਮਰੇ ਤਾਂ ਪਹਿਲਾਂ ਹੀ ਡਿੱਗਣ ਨੂੰ ਤਿਆਰ ਹਨ ਤੇ ਹੁਣ ਵਿਸ਼ਰਾਮ ਘਰ ਦੀ ਇਸ ਸਮੇਂ ਏਨੀ ਖਸਤਾ ਹਾਲਤ ਹੋ ਗਈ ਕਿ ਕਿਸੇ ਵੀ ਸਮੇਂ ਡਿੱਗ ਸਕਦੀ ਹੈ!

ਇਹ ਵਿਸ਼ਰਾਮ ਘਰ ਤਕਰੀਬਨ 5-6 ਏਕੜ 'ਚ ਸਥਿਤ ਹੈ, ਜਿਸ ਵਿੱਚ ਇਮਾਰਤ ਤੋਂ ਇਲਾਵਾ ਪਾਣੀ ਚਾਰਜ ਕਰਨ ਵਾਲੇ 4-5 ਖੂਹ ਵੀ ਬਣਾਏ ਹੋਏ ਹਨ।ਉਹ ਵੀ ਇਸ ਵੇਲੇ ਬਿਨਾਂ ਨਿਗਰਾਨੀ ਤੋਂ ਬੰਦ ਪਏ ਹਨ।ਇਹ ਖੂਹ ਤਕਰੀਬਨ 8-10 ਸਾਲ ਪਹਿਲਾਂ ਕਰੋੜ ਰੁਪਏ ਲਾ ਕੇ ਬਣਾਏ ਗਏ ਸਨ, ਪਰ ਇਨ੍ਹਾਂ ਨੂੰ ਕਿਸੇ ਮਹਿਕਮੇ ਨੇ ਸਾਂਭਿਆ ਨਹੀਂ, ਜਿਸ ਕਾਰਨ ਇਨ੍ਹਾਂ ਦੀ ਇਹ ਹਾਲਤ ਨਿਰਾਸ਼ਾ ਯੋਗ ਬਣੀ ਹੋਈ ਹੈ।

ਵਿਸ਼ਰਾਮ ਘਰ 'ਚ ਇਸ ਵੇਲੇ 2 ਤੋਂ 3 ਫੁੱਟ ਲੰਮੀ ਲੰਮੀ ਬੂਟੀ ਤੇ ਘਾਹ ਖੜ੍ਹਾ ਹੈ, ਜਿਸ ਦੀ ਕੋਈ ਸਫ਼ਾਈ ਨਹੀਂ ਹੋ ਰਹੀ।ਵਿਸ਼ਰਾਮ ਘਰ 'ਚ ਵਿਭਾਗ ਦੇ ਕੁਝ ਅਧਿਕਾਰੀ ਆਉਂਦੇ ਹਨ ਤੇ ਆ ਕੇ ਮੁੜ ਜਾਂਦੇ ਹਨ, ਇਨ੍ਹਾਂ ਦਾ ਵੀ ਇਸ ਦੀ ਸਫ਼ਾਈ ਵੱਲ ਕੋਈ ਧਿਆਨ ਨਹੀਂ ਹੈ।ਵਿਸ਼ਰਾਮ ਘਰ 'ਚ ਚੌਕੀਦਾਰ ਤੋਂ ਇਲਾਵਾ ਕੁਝ ਬੇਲਦਾਰ ਤੇ ਮਾਲੀ ਰਹਿੰਦੇ ਹਨ, ਪਰ ਜੋ ਮਾਲੀ ਹੈ, ਜਿਸ ਦਾ ਕੰਮ ਇਸ ਦੀ ਸਫ਼ਾਈ ਰੱਖਣਾ ਹੈ, ਪਰ ਉਹ ਵੀ ਇਸ ਦੀ ਸਫ਼ਾਈ ਵੱਲ ਕੋਈ ਧਿਆਨ ਨਹੀਂ ਦਿੰਦੇ।ਆਵਾਰਾ ਪਸ਼ੂ ਵਿਸਰਾਮਘਰ 'ਚ ਘਾਹ ਚਰਦੇ ਰਹਿੰਦੇ ਹਨ, ਪਰ ਇਨ੍ਹਾਂ ਸਾਰੇ ਮੁਲਾਜ਼ਮਾਂ ਦਾ ਇਸ ਵਿਸ਼ਰਾਮਘਰ ਦੀ ਸਫ਼ਾਈ ਵੱਲ ਕੋਈ ਧਿਆਨ ਹੈ। ਐਸ.ਡੀ.ਓ. ਸੁਧਾਂਤ ਵਾਲੀਆ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਕਿਹਾ ਕਿ ਸਾਡੇ ਵਿਭਾਗ ਦੇ ਕੁਝ ਕ੍ਰਮਚਾਰੀ ਬਦਲ ਗਏ ਸਨ ਤੇ ਨਰੇਗਾ ਵੱਲੋਂ ਕਰਾਇਆ ਜਾਂਦਾ ਕੰਮ ਬੰਦ ਹੋ ਗਿਆ ਸੀ, ਜਿਸ ਕਰਕੇ ਇਹ ਮੁਸ਼ਕਲ ਆਈ ਹੈ।ਹੁਣ ਜਲਦੀ ਹੀ ਕ੍ਰਮਚਾਰੀਆਂ ਦਾ ਪ੍ਰਬੰਧ ਕਰਕੇ ਤੇ ਨਰੇਗਾ ਦਾ ਸਹਿਯੋਗ ਲੈ ਕੇ ਇਸ ਵਿਸ਼ਰਾਮ ਘਰ ਦੀ ਸਫ਼ਾਈ ਕਰਾਈ ਜਾਵੇਗੀ।

# ਲੈਕਚਰਰਾਂ ਵੱਲੋਂ ਮੁੱਖ ਮੰਤਰੀ ਦੇ ਸ਼ਹਿਰ 'ਚ ਰੋਸ ਧਰਨਾ ਦੇਣ ਦਾ ਐਲਾਨ

**ਜਲਾਲਾਬਾਦ, (ਜੀਤ ਕੁਮਾਰ/ਜੰਗੀਰ ਕੌਰ)** ਸਕੂਲ ਸਿੱਖਿਆ ਵਿਭਾਗ ਵਿੱਚ 3 ਦਹਾਕਿਆਂ ਤੋਂ ਸੇਵਾਵਾਂ ਨਿਭਾਅ ਰਹੇ ਲੈਕਚਰਾਰਾਂ ਵਿੱਚ ਸਰਕਾਰ ਪ੍ਰਤੀ ਰੋਸ ਹੈ, ਕਿਉਂਕਿ ਲੰਬੀ ਸੇਵਾ ਤੋਂ ਬਾਅਦ ਵੀ ਤਰੱਕੀ ਨਹੀਂ ਦਿੱਤੀ ਗਈ, ਜਦਕਿ ਸਕੂਲ ਲੈਕਚਰਾਰ ਪਿਛਲੇ 25-30 ਸਾਲਾਂ ਤੋਂ ਸੇਵਾ ਨਿਭਾ ਰਹੇ ਹਨ। ਸੀਨੀਅਰ ਸੈਕੰਡਰੀ ਸਕੂਲਾਂ ਵਿੱਚ 900 ਤੋਂ ਵੱਧ ਪ੍ਰਿੰਸੀਪਲਾਂ ਦੀਆਂ ਅਸਾਮੀਆਂ ਖਾਲੀ ਹਨ। ਲੈਕਚਰਾਰ ਮੁਖਤਿਆਰ ਸਿੰਘ ਦਾ ਕਹਿਣਾ ਹੈ ਕਿ ਬਹੁਤ ਸਾਰੇ ਲੈਕਚਰਾਰ ਤਰੱਕੀ ਨੂੰ ਉਡੀਕਦੇ ਹੋਏ ਰਿਟਾਇਰ ਹੋ ਗਏ ਹਨ ਤੇ ਸੈਂਕੜੇ ਲੈਕਚਰਾਰ ਰਿਟਾਇਰਡ ਹੋਣ ਦੇ ਕੰਢੇ ਹਨ। ਪ੍ਰਭਾਵਤ ਲੈਕਚਰਾਰ ਮੁਖਤਿਆਰ ਸਿੰਘ, ਲੈਕਚਰਾਰ ਜੋਗਿੰਦਰ ਲਾਲ, ਅਰੁਣ ਕੁਮਾਰ ਲੂਨਾ, ਸੁਖਤਿਆਰ ਸਿੰਘ, ਬਲਵਿੰਦਰ ਕੌਰ ਤੇ ਹੋਰ ਕਈ ਲੈਕਚਰਾਰਾਂ ਦਾ ਕਹਿਣਾ ਹੈ ਕਿ ਜੇਕਰ ਸਰਕਾਰ ਚਾਹੇ ਤਾਂ ਅਧਿਆਪਕ ਦਿਵਸ ਤੋਂ ਪਹਿਲਾਂ ਉਨ੍ਹਾਂ ਨੂੰ ਤਰੱਕੀ ਦੇ ਕੇ ਪ੍ਰਿੰਸੀਪਲ ਬਣਾ ਸਕਦੀ ਹੈ। ਲੈਕਚਰਾਰਾਂ ਨੇ ਫੈਸਲਾ ਕੀਤਾ ਕਿ ਉਹ ਅਧਿਆਪਕ ਦਿਵਸ ਤੋਂ 2 ਦਿਨ ਪਹਿਲਾਂ 3 ਸਤੰਬਰ ਨੂੰ ਸੰਗਰੂਰ ਵਿਖੇ ਮੁੱਖ ਮੰਤਰੀ ਪੰਜਾਬ ਦੀ ਰਿਹਾਇਸ਼ ਸਾਹਮਣੇ ਧਰਨਾ ਦਿੱਤਾ ਜਾਵੇਗਾ। ਇਸ ਤੋਂ ਇਲਾਵਾ 5 ਸਤੰਬਰ ਨੂੰ ਅਧਿਆਪਕ ਦਿਵਸ 'ਤੇ ਕਿਸੇ ਸਖਤ ਐਕਸ਼ਨ ਦਾ ਐਲਾਨ ਕੀਤਾ ਜਾਵੇਗਾ। ਉਨ੍ਹਾਂ ਮੰਗ ਕੀਤੀ ਕਿ ਲੈਕਚਰਾਰਾਂ ਨੂੰ ਤਰੱਕੀ ਦੇ ਕੇ ਪ੍ਰਿੰਸੀਪਲ ਬਣਾਇਆ ਜਾਵੇ।

# ਕੁੱਟਮਾਰ ਕਰਕੇ ਸੱਟਾਂ ਮਾਰਨ ਦੇ ਦੋਸ਼ 'ਚ 3 ਵਿਅਕਤੀਆਂ ਵਿਰੁੱਧ ਮੁਕੱਦਮਾ ਦਰਜ

**ਜਲਾਲਾਬਾਦ, (ਜੀਤ ਕੁਮਾਰ)** ਥਾਣਾ ਅਮੀਰ ਖਾਸ ਦੀ ਪੁਲਸ ਵੱਲੋਂ ਪਿੰਡ ਚੱਕੇ ਸੈਦੋਕੇ ਵਿਖੇ ਘਰ 'ਚ ਆ ਕੇ ਕੁੱਟਮਾਰ ਕਰਕੇ ਸੱਟਾਂ ਮਾਰਨ ਦੇ ਦੋਸ਼ ਵਿੱਚ 3 ਵਿਅਕਤੀਆਂ ਵਿਰੁੱਧ ਪਰਚਾ ਦਰਜ ਕੀਤਾ ਗਿਆ ਹੈ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਅਮਰੀਕ ਸਿੰਘ ਨੇ ਦੱਸਿਆ ਕਿ ਸ਼ਿਕਾਇਤਕਰਤਾ ਲਖਵੀਰ ਸਿੰਘ ਪੁੱਤਰ ਗੁਰਤੇਜ ਸਿੰਘ ਵਾਸੀ ਚੱਕ ਸੈਦੋਕੇ ਦੁਆਰਾ ਪੁਲਿਸ ਕੋਲ ਬਿਆਨ ਲਿਖਾਇਆ ਹੈ ਕਿ ਮਿਤੀ 21 ਅਗਸਤ 2025 ਨੂੰ ਦੇਰ ਸ਼ਾਮ ਕਰੀਬ 4.30 ਵਜੇ ਉਹ ਆਪਣੇ ਘਰ ਵਿੱਚ ਮੌਜੂਦ ਸੀ ਤਾਂ ਚਰਨਜੀਤ ਸਿੰਘ ਉਰਫ਼ ਚੈਨਾ ਪੁੱਤਰ ਜੱਸਾ ਸਿੰਘ ਵਾਸੀ ਚੱਕ ਸੈਦੋਕੇ ਤੇ 2 ਹੋਰ ਅਣਪਛਾਤੇ ਵਿਅਕਤੀਆਂ ਨੇ ਉਸਦੇ ਘਰ ਵਿੱਚ ਦਾਖਲ ਹੋ ਕੇ ਉਸ ਨੂੰ ਦੀ ਕੁੱਟਮਾਰ ਕਰਕੇ ਸੱਟਾਂ ਮਾਰੀਆਂ, ਜਿਸ ਕਰਕੇ ਉਹ ਸੱਟਾਂ ਲੱਗਣ ਕਾਰਨ ਸਰਕਾਰੀ ਹਸਪਤਾਲ ਜਲਾਲਾਬਾਦ ਵਿਖੇ ਇਲਾਜ ਲਈ ਦਾਖਲ ਹੋਇਆ। ਥਾਣਾ ਅਮੀਰ ਖਾਸ ਦੀ ਪੁਲਸ ਵੱਲੋਂ ਮੁਦੱਈ ਲਖਵੀਰ ਸਿੰਘ ਦੇ ਬਿਆਨਾਂ ਦੇ ਅਧਾਰ ਤੇ ਚਰਨਜੀਤ ਸਿੰਘ ਉਰਫ ਚੈਨਾ ਅਤੇ 2 ਅਣਪਛਾਤੇ ਵਿਅਕਤੀਆਂ ਦੇ ਵਿਰੁੱਧ ਮੁਕੱਦਮਾ ਨੰਬਰ 73 ਮਿਤੀ 23-08-2025 ਨੂੰ ਧਾਰਾ 115(2), 333, 3(5) ਬੀ.ਐਨ.ਐਸ. ਤਹਿਤ ਦਰਜ ਕੀਤਾ ਗਿਆ ਹੈ।

# ਪੰਜਾਬ ਸਰਕਾਰ ਕਿਸੇ ਵੀ ਯੋਗ ਲਾਭਪਾਤਰੀ ਦਾ ਕਾਰਡ ਨਹੀਂ ਕੱਟਣ ਦੇਵੇਗੀ : ਡਾ. ਬਲਜੀਤ ਕੌਰ

**ਸ੍ਰੀ ਮੁਕਤਸਰ ਸਾਹਿਬ/ਗਿੱਦੜਬਾਹਾ (ਸ਼ਮਿੰਦਰਪਾਲ/ਪੂਜਾ/ਜਸਵੰਤ ਸਿੰਘ ਛੱਤਿਆਣਾ)** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਭਾਰਤੀ ਜਨਤਾ ਪਾਰਟੀ ਦੀਆਂ ਕੋਝੀਆਂ ਚਾਲਾਂ ਨੂੰ ਕਿਸੇ ਵੀ ਹੀਲੇ ਕਾਮਯਾਬ ਨਹੀਂ ਹੋਣ ਦੇਵੇਗੀ, ਕਿਉਂਕਿ ਇਨ੍ਹਾਂ ਦੀ ਕੇਂਦਰ ਸਰਕਾਰ ਨੇ ਪੰਜਾਬ ਦੇ 55 ਲੱਖ ਗ਼ਰੀਬ ਲੋਕਾਂ ਦਾ ਰਾਸ਼ਨ ਬੰਦ ਕਰਨ ਦਾ ਫ਼ੈਸਲਾ ਕੀਤਾ ਹੈ।ਇਹ ਸਿਰਫ਼ ਇੱਕ ਫੈਸਲਾ ਨਹੀਂ, ਸਗੋਂ ਪੰਜਾਬ 'ਤੇ ਸਿੱਧਾ ਹਮਲਾ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਦੇ ਗ੍ਰਹਿ ਵਿਖੇ ਪ੍ਰੈੱਸ ਕਾਨਫਰੰਸ ਦੌਰਾਨ ਕੀਤਾ।ਡਾ. ਬਲਜੀਤ ਕੌਰ ਨੇ ਦੱਸਿਆ ਕਿ ਪੰਜਾਬ ਵਿੱਚ ਕੁੱਲ 1.53 ਕਰੋੜ ਲੋਕਾਂ ਨੂੰ ਰਾਸ਼ਨ ਕਾਰਡਾਂ ਰਾਹੀਂ ਮੁਫ਼ਤ ਰਾਸ਼ਨ ਮਿਲਦਾ ਹੈ ਤੇ ਕੇਂਦਰ ਦੇ ਇਸ ਨਾਦਰਸ਼ਾਹੀ ਫਰਮਾਨ ਨਾਲ 8 ਲੱਖ ਤੋਂ ਵੱਧ ਕਾਰਡ ਕੱਟੇ ਜਾਣਗੇ, ਜਿਸ ਨਾਲ ਸਤੰਬਰ ਮਹੀਨੇ ਤੋਂ 32 ਲੱਖ ਲੋੜਵੰਦ ਪੰਜਾਬੀਆਂ ਦਾ ਰਾਸ਼ਨ ਬੰਦ ਕਰ ਦਿੱਤਾ ਜਾਵੇਗਾ।ਉਨ੍ਹਾਂ ਕਿਹਾ ਕਿ ਜੁਲਾਈ ਮਹੀਨੇ ਵਿੱਚ ਵੀ ਈ-ਕੇਵਾਈਸੀ ਦੇ ਨਾਂਅ 'ਤੇ 23 ਲੱਖ ਲੋਕਾਂ ਦਾ ਰਾਸ਼ਨ ਬੰਦ ਕੀਤਾ ਗਿਆ ਸੀ।ਕੈਬਨਿਟ ਮੰਤਰੀ ਨੇ ਸਖ਼ਤ ਸ਼ਬਦਾਂ 'ਚ ਸਪੱਸ਼ਟ ਕੀਤਾ ਕਿ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਸੂਬਾ ਸਰਕਾਰ ਕਿਸੇ ਵੀ ਯੋਗ ਲਾਭਪਾਤਰੀ ਦਾ ਕਾਰਡ ਕੱਟਣ ਦੀ ਇਜਾਜ਼ਤ ਨਹੀਂ ਦੇਵੇਗੀ ਤੇ ਕੇਂਦਰ ਦੀ ਇਸ ਚਾਲ ਨੂੰ ਮੁੱਢੋਂ ਖਤਮ ਕਰਨ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕੇਂਦਰ ਕੋਲੋਂ ਲਾਭਪਾਤਰੀਆਂ ਦੀ ਈ-ਕੇਵਾਈਸੀ ਪੂਰੀ ਕਰਨ ਲਈ 6 ਮਹੀਨੇ ਦਾ ਸਮਾਂ ਵੀ ਮੰਗਿਆ ਹੈ।

## ਰਮਿੰਦਰ ਸਿੰਘ ਆਵਲਾ ਹੜ੍ਹ ਪ੍ਰਭਾਵਤ ਲੋਕਾਂ ਦੀ ਸਾਰ ਲੈਣ ਪਹੁੰਚੇ



**ਮੰਡੀ ਘੁਬਾਇਆ (ਬਲਵਿੰਦਰ ਸਿੰਘ)** ਸਾਬਕਾ ਵਿਧਾਇਕ ਰਮਿੰਦਰ ਆਵਲਾ ਵੱਲੋਂ ਪਿੰਡ ਸੰਤੋਖ ਸਿੰਘ ਵਾਲਾ, ਆਤੂ ਵਾਲਾ, ਚੱਕ ਖੀਵਾ ਦਾ ਦੌਰਾ ਕੀਤਾ ਗਿਆ। ਪਿਛਲੇ ਦਿਨੀਂ ਹੜ੍ਹ ਆਉਣ ਕਾਰਨ ਕਾਫ਼ੀ ਪਿੰਡਾਂ ਦਾ ਨੁਕਸਾਨ ਹੋਇਆ, ਜਿੱਥੇ ਜ਼ਿਮੀਦਾਰਾਂ ਦੀਆਂ ਫ਼ਸਲਾਂ ਦਾ ਨੁਕਸਾਨ ਹੋਇਆ, ਉਥੇ ਪਸ਼ੂਆਂ ਦੇ ਖਾਣ ਲਈ ਹਰੇ ਚਾਰੇ ਦੀ ਵੀ ਘਾਟ ਨੂੰ ਦੇਖਦਿਆਂ ਪਿੰਡਾਂ ਸੰਤੋਖ ਸਿੰਘ, ਪ੍ਰਭਾਤ ਸਿੰਘ, ਆਤੂ ਵਾਲਾ, ਚੱਕ ਖੀਵਾ, ਢਾਣੀ ਬਚਨ ਸਿੰਘ, ਧੁਣਕੀਆਂ ਦੇ ਲੋਕਾਂ ਵੱਲੋਂ ਰਮਿੰਦਰ ਸਿੰਘ ਆਵਲਾ ਨੂੰ ਹਰੇ ਚਾਰੇ ਦੀ ਮੰਗ ਕੀਤੀ ਗਈ ਤਾਂ ਰਮਿੰਦਰ ਆਵਲਾ ਵੱਲੋਂ ਮੌਕੇ 'ਤੇ ਹੀ ਹਰਾ ਚਾਰਾ ਲੈ ਕੇ ਪਿੰਡ ਵਿੱਚ ਪਹੁੰਚ ਗਏ।

# ਭਵਿੱਖੀ ਸੰਘਰਸ਼ਾਂ ਦੀ ਰੂਪ-ਰੇਖਾ ਉਲੀਕਣ ਲਈ ਗੌਰਮਿੰਟ ਟੀਚਰਜ਼ ਯੂਨੀਅਨ ਦੀ ਜ਼ਿਲ੍ਹਾ ਪੱਧਰੀ ਮੀਟਿੰਗ



**ਮਾਨਸਾ (ਆਤਮਾ ਸਿੰਘ ਪਮਾਰ)** ਪੰਜਾਬ ਸਰਕਾਰ ਦੁਆਰਾ ਅਧਿਆਪਕਾਂ ਦੇ ਹੱਕੀ ਤੇ ਜਾਇਜ਼ ਮੰਗਾਂ ਮਸਲਿਆਂ ਨੂੰ ਅਣਗੌਲਿਆਂ ਕਰਨ ਤੇ ਅਧਿਆਪਕਾਂ ਦੀ ਕੋਈ ਵੀ ਮੰਗ ਨਾ ਮੰਨਣ ਦੇ ਵਿਰੋਧ ਵਿੱਚ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਜ਼ਿਲ੍ਹਾ ਇਕਾਈ ਮਾਨਸਾ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਨਰਿੰਦਰ ਸਿੰਘ ਮਾਖਾ ਤੇ ਜਨਰਲ ਸਕੱਤਰ ਗੁਰਦਾਸ ਸਿੰਘ ਰਾਏਪੁਰ, ਸੀਨੀਅਰ ਮੀਤ ਪ੍ਰਧਾਨਾਂ ਬਲਵਿੰਦਰ ਸਿੰਘ ਉੱਲਕ, ਸਤੀਸ਼ ਕੁਮਾਰ ਗਰਗ, ਮੀਤ ਪ੍ਰਧਾਨ ਲਖਵਿੰਦਰ ਸਿੰਘ ਮਾਨ ਦੀ ਅਗਵਾਈ ਹੇਠ ਪੈਨਸ਼ਨਰਜ਼ ਭਵਨ ਵਿਖੇ ਹੋਈ।ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਸੂਬਾ ਆਗੂ ਦੇਵੀ ਦਿਆਲ ਸੰਗਰੂਰ, ਫ਼ਕੀਰ ਸਿੰਘ ਟਿੱਬਾ, ਬੱਗਾ ਸਿੰਘ ਤੇ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਮਾਨਸਾ ਦੇ ਕਨਵੀਨਰ ਦਰਸ਼ਨ ਸਿੰਘ ਅਲੀਸ਼ੇਰ ਨੇ ਵੀ ਸ਼ਮੂਲੀਅਤ ਕੀਤੀ।ਮੀਟਿੰਗ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਅਧਿਆਪਕਾਂ ਦੀਆਂ ਮੁੱਖ ਮੰਗਾਂ ਜਿਵੇਂ ਕਿ ਪੁਰਾਣੀ ਪੈਨਸ਼ਨ ਬਹਾਲ ਕਰਨਾ, ਬੰਦ ਕੀਤੇ 37 ਭੱਤੇ ਬਹਾਲ ਕਰਨਾ, ਹਰ ਵਰਗ ਦੀਆਂ ਪ੍ਰਮੋਸ਼ਨਾਂ, ਅਧਿਆਪਕਾਂ ਤੋਂ ਗੈਰ ਵਿੱਦਿਅਕ ਕੰਮ ਲੈਣੇ ਬੰਦ ਕੀਤੇ ਜਾਣਾ, ਬਦਲੀਆਂ ਪਾਰਦਰਸ਼ੀ ਢੰਗ ਨਾਲ ਕਰਨਾ, ਹਰ ਮਹੀਨੇ ਦੀ ਪਹਿਲੀ ਤਰੀਕ ਨੂੰ ਸਾਰੇ ਅਧਿਆਪਕਾਂ ਨੂੰ ਤਨਖਾਹ ਦੇਣਾ ਯਕੀਨੀ ਬਣਾਉਣਾ ਤੇ ਅਧਿਆਪਕਾਂ ਦੇ ਬਕਾਇਆ ਬਿੱਲ ਤੁਰੰਤ ਪਾਸ ਕੀਤੇ ਜਾਣ, ਵੱਖ-ਵੱਖ ਅਧਿਆਪਕਾਂ ਦੇ ਹੱਕ ਵਿੱਚ ਹੋਏ ਕੋਰਟ ਦੇ ਫੈਸਲਿਆਂ ਨੂੰ ਜਰਨਲਾਈਜ਼ ਕੀਤਾ ਜਾਵੇ, ਰੀਕਾਸਟ ਲਿਸਟਾਂ ਤੁਰੰਤ ਰੱਦ ਕੀਤੀਆਂ ਜਾਣ, ਗ਼ੈਰ ਤਰਕਸੰਗਤ ਪ੍ਰੋਜੈਕਟ ਬੰਦ ਕਰਕੇ ਸਿਲੇਬਸ ਅਨੁਸਾਰ ਪੜ੍ਹਾਈ ਲਈ ਵਧੀਆ ਵਿੱਦਿਅਕ ਮਾਹੌਲ ਦੇਣਾ, ਪ੍ਰਮੋਸ਼ਨਾਂ ਦੇ 75:25 ਰੇਸ਼ੋ ਅਨੁਸਾਰ 25% ਸਿੱਧੀ ਭਰਤੀ ਤੁਰੰਤ ਕੀਤੀ ਜਾਵੇ, ਨਾਨ ਟੀਚਿੰਗ ਦੀਆਂ ਖਾਲੀ ਅਸਾਮੀਆਂ ਭਰੀਆਂ ਜਾਣ, ਮਿਡਲ ਸਕੂਲਾਂ ਵਿੱਚ ਸੀ ਐਂਡ ਵੀ ਕੇਡਰ ਦੀਆਂ ਖ਼ਤਮ ਕੀਤੀਆਂ ਪੋਸਟਾਂ ਬਹਾਲ ਕੀਤੀਆਂ ਜਾਣ,ਸਮੱਗਰਾ ਸਿੱਖਿਆ ਅਧੀਨ ਕੰਮ ਕਰਦੇ 59 ਐਸਐਸਏ ਅਤੇ ਦਫ਼ਤਰੀ ਕ੍ਰਮਚਾਰੀਆਂ ਨੂੰ ਪੱਕਾ ਕੀਤਾ ਜਾਵੇ, ਸਮਗਰਾ ਸਿੱਖਿਆ ਅਧੀਨ ਕੰਮ ਕਰਦੇ 29 ਮੁੱਖ ਅਧਿਆਪਕਾਂ ਦੀਆਂ ਖਤਮ ਕੀਤੀਆਂ ਸੇਵਾਵਾਂ ਬਹਾਲ ਕਰਨਾ, ਕੰਪਿਊਟਰ, ਮੈਰੀਟੋਰੀਅਸ ਐਸੋਸੀਏਟ ਤੇ ਆਦਰਸ਼ ਮਾਡਲ ਸਕੂਲਾਂ ਦੇ ਅਧਿਆਪਕਾਂ ਅਤੇ ਐਨਐਸ ਕਿਊ ਐਫ ਅਧਿਆਪਕਾਂ ਨੂੰ ਤੁਰੰਤ ਵਿਭਾਗ ਵਿੱਚ ਪੱਕਾ ਕੀਤਾ ਜਾਵੇ, ਵੱਖ-ਵੱਖ ਭਰਤੀ ਹੋਏ ਅਧਿਆਪਕਾਂ ਅਤੇ ਪਦਉਨਤ ਕੀਤੇ ਗਏ ਅਧਿਆਪਕਾਂ ਤੇ ਲੈਕਚਰਾਰਾਂ ਨੂੰ ਬਦਲੀ ਦਾ ਵਿਸ਼ੇਸ਼ ਮੌਕਾ ਦਿੱਤਾ ਜਾਵੇ, ਆਪਸੀ ਬਦਲੀ ਲਈ ਸਟੇਅ ਦੀ ਸ਼ਰਤ ਖਤਮ ਕਰਨਾ, 8886 ਰੈਗੂਲਰ ਹੋਏ ਅਧਿਆਪਕਾਂ ਨੂੰ ਸੀ ਐਸ ਆਰ ਰੂਲਜ਼ ਅਨੁਸਾਰ ਠੇਕਾ ਸੇਵਾ ਨੂੰ ਗਿਣਦਿਆਂ ਬਣਦੀਆਂ ਅਚਨਚੇਤ ਛੁੱਟੀਆਂ ਦਾ ਲਾਭ ਦੇਣਾ, ਸਕੂਲ ਮੈਨੇਜਮੈਂਟ ਕਮੇਟੀਆਂ ਦੇ ਗਠਨ ਵਿੱਚ ਸਿਆਸੀ ਦਖਲਅੰਦਾਜ਼ੀ ਬੰਦ ਕਰਨਾ, ਕੇਂਦਰੀ ਸਕੇਲ ਲਾਗੂ ਕਰਕੇ ਤਨਖਾਹ ਘੱਟ ਕਰਨ ਦਾ ਫੈਸਲਾ ਵਾਪਸ ਲੈਣਾ, 2011 ਵਿੱਚ ਲਾਗੂ ਕੀਤੀ ਉਚੇਰੀ ਗ੍ਰੇਡ ਪੇ ਬਹਾਲ ਕਰਨਾ, ਜਨਵਰੀ 2016 ਤੋਂ ਲਾਗੂ ਹੋਣ ਵਾਲੀ ਤਨਖਾਹ ਕਮਿਸ਼ਨ ਦੀ ਪੂਰੀ ਰਿਪੋਰਟ ਸਮੇਤ ਏਸੀਪੀ ਜਾਰੀ ਕੀਤੀ ਜਾਵੇ। ਆਉਣ ਵਾਲੇ ਦਿਨਾਂ 'ਚ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਵੱਲੋਂ ਸਰਕਾਰ ਨਾਲ ਆਰ ਪਾਰ ਦੀ ਲੜਾਈ ਲੜੀ ਜਾਵੇਗੀ।ਲੰਮੇ ਸਮੇਂ ਤੋਂ ਲਟਕਦੇ ਅਧਿਆਪਕਾਂ ਦੇ ਮੰਗਾਂ ਮਸਲਿਆਂ ਨੂੰ ਹੱਲ ਕਰਵਾਉਣ ਲਈ ਸੰਘਰਸ਼ ਕਰਕੇ ਦਬਾਅ ਬਣਾਇਆ ਜਾਵੇਗਾ।


# ਕਲਾਸੀਫਾਈਡ ਇਸ਼ਤਿਹਾਰ

## ਨਾਂਅ ਦੀ ਬਦਲੀ

ਮੈਂ, ਗਗਨਦੀਪ ਪੁੱਤਰੀ ਜਗਤਾਰ ਸਿੰਘ ਵਾਸੀ ਪਿੰਡ ਨੰਗਲਾਂ, ਡਾਕਖਾਨਾ ਰੋੜ ਮਜਾਰਾ, ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਨੇ ਆਪਣਾ ਨਾਂਅ ਬਦਲ ਕੇ ਗਗਨਦੀਪ ਤੋਂ ਗਗਨਦੀਪ ਕੌਰ ਰੱਖ ਲਿਆ ਹੈ। ਸੰਬੰਧਿਤ ਨੋਟ ਕਰਨ।

ਮੈਂ, ਪਰਵੀਨ ਕੁਮਾਰ ਵਰਮਾ ਪੁੱਤਰ ਦੇਵ ਰਾਜ, ਵਾਸੀ ਵਾਰਡ ਨੰਬਰ 2, ਜਨਤਾ ਨਗਰ ਧੂਰੀ (ਸੰਗਰੂਰ) ਨੇ ਆਪਣਾ ਨਾਮ ਬਦਲ ਕੇ ਪਰਵੀਨ ਕੁਮਾਰ ਰੱਖ ਲਿਆ ਹੈ।

## Change of Name

I Ajay Kumar Alias Lal Chand S/O Parkash Chand R/O Hno BXI 238/162,Mohalla Kot Ram Dass,Po Chogitti, Jalandhar,Punjab I Have Changed My Name Ajay Kumar Alias To Ajay Kumar

I, Varinder Erry S/o Joginder Pal R/o H.No.2600, Mohalla Choudharian, Kartarpur, Distt. Jalandhar, Punjab have changed my name from Varinder Erry to Verinder Erry. All Please Note.

I, Gurwinder Singh S/o Chainchal Singh R/o Vill. Madhopur, Po. Jallowal Madhopur, Distt.Kapurthala have changed my name from Gurwinder Singh to Singh Gurwinder. (Surname as Singh) All Please Note.

I, Sulakhan Singh Hundal S/o Tarsem Singh R/o Vill. Hardo Pharala, Po. Raipur, Distt. Jalandhar, Punjab have changed my name from Sulakhan Singh Hundal to Sulakhan Singh. All Please Note.

I, Sweena W/o Suman Khanna R/o H.No. 1500 A, Mohalla Sunder Nagar, Nakodar, Distt. Jalandhar, Punjab have changed my name from Sweena to Sweena Khanna. All Please Note.

I Bhajan Kaur W/o Pala Ram,R/o 179, Vill. Kapoor Pind, Jalandhar, Punjab have changed my name from Bhajan Kaur to Bhajan Kaur Bhajano. All concerned may note.

I, Balihar singh S/O Darshan singh R/O V.P.O Bilga, Distt Jalandhar Punjab, 144036 India have changed my name from Balhar singh to Balihar singh. All concern may note.

## Change of Name

I, Balvir kaur W/O Balihar singh R/O V.P.O Bilga, Distt Jalandhar Punjab, 144036 India have changed my name from Balbir kaur to Balvir kaur. All concern may note.

I, Surjit Singh W/o Gian Singh R/o Vill. Chaharke, Po. Loharan, Distt. Jalandhar have changed my name from Surjit Singh to Surjit Kaur. All Please Note.

I, Baljinder Singh s/o Ranjit Singh r/o H.No. 2, New Enclave, Nagra Road, Maqsudan, Jalandhar declare that Baljinder is my Given Name and Singh is my Surname. All concerned note.

I, Karanpreet Singh S/o Jasvir Singh R/o VPO. Jhawan, Teh. Tanda, Distt. Hoshiarpur, Punjab-144212 have changed my name and shall Hereafter be known as Singh Karanpreet.

## ਆਮ ਸੂਚਨਾ

ਮੈਂ, ਰਮਨ ਕੌਸ਼ਿਕ ਪੁੱਤਰ ਮੁਰਾਰੀ ਲਾਲ ਵਾਸੀ ਮਕਾਨ ਨੰ. ਬੀ-9/640/5, ਸੰਤੋਖਪੁਰਾ ਹੁਸ਼ਿਆਰਪੁਰ ਰੋਡ, ਜਲੰਧਰ ਬਿਆਨ ਕਰਦਾ ਹਾਂ ਕਿ ਮੈਂ ਆਪਣੇ ਲੜਕੇ ਵਿਨੈ ਕੌਸ਼ਿਕ ਅਤੇ ਉਸਦੀ ਪਤਨੀ ਪ੍ਰੀਤੀ ਨੂੰ ਮੇਰੇ ਕਹਿਣੇ ਵਿੱਚ ਨਾ ਹੋਣ ਕਰਕੇ ਬੇਦਖਲ ਕੀਤਾ ਸੀ। ਹੁਣ ਮੇਰਾ ਲੜਕਾ ਵਿਨੈ ਕੌਸ਼ਿਕ ਅਤੇ ਉਸਦੀ ਪਤਨੀ ਪ੍ਰੀਤੀ ਮੇਰੇ ਕਹਿਣੇ ਵਿੱਚ ਹਨ। ਮੈਂ ਇਹਨਾਂ ਦੀ ਬੇਦਖਲੀ ਵਾਪਿਸ ਲੈਂਦਾ ਹਾਂ। ਹੁਣ ਇਹ ਮੇਰੀ ਚੱਲ-ਅਚੱਲ ਜਾਇਦਾਦ ਦੇ ਵਾਰਿਸ ਹੋਣਗੇ। ਸੰਬੰਧਿਤ ਨੋਟ ਕਰਨ।

ਮੈਂ ਪ੍ਰੇਮ ਲਤਾ ਪਤਨੀ ਲੇਟ ਸੁਰਿੰਦਰ ਪਾਲ ਵਾਸੀ 656 ਆਰ, ਮਾਡਲ ਟਾਊਨ, ਜਲੰਧਰ ਇਹ ਬਿਆਨ ਕਰਦੀ ਹਾਂ ਕਿ ਮੈ ਆਪਣੇ ਲੜਕੇ ਜਸਵਿੰਦਰ ਕੰਡਾ ਨੂੰ ਹੁਣ ਆਪਣੇ ਕਹਿਣੇਕਾਰ ਹੋਣ ਕਰਕੇ ਉਸ ਸੰਬੰਧੀ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲੀ ਸੰਬੰਧੀ ਦਿੱਤਾ ਪਬਲਿਕ ਨੋਟਿਸ (ਮਿਤੀ 09/01/2020) ਨੂੰ ਵਾਪਸ ਲੈਂਦੀ ਹਾਂ। ਹੁਣ ਮੇਰਾ ਲੜਕਾ ਮੇਰੀ ਚੱਲ-ਅਚੱਲ ਜਾਇਦਾਦ ਵਿਚ ਪੂਰਾ ਹੱਕਦਾਰ ਹੈ । ਸੰਬੰਧਤ ਨੋਟ ਕਰਨ।

ਮੈਂ ਅਜੀਤ ਸਿੰਘ ਪੁੱਤਰ ਗਿਆਨ ਸਿੰਘ ਵਾਸੀ ਜੰਡਿਆਲਾ ਗੁਰੂ ਤਹਿਸੀਲ ਤੇ ਜਿਲਾ ਅੰਮ੍ਰਿਤਸਰ ਦਾ ਰਹਿਣ ਵਾਲਾ ਹਾਂ ਮੇਰਾ ਸਹੀ ਨਾਮ ਅਜੀਤ ਸਿੰਘ ਹੈ ਮੇਰੇ ਕੁਝ ਕੁ ਪਰੂਫਾ ਵਿਚ ਮੇਰਾ ਨਾਮ ਸੁਰਜੀਤ ਸਿੰਘ ਚਲਦਾ ਆ ਰਿਹਾ ਹੈ ਜੋ ਗਲਤ ਹੈ ਸੰਬੰਧਿਤ ਨੋਟ ਕਰਨ।

## ਬੇਦਖਲੀ ਨੋਟਿਸ

ਅਸੀਂ ਪ੍ਰੀਤਮ ਸਿੰਘ ਪੁੱਤਰ ਰਣਧੀਰ ਸਿੰਘ ਅਤੇ ਦਰਸ਼ਨਾਂ ਦੇਵੀ ਪਤਨੀ ਪ੍ਰੀਤਮ ਸਿੰਘ, ਵਾਸੀ ਚੱਕ ਭਾਈਆਂ, ਡਾਕਖਾਣਾ ਭੰਗਾਲਾ, ਜ਼ਿਲਾ ਹੁਸ਼ਿਆਰਪੁਰ ਇਹ ਬਿਆਨ ਕਰਦੇ ਹਾਂ ਕਿ ਸਾਡਾ ਪੋਤਾ ਕ੍ਰਿਸ਼ਨ ਠਾਕੁਰ ਅਤੇ ਉਸਦੀ ਪਤਨੀ ਪ੍ਰਿਆ ਦੇਵੀ ਸਾਡੇ ਕਹਿਣੇ ਤੋਂ ਬਾਹਰ ਹਨ।ਇਸ ਲਈ ਅਸੀਂ ਉਹਨਾਂ ਨੂੰ ਆਪਣੀ ਚੱਲ ਅਚਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ ।ਉਹਨਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਪਰਮਿੰਦਰ ਸਿੰਘ ਪੁੱਤਰ ਮੱਖਣ ਸਿੰਘ ਵਾਸੀ ਹੈਰੇ ਖੇਰੇ ਪੱਤੀ, ਪਿੰਡ ਹਿੰਮਤਪੁਰਾ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਕਿਰਨਜੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹੈ, ਮੇਰੀ ਕੋਈ ਗੱਲ ਨਹੀਂ ਮੰਨਦੀ ਅਤੇ ਆਪਣੀ ਮਨਮਰਜ਼ੀ ਕਰਦੀ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

## ਆਮ ਸੂਚਨਾ

ਮੈਂ ਗੁਰਮੇਜ ਸਿੰਘ ਪੁੱਤਰ ਸੁਲੱਖਣ ਸਿੰਘ, ਵਾਸੀ ਪਿੰਡ ਕੋਟਲੀ ਅੰਬ, ਤਹਿਸੀਲ ਅਜਨਾਲਾ, ਜਿਲ੍ਹਾ ਅੰਮ੍ਰਿਤਸਰ, ਪੰਜਾਬ ਹਲਫੀਆ ਬਿਆਨ ਕਰਦਾ ਹਾਂ ਕਿ ਹਰਦੇਵ ਸਿੰਘ ਪੁੱਤਰ ਸੁਲੱਖਣ ਸਿੰਘ, ਵਾਸੀ ਪਿੰਡ ਕੋਟਲੀ ਅੰਬ, ਤਹਿਸੀਲ ਅਜਨਾਲਾ ਮੇਰਾ ਸਕਾ ਭਰਾ ਹੈ। ਜੋ ਕਿ ਮਾੜੀ ਸੰਗਤ ਵਿੱਚ ਉਠਦਾ ਬੈਠਦਾ ਹੈ ਅਤੇ ਨਸ਼ੇ ਕਰਦਾ ਹੈ। ਨਸ਼ੇ ਦੀ ਪੂਰਤੀ ਲਈ ਚੰਗੇ ਮਾੜੇ ਕੰਮ ਕਰਦਾ ਹੈ ਅਤੇ ਘਰ ਵਿੱਚ ਅਤੇ ਬਾਹਰ ਲੋਕਾਂ ਨਾਲ ਲੜਾਈ ਝਗੜੇ ਕਰਦਾ ਹੈ। ਮੈਂ ਆਪਣੇ ਵੱਖਰੇ ਪਰਿਵਾਰ ਵਿੱਚ ਰਹਿੰਦਾ ਹਾਂ। ਮੇਰਾ ਇਸਦੇ ਨਾਲ ਕੋਈ ਵੀ ਤੱਲਕ ਵਾਸਤਾ ਨਹੀ ਹੈ। ਮੈਂ ਇਸ ਨਾਲੋਂ ਆਪਣੇ ਸਾਰੇ ਰਿਸ਼ਤੇ ਖਤਮ ਕਰਦਾ ਹਾਂ ਅਤੇ ਬਿਆਨ ਕਰਦਾ ਹਾਂ ਕਿ ਮੇਰਾ ਭਰਾ ਹਰਦੇਵ ਸਿੰਘ ਆਪਣੇ ਚੰਗੇ-ਮਾੜਾ ਕੰਮਾਂ ਦਾ ਖੁੱਦ ਜੁੰਮੇਵਾਰ ਹੋਵੇਗਾ।ਜੋ ਕੋਈ ਵੀ ਵਿਅਕਤੀ, ਰਿਸ਼ਤੇਦਾਰ ਇਸਦੇ ਨਾਲ ਲੈਣ-ਦੇਣ ਕਰੇਗਾ ਜਾਂ ਕੋਈ ਸਬੰਧ ਰੱਖੇਗਾ ਉਹ ਖੁੱਦ ਜੁੰਮੇਵਾਰ ਹੋਵੇਗਾ। ਮੈਂ ਜਾਂ ਮੇਰਾ ਪਰਿਵਾਰ ਜਾਂ ਮੇਰੀ ਮਾਤਾ ਇਸਦੇ ਜੁੰਮੇਵਾਰ ਨਹੀ ਹੋਵਾਂਗੇ।

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।



## COURT NOTICE

(U/o 5 Rule 20 CPC)
In The Court of
**Dr. Deepti Gupta**
Additional District and Sessions Judge-VII, Jalandhar
CM/359/2023
CNR No. PBJL01-008948-2023
Next Date : 09-09-2025
Gurjit Singh Kahlon
Vs.
Gurbhej Singh & others
Publication Issued To:
Gurbhej Singh S/o Jagir Singh, R/o Village Hussainpur, Tehsil Haryana Bhunga, Hoshiarpur.

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 09-09-2025 at 10.00 a.m.

For details logon to https://highcourtchd.gov.in/?mod=district_notice&district=Jalandhar

Addi. District and Sessions Judge-VII, Jalandhar
Dated, this day of 21-08-2025


# 22 ਬੋਤਲਾਂ ਨਜਾਇਜ਼ ਸ਼ਰਾਬ ਬਰਾਮਦ, ਪਰਚਾ ਦਰਜ

**ਜਲਾਲਾਬਾਦ, (ਜੀਤ ਕੁਮਾਰ)** ਥਾਣਾ ਵੈਰੋਕੇ ਦੀ ਪੁਲਸ ਵੱਲੋਂ 22 ਬੋਤਲਾਂ ਨਜਾਇਜ ਸ਼ਰਾਬ ਬਰਾਮਦ ਹੋਣ 'ਤੇ ਇਕ ਵਿਅਕਤੀ ਵਿਰੁੱਧ ਪਰਚਾ ਦਰਜ ਕੀਤਾ ਗਿਆ ਹੈ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਸਵਾਰ ਸਿੰਘ ਨੇ ਦੱਸਿਆ ਕਿ ਉਹ ਪੁਲਸ ਪਾਰਟੀ ਸਮੇਤ ਗਸ਼ਤ ਦੌਰਾਨ ਪਿੰਡ ਕਾਠਗੜ੍ਹ ਵਿਖੇ ਸੇਮਨਾਲਾ ਦੇ ਕੋਲ ਪੁੱਜੇ ਤਾਂ ਮੁਖਬਰ ਖਾਸ ਨੇ ਪੁਲਸ ਪਾਰਟੀ ਦੀ ਗੱਡੀ ਰੁਕਵਾ ਕੇ ਇਤਲਾਹ ਦਿੱਤੀ ਕਿ ਅਮਰਜੀਤ ਸਿੰਘ ਪੁੱਤਰ ਚਿਮਨ ਸਿੰਘ ਵਾਸੀ ਪਾਲੀਵਾਲਾ ਨਜਾਇਜ਼ ਸ਼ਰਾਬ ਕੱਢਣ ਅਤੇ ਵੇਚਣ ਦਾ ਆਦੀ ਹੈ, ਜਿਸ 'ਤੇ ਪੁਲਸ ਪਾਰਟੀ ਨੇ ਕਾਰਵਾਈ ਕਰਦੇ ਹੋਏ 22 ਬੋਤਲਾਂ ਨਜਾਇਜ਼ ਸ਼ਰਾਬ ਬਰਾਮਦ ਕੀਤੀ ਗਈ ਪਰ ਅਮਰਜੀਤ ਸਿੰਘ ਮੌਕੇ ਤੋਂ ਫਰਾਰ ਹੋ ਗਿਆ। ਥਾਣਾ ਵੈਰੋਕੇ ਦੀ ਪੁਲਸ ਵੱਲੋਂ ਅਮਰਜੀਤ ਸਿੰਘ ਦੇ ਵਿਰੁੱਧ ਧਾਰਾ 61/1/14 ਐਕਸਾਈਜ ਐਕਟ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ।


## CREDIFIN LIMITED

(FORMERLY KNOWN AS PHF LEASING LIMITED)
CIN: L65110PB1992PLC012488
Regd. Off: 87, Radio Colony, BMC Chowk, Jalandhar-144001, PB
E-Mail id:compliance@credif.in Website : www.credif.in, Ph : +91 91151-00401

### ਸਾਲਾਨਾ ਜਨਰਲ ਮੀਟਿੰਗ ਦਾ ਨੋਟਿਸ

ਕੰਪਨੀਜ਼ ਐਕਟ, 2013 ਦੀਆਂ ਲਾਗੂ ਵਿਵਸਥਾਵਾਂ ਅਤੇ ਇਸ ਤਹਿਤ ਬਣੇ ਨਿਯਮਾਂ ਅਤੇ ਸਕਿਉਰਟੀਜ਼ ਐਂਡ ਐਕਸਚੇਂਜ਼ ਬੋਰਡ ਆਫ ਇੰਡੀਆ (ਲਿਸਟਿੰਗ ਆਬਲੀਗੇਸ਼ਨਜ਼ ਐਂਡ ਡਿਸਕਲੋਜ਼ਰ ਰਿਕੁਆਇਰਮੈਂਟਸ) ਰੈਗੂਲੇਸ਼ਨਜ਼, 2015, ਕਾਰਪੋਰੇਟ ਮਾਮਲਿਆਂ ਬਾਰੇ ਮੰਤਰਾਲੇ (ਐੱਮ ਸੀ ਏ) ਅਤੇ ਸਕਿਉਰਟੀਜ਼ ਐਂਡ ਐਕਸਚੇਂਜ ਬਿਊਰੋ ਆਫ ਇੰਡੀਆ (ਸੇਬੀ) ਵੱਲੋਂ ਏ ਜੀ ਐੱਮ ਸੱਦਣ ਲਈ ਨੋਟਿਸ 'ਚ ਉਲੇਖ ਕੀਤੇ ਅੱਟਲ ਵਿਸ਼ੇਸ਼ ਕਾਰੋਬਾਰ ਅਤੇ ਆਮ ਕਾਰੋਬਾਰ ਦੇ ਮਾਮਲੇ 'ਚ ਜਾਰੀ ਲਾਗੂ ਸਰਕੂਲਰਾਂ ਦੀ ਪਾਲਣਾ 'ਚ ਨੋਟਿਸ ਦਿੱਤਾ ਜਾਂਦਾ ਹੈ ਕਿ ਕਰੈਡੀਫਿਨ ਲਿਮਟਿਡ ਦੀ 33ਵੀਂ ਸਾਲਾਨਾ ਜਨਰਲ ਮੀਟਿੰਗ ਸ਼ੁੱਕਰਵਾਰ, 19 ਸਤੰਬਰ 2025 ਨੂੰ ਸਵੇਰੇ 11.30 ਵਜੇ ਆਈ ਐੱਸ ਟੀ ਨੂੰ ਵੀਡੀਓ ਕਾਨਫਰੈਂਸਿੰਗ (ਵੀ ਸੀ)/ਆਡੀਓ-ਵਿਜ਼ੂਅਲ ਮੀਨਜ਼ (ਓ ਏ ਵੀ ਐੱਮ) ਰਾਹੀਂ ਹੋਵੇਗੀ। ਏ ਜੀ ਐੱਮ ਦਾ ਨੋਟਿਸ ਸਮੇਤ ਵਿੱਤੀ ਵਰ੍ਹੇ 2024-2025 ਦੀ ਸਾਲਾਨਾ ਰਿਪੋਰਟ, ਉਹਨਾਂ ਸਾਰੇ ਮੈਂਬਰਾਂ ਨੂੰ ਜਿਨ੍ਹਾਂ ਦੇ ਈ ਮੇਲ ਪਤੇ ਕੰਪਨੀ ਜਾਂ ਰਜਿਸਟਰਾਰ ਐਂਡ ਸ਼ੇਅਰ ਟਰਾਂਸਫਰ ਏਜੰਟ (ਆਰ ਟੀ ਏ) ਕੋਲ ਰਜਿਸਟਰਡ ਹੋਣਗੇ, ਇਲੈਕਟ੍ਰਾਨੀਕਲੀ ਭੇਜੇ ਜਾਣਗੇ। ਏ ਜੀ ਐੱਮ ਦਾ ਨੋਟਿਸ ਅਤੇ ਸਾਲਾਨਾ ਰਿਪੋਰਟ ਕੰਪਨੀ ਦੀ ਵੈੱਬਸਾਈਟ **www.credif.in** ਅਤੇ ਸਟਾਕ ਐਕਸਚੇਂਜ ਦੀ ਵੈੱਬਸਾਈਟ MSEI Limited at www.msei.in 'ਤੇ ਵੀ ਉਪਲੱਬਧ ਹੋਣਗੇ।

**ਈ-ਵੋਟਿੰਗ ਰਾਹੀਂ ਵੋਟ ਪਾਉਣ ਵਾਸਤੇ ਈ-ਮੇਲ ਪਤੇ ਰਜਿਸਟਰ/ਅਪਡੇਟ ਕਰਨ ਦਾ ਢੰਗ**

(i) ਡੀਮਟਰੇਲਾਈਜ਼ਡ ਮੋਡ 'ਚ ਸ਼ੇਅਰ ਰੱਖਣ ਵਾਲੇ ਮੈਂਬਰਾਂ ਨੂੰ ਆਪਣੇ ਈਮੇਲ ਪਤੇ ਅਤੇ ਸੰਬੰਧਤ ਡਿਪਾਜ਼ਟਰੀਜ਼ ਕੋਲ ਆਪਣੇ ਡਿਪਾਜ਼ਟਰੀ ਪਾਰਟੀਸਿਪੈਂਟਸ ਰਾਹੀਂ ਰਜਿਸਟਰ ਕਰਵਾਉਣ ਦੀ ਬੇਨਤੀ ਕੀਤੀ ਜਾਂਦੀ ਹੈ। ਬੇਸ਼ੱਕ, ਇਸ ਨੋਟਿਸ ਦੀ ਪ੍ਰਾਪਤੀ ਦੇ ਮੰਤਵ ਲਈ ਆਰਜ਼ੀ ਰਜਿਸਟਰੇਸ਼ਨ ਵਾਸਤੇ ਸ਼ੇਅਰ ਹੋਲਡਰ ਆਪਣੇ ਈਮੇਲ ਪਤੇ ਕੁਮਾਰੀ ਸ਼ਿਖਾ ਕਪੂਰ, ਕੰਪਨੀ ਦੀ ਕੰਪਨੀ ਸੈਕਟਰੀ ਨੂੰ ਉਸ ਦੀ ਈਮੇਲ ਆਈ ਡੀ **compliance@credif.in** 'ਤੇ ਲਿਖ ਕੇ ਰਜਿਸਟਰ ਕਰਵਾ ਸਕਦੇ ਹਨ।

(ii) ਫਿਜ਼ੀਕਲ ਮੋਡ 'ਚ ਸ਼ੇਅਰ ਰੱਖਣ ਵਾਲੇ ਮੈਂਬਰਾਂ ਨੂੰ ਆਪਣੇ ਈਮੇਲ ਪਤੇ ਕੰਪਨੀ ਕੋਲ ਰਜਿਸਟਰ ਕਰਵਾਉਣ ਲਈ ਕੁਮਾਰੀ ਸ਼ਿਖਾ ਕਪੂਰ, ਕੰਪਨੀ ਸੈਕਟਰੀ ਦੀ ਈਮੇਲ ਆਈ ਡੀ **compliance@credif.in** ਜਾਂ ਰਜਿਸਟਰਾਰ ਐਂਡ ਸ਼ੇਅਰ ਟਰਾਂਸਫਰ ਏਜੰਟ, ਮੈਸ: ਸਕਾਈਲਾਈਨ ਫਾਇਨੈਂਸ਼ੀਅਲ ਸਰਵਿਸਿਜ ਪ੍ਰਾਈਵੇਟ ਲਿਮ: ਦੀ ਈਮੇਲ ਆਈ ਡੀ **admin@skylinerta.com** 'ਤੇ ਤੁਹਾਡਾ ਫੋਲੀਓ ਨੰ:, ਪੈਨ, ਮੋਬਾਈਲ ਨੰ:, ਈ ਮੇਲ ਆਈ ਡੀ ਸਮੇਤ ਖੁਦ ਤਸਦੀਕਸ਼ੁਦਾ ਤੁਹਾਡੇ ਪੈਨ ਕਾਰਡ/ਆਧਾਰ ਕਾਰਡ ਅਤੇ ਸ਼ੇਅਰ ਸਰਟੀਫਿਕੇਟ (ਸਾਹਮਣੇ ਤੋਂ ਅਤੇ ਪਿੱਛੇ ਤੋਂ) ਦੀ ਕਾਪੀ ਦੇ ਨਾਲ ਲਿਖ ਕੇ ਭੇਜਣ ਦੀ ਬੇਨਤੀ ਕੀਤੀ ਜਾਂਦੀ ਹੈ।

**ਈ-ਵੋਟਿੰਗ ਰਾਹੀਂ ਵੋਟ ਪਾਉਣ ਦਾ ਢੰਗ**

ਏ ਜੀ ਐੱਮ ਦੌਰਾਨ ਈ ਵੋਟਿੰਗ ਅਤੇ ਵੀ ਸੀ/ਓ ਏ ਵੀ ਐੱਮ ਰਾਹੀਂ ਏ ਜੀ ਐੱਮ 'ਚ ਹਿੱਸਾ ਲੈਣ ਵਾਸਤੇ ਕੰਪਨੀ ਨੇ ਰਿਮੋਟ ਈ-ਵੋਟਿੰਗ ਰਾਹੀਂ ਵੋਟਿੰਗ ਦੀ ਸਹੂਲਤ ਲਈ ਨੈਸ਼ਨਲ ਸਕਿਉਰਟੀਜ਼ ਡਿਪਾਜ਼ਟਰੀ ਲਿਮ: ਦੀਆਂ ਸੇਵਾਵਾਂ ਹਾਸਲ ਕੀਤੀਆਂ ਹਨ। ਵੋਟਿੰਗ ਦਾ ਢੰਗ ਸਮੇਤ ਡੀਮਟੀਰੇਲਾਈਜਡ ਮੋਡ 'ਚ ਫਿਜ਼ੀਕਲ ਮੋਡ 'ਚ ਸ਼ੇਅਰ ਰੱਖਣ ਵਾਲੇ ਮੈਂਬਰਾਂ ਅਤੇ ਜਿਨ੍ਹਾਂ ਮੈਂਬਰਾਂ ਨੇ ਆਪਣੇ ਈਮੇਲ ਪਤੇ ਰਜਿਸਟਰਡ ਨਹੀਂ ਕਰਵਾਏ ਹਨ, ਏ ਜੀ ਐੱਮ ਨੋਟਿਸ 'ਚ ਮੁਹੱਈਆ ਕਰਵਾਇਆ ਗਿਆ ਹੈ। ਏ ਜੀ ਐੱਮ 'ਚ ਸ਼ਾਮਲ ਮੈਂਬਰ ਜਿਨ੍ਹਾਂ ਨੇ ਰਿਮੋਟ ਈ-ਵੋਟਿੰਗ ਰਾਹੀਂ ਨਹੀਂ ਪਾਈ ਹੋਵੇਗੀ, ਏ ਜੀ ਐੱਮ ਵਿਖੇ ਇਲੈਕਟ੍ਰੋਨੀਕਲੀ ਵੋਟ ਪਾ ਸਕਣਗੇ।

**ਵੀ ਸੀ/ਓ ਏ ਵੀ ਐੱਮ ਰਾਹੀਂ ਏ ਜੀ ਐੱਮ 'ਚ ਸ਼ਾਮਲ ਹੋਣਾ**

ਲਾਗਇਨ ਪ੍ਰਮਾਣ ਪੱਤਰ ਦੀ ਵਰਤੋਂ ਅਤੇ ਏ ਜੀ ਐੱਮ 'ਚ ਹਾਜ਼ਰ ਹੋਣ ਸੰਬੰਧੀ ਉਠਾਏ ਜਾਣ ਵਾਲੇ ਕਦਮਾਂ ਸੰਬੰਧੀ ਵੇਰਵੇ ਏ ਜੀ ਐੱਮ ਦੇ ਨੋਟਿਸ 'ਚ ਦੱਸੇ ਗਏ ਹਨ। ਵੀ ਸੀ ਜਾਂ ਓ ਏ ਵੀ ਐੱਮ ਰਾਹੀਂ ਮੀਟਿੰਗ 'ਚ ਹਾਜ਼ਰ ਹੋਣ ਸੰਬੰਧੀ ਵਿਸਥਾਰਤ ਹਦਾਇਤਾਂ ਲਈ ਮੈਂਬਰਾਂ ਨੂੰ ਏ ਜੀ ਐੱਮ ਦੇ ਨੋਟਿਸ ਦਾ ਹਵਾਲਾ ਲੈਣ ਦੀ ਬੇਨਤੀ ਕੀਤੀ ਜਾਂਦੀ ਹੈ।

ਵਾਸਤੇ ਕਰੈਡੀਫਿਨ ਲਿਮਟਿਡ
ਸਹੀ/-
ਸ਼ਿਖਾ ਕਪੂਰ
ਕੰਪਨੀ ਸੈਕਟਰੀ, ਐੱਮ ਨੰ: ਏ-19146

ਸਥਾਨ : ਜਲੰਧਰ
ਮਿਤੀ : 25 ਅਗਸਤ 2025

# ਸ੍ਰੀ ਅਨੰਦਪੁਰ ਸਾਹਿਬ ਵਿਖੇ 25 ਕਰੋੜ ਰੁ. ਦੀ ਲਾਗਤ ਨਾਲ ਬਣੇਗੀ ਹੈਰੀਟੇਜ ਸਟਰੀਟ : ਬੈਂਸ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਸ਼ਬਦ ਗੁਰੂ, ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਦੀਆਂ ਸਮੁੱਚੀਆਂ ਸੰਗਤਾਂ ਨੂੰ ਵਧਾਈਆਂ ਦਿੰਦਿਆਂ ਦੱਸਿਆ ਕਿ ਖਾਲਸੇ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ ਵਿਖੇ 25 ਕਰੋੜ ਰੁਪਏ ਦੀ ਲਾਗਤ ਨਾਲ ਹੈਰੀਟੇਜ ਸਟਰੀਟ ਬਣਾਈ ਜਾਵੇਗੀ, ਜਿਸ ਦੇ ਪਹਿਲੇ ਫ਼ੇਜ਼ ਦੀ ਸ਼ੁਰੂਆਤ ਪੰਜਾਬ ਦੇ ਮੁੱਖ ਮੰਤਰੀ ਸ.ਭਗਵੰਤ ਸਿੰਘ ਮਾਨ ਜਲਦ ਕਰਨਗੇ। ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ 25 ਕਰੋੜ ਰੁਪਏ ਦੀ ਲਾਗਤ ਨਾਲ ਸ਼ੁਰੂ ਹੋਣ ਜਾ ਰਹੇ ਇਸ ਪ੍ਰੋਜੈਕਟ ਤਹਿਤ ਮੁੱਖ ਮਾਰਗ ਤੋਂ ਤਖ਼ਤ ਸ੍ਰੀ ਕੇਸਗੜ ਸਾਹਿਬ ਤੱਕ ਜਾਂਦੇ ਰਸਤੇ ਦੀ ਸੰਗਮਰਮਰ ਨਾਲ ਸੁੰਦਰ ਦਿੱਖ ਬਣਾਈ ਜਾਵੇਗੀ ਅਤੇ ਸੁੰਦਰ ਲਾਈਟਾਂ ਨਾਲ ਇਹ ਰਸਤਾ ਰੁਸ਼ਨਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਗੁਰੂ ਘਰ ਦੇ ਆਲੇ ਦੁਆਲੇ ਦੀ ਖੂਬਸੂਰਤੀ ਵਧਾਉਣ ਲਈ ਸੁੰਦਰਤਾ ਅਤੇ ਬੁਨਿਆਦੀ ਢਾਂਚੇ ਦੇ ਸੁਧਾਰ ਲਈ ਹੋਰ ਕੰਮ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਹੈਰੀਟੇਜ ਸਟਰੀਟ ਵਾਲੇ ਖੇਤਰ ਨੂੰ ਆਵਾਜਾਈ ਮੁਕਤ ਬਣਾਇਆ ਜਾਵੇਗਾ ਤਾਂ ਜੋ ਸੰਗਤਾਂ ਬਿਨਾਂ ਕਿਸੇ ਜਾਮ ਤੋਂ ਪੈਦਲ ਤਖਤ ਸਾਹਿਬ ਵਿਖੇ ਜਾ ਸਕਣ। ਉਨ੍ਹਾਂ ਦੱਸਿਆ ਕਿ ਸ੍ਰੀ ਅਨੰਦਪੁਰ ਸਾਹਿਬ ਦੇ ਵੱਖ ਵੱਖ ਬਜ਼ਾਰਾਂ ਵਿੱਚ ਯੂਨੀਫੋਮ ਬੋਰਡ ਲਗਾ ਕੇ ਸੁੰਦਰੀਕਰਨ ਕੀਤਾ ਜਾਵੇਗਾ ਅਤੇ ਨਵੀਂ ਦਿੱਖ ਪ੍ਰਦਾਨ ਕੀਤੀ ਜਾਵੇਗੀ, ਜਿਸ ਨਾਲ ਸੈਰ ਸਪਾਟਾ ਵੀ ਪ੍ਰਫੁੱਲਿਤ ਹੋਵੇਗਾ। ਉਨ੍ਹਾਂ ਨੇ ਦੱਸਿਆ ਕਿ ਇਸ ਪ੍ਰੋਜੈਕਟ ਦਾ ਟੈਂਡਰ ਲੱਗ ਚੁੱਕਾ ਹੈ। ਇਸ ਵਿਕਾਸ ਯੋਜਨਾ ਨਾਲ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਆਲੇ ਦੁਆਲੇ ਦੀ ਸੁੰਦਰਤਾ ਵਿੱਚ ਹੋਰ ਵਾਧਾ ਹੋਵੇਗਾ ਅਤੇ ਸ਼ਰਧਾਲੂਆਂ ਨੂੰ ਇੱਕ ਸੁਵਿਧਾਜਨਕ ਅਤੇ ਅਨੁਕੂਲ ਮਾਹੌਲ ਵੀ ਪ੍ਰਦਾਨ ਹੋਵੇਗਾ।



# ਐਸ ਬੀ ਐਸ ਨਗਰ ਕਤਲ ਕਾਂਡ: ਲੱਕੀ ਪਟਿਆਲ-ਦਵਿੰਦਰ ਬੰਬੀਹਾ ਗੈਂਗ ਦੇ ਦੋ ਸ਼ੂਟਰ ਮੁੰਬਈ ਤੋਂ ਗ੍ਰਿਫ਼ਤਾਰ

**ਨਵਾਂਸ਼ਹਿਰ (ਮਨੋਜ ਲਾਡੀ, ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ 'ਤੇ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਦੇ ਮੱਦੇਨਜ਼ਰ ਚੱਲ ਰਹੀ ਮੁਹਿੰਮ ਤਹਿਤ ਸੰਗਠਤ ਅਪਰਾਧ ਵਿਰੁੱਧ ਵੱਡੀ ਸਫਲਤਾ ਦਰਜ ਕਰਦਿਆਂ ਕਾਊਂਟਰ ਇੰਟੈਲੀਜੈਂਸ ਜਲੰਧਰ ਨੇ ਐਸ ਬੀ ਐਸ ਨਗਰ ਨਾਲ ਇੱਕ ਸਾਂਝੇ ਆਪ੍ਰੇਸ਼ਨ ਵਿੱਚ ਲੱਕੀ ਪਟਿਆਲ-ਦਵਿੰਦਰ ਬੰਬੀਹਾ ਗੈਂਗ ਦੇ ਦੋ ਸ਼ੂਟਰਾਂ, ਜੋ ਪਿਛਲੇ ਮਹੀਨੇ ਐਸ ਬੀ ਐਸ ਨਗਰ ਦੇ ਪੋਜੇਵਾਲ ਵਿਖੇ ਹੋਏ ਕਤਲ ਕਾਂਡ ਵਿੱਚ ਸ਼ਾਮਲ ਸਨ, ਨੂੰ ਮੁੰਬਈ ਤੋਂ ਗ੍ਰਿਫ਼ਤਾਰ ਕੀਤਾ ਹੈ। ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲਸ (ਡੀ ਜੀ ਪੀ) ਪੰਜਾਬ ਗੌਰਵ ਯਾਦਵ ਨੇ ਐਤਵਾਰ ਨੂੰ ਇੱਥੇ ਦਿੱਤੀ।ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਕਰਨ ਗੈਂਗਰ (25), ਜੋ ਕਿ ਹੁਸ਼ਿਆਰਪੁਰ ਦੇ ਪਿੰਡ ਰੋੜ ਮਜਾਰਾ ਦਾ ਵਸਨੀਕ ਹੈ ਅਤੇ ਜਸਕਰਨਦੀਪ ਸਿੰਘ ਉਰਫ਼ ਕੱਲੂ (23), ਜੋ ਕਿ ਗੜ੍ਹਸ਼ੰਕਰ ਦੇ ਪਿੰਡ ਰਾਮਗੜ੍ਹ ਝੁੰਗੀਆਂ ਦਾ ਵਸਨੀਕ ਹੈ, ਵਜੋਂ ਹੋਈ ਹੈ।ਜਾਣਕਾਰੀ ਅਨੁਸਾਰ, 2 ਜੁਲਾਈ, 2025 ਨੂੰ ਕੁਝ ਅਣਪਛਾਤੇ ਵਿਅਕਤੀਆਂ ਨੇ ਹਰਦੀਪ ਸਿੰਘ ਉਰਫ਼ ਦੀਪਾ ਕੁਲਪੁਰੀਆ ਦੀ ਐਸ ਬੀ ਐਸ ਨਗਰ ਦੇ ਪੋਜੇਵਾਲ ਵਿਖੇ ਉਸ ਦੇ ਪਿੰਡ ਕੁਲਪੁਰ ਵਿੱਚ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ।ਡੀ ਜੀ ਪੀ ਗੌਰਵ ਯਾਦਵ ਨੇ ਕਿਹਾ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਕਰਨ ਰੋੜਮਜਾਰਾ ਅਤੇ ਜਸਕਰਨਦੀਪ ਕਾਲੂ ਨੇ ਅਮਰੀਕਾ ਸਥਿਤ ਜਸਕਰਨ ਸਿੰਘ ਉਰਫ਼ ਕੰਨੂ ਨਾਲ ਮਿਲ ਕੇ ਹਾਲ ਹੀ ਵਿੱਚ ਆਪਣੀ ਨਿੱਜੀ ਰੰਜਿਸ਼ ਦੇ ਚਲਦਿਆਂ ਐਸ ਬੀ ਐਸ ਨਗਰ ਦੇ ਪੋਜੇਵਾਲ ਵਿੱਚ ਇੱਕ ਵਿਅਕਤੀ ਦਾ ਕਤਲ ਕੀਤਾ ਸੀ। ਉਨ੍ਹਾਂ ਕਿਹਾ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਅਤੇ ਜਸਕਰਨ ਕੰਨੂ ਦਵਿੰਦਰ ਬੰਬੀਹਾ ਗੈਂਗ ਦੇ ਲੱਕੀ ਪਟਿਆਲ ਦੇ ਸਾਥੀ ਹਨ।ਆਪ੍ਰੇਸ਼ਨ ਸੰਬੰਧੀ ਵੇਰਵੇ ਸਾਂਝੇ ਕਰਦੇ ਹੋਏ ਐਸ ਐਸ ਪੀ ਐਸ.ਬੀ.ਐਸ. ਨਗਰ ਮਹਿਤਾਬ ਸਿੰਘ ਨੇ ਕਿਹਾ ਕਿ ਕਤਲ ਤੋਂ ਬਾਅਦ ਪੂਰੇ ਮਾਮਲੇ ਦੀ ਜਾਂਚ ਲਈ ਐਸ.ਪੀ. ਇਨਵੈਸਟੀਗੇਸ਼ਨ ਦੀ ਅਗਵਾਈ ਵਿੱਚ ਇੱਕ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਦਾ ਗਠਨ ਕੀਤਾ ਗਿਆ ਸੀ।



# ਵਰਦੇ ਮੀਂਹ 'ਚ ਜਥੇ: ਕੁਲਦੀਪ ਸਿੰਘ ਗੜਗੱਜ ਵੱਲੋਂ ਹੜ੍ਹ ਪ੍ਰਭਾਵਿਤ ਇਲਾਕੇ ਦਾ ਦੌਰਾ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**- ਹਲਕਾ ਸੁਲਤਾਨਪੁਰ ਲੋਧੀ ਦੇ ਮੰਡ ਖੇਤਰ ਵਿੱਚ ਪਿਛਲੇ ਕਾਫੀ ਦਿਨਾਂ ਤੋਂ ਹੜ ਦੀ ਮਾਰ ਝੱਲ ਰਹੇ ਲੋਕਾਂ ਦਾ ਹਾਲ ਚਾਲ ਪੁੱਛਣ ਪਹੁੰਚੇ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਪੰਜਾਬ ਵਿੱਚ ਜਦੋਂ ਕੋਈ ਆਫਤ ਆਉਂਦੀ ਹੈ ਸਰਕਾਰ ਪਹੁੰਚੇ ਜਾਂ ਨਾ ਪਹੁੰਚੇ ਪਰ ਸਿੱਖ ਸੰਸਥਾਵਾਂ ਜ਼ਰੂਰ ਪਹੁੰਚਦੀਆਂ ਹਨ। ਉਨ੍ਹਾਂ ਕਿਹਾ ਇਸ ਮੁਸ਼ਕਿਲ ਦੀ ਘੜੀ ਵਿੱਚ ਸਾਨੂੰ ਆਪਣੇ ਇਹਨਾਂ ਲੋਕਾਂ ਲਈ ਖੜ੍ਹੇ ਹੋਣਾ ਚਾਹੀਦਾ, ਜਦ ਤੱਕ ਪਾਣੀ ਉਤਰ ਜਾਂਦਾ ਤੇ ਉਸ ਤੋਂ ਬਾਅਦ ਜਿਹੜੀਆਂ ਆਫ਼ਤਾਂ ਆਉਣਗੀਆਂ ਉਸ ਨਾਲ ਨਜਿੱਠਣਾ, ਉਹਨਾਂ ਨੂੰ ਬੀਜ, ਖਾਦਾਂ ਚਾਹੀਦੀਆਂ ਜਾਂ ਹੋਰ ਜਿਹੜੀਆਂ ਚੀਜ਼ਾਂ ਚਾਹੀਦੀਆਂ ਉਹਨਾਂ ਲਈ ਸਿੱਖ ਜੱਥੇਬੰਦੀਆਂ ਉਪਰਾਲੇ ਕਰ ਰਹੇ ਹਨ। ਉਹਨਾਂ ਕਿਹਾ ਕਿ ਸਰਕਾਰ ਨੂੰ ਚਾਹੀਦਾ ਹੈ ਕਿ ਇਸ ਦਾ ਪੱਕਾ ਹੱਲ ਕੀਤਾ ਜਾਵੇ। ਸਰਕਾਰ ਨੂੰ ਕਾਰ ਸੇਵਾ ਵਾਲੇ ਮਹਾਂਪੁਰਸ਼ਾਂ ਤੋਂ ਸੇਧ ਲੈਣੀ ਚਾਹੀਦੀ ਹੈ। ਇਸ ਮੌਕੇ ਉਹਨਾਂ ਦੇ ਨਾਲ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।



# ਛੱਪੜ ਦਾ ਪਾਣੀ ਘਰਾਂ 'ਚ ਦਾਖਲ ਹੋਣ ਨਾਲ ਲੋਕ ਸਹਿਮੇ

**ਸ਼ਾਹਕੋਟ (ਗਿਆਨ ਸੈਦਪੁਰੀ)**- ਲਗਾਤਾਰ ਮੀਂਹ ਕਾਰਨ ਪਿੰਡ ਸੈਦਪੁਰ ਝਿੜੀ ਦਾ ਛੱਪੜ ਨੱਕੋ ਨੱਕ ਭਰਨ ਤੋਂ ਉਪਰੰਤ ਇਸ ਦਾ ਪਾਣੀ ਆਲੇ ਦੁਆਲੇ ਦੇ ਘਰਾਂ ਵਿੱਚ ਦਾਖਲ ਹੋਣਾ ਸ਼ੁਰੂ ਹੋ ਗਿਆ ਹੈ। ਭਵਿੱਖ ਵਿੱਚ ਮੀਂਹ ਦੀ ਸੰਭਾਵਨਾ ਕਾਰਨ ਲੋਕ ਸਹਿਮੇ ਪਏ ਹਨ। ਆਰਥਿਕ ਮੰਦਹਾਲੀ ਨਾਲ ਜੂਝ ਰਹੇ ਇਹ ਦਲਿਤ ਪਰਵਾਰ ਮੀਂਹ ਦੇ ਮੌਸਮ ਵਿੱਚ ਹਰ ਸਾਲ ਇਹਨਾਂ ਸਥਿਤੀਆਂ ਵਿੱਚੋਂ ਗੁਜਰਦੇ ਹਨ। ਪਿੰਡ ਦੇ ਕੁਝ ਉਦਮੀ ਨੌਜਵਾਨ ਪਾਣੀ ਦੇ ਨਿਕਾਸ ਲਈ ਆਰਜੀ ਪ੍ਰਬੰਧ ਕਰਦੇ ਹਨ ਪਰ ਕਈ ਕਿਸਮ ਦੇ ਅੜਿੱਕਿਆਂ ਕਾਰਨ ਕੰਮ ਅਧੂਰਾ ਰਹਿ ਜਾਂਦਾ ਹੈ। ਛੱਪੜ ਦੇ ਪਾਣੀ ਦੀ ਸਮੱਸਿਆ ਬਾਰੇ ਪਿੰਡ ਦੇ ਸਰਪੰਚ ਤਰਸੇਮ ਸਿੰਘ ਧੰਜੂ ਦਾ ਕਹਿਣਾ ਹੈ ਕਿ ਸਮੱਸਿਆ ਦੇ ਹੱਲ ਲਈ ਚਾਰਾਜੋਈ ਕੀਤੀ ਜਾ ਰਹੀ ਹੈ। ਅੱਜ ਪਾਇਪ ਰਾਹੀਂ ਪਾਣੀ ਦੇ ਨਿਕਾਸ ਦਾ ਕੰਮ ਸ਼ੁਰੂ ਕੀਤਾ ਜਾਵੇਗਾ।



# ਖੂਨਦਾਨ ਕੈਂਪ ਲੱਗਾ




**ਬੰਗਾ (ਅਵਤਾਰ ਕਲੇਰ)**- ਰੋਟਰੀ ਕਲੱਬ ਬੰਗਾ ਅਤੇ ਬਲੱਡ ਬੈਂਕ, ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਲੋਂ ਸਾਂਝੇ ਤੌਰ 'ਤੇ ਹਜ਼ੂਰ ਸ੍ਰੀ ਨਾਭ ਕੰਵਲ ਰਾਜਾ ਸਾਹਿਬ ਦੀ 85ਵੀਂ ਬਰਸੀ ਨੂੰ ਸਮਰਪਿਤ ਸਵੈ ਇਛੱਤ ਖੂਨਦਾਨ ਕੈਂਪ ਗੁਰੂਦੁਆਰਾ ਸਰੋਵਰ ਸਾਹਿਬ ਵਿਖੇ ਲਗਾਇਆ ਗਿਆ। 25 ਖੂਨਦਾਨੀਆਂ ਨੇ ਖੂਨਦਾਨ ਕੀਤਾ।ਇਸ ਕੈਂਪ ਦੀ ਸਫ਼ਲਤਾ ਲਈ ਰੋਟਰੀ ਕਲੱਬ ਬੰਗਾ ਦੇ ਪ੍ਰਧਾਨ ਪ੍ਰਵੀਨ ਕੁਮਾਰ ਨੇ ਸਮੂਹ ਰੋਟਰੀ ਕਲੱਬ ਮੈਂਬਰਾਂ ਵੱਲੋਂ ਬਲੱਡ ਬੈਂਕ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦੇ ਪ੍ਰਬੰਧਕਾਂ ਦਾ ਅਤੇ ਸਮੂਹ ਸੰਗਤਾਂ ਦਾ ਹਾਰਦਿਕ ਧੰਨਵਾਦ ਕੀਤਾ। ਹਰ ਸਿਹਤਮੰਦ ਮਨੁੱਖ ਨੂੰ ਤਿੰਨ ਮਹੀਨੇ ਬਾਅਦ ਖੂਨਦਾਨ ਕਰਨਾ ਚਾਹੀਦਾ ਹੈ। ਇਸ ਮੌਕੇ ਖੂਨਦਾਨੀਆਂ ਨੂੰ ਯਾਦ ਚਿੰਨ੍ਹ ਅਤੇ ਸਨਮਾਨ ਪੱਤਰ ਦੇ ਕੇ ਵੀ ਸਨਮਾਨਿਤ ਕੀਤਾ। ਇਸ ਖੂਨਦਾਨ ਕੈਂਪ ਵਿਚ ਇਕਬਾਲ ਸਿੰਘ ਬਾਜਵਾ 79ਵੀਂ ਵਾਰ ਖੂਨਦਾਨ ਕਰਕੇ ਸਮੂਹ ਖੂਨਦਾਨੀਆਂ ਲਈ ਪ੍ਰੇਰਣਾ ਸਰੋਤ ਬਣੇ । ਇਸ ਮੌਕੇ ਖੂਨਦਾਨੀਆਂ ਦੀ ਸੇਵਾ ਸੰਭਾਲ ਲਈ ਸ਼ਰਨਜੀਤ ਸਿੰਘ, ਮਨਧੀਰ ਸਿੰਘ ਚੱਠਾ, ਸੁਰਿੰਦਰ ਸਿੰਘ ਢੀਂਡਸਾ, ਇਕਬਾਲ ਸਿੰਘ ਬਾਜਵਾ,ਪਰਮਜੀਤ ਸਿੰਘ ਭੋਗਲ ਹਾਜ਼ਰ ਸਨ।

# ਸੇਵਾ ਸਦਨ 'ਚ ਹਫਤਾਵਾਰੀ ਲੱਗ ਰਹੇ ਜਨਤਾ ਦਰਬਾਰ 'ਚ ਹੋ ਰਿਹਾ ਸਮੱਸਿਆਵਾਂ ਦਾ ਨਿਪਟਾਰਾ

**ਭਲਾਣ (ਹਰਭਜਨ ਢਿੱਲੋਂ)**- ਪੰਜਾਬ ਦੇ ਸਿੱਖਿਆ ਅਤੇ ਸੂਚਨਾ ਤੇ ਲੋਕ ਸੰਪਰਕ ਮੰਤਰੀ ਹਰਜੋਤ ਸਿੰਘ ਬੈਂਸ ਨੇ ਸਾਢੇ ਤਿੰਨ ਸਾਲ ਪਹਿਲਾਂ ਸ਼ੁਰੂ ਕੀਤੇ ਜਨਤਾ ਦਰਬਾਰ ਵਿੱਚ ਲਗਾਤਾਰ ਲੋਕਾਂ ਦੀਆਂ ਮੁਸ਼ਕਲਾਂ ਦਾ ਹੱਲ ਕੀਤਾ ਜਾ ਰਿਹਾ ਹੈ। ਐਤਵਾਰ ਨੂੰ ਸੇਵਾ ਸਦਨ ਨੰਗਲ 2 ਆਰ.ਵੀ.ਆਰ ਵਿੱਚ ਸਵੇਰੇ 7 ਵਜੇ ਤੋਂ ਹੀ ਹਲਕੇ ਦੇ ਲੋਕ ਪੰਚਾਇਤਾਂ, ਧਾਰਮਿਕ, ਸਮਾਜਿਕ ਸੰਗਠਨ ਤੇ ਆਗੂ ਵੱਡੀ ਗਿਣਤੀ ਵਿਚ ਪਹੁੰਚ ਜਾਂਦੇ ਹਨ, ਜਿੱਥੇ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਮੌਕੇ 'ਤੇ ਹੀ ਢੁਕਵਾਂ ਹੱਲ ਕੀਤਾ ਜਾ ਰਿਹਾ ਹੈ।ਹਰਜੋਤ ਬੈਂਸ ਕੈਬਨਿਟ ਮੰਤਰੀ ਨੇ ਆਪਣੇ ਵਿਧਾਨ ਸਭਾ ਹਲਕੇ ਵਿੱਚ ਬਤੌਰ ਵਿਧਾਇਕ ਸ਼ੁਰੂ ਕੀਤੇ ਪ੍ਰੋਗਰਾਮ ਸਾਡਾ ਐਮ.ਐਲ.ਏ. ਸਾਡੇ ਵਿੱਚ ਨੂੰ ਪਿੰਡਾਂ ਦੀਆਂ ਸੱਥਾਂ ਵਿੱਚ ਹੁਣ ਤੱਕ ਜਾਰੀ ਰੱਖਿਆ ਹੋਇਆ ਹੈ। ਉਨ੍ਹਾਂ ਵੱਲੋਂ ਸੈਂਕੜੇ ਪਿੰਡਾਂ ਵਿੱਚ ਸਰਕਾਰ ਤੁਹਾਡੇ ਦੁਆਰ ਅਤੇ ਜਨ ਸੁਣਵਾਈ ਕੈਂਪ ਲਗਾ ਕੇ ਸਰਕਾਰ ਦੀਆਂ ਲੋਕ ਪੱਖੀ ਤੇ ਭਲਾਈ ਸਕੀਮਾਂ ਦਾ ਲਾਭ ਲੋਕਾਂ ਤੱਕ ਪਹੁੰਚਾਉਣ ਦਾ ਉਪਰਾਲਾ ਕੀਤਾ ਹੈ। ਉਨ੍ਹਾਂ ਵੱਲੋਂ ਇਨ੍ਹਾਂ ਕੈਂਪਾਂ ਵਿੱਚ ਸਰਕਾਰ ਦੇ ਵੱਖ ਵੱਖ ਵਿਭਾਗਾਂ ਦੇ ਸਟਾਲ ਲਗਾ ਕੇ ਯੋਗ ਲੋੜਵੰਦਾਂ ਤੱਕ ਭਲਾਈ ਸਕੀਮਾਂ ਬਾਰੇ ਆਮ ਲੋਕਾਂ ਤੱਕ ਜਾਣਕਾਰੀ ਪਹੁੰਚਾਈ ਗਈ ਹੈ ਅਤੇ ਆਮ ਲੋਕ ਸਰਕਾਰ ਦੀਆਂ ਇਨ੍ਹਾਂ ਯੋਜਨਾਵਾਂ ਦਾ ਲਾਭ ਪ੍ਰਾਪਤ ਕਰ ਰਹੇ ਹਨ।ਬੈਂਸ ਦਾ ਇਹ ਉਪਰਾਲਾ ਹੈ ਕਿ ਦੂਰ ਦੁਰਾਡੇ ਪੇਂਡੂ ਖੇਤਰਾਂ ਵਿੱਚ ਰਹਿ ਰਹੇ ਲੋਕ ਜੋ ਆਮ ਤੌਰ ਤੇ ਦਫਤਰਾਂ ਵਿਚ ਆਉਣ ਜਾਣ ਦੀ ਬੇਲੋੜੀ ਖੱਜਲ ਖੁਆਰੀ ਸਮੇਂ ਅਤੇ ਪੈਸੇ ਦੀ ਘਾਟ ਕਾਰਨ ਸਰਕਾਰ ਦੀਆਂ ਬੁਨਿਆਦੀ ਸਹੂਲਤਾਂ ਤੋਂ ਵਾਂਝੇ ਰਹਿ ਜਾਂਦੇ ਹਨ, ਉਨ੍ਹਾਂ ਯੋਗ ਲੋੜਵੰਦਾਂ ਤੱਕ ਸਾਰੀਆਂ ਭਲਾਈ ਸਕੀਮਾਂ ਦਾ ਲਾਭ ਬਿਨਾਂ ਦੇਰੀ ਪਹੁੰਚਾਇਆ ਜਾਵੇ। ਜਿਸ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੇ ਲੋਕਾਂ ਨੂੰ ਭਰਪੂਰ ਲਾਭ ਮਿਲਿਆ ਹੈ।ਸੇਵਾ ਸਦਨ ਨੰਗਲ ਵਿੱਚ ਹਫਤਾਵਾਰੀ ਜਨਤਾ ਦਰਬਾਰ ਵਿੱਚ ਹਲਕੇ ਦੇ ਸਮਾਜਿਕ ਧਾਰਮਿਕ ਸੰਗਠਨਾਂ ਦੇ ਆਗੂ, ਸਰਪੰਚ, ਪੰਚ ਤੇ ਆਮ ਲੋਕ ਆਪਣੇ ਇਲਾਕੇ ਦੀਆਂ ਸਾਂਝੀਆਂ ਤੇ ਨਿੱਜੀ ਸਮੱਸਿਆਵਾਂ ਲੈ ਕੇ ਤੜਕਸਾਰ ਪਹੁੰਚ ਜਾਂਦੇ ਹਨ। ਜਿਨ੍ਹਾਂ ਦਾ ਬੈਂਸ ਮੌਕੇ 'ਤੇ ਹੀ ਢੁਕਵਾਂ ਨਿਪਟਾਰਾ ਕਰਦੇ ਹਨ। ਅੱਜ ਨੰਗਲ ਵਿੱਚ ਲੱਗੇ ਜਨਤਾ ਦਰਬਾਰ ਵਿੱਚ ਵੱਡੀ ਗਿਣਤੀ ਪਹੁੰਚੇ ਬਜ਼ੁਰਗਾਂ, ਮਾਤਾਵਾਂ, ਵਿਦਿਆਰਥੀਆਂ ਤੇ ਇਲਾਕਾ ਵਾਸੀਆਂ ਨੂੰ ਸੰਬੋਧਨ ਕਰਦੇ ਹੋਏ ਬੈਂਸ ਨੇ ਕਿਹਾ ਕਿ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਆਮ ਤੌਰ 'ਤੇ ਇਲਾਕੇ ਦੇ ਵਿਕਾਸ ਦੇ ਕੰਮਾਂ ਲਈ ਪਹੁੰਚਦੇ ਹਨ ਪ੍ਰੰਤੂ ਬਜ਼ੁਰਗਾਂ, ਔਰਤਾਂ ਤੇ ਵਿਦਿਆਰਥੀਆਂ ਦੇ ਸਿੱਧੇ ਤੌਰ 'ਤੇ ਮਿਲਣ ਆਉਣ ਤੋਂ ਮਨ ਨੂੰ ਧਰਵਾਸ ਮਿਲਦਾ ਹੈ ਕਿ ਜਿਸ ਤਰਾਂ ਦਾ ਲੋਕ ਰਾਜ ਬਹਾਲ ਕਰਨ ਦਾ ਆਮ ਆਦਮੀ ਪਾਰਟੀ ਨੇ ਵਾਅਦਾ ਕੀਤਾ ਸੀ ਕਿ ਹਰ ਕੋਈ ਬਿਨਾਂ ਰੋਕ ਟੋਕ ਆਪਣੇ ਕੰਮਾਂ ਲਈ ਸਰਕਾਰ ਤੱਕ ਪਹੁੰਚ ਕਰ ਸਕੇਗਾ ਉਹ ਹੁਣ ਸਪੱਸ਼ਟ ਨਜ਼ਰ ਆ ਰਿਹਾ ਹੈ। ਇਸ ਮੌਕੇ ਡਾ. ਸੰਜੀਵ ਗੌਤਮ ਚੇਅਰਮੈਨ ਗੁਰੂ ਰਵਿਦਾਸ ਆਯੁਰਵੈਦਿਕ ਯੂਨੀਵਰਸਿਟੀ ਜਿਲ੍ਹਾ ਕੋਆਰਡੀਨੇਟਰ ਆਮ ਆਦਮੀ ਪਾਰਟੀ, ਰੋਹਿਤ ਕਾਲੀਆ ਪ੍ਰਧਾਨ ਟਰੱਕ ਯੂਨੀਅਨ, ਜਸਪਾਲ ਸਿੰਘ ਸਰਪੰਚ, ਪੱਮੂ ਢਿੱਲੋਂ ਸਰਪੰਚ, ਰਾਕੇਸ਼ ਮਹਿਲਮਾ, ਕਰਤਾਰ ਸਿੰਘ, ਸੋਹਣ ਸਿੰਘ, ਗੁਰਨਾਮ ਸਿੰਘ, ਐਡਵੋਕੇਟ ਨਿਸ਼ਾਤ ਗੁਪਤਾ, ਬਲਵਿੰਦਰ ਬਿੰਦੀ ਸਰਪੰਚ, ਸੰਜੂ, ਸੁਨੀਲ ਅਡਵਾਲ ਤੇ ਵੱਡੀ ਗਿਣਤੀ ਵਿਚ ਪਤਵੰਤੇ ਹਾਜ਼ਰ ਸਨ।



# ਮਗਨਰੇਗਾ ਵਰਕਰਜ਼ ਯੂਨੀਅਨ ਵੱਲੋਂ ਰੋਸ ਰੈਲੀ 28 ਨੂੰ



**ਬੰਗਾ (ਅਵਤਾਰ ਕਲੇਰ)**- ਮਗਨਰੇਗਾ ਵਰਕਰਜ਼ ਯੂਨੀਅਨ ਪੰਜਾਬ ਦੇ ਪਿੰਡ ਸਾਧਪੁਰ ਦੀ ਇਕਾਈ ਵਲੋਂ 28 ਅਗਸਤ ਨੂੰ ਬੰਗਾ ਵਿਖੇ ਰੋਸ ਰੈਲੀ ਦੀ ਤਿਆਰੀ ਸੰਬਧੀ ਮੀਟਿੰਗ ਕੀਤੀ ਗਈ।ਹਰਪਾਲ ਸਿੰਘ ਜਗਤਪੁਰ ਅਤੇ ਹੋਰ ਬੁਲਾਰਿਆਂ ਨੇ ਮੀਟਿੰਗ ਵਿੱਚ ਹਾਜ਼ਰ ਵਰਕਰਾਂ ਨੂੰ ਸੰਬੋਧਨ ਕਰਦਿਆਂ ਸਰਕਾਰ ਤੋਂ ਮੰਗ ਕੀਤੀ ਕਿ ਮਗਨਰੇਗਾ ਵਰਕਰਾਂ ਦੀ ਦਿਹਾੜੀ ਵਿੱਚ ਵਾਧਾ ਕਰਕੇ 700 ਰੁਪਏ ਕੀਤਾ ਜਾਵੇ। ਕੰਮ ਸਾਰਾ ਸਾਲ ਮੁਹੱਈਆ ਕਰਵਾਇਆ ਜਾਵੇ, ਫਰੀ ਮੈਡੀਕਲ ਸਹੂਲਤਾਂ ਦਿੱਤੀਆਂ ਜਾਣ, ਵਰਕਰਾਂ ਦਾ ਬੀਮਾ ਕਰਵਾਇਆ ਜਾਵੇ, ਕੋਆਪਰੇਟਿਵ ਸੋਸਾਇਟੀਆਂ ਵਲੋਂ ਮਜ਼ਦੂਰਾਂ ਨੂੰ ਨੋਟਿਸ ਭੇਜਣੇ ਬੰਦ ਕੀਤੇ ਜਾਣ। ਮਗਨਰੇਗਾ ਕਾਮਿਆਂ ਦੀਆਂ ਮੁਸ਼ਕਲਾਂ ਨੂੰ ਸਰਕਾਰ ਤੱਕ ਪਹੁੰਚਾਉਣ ਹਿੱਤ ਸਮੂਹ ਪੰਜਾਬ ਅੰਦਰ ਤਹਿਸੀਲ ਪੱਧਰ ਤੇ ਅਰਥੀ ਫੂਕ ਰੈਲੀਆਂ ਕਰਨ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ। ਜਿਸ ਨੂੰ ਸਫ਼ਲ ਬਣਾਉਣ ਲਈ ਤਿਆਰੀ ਮੀਟਿੰਗਾਂ ਪਿੰਡ-ਪਿੰਡ ਕੀਤੀਆਂ ਜਾ ਰਹੀਆਂ ਹਨ। ਇਸ ਮੌਕੇ ਭਜਨ ਕੌਰ, ਰਾਮ ਆਸਰੀ, ਰਾਮ ਪਿਆਰੀ, ਕਮਲੇਸ਼ ਕੌਰ, ਬੀਰੂ ਰਾਮ, ਊਸ਼ਾ ਰਾਣੀ, ਬੂਟਾ ਰਾਮ, ਸੁਰਿੰਦਰ ਕੁਮਾਰ, ਸਮਿਤਰੀ ਦੇਵੀ, ਸੱਤਪਾਲ, ਆਦਿ ਹਾਜ਼ਰ ਸਨ।

# ਖੇਡਾਂ 'ਚ ਵਧੀਆ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀ ਸਨਮਾਨਤ




**ਅਲਾਵਲਪੁਰ (ਮਦਨ ਬੰਗੜ)**- ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਇਲਾਕੇ ਭਰ ਵਿੱਚ ਜਿੱਥੇ ਸਿੱਖਿਆ ਦੇ ਖੇਤਰ ਵਿੱਚ ਵਡਮੁੱਲਾ ਯੋਗਦਾਨ ਪਾਉਣ ਲਈ ਪ੍ਰਸਿੱਧ ਹੈ ਉਥੇ ਹੀ ਖੇਡ ਮੈਦਾਨ ਵਿੱਚ ਵੀ ਇਸ ਸਕੂਲ ਦੇ ਵਿਦਿਆਰਥੀ ਵਧੀਆ ਪ੍ਰਦਰਸ਼ਨ ਕਰਦੇ ਹਨ। ਪਿਛਲੇ ਦਿਨੀ ਬਿਆਸ ਪਿੰਡ, ਬਲਾਕ ਅਲਾਵਲਪੁਰ ਜੋਨ ਨੰਬਰ 7 ਵਿਖੇ ਹੋਈਆਂ ਖੇਡਾਂ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ, ਬਿਆਸ ਪਿੰਡ ਦੇ ਵਧੀਆ ਪੁਜੀਸ਼ਨ ਹਾਸਿਲ ਕਰਨ ਵਾਲੇ ਖ਼ਿਡਾਰੀਆਂ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ ਆਸ਼ਾ ਰਾਣੀ, ਡਿਵੈਲਪਮੈਂਟ ਕਮੇਟੀ ਦੇ ਪ੍ਰਧਾਨ ਟੇਕ ਚੰਦ, ਅਤੇ ਸਿੱਖਿਆ ਸ਼ਾਸ਼ਤਰੀ ਗੁਰਪ੍ਰੀਤ ਰੱਖਰਾ ਆਦਿ ਤੋਂ ਇਲਾਵਾ ਸਮੂਹ ਸਕੂਲ ਸਟਾਫ ਹਾਜ਼ਰ ਸਨ।

# ਸੁਖਬੀਰ ਸਿੰਘ ਬਾਦਲ ਵੱਲੋਂ ਸੁਲਤਾਨਪੁਰ ਲੋਧੀ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਕੀਤਾ ਦੌਰਾ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**- ਸਾਬਕਾ ਉਪ ਮੁੱਖ ਮੰਤਰੀ ਪੰਜਾਬ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਮੰਡ ਖੇਤਰ ਸੁਲਤਾਨਪੁਰ ਲੋਧੀ ਦੇ ਹੜ੍ਹਾਂ ਨਾਲ ਪ੍ਰਭਾਵਿਤ ਬਾਊਪੁਰ ਜਦੀਦ ਪੁਲ ਦਾ ਦੌਰਾ ਕੀਤਾ। ਇਸ ਮੌਕੇ ਉਹਨਾਂ ਨੇ ਕਿਸਾਨਾਂ ਤੇ ਪੀੜਤਾਂ ਨਾਲ ਗੱਲਬਾਤ ਕੀਤੀ। ਹੜ੍ਹ ਪੀੜਤਾਂ ਵੱਲੋਂ ਆਪਣੇ ਹਾਲਾਤ ਬਾਰੇ ਜਾਣੂ ਕਰਵਾਉਣ ਉਪਰੰਤ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਜਦੋਂ ਵੀ ਪੰਜਾਬ ਅੰਦਰ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਆਈ ਸੀ, ਉਹਨਾਂ ਸਮਿਆਂ ਤੇ ਹੜ੍ਹਾਂ ਦੌਰਾਨ ਪ੍ਰਭਾਵਿਤ ਲੋਕਾਂ ਦੀ ਪੂਰੀ ਸਾਰ ਲਈ ਜਾਂਦੀ ਸੀ ਅਤੇ ਸਮੇਂ ਸਿਰ ਉਹਨਾਂ ਨੂੰ ਗਿਰਦੌਰੀਆਂ ਕਰਵਾ ਕੇ ਉਹਨਾਂ ਦੀਆਂ ਫਸਲਾਂ ਦਾ ਅਤੇ ਹੋਰ ਹੋਏ ਨੁਕਸਾਨ ਦਾ ਮੁਆਵਜ਼ਾ ਦਿੱਤਾ ਜਾਂਦਾ ਸੀ। ਉਹਨਾਂ ਕਿਹਾ ਕਿ ਵੱਡੇ ਵੱਡੇ ਲਾਰੇ ਲਾ ਕੇ ਸੱਤਾ ਵਿੱਚ ਆਈ ਮਾਨ ਸਰਕਾਰ ਆਪਣੀਆਂ ਜ਼ਿੰਮੇਵਾਰੀਆਂ ਤੋਂ ਭੱਜ ਰਹੀ ਹੈ ਅਤੇ ਬੜੀ ਦੁੱਖ ਦੀ ਗੱਲ ਹੈ ਕਿ 2023 ਵਿੱਚ ਆਏ ਹੜ੍ਹਾਂ ਦੇ ਮੁਆਵਜ਼ੇ ਅਜੇ ਤੱਕ ਕਿਸਾਨਾਂ ਨੂੰ ਨਹੀਂ ਮਿਲੇ। ਉਹਨਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਹੜ੍ਹ ਪੀੜਤਾਂ ਦੀ ਸਾਰ ਲਈ ਜਾਵੇ ਅਤੇ ਤੁਰੰਤ ਉਹਨਾਂ ਦੀਆਂ ਜ਼ਮੀਨਾਂ ਦੀ ਗਿਰਦੌਰੀਆਂ ਕਰਵਾ ਕੇ ਉਹਨਾਂ ਨੂੰ ਬਣਦਾ ਮੁਆਵਜ਼ਾ ਦਿੱਤਾ ਜਾਵੇ। ਉਪਰੰਤ ਸੁਖਬੀਰ ਸਿੰਘ ਬਾਦਲ ਮੰਡ ਖੇਤਰ ਦੇ ਪਿੰਡ ਆਹਲੀ ਕਲਾਂ ਵੀ ਪੁੱਜੇ ਜਿੱਥੇ ਬੀਤੇ ਦਿਨ ਦਰਿਆ ਬਿਆਸ ਵਿੱਚ ਬਣੇ ਮਜ਼ਬੂਤ ਆਰਜ਼ੀ ਬੰਨ੍ਹ ਨੂੰ ਢਾਹ ਲੱਗੀ ਸੀ। ਇਸ ਮੌਕੇ ਉਹਨਾਂ ਬੰਨ੍ਹ ਦੀ ਮਜ਼ਬੂਤੀ ਲਈ ਪਿੰਡ ਵਾਸੀਆਂ ਅਤੇ ਸੰਤਾਂ ਮਹਾਂਪੁਰਸ਼ਾਂ ਵੱਲੋਂ ਕੀਤੇ ਗਏ ਯਤਨਾਂ ਦੀ ਸ਼ਲਾਘਾ ਕੀਤੀ। ਇਸ ਮੌਕੇ ਬਾਦਲ ਨੇ ਬੰਨ੍ਹ ਨੂੰ ਮਜ਼ਬੂਤ ਕਰਨ ਦੀ ਸੇਵਾ ਵਿੱਚ ਲੱਗੇ ਹੋਏ ਕਿਸਾਨਾਂ ਨੂੰ ਆਪਣੇ ਕੋਲੋਂ 10 ਹਜ਼ਾਰ ਲੀਟਰ ਡੀਜ਼ਲ ਮੁਹੱਈਆ ਕਰਵਾਇਆ। ਇਸ ਤੋਂ ਪਹਿਲਾਂ ਸੁਖਬੀਰ ਸਿੰਘ ਬਾਦਲ ਨੇ ਸਥਾਨਕ ਇਤਿਹਾਸਕ ਗੁਰਦੁਆਰਾ ਸ੍ਰੀ ਬੇਰ ਸਾਹਿਬ ਵਿਖੇ ਮੱਥਾ ਟੇਕਿਆ। ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਸਾਹਿਬਾਨ, ਅਕਾਲੀ ਆਗੂਆਂ ਅਤੇ ਵਰਕਰਾਂ ਵੱਲੋਂ ਸੁਖਬੀਰ ਸਿੰਘ ਬਾਦਲ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਜਥੇਦਾਰ ਬਲਦੇਵ ਸਿੰਘ ਕਲਿਆਣ, ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਜਰਨੈਲ ਸਿੰਘ ਡੋਗਰਾਂਵਾਲ ਤੇ ਬੀਬੀ ਗੁਰਪ੍ਰੀਤ ਕੌਰ ਰੂਹੀ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਇੰਜੀ: ਸਵਰਨ ਸਿੰਘ ਮੈਂਬਰ ਪੀਏਸੀ ਸ਼੍ਰੋਮਣੀ ਅਕਾਲੀ ਦਲ, ਸੁਖਦੇਵ ਸਿੰਘ ਨਾਨਕਪੁਰ ਸੀਨੀਅਰ ਅਕਾਲੀ ਆਗੂ, ਜਥੇਦਾਰ ਸੁਰਜੀਤ ਸਿੰਘ ਢਿੱਲੋਂ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ, ਗੁਰਜੰਟ ਸਿੰਘ ਸੰਧੂ ਸਾਬਕਾ ਉਪ ਚੇਅਰਮੈਨ, ਜਥੇਦਾਰ ਰਣਜੀਤ ਸਿੰਘ ਆਹਲੀ ਖੁਰਦ, ਜਥੇਦਾਰ ਦਰਬਾਰਾ ਸਿੰਘ ਵਿਰਦੀ ਪ੍ਰਧਾਨ ਯੂਥ ਅਕਾਲੀ ਦਲ, ਜਥੇਦਾਰ ਸਤਨਾਮ ਸਿੰਘ ਰਾਮੇ, ਸਰਪੰਚ ਸ਼ਮਿੰਦਰ ਸਿੰਘ ਸੰਧੂ ਆਹਲੀ ਕਲਾਂ, ਰਸ਼ਪਾਲ ਸਿੰਘ ਸੰਧੂ ਕਿਸਾਨ ਆਗੂ ਆਦਿ ਵੀ ਹਾਜ਼ਰ ਸਨ।



# ਗੈਸ ਕਾਂਡ 'ਚ ਮਰਨ ਵਾਲੇ ਪਰਵਾਰਾਂ ਨੂੰ ਸਰਕਾਰ ਇੱਕ ਇੱਕ ਕਰੋੜ ਦੀ ਆਰਥਿਕ ਸਹਾਇਤਾ ਦੇਵੇ : ਲੇਸੜੀਵਾਲ

**ਆਦਮਪੁਰ (ਪਰਮਜੀਤ ਸਿੰਘ)**- ਸ਼੍ਰੋਮਣੀ ਅਕਾਲੀ ਦਲ ਪ੍ਰਧਾਨ ਐਸ ਸੀ ਵਿੰਗ ਜਲੰਧਰ ਦਿਹਾਤੀ ਧਰਮਪਾਲ ਲੇਸੜੀਵਾਲ ਨੇ ਬੀਤੇ ਦਿਨੀ ਹੁਸ਼ਿਆਰਪੁਰ ਵਿੱਚ ਪੈਂਦੇ ਪਿੰਡ ਮੰਡਿਆਲਾ ਵਿੱਚ ਸਥਿਤ ਹਿੰਦੁਸਤਾਨ ਪੈਟਰੋਲੀਅਮ ਪਲਾਂਟ ਕੋਲ ਵਾਪਰੇ ਗੈਸ ਕਾਂਡ ਤੇ ਗਹਿਰਾ ਦੁੱਖ ਪ੍ਰਗਟ ਕਰਦਿਆਂ ਸਰਕਾਰ ਨੂੰ ਬੇਨਤੀ ਕੀਤੀ ਹੈ ਕਿ ਗੈਸ ਕਾਂਡ ਵਿੱਚ ਮਰਨ ਵਾਲੇ ਪਰਵਾਰਾਂ ਨੂੰ ਇੱਕ, ਇੱਕ, ਕਰੋੜ ਦੀ ਆਰਥਿਕ ਸਹਾਇਤਾ ਦਿੱਤੀ ਜਾਵੇ ਅਤੇ ਜਿਨ੍ਹਾਂ ਲੋਕਾਂ ਦਾ ਮਾਲੀ ਨੁਕਸਾਨ ਹੋਇਆ, ਉਹਨਾਂ ਨੂੰ ਉਹਨਾਂ ਦੇ ਘਰ ਬਣਾ ਕੇ ਦਿੱਤੇ ਜਾਣ ਅਤੇ ਜਿਹੜੇ ਜ਼ਖਮੀ ਹੋਏ ਵਿਅਕਤੀ ਹਸਪਤਾਲ 'ਚ ਜ਼ਿੰਦਗੀ ਮੌਤ ਦੀ ਲੜਾਈ ਲੜ ਰਹੇ ਹਨ ਉਹਨਾਂ ਪਰਿਵਾਰਾਂ ਨੂੰ 50,50 ਲੱਖ ਰੁਪਏ ਦੀ ਆਰਥਿਕ ਸਹਾਇਤਾ ਦਿੱਤੀ ਜਾਵੇ। ਉਹਨਾਂ ਕਿਹਾ ਕਿ ਇਹ ਹਾਦਸਾ ਬਹੁਤ ਹੀ ਦੁਖਦਾਈ ਹੈ ਅਤੇ ਬਹੁਤ ਹੀ ਭਿਆਨਕ ਹੈ। ਇਸ ਦੁੱਖ ਦੀ ਘੜੀ ਵਿੱਚ ਸਾਨੂੰ ਸਾਰਿਆਂ ਨੂੰ ਅੱਗੇ ਆ ਕੇ ਮ੍ਰਿਤਕ ਦੇ ਪਰਵਾਰਾਂ, ਜ਼ਖਮੀ ਅਤੇ ਨੁਕਸਾਨੇ ਘਰਾਂ ਦੀ ਵੱਧ ਚੜ੍ਹ ਕੇ ਮਦਦ ਕਰਨੀ ਚਾਹੀਦੀ ਹੈ। ਉਹਨਾਂ ਕਿਹਾ ਕਿ ਇਸ ਹਾਦਸੇ ਵਿੱਚ ਪਿੰਡ ਮੰਡਿਆਲਾ ਦੇ ਕਈ ਘਰ ਉਜੜ ਗਏ ਹਨ ਕਈਆਂ ਦੇ ਕਾਰੋਬਾਰ ਤਬਾਹ ਹੋ ਗਏ ਹਨ, ਚਾਰ ਦੇ ਕਰੀਬ ਮੌਤਾਂ ਹੋ ਗਈਆਂ ਹਨ ਅਤੇ ਕਈ ਲੋਕ ਹਸਪਤਾਲਾਂ 'ਚ ਜ਼ਿੰਦਗੀ ਮੌਤ ਦੀ ਲੜਾਈ ਲੜ ਰਹੇ ਹਨ। ਪਰ ਸਾਡੇ ਪੰਜਾਬ ਦੇ ਮੁੱਖ ਮੰਤਰੀ ਨੇ ਅਖਬਾਰਾਂ ਵਿੱਚ ਸਿਰਫ ਦੋ ਲੱਖ ਰੁਪਏ ਦਾ ਐਲਾਨ ਕਰਕੇ ਹੀ ਇਸ ਨੂੰ ਕਾਫੀ ਸਮਝਿਆ। ਉਹਨਾਂ ਇਸ ਗੱਲ 'ਤੇ ਵੀ ਦੁੱਖ ਪ੍ਰਗਟ ਕੀਤਾ ਕਿ ਏਡਾ ਵੱਡਾ ਹਾਦਸਾ ਬੀਤ ਜਾਣ 'ਤੇ ਵੀ ਪੰਜਾਬ ਦੇ ਮੁੱਖ ਮੰਤਰੀ ਅਜੇ ਤੱਕ ਹਾਦਸੇ ਵਾਲੀ ਜਗ੍ਹਾ ਤੇ ਜਾਂ ਹਾਦਸਾ ਵਿੱਚ ਮਰੀਜ਼ਾਂ ਦਾ ਹਾਲ ਚਾਲ ਪੁਛਣ ਨਹੀਂ ਪਹੁੰਚੇ। ਉਹਨਾਂ ਕਿਹਾ ਕਿ ਇਲਾਕੇ ਵਿੱਚ ਸਹਿਮ ਦਾ ਮਾਹੌਲ ਹੈ ਲੋਕ ਡਰੇ ਹੋਏ ਹਨ। ਇਸ ਸਮੇਂ ਪੰਜਾਬ ਦੇ ਮੁੱਖ ਮੰਤਰੀ ਨੂੰ ਉਹਨਾਂ ਦੇ ਕੋਲ ਆ ਕੇ ਉਹਨਾਂ ਦੀ ਗੱਲ ਸੁਣਨੀ ਚਾਹੀਦੀ ਹੈ ਅਤੇ ਜੋ ਲੋਕ ਕਹਿ ਰਹੇ ਹਨ ਉਹਨਾਂ ਦੀਆਂ ਮੰਗਾਂ ਪੂਰੀਆਂ ਕਰਨੀਆਂ ਚਾਹੀਦੀਆਂ ਹਨ। ਉਹਨਾਂ ਕਿਹਾ ਕਿ ਦੋਸ਼ੀਆਂ ਦੇ ਉੱਤੇ ਵੀ ਸਖਤ ਕਾਨੂੰਨੀ ਕਾਰਵਾਈ ਹੋਣੀ ਚਾਹੀਦੀ ਹੈ । ਇਲਾਕੇ ਦੇ ਲੋਕਾਂ ਦਾ ਦੋਸ਼ ਹੈ ਕਿ ਇੱਥੇ ਸ਼ਰੇਆਮ ਟੈਂਕਰਾਂ ਵਿੱਚੋਂ ਗੈਸ ਚੋਰੀ ਕਰਕੇ ਬਲੈਕ ਵਿੱਚ ਵੇਚੀ ਜਾਂਦੀ ਹੈ ।



# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਪੁਰਬ ਮਨਾਇਆ



**ਡੇਰਾਬੱਸੀ (ਵਿਨੈ ਕੁਮਾਰ ਜੈਨ)**- ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਡੇਰਾਬੱਸੀ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਪੁਰਬ ਬੜੇ ਹੀ ਸ਼ਰਧਾ ਪੂਰਵਕ ਢੰਗ ਨਾਲ ਮਨਾਇਆ ਗਿਆ। ਇਸ ਪ੍ਰੋਗਰਾਮ ਦੀ ਸ਼ੁਰੂਆਤ ਮੂਲ ਮੰਤਰ ਨਾਲ ਕੀਤੀ ਗਈ।ਫਿਰ ਬੱਚਿਆਂ ਨੇ ਸ਼ਬਦ ਕੀਰਤਨ ਅਤੇ ਸ਼ਬਦ ਗਾਇਨ ਕੀਤੇ।ਇਸ ਪਵਿੱਤਰ ਅਵਸਰ 'ਤੇ ਕਪੂਰ ਸਿੰਘ (ਮੈਂਬਰ ਸਾਹਿਬਾਨ) ਨੇ ਪ੍ਰਸ਼ਨ-ਉੱਤਰ ਮੁਕਾਬਲੇ ਰਾਹੀਂ ਗੁਰੂ ਗ੍ਰੰਥ ਸਾਹਿਬ ਜੀ ਦੇ ਸਰਬੱਤ ਦਾ ਭਲਾ ਅਤੇ ਸਮਾਨਤਾ ਦੇ ਸੁਨੇਹੇ ਨੂੰ ਉਜਾਗਰ ਕੀਤਾ।ਸਕੂਲ ਦੀ ਮੈਨੇਜਿੰਗ ਕਮੇਟੀ ਦੇ ਉਪ-ਪ੍ਰਧਾਨ ਅੰਮ੍ਰਿਤਪਾਲ ਸਿੰਘ ਨੇ ਇਸ ਅਧਿਆਤਮਕ ਤੇ ਰੂਹਾਨੀ ਮੌਕੇ 'ਤੇ ਸਾਰਿਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ।ਮੈਂਬਰ ਸਾਹਿਬਾਨ ਕਪੂਰ ਸਿੰਘ ਨੇ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਸਾਨੂੰ ਸੱਚਾਈ, ਭਾਈਚਾਰੇ, ਨਿਮਰਤਾ ਅਤੇ ਮਨੁੱਖਤਾ ਦੇ ਰਾਹ ਤੇ ਤੁਰਨ ਲਈ ਪ੍ਰੇਰਿਤ ਕਰਦੀਆਂ ਹਨ।ਪ੍ਰਿੰਸੀਪਲ ਕਵਿਤਾ ਅੱਤਰੀ ਨੇ ਗੁਰਬਾਣੀ ਦੇ ਸਿਧਾਂਤਾ ਉੱਪਰ ਅਮਲ ਕਰਨ ਦੀ ਪ੍ਰੇਰਨਾ ਦਿੰਦੇ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਦੀਆਂ ਸਾਰਿਆਂ ਨੂੰ ਲੱਖ-ਲੱਖ ਵਧਾਈਆਂ ਦਿੱਤੀਆਂ।

# ਇੰਟਰ-ਡਿਪਾਰਟਮੈਂਟ ਡਿਬੇਟ ਮੁਕਾਬਲੇ ਕਰਵਾਏ

**ਜਲੰਧਰ (ਸ਼ੈਲੀ ਐਲਬਰਟ)**- ਇਨੋਸੈਂਟ ਹਾਰਟਸ ਗਰੁੱਪ ਆਫ ਇੰਸਟੀਟਿਊਸ਼ਨਜ਼ ਦੇ ਲਿਟਰੇਰੀ ਕਲੱਬ ਵੱਲੋਂ ਹੋਰਾਈਜ਼ਨ ਹਾਲ ਵਿੱਚ ਇੰਟਰ-ਡਿਪਾਰਟਮੈਂਟ ਡਿਬੇਟ ਮੁਕਾਬਲਾ ਕਰਵਾਇਆ ਗਿਆ। ਇਸ ਮੁਕਾਬਲੇ ਦਾ ਮਕਸਦ ਵਿਦਿਆਰਥੀਆਂ ਨੂੰ ਵਿਚਾਰ ਪ੍ਰਗਟ ਕਰਨ, ਆਲੋਚਨਾਤਮਕ ਸੋਚ ਵਿਕਸਿਤ ਕਰਨ ਅਤੇ ਜਨਤਕ ਭਾਸ਼ਣ ਵਿੱਚ ਆਤਮਵਿਸ਼ਵਾਸ ਵਧਾਉਣ ਲਈ ਇੱਕ ਮਜ਼ਬੂਤ ਮੰਚ ਮੁਹੱਈਆ ਕਰਵਾਉਣਾ ਸੀ। ਮੈਨੇਜਮੈਂਟ, ਇਨਫਾਰਮੇਸ਼ਨ ਟੈਕਨੋਲੋਜੀ, ਹੋਟਲ ਮੈਨੇਜਮੈਂਟ ਅਤੇ ਮੈਡੀਕਲ ਸਾਇੰਸਜ਼ ਵਿਭਾਗਾਂ ਤੋਂ ਕੁੱਲ 16 ਟੀਮਾਂ ਨੇ ਹਿੱਸਾ ਲਿਆ। ਭਾਗੀਦਾਰਾਂ ਨੇ ਸੋਸ਼ਲ ਮੀਡੀਆ ਮਾਨਸਿਕ ਸਿਹਤ ਲਈ ਨੁਕਸਾਨਦਾਇਕ ਹੈ ਜਾਂ ਨਹੀਂ, 21ਵੀਂ ਸਦੀ ਵਿੱਚ ਸਾਫਟ ਸਕਿਲਜ਼ ਬਨਾਮ ਟੈਕਨਿਕਲ ਸਕਿਲਜ਼ ਵਰਗੇ ਸਮਕਾਲੀ ਅਤੇ ਵਿਚਾਰ-ਉਤੇਜਕ ਵਿਸ਼ਿਆਂ 'ਤੇ ਤਰਕਸ਼ੀਲ ਅਤੇ ਖੋਜ-ਆਧਾਰਿਤ ਵਾਦ-ਵਿਵਾਦ ਪੇਸ਼ ਕੀਤੇ। ਮੁਕਾਬਲੇ ਵਿੱਚ ਇਸ਼ਨੂਰ ਸਿੰਘ ਅਤੇ ਹਰਸਿਮਰਨ ਕੌਰ (ਬੀ. ਕਾਮ-1)ਨੇ ਪਹਿਲਾ ਸਥਾਨ ਹਾਸਲ ਕੀਤਾ, ਪੱਲਵੀ ਸ਼ਰਮਾ ਅਤੇ ਕੋਮਲਪ੍ਰੀਤ ਕੌਰ (ਐਮ ਬੀ ਏ-1) ਦੂਜੇ ਸਥਾਨ 'ਤੇ ਰਹੀਆਂ, ਜਦਕਿ ਰਾਜਦੀਪ ਕੌਰ (ਐਮ ਐਲ ਐਸ-ਡੀ) ਅਤੇ ਨਵਜੋਤ ਕੌਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਕੋਮਲਪ੍ਰੀਤ ਕੌਰ (221-9) ਨੂੰ ਉਸ ਦੀ ਸ਼ਾਨਦਾਰ ਪ੍ਰਜ਼ੈਂਟੇਸ਼ਨ ਅਤੇ ਡਿਬੇਟਿੰਗ ਕੌਸ਼ਲ ਲਈ ਸਰਵੋਤਮ ਵਕਤਾ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਪ੍ਰੋਗਰਾਮ ਦਾ ਸਮਾਪਨ ਜੇਤੂਆਂ ਤੇ ਭਾਗੀਦਾਰਾਂ ਨੂੰ ਸਰਟੀਫਿਕੇਟ ਪ੍ਰਦਾਨ ਕਰਕੇ ਕੀਤਾ ਗਿਆ।



# ਨੌਜਵਾਨਾਂ ਨੂੰ ਨਸ਼ਾ ਰਹਿਤ ਕਰਨਾ ਸ਼ਿਵ ਸੈਨਾ ਹਿੰਦੁਸਤਾਨ ਦਾ ਅਸਲ ਮਕਸਦ : ਰਾਹੁਲ ਖੰਨਾ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਸ਼ਿਵ ਸੈਨਾ ਹਿੰਦੁਸਤਾਨ ਦੇ ਰਾਸ਼ਟਰੀ ਪ੍ਰਧਾਨ ਪਵਨ ਗੁਪਤਾ ਵੱਲੋਂ ਸ਼ਿਵ ਸੈਨਾ ਦੇ ਪੰਜਾਬ ਕਾਰਜਕਾਰੀ ਪ੍ਰਧਾਨ ਰਾਹੁਲ ਖੰਨਾ ਦੀਆਂ ਕਾਰਗੁਜ਼ਾਰੀਆਂ ਨੂੰ ਦੇਖਦੇ ਹੋਏ ਸ਼ਿਵ ਸੈਨਾ ਹਿੰਦੁਸਤਾਨ ਦਾ ਪੰਜਾਬ ਪ੍ਰਧਾਨ ਬਣਾਉਣ ਤੇ ਦਫਤਰ ਟਾਂਡਾ ਵਿਖੇ ਸ਼ਿਵ ਸੈਨਾ ਦੇ ਜ਼ਿਲ੍ਹਾ ਚੇਅਰਮੈਨ ਵਿਵੇਕ ਵਿਜ਼ਨ ਅਤੇ ਯੁਵਾ ਨੇਤਾ ਰਾਜੂ ਖੋਸਲਾ ਦੀ ਅਗਵਾਈ ਵਿੱਚ ਇੱਕ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਸ਼ਿਵ ਸੈਨਾ ਪੰਜਾਬ ਪ੍ਰਧਾਨ ਰਾਹੁਲ ਖੰਨਾ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ।ਸਮਾਰੋਹ ਨੂੰ ਸੰਬੋਧਨ ਕਰਦੇ ਹੋਏ ਰਾਹੁਲ ਖੰਨਾ ਨੇ ਕਿਹਾ ਕਿ ਸ਼ਿਵ ਸੈਨਾ ਹਿੰਦੁਸਤਾਨ ਨੂੰ ਹੋਰ ਮਜ਼ਬੂਤ ਕਰਨ ਲਈ ਪੰਜਾਬ ਦੇ ਹਰ ਪਿੰਡ ਅਤੇ ਕਸਬਿਆਂ ਤੋਂ ਇਲਾਵਾ ਸ਼ਹਿਰਾਂ ਵਿੱਚ ਸ਼ਿਵ ਸੈਨਾ ਦੀਆਂ ਇਕਾਈਆਂ ਗਠਤ ਕੀਤੀਆਂ ਜਾਣਗੀਆਂ ਤਾਂ ਜੋ ਨੌਜਵਾਨ ਪੀੜੀ ਨੂੰ ਨਸ਼ਿਆਂ ਜਿਹੀਆਂ ਅਲਾਮਤਾਂ ਤੋਂ ਦੂਰ ਰਹਿਣ ਦੀ ਪ੍ਰੇਰਨਾ ਦਿੱਤੀ ਜਾ ਸਕੇ। ਸਮਾਰੋਹ ਦੌਰਾਨ ਸ਼ਿਵ ਸੈਨਾ ਹਿੰਦੁਸਤਾਨ ਦੇ ਜ਼ਿਲ੍ਹਾ ਚੇਅਰਮੈਨ ਵਿਵੇਕ ਵਿਜਨ, ਦੋਆਬਾ ਯੂਥ ਪ੍ਰਧਾਨ ਪ੍ਰਸ਼ਾਂਤ ਪੰਡਿਤ, ਜ਼ਿਲਾ ਯੂਥ ਪ੍ਰਧਾਨ ਪੁਨੀਤ ਢੀਂਗਰਾ, ਯੁਵਾ ਨੇਤਾ ਰਾਜੂ ਖੋਸਲਾ, ਜ਼ਿਲਾ ਵਾਈਜ ਚੇਅਰਮੈਨ ਸੰਜੀਵ ਖੰਨਾ, ਸਿਟੀ ਯੂਥ ਪ੍ਰਧਾਨ ਗੁਰਨਾਮ ਸਿੰਘ ਗੋਨੀ, ਸੀਨੀਅਰ ਸਿਟੀ ਪ੍ਰਧਾਨ ਰਾਜੀਵ ਖੰਨਾ, ਸਿਟੀ ਯੂਥ ਚੇਅਰਮੈਨ ਮਨਜੋਤ ਸਿੰਘ ਤੇ ਹੋਰ ਸ਼ਿਵ ਸੈਨਾ ਵਰਕਰਾਂ ਨੇ ਰਾਹੁਲ ਖੰਨਾ ਨੂੰ ਪੰਜਾਬ ਪ੍ਰਧਾਨ ਬਣਨ ਤੇ ਵਧਾਈ ਦਿੰਦੇ ਹੋਏ ਹਾਰ ਪਾ ਕੇ ਸਨਮਾਨਤ ਕੀਤਾ।





# ਪਟਕੇ ਦੀ ਕੁਸ਼ਤੀ ਬੌਬੀ ਬਾਹੜੋਵਾਲ ਤੇ ਸੋਮਵੀਰ ਰੋਹਤਕ ਦੇ ਨਾਂਅ ਰਹੀ

**ਨਵਾਂਸ਼ਹਿਰ (ਮਨੋਜ ਲਾਡੀ)**- ਪਿੰਡ ਭੂਤਾਂ ਦੇ ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ ਤੇ ਐਨ ਆਰ ਆਈ ਵੱਲੋਂ ਕਰਵਾਇਆ ਗਿਆ ਸਲਾਨਾ ਛਿੰਞ ਮੇਲਾ ਯਾਦਗਾਰੀ ਹੋ ਨਿਬੜਿਆ, ਜਿਸ ਵਿੱਚ 80 ਤੋਂ ਵੱਧ ਭਲਵਾਨਾਂ ਨੇ ਭਾਗ ਲਿਆ, ਪਟਕੇ ਦੀ ਕੁਸ਼ਤੀ ਬੌਬੀ ਬਾਹੜੋਵਾਲ (ਭੂਤਾਂ) ਤੇ ਸੰਦੀਪ (ਪੀ ਏ ਪੀ) ਦੇ ਵਿੱਚਕਾਰ ਹੋਈ ਜਿਸ ਵਿੱਚ ਬੌਬੀ ਬਾਹੜੋਵਾਲ ਜੇਤੂ ਰਿਹਾ ਜਿਸ ਨੂੰ ਪੈਲਟਿਨਾ ਮੋਟਰਸਾਈਕਲ ਨਾਲ ਸਨਮਾਨਤ ਕੀਤਾ ਗਿਆ। ਦੂਜੀ ਪਟਕੇ ਦੀ ਕੁਸ਼ਤੀ ਸੋਮਵੀਰ ਰੋਹਤਕ ਤੇ ਵੱਡਾ ਜੱਸਾ ਮਰੋੜ ਦੇ ਵਿੱਚਕਾਰ ਹੋਈ ਜਿਸ ਵਿੱਚ ਸੋਮਵੀਰ ਰੋਹਤਕ ਜੇਤੂ ਰਿਹਾ, ਜਿਸ ਨੂੰ ਸਪਲੈਂਡਰ ਮੋਟਰਸਾਈਕਲ ਨਾਲ ਸਨਮਾਨਤ ਕੀਤਾ ਗਿਆ। ਛਿੰਞ ਮੇਲੇ ਦਾ ਦਰਸ਼ਕਾਂ ਵੱਲੋਂ ਖੂਬ ਆਨੰਦ ਮਾਣਿਆ ਗਿਆ। ਇਸ ਮੌਕੇ ਦਰਸ਼ਕਾਂ ਲਈ ਠੰਡੇ ਅਤੇ ਬਰੈੱਡ-ਚਾਹ ਦੇ ਲੰਗਰ ਵੀ ਲਗਾਏ ਗਏ ਸਨ। ਛਿੰਞ ਮੇਲੇ ਨੂੰ ਸਫਲ ਬਣਾਉਣ ਵਿੱਚ ਸਹਿਯੋਗ ਦੇਣ ਵਾਲੇ ਲੋਕਾਂ ਤੇ ਦਰਸ਼ਕਾਂ ਦਾ ਸਰਪੰਚ ਸੁਰਜੀਤ ਸਿੰਘ ਵੱਲੋਂ ਧੰਨਵਾਦ ਕੀਤਾ ਗਿਆ।



ਸੰਤ ਕੁਲਵੰਤ ਰਾਮ ਭਰੋਮਜਾਰਾ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਪੰਜਾਬ ਦਾ ਵਿਦੇਸ਼ ਤੋਂ ਵਾਪਸ ਆਉਣ ਤੇ ਸੰਗਤਾਂ ਵੱਲੋਂ ਦਾ ਕੇਕ ਕੱਟ ਕੇ ਸੁਆਗਤ ਕੀਤਾ ਗਿਆ। ਇਸ ਮੌਕੇ ਅਰਕੇਸ਼ ਕੁਮਾਰ, ਰਮਨ ਕੁਮਾਰ, ਥਾਣੇਦਾਰ ਸੁਰਿੰਦਰ ਪਾਲ,ਅਮਰਜੀਤ, ਵਰਿੰਦਰ ਕੁਮਾਰ, ਬੁੱਧ ਪ੍ਰਕਾਸ਼, ਠੇਕੇਦਾਰ ਪਰਮਜੀਤ, ਸੁਖਨਿੰਦਰ ਸੰਧੂ, ਸੰਦੀਪ ਕੌਰ,ਕਮਲਜੀਤ ਕੌਰ,ਬਾਬਾ ਜਿੰਦਰ ਆਦਿ ਹਾਜ਼ਰ ਸਨ।

**(ਫੋਟੋ ਤੇ ਵੇਰਵਾ - ਬੰਗਾ, ਅਵਤਾਰ ਕਲੇਰ)**

# ਐਲ ਪੀ ਯੂ ਬੇਸਬਾਲ ਟੀਮ ਨੇ ਆਲ ਇੰਡੀਆ ਇੰਟਰ ਯੂਨੀਵਰਸਿਟੀ ਚੈਂਪੀਅਨਸ਼ਿਪ ਜਿੱਤੀ

**ਜਲੰਧਰ (ਸ਼ੈਲੀ ਐਲਬਰਟ)**- ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲ ਪੀ ਯੂ) ਨੇ ਇੱਕ ਵਾਰ ਫਿਰ ਖੇਡਾਂ ਦੇ ਖੇਤਰ ਵਿੱਚ ਆਪਣਾ ਸਥਾਨ ਬਣਾਏ ਰੱਖਦੇ ਹੋਏ ਇਸ ਦੀ ਬੇਸਬਾਲ ਟੀਮ ਨੇ ਰਾਜਸਥਾਨ ਦੇ ਝੁੰਝੁਨੂ ਵਿਖੇ ਆਯੋਜਿਤ ਆਲ ਇੰਡੀਆ ਇੰਟਰ ਯੂਨੀਵਰਸਿਟੀ ਬੇਸਬਾਲ ਚੈਂਪੀਅਨਸ਼ਿਪ ਜਿੱਤੀ। ਦੇਸ਼ ਭਰ ਦੀਆਂ 80 ਤੋਂ ਵੱਧ ਯੂਨੀਵਰਸਿਟੀਆਂ ਦੀਆਂ ਚੋਟੀ ਦੀਆਂ ਟੀਮਾਂ ਨਾਲ ਮੁਕਾਬਲਾ ਹੋਇਆ। ਮੁੱਖ ਕੋਚ ਰਾਕੇਸ਼ ਦੀ ਅਗਵਾਈ ਵਿੱਚ 16 ਮੈਂਬਰੀ ਐਲ ਪੀ ਯੂ ਟੀਮ ਨੇ ਪੂਰੇ ਟੂਰਨਾਮੈਂਟ ਦੌਰਾਨ ਸ਼ਾਨਦਾਰ ਪ੍ਰਦਰਸ਼ਨ ਕੀਤਾ ਅਤੇ ਗੋਲਡ ਮੈਡਲ ਜਿੱਤਿਆ। ਟੀਮ ਦੇ ਕਈ ਖਿਡਾਰੀ ਅੰਤਰਰਾਸ਼ਟਰੀ ਪੱਧਰ 'ਤੇ ਵੀ ਭਾਰਤ ਦੀ ਨੁਮਾਇੰਦਗੀ ਕਰਦੇ ਹਨ।ਟੀਮ ਨੂੰ ਵਧਾਈ ਦਿੰਦੇ ਹੋਏ ਐਲ ਪੀ ਯੂ ਦੀ ਪ੍ਰੋ-ਚਾਂਸਲਰ ਕਰਨਲ ਡਾ. ਰਸ਼ਮੀ ਮਿੱਤਲ ਨੇ ਕਿਹਾ, ਐਲ ਪੀ ਯੂ ਵਿਖੇ, ਸਾਡਾ ਮੰਨਣਾ ਹੈ ਕਿ ਯੂਨੀਵਰਸਿਟੀ ਦਾ ਅਸਲ ਮਾਪ ਨਾ ਸਿਰਫ਼ ਉਸ ਦੀਆਂ ਅਕਾਦਮਿਕ ਪ੍ਰਾਪਤੀਆਂ ਵਿੱਚ ਹੈ, ਸਗੋਂ ਅਜਿਹੇ ਨੇਤਾ ਪੈਦਾ ਕਰਨ ਵਿੱਚ ਵੀ ਹੈ ਜੋ ਵੱਖ-ਵੱਖ ਖੇਤਰਾਂ ਵਿੱਚ ਜਿੱਤ ਪ੍ਰਾਪਤ ਕਰ ਸਕਦੇ ਹਨ। ਖੇਡਾਂ ਅਨੁਸ਼ਾਸਨ, ਟੀਮ ਵਰਕ ਅਤੇ ਲੀਡਰਸ਼ਿਪ ਗੁਣ ਪੈਦਾ ਕਰਦੀਆਂ ਹਨ ਜੋ ਜੀਵਨ ਵਿੱਚ ਸਫਲਤਾ ਲਈ ਜ਼ਰੂਰੀ ਹਨ। ਸਾਡਾ ਦ੍ਰਿਸ਼ਟੀਕੋਣ ਇੱਕ ਅਜਿਹਾ ਮਾਹੌਲ ਬਣਾਉਣਾ ਹੈ ਜਿੱਥੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪਲੇਟਫਾਰਮਾਂ 'ਤੇ ਪ੍ਰਸਿੱਧੀ ਪ੍ਰਾਪਤ ਕਰਨ ਲਈ ਸਭ ਤੋਂ ਵਧੀਆ ਖਿਡਾਰੀਆਂ ਦੀ ਖੋਜ ਕੀਤੀ ਜਾਵੇ ਅਤੇ ਉਨ੍ਹਾਂ ਦਾ ਪਾਲਣ-ਪੋਸ਼ਣ ਕੀਤਾ ਜਾਵੇ। ਖੇਡਾਂ ਹਮੇਸ਼ਾ ਐਲਪੀਯੂ ਦਾ ਗੜ੍ਹ ਰਹੀਆਂ ਹਨ, ਜਿਸ ਵਿੱਚ ਵਿਦਿਆਰਥੀ ਖੇਤਰੀ, ਜ਼ਿਲ੍ਹਾ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਲਗਾਤਾਰ ਉੱਤਮਤਾ ਪ੍ਰਾਪਤ ਕਰਦੇ ਹਨ। ਯੂਨੀਵਰਸਿਟੀ ਕੋਲ ਬਹੁਤ ਹੀ ਵੱਡੇ ਖੇਡ ਸਥਾਨ ਹੈ, ਨਾਲ ਹੀ ਖੇਡਾਂ ਨੂੰ ਉਤਸ਼ਾਹਤ ਕਰਨ ਲਈ ਕਾਫ਼ੀ ਸਕਾਲਰਸ਼ਿਪ ਵੀ ਹੈ।



# ਗੁਰੂ ਗੋਬਿੰਦ ਸਿੰਘ ਨਗਰ ਨਿਵਾਸੀਆਂ ਨੇ ਕੀਤਾ ਨਗਰ ਕੀਰਤਨ ਦਾ ਨਿੱਘਾ ਸਵਾਗਤ

**ਜਲੰਧਰ (ਨ.ਜ.ਸ)**- ਧੰਨ ਧੰਨ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਦਿਹਾੜੇ ਦੀ ਖੁਸ਼ੀ ਵਿੱਚ ਗੁਰੂਦੁਆਰਾ ਨੌਵੀ ਪਾਤਸ਼ਾਹੀ, ਦੂਖ ਨਿਵਾਰਨ ਸਾਹਿਬ, ਗੁਰੂ ਤੇਗ ਬਹਾਦਰ ਨਗਰ ਤੋਂ ਸਜਾਏ ਗਏ ਨਗਰ ਕੀਰਤਨ ਦਾ ਗੁਰੂ ਗੋਬਿੰਦ ਸਿੰਘ ਨਗਰ ਵਿੱਖੇ ਪੁਜਣ ਤੇ ਸਮੂਹ ਇਲਾਕਾ ਨਿਵਾਸੀਆਂ ਵੱਲੋ ਭਰਵਾਂ ਤੇ ਨਿੱਘਾ ਸਵਾਗਤ ਕੀਤਾ ਗਿਆ ਤੇ ਸੰਗਤਾਂ ਦੀ ਲੰਗਰਾਂ ਨਾਲ ਸੇਵਾ ਕੀਤੀ ਗਈ । ਸਵੇਰੇ ਲਗਭੱਗ 6 ਵਜੇ ਜਦੋ ਇਹ ਨਗਰ ਕੀਰਤਨ ਕਲੌਨੀ ਵਿਖੇ ਪੁਜਾ ਤਾਂ ਗੁਰੂ ਗੋਬਿੰਦ ਸਿੰਘ ਨਗਰ ਵੈਲਫੇਅਰ ਸੁਸਾਇਟੀ ਵੱਲੋਂ ਸਜਾਏ ਗਏ ਸਟਾਲ ਤੋਂ ਫੁੱਲਾਂ ਦੀ ਵਰਖਾ ਤੇ ਗੁਰੂ ਕੇ ਪੰਜ ਪਿਆਰਿਆਂ ਨੂੰ ਸਿਰੋਪਾਓ ਪਾ ਕੇ ਨਗਰ ਕੀਰਤਨ ਦਾ ਨਿੱਘਾ ਸਵਾਗਤ ਕੀਤਾ । ਇਸ ਮੌਕੇ ਇਕਤੱਰ ਹੋਏ ਵਸਨੀਕਾਂ ਨੇ ਨਗਰ ਕੀਰਤਨ ਵਿੱਚ ਸ਼ਾਮਲ ਸੰਗਤਾਂ ਦੀ ਪੂੜੀ ਛੋਲੇ ਦੇ ਲੰਗਰ, ਠੰਡੇ ਮਿੱਠੇ ਦੁੱਧ, ਸੋਡੇ ਦੀ ਛਬੀਲ ਦੇ ਲੰਗਰਾਂ ਨਾਲ ਸੇਵਾ ਕੀਤੀ। ਇਸ ਮੌਕੇ ਹੋਰਨਾਂ ਤੋ ਇਲਾਵਾ ਸੁਸਾਇਟੀ ਦੇ ਪ੍ਰਧਾਨ ਬਲਜੀਤ ਸਿੰਘ ਆਹਲੂਵਾਲੀਆ,ਇਲਾਕਾ ਕੌਂਸਲਰ ਹਰਸ਼ਰਨ ਕੌਰ ਹੈਪੀ, ਖੇਡ ਪ੍ਰਮੋਟਰ ਸੁਰਿੰਦਰ ਸਿੰਘ ਭਾਪਾ, ਸੁਸਾਇਟੀ ਦੇ ਜਨਰੱਲ ਸਕੱਤਰ ਐਡਵੋਕੇਟ ਗੁਰਵਿੰਦਰ ਸਿੰਘ ਪਰੂਥੀ, ਰਛਪਾਲ ਸਿੰਘ ਸੱਚਦੇਵਾ,ਗੁਰਕਿਰਪਾਲ ਸਿੰਘ, ਅਮਰਦੀਪ ਸਿੰਘ ਆਹਲੂਵਾਲੀਆ, ਸੁਰਿੰਦਰ ਪਾਲ ਸਿੰਘ ਸਿੰਘ ਗੁਲਾਟੀ,ਬਿੰਦਰਜੀਤ ਸਿੰਘ ਧਮੀਜਾ, ਲੱਕੀ ਵਧਾਵਨ, ਪੁਨੀਤ ਕਪੂਰ, ਪਰਮਜੀਤ ਸਿੰਘ ਪਾਹਵਾ,ਬਾਵਾ ਭੱਲਾ, ਗੋਲਡੀ ਸਿਡਾਨਾ, ਸੀਨੀਅਰ ਅਕਾਲੀ ਆਗੂ ਮਨਜੀਤ ਸਿੰਘ ਠੁੱਕਰਾਲ, ਡਾ: ਕੇ ਐਸ ਖੇੜਾ ਤੇ ਭਾਰੀ ਗਿਣਤੀ ਵਿੱਚ ਸੰਗਤਾਂ ਮੌਜੂਦ ਸਨ। ਨਗਰ ਕੀਰਤਨ ਦੇ ਨਾਲ ਚੱਲ ਰਹੇ ਗੁਰੁਦਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸੇਵਾਦਾਰ ਜਥੇਦਾਰ ਜਗਜੀਤ ਸਿੰਘ ਗਾਬਾ, ਕਵਲਜੀਤ ਸਿੰਘ ਟੋਨੀ ਤੇ ਹੋਰ ਅਹੁਦੇਦਾਰਾਂ ਨੇ ਗੁਰੂ ਗੋਬਿੰਦ ਸਿੰਘ ਨਗਰ ਵੈਲਫੇਅਰ ਸੁਸਾਇਟੀ ਦੀ ਕਾਰਜਕਾਰਣੀ ਅਤੇ ਸਮੂਹ ਵਸਨੀਕਾਂ ਦਾ ਧੰਨਵਾਦ ਕੀਤਾ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕਲੌਨੀ ਸੁਸਾਇਟੀ ਦੇ ਅਹੁਦੇਦਾਰਾਂ ਨੂੰ ਸਿਰੋਪਾਓ ਦੇ ਕੇ ਸਨਮਾਨਤ ਕੀਤਾ।



# ਡੇਰਾ ਬਾਬਾ ਗੋਸਾਈ ਆਣਾ ਦਾ ਸਾਲਾਨਾ ਮੇਲਾ

**ਕੁਰਾਲੀ (ਮੋਹਨ ਅੱਗਰਵਾਲ)**- ਪ੍ਰਾਚੀਨ ਪ੍ਰਸਿੱਧ ਡੇਰਾ ਬਾਬਾ ਗੋਸਾਈ ਆਣਾ ਦਾ ਸਾਲਾਨਾ ਮੇਲਾ ਅੱਜ ਮਨਾਇਆ ਜਾ ਰਿਹਾ ਹੈ।ਮੇਲੇ ਤੋਂ ਕੁਝ ਦਿਨ ਪਹਿਲਾਂ ਡੇਰੇ ਦੇ ਮੁੱਖ ਸੇਵਾਦਾਰ ਬਾਬਾ ਧਨਰਾਜ ਗਿਰ ਮਹਾਰਾਜ ਸੰਗਤਾਂ ਨੂੰ ਨਾਲ ਲੈ ਕੇ ਸ਼ਹਿਰ ਵਿੱਚ ਗਜਾ ਸ਼ੁਰੂ ਕਰਦੇ ਹਨ। ਇਹ ਗਜਾ ਸ਼ਹਿਰ ਕੁਰਾਲੀ ਦੇ ਬਾਜ਼ਾਰ ਵਿੱਚੋਂ ਹੁੰਦੇ ਹੋਏ ਕਾਂਗਰਸੀ ਲੀਡਰ ਗੁਰਪ੍ਰਤਾਪ ਸਿੰਘ ਪਡਿਆਲਾ ਜਨਰਲ ਸਕੱਤਰ (ਪੰਜਾਬ ਕਿਸਾਨ ਕਾਂਗਰਸ) ਦੇ ਫਾਰਮ ਹਾਊਸ 'ਤੇ ਪਹੁੰਚੀ। ਪਡਿਆਲਾ ਵੱਲੋਂ ਆਪਣੇ ਸਾਥੀਆਂ ਦੇ ਨਾਲ ਮਿਲ ਕੇ ਘਰ ਆਏ ਇਹਨਾਂ ਸਾਧੂ ਸੰਤਾਂ ਅਤੇ ਸੰਗਤਾਂ ਦਾ ਬੜੀ ਸ਼ਰਧਾ ਭਾਵਨਾ ਦੇ ਨਾਲ ਸਵਾਗਤ ਕੀਤਾ ਗਿਆ। ਉਪਰੰਤ ਆਏ ਇਹਨਾਂ ਸਾਧੂਆਂ ਨੂੰ ਲੰਗਰ ਵੀ ਛਕਾਇਆ ਗਿਆ।ਗੁਰਪ੍ਰਤਾਪ ਸਿੰਘ ਪਡਿਆਲਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਹੈ ਕਿ ਇਹਨਾਂ ਪਾਵਨ ਅਸਥਾਨਾਂ ਅਤੇ ਸਾਧੂ ਸੰਤਾਂ ਦੀ ਸਾਡੇ ਇਲਾਕੇ ਉੱਤੇ ਵੱਡੀ ਕਿਰਪਾ ਹੈ।ਇਹਨਾਂ ਸਾਧੂਆਂ ਦੀ ਕਿਰਪਾ ਨਾਲ ਹੀ ਸਾਡੇ ਇਲਾਕੇ 'ਚ ਤੰਦਰੁਸਤੀ ਖੁਸ਼ੀਆਂ ਖੇੜੇ ਹਨ। ਉਹਨਾਂ ਕਿਹਾ ਕਿ ਇਲਾਕੇ ਦੀ ਸੰਗਤਾਂ ਨੂੰ ਇਸ ਮੇਲੇ ਦੀ ਬੇਸਬਰੀ ਨਾਲ ਉਡੀਕ ਰਹਿੰਦੀ ਹੈ।ਇਸ ਸਾਲਾਨਾ ਮੇਲੇ ਉੱਤੇ ਵੱਡੀ ਗਿਣਤੀ ਵਿੱਚ ਸੰਗਤਾਂ ਦੂਰੋਂ ਨੇੜਿਓਂ ਹਾਜ਼ਰੀਆਂ ਭਰਦੀਆਂ ਹਨ। ਇਸ ਮੌਕੇ ਨੰਦੀਪਾਲ ਬੰਸਲ ਕੌਂਸਲਰ, ਮੁਕੇਸ਼ ਰਾਣਾ ਸਾਬਕਾ ਕੌਂਸਲਰ, ਚਾਂਦ ਰਾਣਾ, ਪ੍ਰੇਮ ਕੁਰਾਲੀ, ਕੁਲਵਿੰਦਰ ਸਿੰਘ ਨਗਲੀਆਂ ਸਾਬਕਾ ਸਰਪੰਚ, ਰਵਿੰਦਰ ਸਿੰਘ ਬੋਬੀ ਬੱਤਾ ਸਾਬਕਾ ਸਰਪੰਚ, ਪੁਨੀਤ ਜੋਸ਼ੀ, ਪ੍ਰਿੰਸ ਸ਼ਰਮਾ, ਸੁਰਿੰਦਰ ਕੌਰ ਸ਼ੇਰਗਿਲ, ਸੋਨੀਆ ਧੀਮਾਨ, ਉਮਿੰਦਰ ਓਮਾ (ਪ੍ਰਸਿੱਧ ਲੋਕ ਗਾਇਕ) ਤਰਿੰਦਰ ਤਾਰਾ ਹਾਜ਼ਰ ਸਨ।



# 5ਵੀਂ ਹਾਕੀ ਇੰਡੀਆ ਜੂਨੀਅਰ ਮੈਨ ਰਾਸ਼ਟਰੀ ਹਾਕੀ ਚੈਂਪੀਅਨਸ਼ਿਪ

**ਜਲੰਧਰ (ਸ਼ੈਲੀ ਐਲਬਰਟ)**- ਹਰਿਆਣਾ ਨੇ ਸਖਤ ਮੁਕਾਬਲੇ ਮਗਰੋਂ ਓਡੀਸ਼ਾ ਨੂੰ 3-2 ਨਾਲ ਹਰਾ ਕੇ 15ਵੀਂ ਹਾਕੀ ਇੰਡੀਆ ਜੂਨੀਅਰ ਮੈਨ ਰਾਸ਼ਟਰੀ ਹਾਕੀ ਚੈਂਪੀਅਨਸ਼ਿਪ ਦੇ ਖਿਤਾਬ 'ਤੇ ਕਬਜ਼ਾ ਕਰ ਲਿਆ। ਜਦਕਿ ਪੰਜਾਬ ਨੇ ਉਤਰ ਪ੍ਰਦੇਸ਼ ਨੂੰ ਸ਼ੂਟ

**● ਹਰਿਆਣਾ ਨੇ ਓਡੀਸ਼ਾ ਨੂੰ ਹਰਾ ਕੇ ਖਿਤਾਬ 'ਤੇ ਕਬਜ਼ਾ ਕੀਤਾ**

ਆਊਟ ਰਾਹੀਂ 4-3 ਦੇ ਫਰਕ ਨਾਲ ਹਰਾ ਕੇ ਕਾਂਸੀ ਦਾ ਤਮਗਾ ਹਾਸਲ ਕੀਤਾ। ਸਥਾਨਕ ਉਲੰਪੀਅਨ ਸੁਰਜੀਤ ਹਾਕੀ ਸਟੇਡੀਅਮ ਵਿੱਚ ਸਪੰਨ ਹੋਈ ਇਸ ਚੈਂਪੀਅਨਸ਼ਿਪ ਦੇ ਜੇਤੂਆਂ ਨੂੰ ਇਨਾਮਾਂ ਦੀ ਵੰਡ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਮਹਿੰਦਰ ਭਗਤ ਨੇ ਕੀਤੀ। ਉਨ੍ਹਾਂ ਇਸ ਮੌਕੇ ਹਾਕੀ ਪੰਜਾਬ ਨੂੰ 11 ਲੱਖ ਰੁਪਏ ਦੇਣ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਹਾਕੀ ਪੰਜਾਬ ਵਲੋਂ ਜਿਹੜਾ ਵੀ ਰਾਸ਼ਟਰੀ ਜਾਂ ਅੰਤਰਰਾਸ਼ਟਰੀ ਪੱਧਰ ਦਾ ਟੂਰਨਾਮੈਂਟ ਕਰਵਾਇਆ ਜਾਵੇਗਾ ਉਸ ਵਿੱਚ ਪੰਜਾਬ ਸਰਕਾਰ ਅਹਿਮ ਯੋਗਦਾਨ ਪਾਵੇਗੀ।ਫਾਇਨਲ ਮੈਚ ਬਹੁਤ ਰੋਮਾਂਚਕ ਰਿਹਾ। ਅੱਧੇ ਸਮੇਂ ਤੱਕ ਓਡੀਸ਼ਾ 2-0 ਨਾਲ ਅੱਗੇ ਸੀ। ਪਰ ਖੇਡ ਦੇ ਦੂਜੇ ਅੱਧ ਵਿੱਚ ਹਰਿਆਣਾ ਨੇ ਸ਼ਾਨਦਾਰ



ਵਾਪਸੀ ਕੀਤੀ। ਓਡੀਸ਼ਾ ਦੇ ਦੀਪਕ ਪ੍ਰਧਾਨ ਨੇ 17ਵੇਂ ਮਿੰਟ ਵਿੱਚ ਅਤੇ ਪ੍ਰਤਾਪ ਟੋਪੋ ਨੇ 19ਵੇਂ ਮਿੰਟ ਵਿੱਚ ਗੋਲ ਕਰਕੇ ਸਕੋਰ 2-0 ਕੀਤਾ। ਹਰਿਆਣਾ ਵਲੋਂ ਚਿਰਾਗ ਨੇ 50ਵੇਂ ਮਿੰਟ ਵਿੱਚ, ਨਿਤਨ ਨੇ 51ਵੇਂ ਅਤੇ 60ਵੇਂ ਮਿੰਟ ਵਿੱਚ ਗੋਲ ਕਰਕੇ ਮੈਚ 3-2 ਨਾਲ ਜਿੱਤ ਲਿਆ।ਇਸ ਤੋਂ ਪਹਿਲਾਂ ਤੀਸਰੇ ਸਥਾਨ ਲਈ ਖੇਡੇ ਗਏ ਮੈਚ ਵਿੱਚ ਪੰਜਾਬ ਨੇ ਬੇਹਤਰੀਨ ਖੇਡ ਦਾ ਪ੍ਰਦਰਸ਼ਨ ਕੀਤਾ। ਨਿਰਧਾਰਤ ਸਮੇਂ ਦੀ ਸਮਾਪਤੀ ਤੱਕ ਸਕੋਰ 3-3 ਨਾਲ ਬਰਾਬਰ ਰਿਹਾ। ਪੈਨਲਟੀ ਸ਼ੂਟ ਆਊਟ ਵਿਚ ਪੰਜਾਬ ਨੇ ਉਤਰ ਪ੍ਰਦੇਸ਼ ਨੂੰ 4-3 ਨਾਲ ਹਰਾ ਕੇ ਤੀਸਰਾ ਸਥਾਨ ਹਾਸਲ ਕੀਤਾ।ਅੱਜ ਦੇ ਮੈਚਾਂ ਦੇ ਮੁੱਖ ਮਹਿਮਾਨ ਮਹਿੰਦਰ ਭਗਤ ਕੈਬਨਿਟ ਮੰਤਰੀ ਪੰਜਾਬ, ਨਿਤਨ ਕੋਹਲੀ ਪ੍ਰਧਾਨ ਹਾਕੀ ਪੰਜਾਬ, ਅਮਰੀਕ ਸਿੰਘ ਪੁਆਰ ਜਨਰਲ ਸਕੱਤਰ ਹਾਕੀ ਪੰਜਾਬ, ਅਜੀਤਪਾਲ ਸਿੰਘ ਗੋਲਡੀ, ਉਲੰਪੀਅਨ ਹਰਪ੍ਰੀਤ ਸਿੰਘ ਮੰਡੇਰ, ਉਲੰਪੀਅਨ ਰਜਿੰਦਰ ਸਿੰਘ ਸੀਨੀਅਰ, ਅਸ਼ਫਾਕ ਉਲਾ ਖਾਨ, ਨਿਕੋਲਸ ਟੋਲਾਟਿਸ, ਰਾਣਾ ਟੁੱਟ, ਇਕਬਾਲ ਸਿੰਘ ਸੰਧੂ, ਸੁਰਿੰਦਰ ਸਿਘ ਭਾਪਾ, ਗੁਰਮੀਤ ਸਿੰਘ, ਜੀ ਐਸ ਸੰਘਾ, ਐਚ ਐਸ ਸੰਘਾ ਅਤੇ ਹੋਰ ਬਹੁਤ ਸਾਰੇ ਖੇਡ ਪ੍ਰੇਮੀ ਹਾਜ਼ਰ ਸਨ।



## ਜਲਾਲਪੁਰ ਨੇ ਨੇਚਰ ਪਾਰਕ ਨੂੰ ਦਿੱਤੀ 2 ਲੱਖ 12 ਹਜ਼ਾਰ ਦੀ ਗਰਾਂਟ

**ਬਲਾਚੌਰ (ਜਸਵਿੰਦਰ ਬੈਂਸ)**- ਆਮ ਆਦਮੀ ਪਾਰਟੀ ਸ਼ਹੀਦ ਭਗਤ ਸਿੰਘ ਨਗਰ ਦੇ ਜ਼ਿਲ੍ਹਾ ਪ੍ਰਧਾਨ ਤੇ ਚੇਅਰਮੈਨ ਜਿਲਾ ਯੋਜਨਾ ਬੋਰਡ ਸਤਨਾਮ ਜਲਾਲਪੁਰ ਨੇ ਆਪਣੇ ਅਖਤਿਆਰੀ ਕੋਟੇ ਵਿੱਚੋਂ 2 ਲੱਖ 12 ਹਜ਼ਾਰ ਰੁਪਏ ਦੀ ਗਰਾਂਟ ਬਲਾਚੌਰ ਦੇ ਵਾਰਡ ਨੰਬਰ-12 ਦੇ ਨੇਚਰ ਪਾਰਕ( ਜੋ ਕਿ ਬਲਾਚੌਰ ਨਵਾਂ ਸ਼ਹਿਰ ਰੋਡ ਤੇ ਪੈਂਦਾ ਹੈ) ਵਿਚ ਖੇਡਾਂ ਦੇ ਸਮਾਨ ਅਤੇ ਓਪਨ ਜਿਮ ਲਈ ਜਾਰੀ ਕੀਤੀ ਗਈ ਹੈ। ਇਹ ਗਰਾਂਟ ਸਿਆਣਾ ਵਿਖੇ ਹੋਏ ਕੁਸ਼ਤੀ ਮੁਕਾਬਲੇ ਸਮੇਂ ਐਮ ਐਲ ਏ ਸ਼੍ਰੀਮਤੀ ਸੰਤੋਸ਼ ਕਟਾਰੀਆ, ਚੇਅਰਮੈਨ ਮਾਰਕੀਟ ਕਮੇਟੀ ਬਲਾਚੌਰ ਸੇਠੀ ਉਧਨੋਵਾਲ ਅਤੇ ਸੁਨੀਲ ਕੌਸ਼ਲ (ਲਾਡੀ ਰਾਣਾ) ਦੀ ਮੌਜੂਦਗੀ ਵਿੱਚ ਵਾਰਡ ਨੰਬਰ- 12 ਦੇ ਐਮ ਸੀ ਰਾਧੇ ਸ਼ਾਮ ਨੂੰ ਸੌਂਪੀ ਗਈ।ਸਤਨਾਮ ਜਲਾਲਪੁਰ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਯਤਨ ਕੀਤੇ ਜਾ ਰਹੇ ਹਨ।

# ਖੂੰਖਾਰ ਕੁੱਤੇ ਬਣੇ ਬੱਚਿਆਂ ਤੇ ਬਜ਼ੁਰਗਾਂ ਦੀ ਜਾਨ ਦਾ ਖੌਅ

**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**- ਭੋਗਪੁਰ 'ਚ ਖੂੰਖਾਰ ਕੁੱਤੇ ਬੱਚਿਆਂ ਅਤੇ ਬਜ਼ੁਰਗਾਂ ਦੀ ਜਾਨ ਦਾ ਖੌਅ ਬਣੇ ਹੋਏ ਹਨ ਜਿਸ ਕਾਰਨ ਲੋਕਾਂ ਤੇ ਖਾਸਕਰ ਬੱਚਿਆਂ ਅਤੇ ਬਜ਼ੁਰਗਾਂ ਦਾ ਗਲੀ ਮੁਹੱਲਿਆਂ 'ਚ ਚੱਲਣਾ/ਖੇਡਣਾ ਵੀ ਹੁਣ ਅਸੁਰੱਖਿਅਤ ਹੋ ਗਿਆ ਹੈ। ਭੋਗਪੁਰ 'ਚ ਗਲੀ ਮੁਹੱਲੇ ਵਾਲਿਆਂ ਵੱਲੋਂ ਅਵਾਰਾ ਖੂੰਖਾਰ ਕੁੱਤੇ ਪਾਲ ਰੱਖੇ ਹਨ, ਜਿਨ੍ਹਾਂ ਨੂੰ ਉਹ ਸਵੇਰੇ ਸ਼ਾਮ ਰੋਟੀ ਪਾਉਂਦੇ ਰਹਿੰਦੇ ਹਨ ਅਤੇ ਉਹ ਅਵਾਰਾ ਕੁੱਤੇ ਬਾਹਰ ਸ਼ਰੇਆਮ ਗਲੀਆਂ ਵਿੱਚ ਘੁੰਮਦੇ ਰਹਿੰਦੇ ਹਨ। ਬੱਚੇ ਜਦ ਖੇਡਦੇ ਸਮੇਂ ਕਿਸੇ ਗਲੀ ਮੁਹੱਲੇ ਵਿੱਚ ਜਾਂਦੇ ਹਨ ਤਾਂ ਇਹ ਬੱਚਿਆਂ ਨੂੰ ਵੱਢ ਜਾਂਦੇ ਹਨ। ਲੋਕ ਬਹੁਤ ਪਰੇਸ਼ਾਨ ਹਨ ਅਤੇ ਡਰ ਅਤੇ ਦਹਿਸ਼ਤ ਦਾ



ਮਾਹੌਲ ਬਣਿਆ ਹੋਇਆ ਹੈ। ਉਨ੍ਹਾਂ ਸੰਬੰਧਤ ਵਿਭਾਗ ਅਤੇ ਜ਼ਿਲ੍ਹੇ ਦੇ ਉੱਚ ਅਧਿਕਾਰੀਆਂ ਤੋਂ ਮੰਗ ਕੀਤੀ ਕਿ ਅਵਾਰਾ ਕੁੱਤਾ ਪਾਲਕਾਂ ਪ੍ਰਤੀ ਸਖ਼ਤੀ ਵਰਤਦਿਆਂ, ਉਨ੍ਹਾਂ ਨੂੰ ਆਬਾਦੀ ਵਾਲੇ ਖੇਤਰਾਂ 'ਚ ਅਵਾਰਾ ਖੂੰਖਾਰ ਨਸਲਾਂ ਦੇ ਕੁੱਤੇ ਪਾਲਣ ਤੋਂ ਸਖ਼ਤੀ ਨਾਲ ਪੇਸ਼ ਆਇਆ ਜਾਵੇ ਤਾਂ ਜੋ ਲੋਕਾਂ ਦੀਆਂ ਜ਼ਿੰਦਗੀਆਂ ਸੁਰੱਖਿਅਤ ਰਹਿ ਸਕਣ, ਅਤੇ ਲੋਕਾਂ ਦੇ ਮਨਾਂ ਚੋਂ ਡਰ ਅਤੇ ਦਹਿਸ਼ਤ ਦਾ ਮਾਹੌਲ ਨਿਕਲ ਸਕੇ।

## ਰਾਜਪਾਲ ਕਟਾਰੀਆ ਨੇ ਮੇਲੇ ਦਾ ਕੀਤਾ ਉਦਘਾਟਨ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਪੰਜਾਬ ਦੇ ਰਾਜਪਾਲ ਸ਼੍ਰੀ ਗੁਲਾਬ ਚੰਦ ਕਟਾਰੀਆ ਨੇ ਜੀ.ਡੀ. ਗੋਇਨਕਾ ਪਬਲਿਕ ਸਕੂਲ, ਮੋਹਾਲੀ ਵਿੱਚ ਈਟ ਰਾਈਟ ਵਾਕਾਥਾਨ ਤੇ ਮੇਲੇ ਦਾ ਉਦਘਾਟਨ ਕੀਤਾ। ਇਸ ਸਮਾਗਮ ਦਾ ਆਯੋਜਨ ਜੀ.ਡੀ.



ਗੋਇਨਕਾ ਪਬਲਿਕ ਸਕੂਲ ਅਤੇ ਦ ਰੈਡ ਕਾਰਪੈਟ ਵੈਂਚਰਜ਼ ਵੱਲੋਂ ਭਾਰਤੀ ਖੁਰਾਕ ਸੁਰੱਖਿਆ ਅਤੇ ਮਾਪਦੰਡ ਅਥਾਰਟੀ (ਐਫ ਐਸ ਐਸ ਏ ਆਈ) ਤੇ ਪੰਜਾਬ ਖੁਰਾਕ ਅਤੇ ਡਰੱਗ ਪ੍ਰਸ਼ਾਸਨ ਦੇ ਮਾਰਗਦਰਸ਼ਨ ਹੇਠ, ਹਰਬਾਲਾਈਫ਼ ਦੇ ਸਹਿਯੋਗ ਨਾਲ ਕੀਤਾ ਗਿਆ। ਰਾਜਪਾਲ ਨੇ ਕਟਾਰੀਆ ਆਪਣੇ ਸੰਬੋਧਨ ਵਿੱਚ ਕਿਹਾ ਕਿ ਈਟ ਰਾਈਟ ਕੇਵਲ ਇੱਕ ਨਾਰਾ ਨਹੀਂ, ਸਗੋਂ ਲੋਕ ਲਹਿਰ ਹੈ ਜਿਸਨੂੰ ਹਰ ਨਾਗਰਿਕ ਨੂੰ ਆਪਣੀ ਜੀਵਨ ਸ਼ੈਲੀ ਦਾ ਹਿੱਸਾ ਬਣਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸੰਤੁਲਿਤ ਤੇ ਪੌਸ਼ਟਿਕ ਆਹਾਰ ਦੇ ਨਾਲ ਹੀ ਨੌਜਵਾਨ ਪੀੜ੍ਹੀ ਨੂੰ ਮਜ਼ਬੂਤ, ਊਰਜਾਵਾਨ ਅਤੇ ਰਚਨਾਤਮਕ ਭਵਿੱਖ ਲਈ ਤਿਆਰ ਕੀਤਾ ਜਾ ਸਕਦਾ ਹੈ।

## ਖ਼ੂਨਦਾਨ ਬਾਰੇ ਫੈਲੀਆਂ ਗਲਤ ਧਾਰਨਾਵਾਂ ਨੂੰ ਦੂਰ ਕਰਨ ਸਮਾਜਿਕ ਸੰਗਠਨ : ਸ਼ਰਮਾ

**ਲਾਲੜੂ (ਵਿਨੈ ਕੁਮਾਰ ਜੈਨ)**- ਸ਼੍ਰੋਮਣੀ ਅਕਾਲੀ ਦਲ ਦੇ ਖਜ਼ਾਨਚੀ ਅਤੇ ਸਾਬਕਾ ਵਿਧਾਇਕ ਐਨ ਕੇ ਸ਼ਰਮਾ ਨੇ ਕਿਹਾ ਹੈ ਕਿ ਖ਼ੂਨਦਾਨ ਤੋਂ ਵੱਡਾ ਕੋਈ ਦਾਨ ਨਹੀਂ ਹੈ। ਸਮਾਜਿਕ ਸੰਗਠਨਾਂ ਨੂੰ ਇੱਕਜੁੱਟ ਹੋ ਕੇ ਖ਼ੂਨਦਾਨ ਬਾਰੇ ਗਲਤ ਧਾਰਨਾਵਾਂ ਨੂੰ ਦੂਰ ਕਰਨ ਲਈ ਲੋਕਾਂ ਨੂੰ ਜਾਗਰੂਕ ਕਰਨਾ ਚਾਹੀਦਾ ਹੈ। ਐਨ ਕੇ ਸ਼ਰਮਾ ਐਤਵਾਰ ਨੂੰ ਲਾਲੜੂ ਮੰਡੀ ਸਥਿਤ ਬ੍ਰਹਮਾ ਕੁਮਾਰੀ ਆਸ਼ਰਮ ਵਿਖੇ ਰਾਜਯੋਗਿਨੀ ਦਾਦੀ ਪ੍ਰਕਾਸ਼ਮਣੀ ਦੀ 18ਵੀਂ ਬਰਸੀ ਮੌਕੇ ਲਗਾਏ ਗਏ



ਖ਼ੂਨਦਾਨ ਕੈਂਪ ਵਿੱਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਕੇ ਇਲਾਕੇ ਦੇ ਲੋਕਾਂ ਨੂੰ ਸੰਬੋਧਨ ਕਰ ਰਹੇ ਸਨ। ਇਹ ਖ਼ੂਨਦਾਨ ਕੈਂਪ ਬ੍ਰਹਮਾ ਕੁਮਾਰੀ ਸਮਾਜ ਸੇਵਾ ਵਿਭਾਗ ਵੱਲੋਂ ਲਗਾਇਆ ਗਿਆ। ਐਨ ਕੇ ਸ਼ਰਮਾ ਨੇ ਖ਼ੂਨਦਾਨੀਆਂ ਨੂੰ ਉਤਸ਼ਾਹਿਤ ਕਰਦੇ ਹੋਏ ਕਿਹਾ ਕਿ ਅਸੀਂ ਇੱਕ ਪਰਵਾਰ ਜਾਂ ਇੱਕ ਕੁਨਬੇ ਨਾਲ ਸਬੰਧਤ ਹੁੰਦੇ ਹਾਂ, ਖ਼ੂਨ ਦਾ ਰਿਸ਼ਤਾ ਸਿਰਫ਼ ਇੱਥੋਂ ਤੱਕ ਹੀ ਨਹੀਂ ਹੁੰਦਾ। ਸਹੀ ਅਰਥਾਂ ਵਿੱਚ ਜੇਕਰ ਤੁਹਾਡੇ ਵੱਲੋਂ ਦਾਨ ਕੀਤਾ ਗਿਆ ਖ਼ੂਨ ਕਿਸੇ ਅਣਜਾਣ ਵਿਅਕਤੀ ਦੀ ਜਾਨ ਬਚਾਉਣ ਵਿੱਚ ਮਦਦਗਾਰ ਸਾਬਤ ਹੁੰਦਾ ਹੈ, ਤਾਂ ਉਹੀ ਖ਼ੂਨ ਦਾ ਰਿਸ਼ਤਾ ਅਖਵਾਉਂਦਾ ਹੈ।ਇਸ ਮੌਕੇ ਰੈੱਡ ਕਰਾਸ ਤੋਂ ਜਸਬੀਰ ਸਿੰਘ, ਅਕਾਲੀ ਆਗੂ ਬੁੱਲੂ ਰਾਣਾ, ਗੁਰਬਿੰਦਰ ਸਿੰਘ, ਰਘੂਬੀਰ ਜੁਨੇਜਾ, ਰੋਹਿਤ ਰਤਨ, ਦੀਪਕ ਚੁੱਘ ਸਮੇਤ ਕਈ ਪਤਵੰਤੇ ਮੌਜੂਦ ਸਨ।

# ਨਸ਼ਿਆਂ ਦੀ ਦੁਰਵਰਤੋਂ ਬਾਰੇ ਜਾਗਰੂਕਤਾ ਭਾਸ਼ਣ ਤੇ ਨੁੱਕੜ ਨਾਟਕ

**ਜਲੰਧਰ (ਸ਼ੈਲੀ ਐਲਬਰਟ)**- ਲਾਇਲਪੁਰ ਖ਼ਾਲਸਾ ਕਾਲਜ 'ਚ ਭਾਰਤ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਅਤੇ ਪੰਜਾਬ ਸਰਕਾਰ ਦੀ ਨਸ਼ਾ ਵਿਰੋਧੀ ਮੁਹਿੰਮ ਤਹਿਤ ਕਾਲਜ ਦੀ ਅਰਸਤੂ ਸੋਸਾਇਟੀ ਆਫ਼ ਲਾਈਫ਼ ਸਾਇੰਸਿਜ਼, ਸ਼ਿਕਾਇਤ ਨਿਵਾਰਨ ਕਮੇਟੀ, ਸਰੀਰਕ ਸਿੱਖਿਆ ਅਤੇ ਖੇਡਾਂ ਵਿਭਾਗ, ਇਤਿਹਾਸ ਕਲੱਬ ਅਤੇ ਐਨ.ਐਸ.ਐਸ. ਯੂਨਿਟ ਨੇ ਅਜੀਤ ਸਿੰਘ ਫਾਊਂਡੇਸ਼ਨ ਸੁਸਾਇਟੀ ਦੇ ਸਹਿਯੋਗ ਨਾਲ ਨਸ਼ਿਆਂ ਦੀ




ਦੁਰਵਰਤੋਂ ਬਾਰੇ ਜਾਗਰੂਕਤਾ ਭਾਸ਼ਣ ਅਤੇ ਨੁੱਕੜ ਨਾਟਕਾਂ ਦਾ ਆਯੋਜਨ ਕੀਤਾ। ਪ੍ਰਿੰਸੀਪਲ ਡਾ. ਸੁਮਨ ਚੋਪੜਾ ਨੇ ਪ੍ਰਬੰਧਕੀ ਕਮੇਟੀ ਦੇ ਨਾਲ ਮੁੱਖ ਵਕਤਾ ਸ਼੍ਰੀਮਤੀ ਪਰਵੀਨ ਅਬਰੋਲ ਦਾ ਗੁਲਦਸਤਾ ਦੇ ਕੇ ਸਵਾਗਤ ਕੀਤਾ। ਪ੍ਰਿੰਸੀਪਲ ਡਾ. ਚੋਪੜਾ ਨੇ ਆਪਣੇ ਸੰਬੋਧਨ ਵਿੱਚ ਨੌਜਵਾਨਾਂ ਨੂੰ ਰਾਸ਼ਟਰ ਨਿਰਮਾਣ ਲਈ ਆਪਣੇ ਆਪ ਨੂੰ ਸਮਰਪਤ ਕਰਨ ਅਤੇ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ। ਪਰਵੀਨ ਅਬਰੋਲ ਨੇ ਨਸ਼ਿਆਂ ਦੀ ਵਰਤੋਂ ਦੇ ਮੂਲ ਕਾਰਨਾਂ ਅਤੇ ਇਸ ਦੇ ਨਤੀਜਿਆਂ ਦਾ ਅਸਲ ਜੀਵਨ ਦੀਆਂ ਉਦਾਹਰਣਾਂ ਨਾਲ ਵਰਨਣ ਕੀਤਾ। ਉਹਨਾਂ ਨੇ ਇਸ ਖ਼ਤਰੇ ਦੇ ਉਪਾਵਾਂ ਬਾਰੇ ਵੀ ਚਰਚਾ ਕੀਤੀ ਅਤੇ ਕਿਹਾ ਕਿ ਮਾਪਿਆਂ ਅਤੇ ਉਨ੍ਹਾਂ ਦੇ ਬੱਚਿਆਂ ਦੁਆਰਾ ਇਕੱਠੇ ਬਿਤਾਇਆ ਗਿਆ ਵਧੀਆ ਸਮਾਂ ਇਸ ਸਮੱਸਿਆ ਨਾਲ ਨਜਿੱਠਣ ਦਾ ਸਭ ਤੋਂ ਪ੍ਰਭਾਵਸ਼ਾਲੀ ਤਰੀਕਾ ਹੈ। ਉਨ੍ਹਾਂ ਨੇ ਵਿਦਿਆਰਥੀਆਂ ਵਿੱਚ ਆਸ਼ਾਵਾਦ ਅਤੇ ਨੈਤਿਕ ਕਦਰਾਂ-ਕੀਮਤਾਂ ਨੂੰ ਪੈਦਾ ਕਰਨ ਵਾਲੇ ਅਜਿਹੇ ਸਮਾਗਮਾਂ ਦੇ ਆਯੋਜਨ ਲਈ ਕਾਲਜ ਦੇ ਯਤਨਾਂ ਦੀ ਸ਼ਲਾਘਾ ਕੀਤੀ। ਬਾਅਦ ਵਿੱਚ ਐਨ ਐਸ ਐਸ ਵਲੰਟੀਅਰਾਂ ਅਤੇ ਕਾਲਜ ਥੀਏਟਰ ਟੀਮ ਦੁਆਰਾ ਨਸ਼ੇ ਅਤੇ ਹੋਰ ਸਮਾਜਿਕ ਮੁੱਦਿਆਂ ਨਾਲ ਸਬੰਧਤ ਦੋ ਨੁੱਕੜ ਨਾਟਕ ਵੀ ਖੇਡੇ ਗਏ। ਨਸ਼ਿਆਂ ਦੀ ਵਰਤੋਂ ਦੇ ਮਾੜੇ ਪ੍ਰਭਾਵਾਂ ਬਾਰੇ ਦੂਜਿਆਂ ਨੂੰ ਜਾਗਰੂਕ ਕਰਨ ਲਈ ਇੱਕ ਮੁਹਿੰਮ ਸਹੁੰ ਵੀ ਚੁੱਕੀ ਗਈ। ਸਟੇਜ ਦਾ ਸੰਚਾਲਨ ਐਨਐਸਐਸ ਦੇ ਮੁੱਖ ਪ੍ਰੋਗਰਾਮ ਅਫਸਰ ਪ੍ਰੋ. ਸਤਪਾਲ ਸਿੰਘ ਦੁਆਰਾ ਕੀਤਾ ਗਿਆ। ਇਸ ਸਮਾਗਮ ਦੌਰਾਨ, ਵਾਈਸ ਪ੍ਰਿੰਸੀਪਲ ਡਾ. ਨਵਦੀਪ ਕੌਰ, ਰਜਿਸਟਰਾਰ ਅਤੇ ਪ੍ਰੋਗਰਾਮ ਦੇ ਕਨਵੀਨਰ ਪ੍ਰੋ. ਗਗਨਦੀਪ ਕੌਰ, ਅਜੀਤ ਸਿੰਘ ਫਾਊਂਡੇਸ਼ਨ ਸੋਸਾਇਟੀ ਦੀ ਪ੍ਰਧਾਨ ਸ਼੍ਰੀਮਤੀ ਰਮਨਪ੍ਰੀਤ ਕੌਰ, ਡਾ. ਅਨੂ ਮੂਮ, ਡਾ. ਨਵਜੋਤ ਕੌਰ, ਡਾ. ਅਮਨਦੀਪ ਕੌਰ, ਡਾ. ਹੇਮਿੰਦਰ ਸਿੰਘ, ਡਾ. ਹਰਸ਼ਵੀਰ ਅਰੋੜਾ ਅਤੇ ਵੱਡੀ ਗਿਣਤੀ ਵਿੱਚ ਵਿਦਿਆਰਥੀ ਅਤੇ ਐਨ.ਐਸ.ਐਸ. ਵਲੰਟੀਅਰ ਵੀ ਮੌਜੂਦ ਸਨ।

# ਜ਼ੋਨਲ ਟੂਰਨਾਮੈਂਟ 'ਚ ਸਰਕਾਰੀ ਸਕੂਲਾਂ ਦਾ ਪ੍ਰਦਰਸ਼ਨ ਸ਼ਾਨਦਾਰ



**ਆਦਮਪੁਰ (ਪਰਮਜੀਤ ਸਿੰਘ)**- ਬਲਾਕ ਨੋਡਲ ਅਫ਼ਸਰ ਤੇ ਟੂਰਨਾਮੈਂਟ ਕਮੇਟੀ ਦੇ ਪ੍ਰਧਾਨ ਪ੍ਰਿੰਸੀਪਲ ਰਾਮ ਆਸਰਾ ਸਟੇਟ ਐਵਾਰਡੀ ਦੀ ਅਗਵਾਈ ਵਿੱਚ ਵੱਖ ਵੱਖ ਸੈਕੰਡਰੀ, ਹਾਈ ਤੇ ਮਿਡਲ ਸਕੂਲਾਂ ਦੇ ਜ਼ੋਨਲ ਟੂਰਨਾਮੈਂਟ ਵਿਚ 600 ਤੋਂ ਵੱਧ ਖਿਡਾਰੀਆਂ ਨੇ ਹਿੱਸਾ ਲਿਆ ਤੇ ਵੱਖ ਵੱਖ ਮੁਕਾਬਲਿਆਂ ਵਿੱਚ ਗੋਲਡ, ਸਿਲਵਰ ਤੇ ਕਾਂਸੇ ਮੈਡਲ ਜਿੱਤੇ।ਇਸ ਟੂਰਨਾਮੈਂਟ ਵਿਚ ਸਰਕਾਰੀ ਸੈਕੰਡਰੀ ਸਕੂਲ ਪਧਿਆਣਾ, ਸਰਕਾਰੀ ਸੈਕੰਡਰੀ ਸਕੂਲ ਮਸਾਣੀਆਂ, ਸਕੂਲ ਆਫ ਐਮੀਨੈਂਸ ਆਦਮਪੁਰ, ਜਨਤਾ ਸਕੂਲ ਜੰਡੂ ਸਿੰਘਾ, ਕੰਨਿਆ ਸਕੂਲ ਖੁਰਦਪੁਰ, ਹਾਈ ਸਕੂਲ ਨੰਗਲ ਸਲਾਲਾ, ਐਸ ਬੀ ਬੀ ਐਸ ਸਕੂਲ ਖਿਆਲਾ, ਇੰਪੀਰੀਅਲ ਸਕੂਲ ਆਦਮਪੁਰ ਦਾ ਪ੍ਰਦਰਸ਼ਨ ਵਧੀਆ ਰਿਹਾ। ਸਮੁੱਚੇ ਤੌਰ 'ਤੇ ਸਰਕਾਰੀ ਸਕੂਲਾਂ ਦਾ ਪ੍ਰਦਰਸ਼ਨ ਕਾਬਿਲ ਏ ਤਾਰੀਫ਼ ਰਿਹਾ। ਟੂਰਨਾਮੈਂਟ ਦੀ ਸਮਾਪਤੀ ਤੇ ਪ੍ਰਿੰਸੀਪਲ ਰਾਮ ਆਸਰਾ ਸਟੇਟ ਐਵਾਰਡੀ ਨੇ ਕਿਹਾ ਕਿ ਇਸ ਟੂਰਨਾਮੈਂਟ ਵਿਚ ਭਾਗ ਲੈਣ ਵਾਲੇ ਵਿਦਿਆਰਥੀਆਂ ਤੇ ਡਿਊਟੀਆਂ ਨਿਭਾਉਣ ਵਾਲੇ ਅਧਿਆਪਕ ਵਧਾਈ ਦੇ ਪਾਤਰ ਹਨ ਜਿਹਨਾਂ ਕਰਕੇ ਇਹ ਵਿਸ਼ਾਲ ਟੂਰਨਾਮੈਂਟ ਸ਼ਾਨਦਾਰ ਢੰਗ ਨਾਲ ਨੇਪਰੇ ਚੜ੍ਹਿਆ। ਇਸ ਮੌਕੇ ਜ਼ੋਨਲ ਸੈਕਟਰੀ ਲੈਕਚਰਾਰ ਸੋਨੀਆ, ਜ਼ਿਲ੍ਹਾ ਜਨਰਲ ਸਕੱਤਰ ਬਲਜੀਤ ਸਿੰਘ ਢਿੱਲੋਂ, ਸਕੂਲ ਮੁਖੀ ਤੇ ਵੱਖ ਵੱਖ ਸਕੂਲਾਂ ਦੇ ਸਰੀਰਕ ਸਿੱਖਿਆ ਅਧਿਆਪਕ ਹਾਜ਼ਰ ਸਨ।

## 3 ਦਿਨ ਤੋਂ ਲਾਪਤਾ ਨੰਬਰਦਾਰ ਦੀ ਲਾਸ਼ ਟੋਏ 'ਚੋਂ ਮਿਲੀ

**ਡੇਰਾਬੱਸੀ (ਵਿਨੈ ਕੁਮਾਰ ਜੈਨ)**- ਡੇਰਾਬੱਸੀ ਨੇੜੇ ਪਿੰਡ ਬੇਹਰਾ ਤੋਂ 3 ਦਿਨਾਂ ਤੋਂ ਲਾਪਤਾ ਕਰਮ ਸਿੰਘ ਨੰਬਰਦਾਰ ਦੀ ਲਾਸ਼ ਚੌਥੇ ਦਿਨ ਡੇਰਾਬੱਸੀ ਤੋਂ 2 ਕਿਲੋਮੀਟਰ ਦੂਰ ਸੈਦਪੁਰਾ ਦੇ ਬੁੰਗਾ ਨਿਹਾਲਗੜ੍ਹ ਸਾਹਿਬ ਗੁਰਦੁਆਰੇ ਨੇੜੇ ਮਿਲੀ। ਉਸਦੀ ਲਾਸ਼ ਸ਼ਨੀਵਾਰ ਦੁਪਹਿਰ ਨੂੰ ਗੁਰਦੁਆਰੇ ਨੇੜੇ ਕਲੋਨੀ ਵਿੱਚ ਇੱਕ ਟੋਏ ਵਿੱਚ ਡਿੱਗੀ ਮਿਲੀ।ਪੁਲਸ ਨੇ ਧਾਰਾ 194 ਤਹਿਤ ਕਾਰਵਾਈ ਕੀਤੀ। ਜਾਣਕਾਰੀ ਅਨੁਸਾਰ 58 ਸਾਲਾ ਕਰਮ ਸਿੰਘ ਨੰਬਰਦਾਰ ਬੇਹਰਾ ਪਿੰਡ ਦਾ ਰਹਿਣ ਵਾਲਾ ਸੀ। ਉਹ 20 ਅਗਸਤ ਨੂੰ ਘਰੋਂ ਨਿਕਲਿਆ ਸੀ ਪਰ ਉਸ ਤੋਂ ਬਾਅਦ ਸੰਪਰਕ ਨਹੀਂ ਹੋ ਸਕਿਆ। ਉਸ ਦੇ ਪੁੱਤਰ ਸੰਦੀਪ ਸਿੰਘ ਨੇ ਵੀ ਆਪਣੇ ਪਿਤਾ ਦੇ ਲਾਪਤਾ ਹੋਣ ਦੀ ਡੇਰਾਬੱਸੀ ਪੁਲਸ ਕੋਲ ਰਿਪੋਰਟ ਦਰਜ ਕਰਵਾਈ ਸੀ। ਸ਼ਨੀਵਾਰ ਦੁਪਹਿਰ ਨੂੰ ਟੋਏ ਵਿੱਚੋਂ ਬਦਬੂ ਆਉਣ ਕਾਰਨ ਇੱਕ ਰਾਹਗੀਰ ਨੇ ਕਰਮ ਸਿੰਘ ਦੀ ਲਾਸ਼ ਦੇਖੀ ਅਤੇ ਡੇਰਾਬੱਸੀ ਪੁਲਿਸ ਨੂੰ ਇਸ ਬਾਰੇ ਸੂਚਿਤ ਕੀਤਾ। ਪੁੱਤਰ ਸੰਦੀਪ ਸਿੰਘ ਦੇ ਅਨੁਸਾਰ ਉਹ ਬੁੱਧਵਾਰ ਤੋਂ ਆਪਣੇ ਪਿਤਾ ਨੂੰ ਫ਼ੋਨ ਕਰ ਰਿਹਾ ਸੀ ਪਰ ਉਸਦਾ ਫ਼ੋਨ ਬੰਦ ਸੀ। ਟੋਏ ਵਿੱਚੋਂ ਮੋਬਾਈਲ ਫ਼ੋਨ ਵੀ ਮਿਲਿਆ, ਜੋ ਅਜੇ ਵੀ ਪਿਤਾ ਦੇ ਹੱਥ ਵਿੱਚ ਹੈ। ਸਿਵਲ ਹਸਪਤਾਲ ਵਿੱਚ ਪੋਸਟਮਾਰਟਮ ਤੋਂ ਬਾਅਦ ਲਾਸ਼ ਪਰਿਵਾਰ ਨੂੰ ਸੌਂਪ ਦਿੱਤੀ ਗਈ, ਜਿਸ ਦਾਂ ਬਾਅਦ ਪਿੰਡ ਵਿੱਚ ਅੰਤਿਮ ਸੰਸਕਾਰ ਕੀਤਾ ਗਿਆ।



## ਛਿੰਞ ਮੇਲਾ ਕਰਵਾਇਆ

**ਬਲਾਚੌਰ (ਜਸਵਿੰਦਰ ਬੈਂਸ)**- ਪਿੰਡ ਖੰਡੂਪੁਰ ਵਿਖੇ ਸਮੂਹ ਵਾਸੀਆ ਵੱਲੋਂ ਛਿੰਞ ਮੇਲੇ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਇਲਾਕੇ ਵਾਸੀਆਂ ਵੱਲੋਂ ਵੱਡੀ ਗਿਣਤੀ ਵਿੱਚ ਹਾਜ਼ਰੀ ਭਰੀ ਗਈ। ਇਸ ਮੇਲੇ ਵਿੱਚ ਮੁੱਖ ਮਹਿਮਾਨ ਵਜੋਂ ਸੀਨੀਅਰ ਆਪ ਆਗੂ ਅਸ਼ੋਕ ਕਟਾਰੀਆ



ਨੇ ਸ਼ਿਰਕਤ ਕੀਤੀ। ਦਰਸ਼ਕਾਂ ਨੇ ਦੰਗਲਾਂ ਦਾ ਪੂਰਾ ਆਨੰਦ ਲਿਆ ਤੇ ਖਿਡਾਰੀਆਂ ਨੇ ਆਪਣੀਆਂ ਸ਼ਾਨਦਾਰ ਕੁਸ਼ਤੀਆਂ ਰਾਹੀਂ ਦਰਸ਼ਕਾਂ ਨੂੰ ਮੋਹ ਲਿਆ।'ਆਪ' ਆਗੂ ਅਸ਼ੋਕ ਕਟਾਰੀਆ ਨੇ ਆਯੋਜਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਜਿਹੇ ਪ੍ਰੋਗਰਾਮ ਸਾਡੇ ਪੁਰਾਤਨ ਖੇਡ-ਸੰਸਕਾਰ ਨੂੰ ਜਿਊਂਦਾ ਰੱਖਣ ਦੇ ਨਾਲ-ਨਾਲ ਨੌਜਵਾਨ ਪੀੜ੍ਹੀ ਨੂੰ ਤੰਦਰੁਸਤ ਜੀਵਨ ਜੀਊਣ ਲਈ ਪ੍ਰੇਰਿਤ ਕਰਦੇ ਹਨ। ਇਸ ਮੌਕੇ ਚੇਅਰਮੈਨ ਸੇਠੀ ਉਧਨਵਾਲ,ਰਨਵੀਰ ਸਿੰਘ ਬਲਾਕ ਪ੍ਰਧਾਨ, ਬਲਦੇਵ ਰਾਜ, ਦਵਿੰਦਰ ਸੈਣੀ ,ਜਸਵਿੰਦਰ ਸਿਆਣ,ਸੁਰਜੀਤ ਸਿੰਘ ਤੇ ਪਿੰਡ ਵਾਸੀ ਹਾਜ਼ਰ ਸਨ।

## ਐੱਚ ਆਈ ਵੀ ਸਬੰਧੀ ਜਾਗਰੂਕਤਾ ਕੈਂਪ



**ਮਾਹਿਲਪੁਰ (ਸ਼ਫਰੀ)**- ਬਲਾਕ ਮਾਹਿਲਪੁਰ ਦੇ ਪਿੰਡ ਮੁੱਗੋਵਾਲ ਵਿਖੇ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਪੰਜਾਬ ਦੇ ਦਿਸ਼ਾ ਨਿਰਦੇਸ਼ ਤਹਿਤ ਸਰਕਾਰੀ ਹਸਪਤਾਲ ਮਾਹਿਲਪੁਰ ਦੇ ਐਸ ਐਮ ਓ ਡਾ. ਜਸਵੰਤ ਸਿੰਘ ਥਿੰਦ ਦੀਆ ਅਗਵਾਈ ਹੇਠ ਪਿੰਡ ਦੇ ਸਰਪੰਚ ਭੁਪਿੰਦਰ ਸਿੰਘ ਦੇ ਸਹਿਯੋਗ ਨਾਲ ਸੁਨੀਰ ਸ਼ਰਮਾ ਕੌਂਸਲਰ ਨੇ ਐਚ ਆਈ ਵੀ ਜਾਗਰੂਕਤਾ ਕੈਂਪ ਲਗਾਇਆ ਗਿਆ।ਕੈਂਪ ਵਿਚ ਪਿੰਡ ਦੇ ਲੋਕ ਵੱਡੀ ਗਿਣਤੀ ਵਿੱਚ ਹਾਜ਼ਰ ਹੋਏ। ਇਸ ਮੌਕੇ ਕੌਂਸਲਰ ਸੁਨੀਰ ਸਰਮਾ ਨੇ ਇੱਕਠ ਨੂੰ ਐਚ ਆਈ ਵੀ ਸਬੰਧੀ ਜਾਣਕਾਰੀ ਦਿੰਦੇ ਹੋਏ ਐਚ ਆਈ ਵੀ ਲੱਛਣਾ ਅਤੇ ਸਾਵਧਾਨੀਆ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਇਸ ਮੌਕੇ ਸੁਨੀਲ ਕੁਮਾਰ, ਆਸ਼ਾ ਵਰਕਰ ਹਾਜ਼ਰ ਸਨ।

# ਵਾਤਾਵਰਣ ਸੰਭਾਲ ਸੁਸਾਇਟੀ ਨੇ ਬੂਟੇ ਲਗਾਏ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਵਾਤਾਵਰਣ ਸੰਭਾਲ ਸੁਸਾਇਟੀ ਵਲੋਂ ਸੋਨਾ ਰੋਡ ਸਥਿਤ ਮਿਉਂਸੀਪਲ ਪਾਰਕ ਵਿੱਚ ਵੱਖ-ਵੱਖ ਕਿਸਮਾਂ ਦੇ 15 ਬੂਟੇ ਲਗਾਏ ਗਏ। ਇਸ ਮੌਕੇ ਤੇ ਸੁਸਾਇਟੀ



ਦੇ ਵਾਇਸ ਪ੍ਰਧਾਨ ਤਰਸੇਮ ਲਾਲ ਤੇ ਰੇਸ਼ਮ ਸਿੰਘ ਨੇ ਕਿਹਾ ਮਿੱਟੀ, ਹਵਾ ਅਤੇ ਪਾਣੀ ਦੇ ਪ੍ਰਦੂਸ਼ਣ ਬਾਰੇ ਵਧ ਰਹੀ ਚਿੰਤਾ ਨੂੰ ਮੁੱਖ ਰੱਖਦਿਆਂ ਵਾਤਾਵਰਣ ਪ੍ਰਤੀ ਜਾਗਰੂਕਤਾ ਪੈਦਾ ਕਰਨ ਲਈ ਲਗਾਤਾਰ ਬੂਟੇ ਲਗਾਏ ਜਾ ਰਹੇ ਹਨ। ਸੁਸਾਇਟੀ ਦੇ ਪ੍ਰਧਾਨ ਜਸਵੰਤ ਸਿੰਘ ਭੱਟੀ ਨੇ ਕਿਹਾ ਕਿ ਵਾਤਾਵਰਣ ਸੰਭਾਲ ਸੁਸਾਇਟੀ ਲਗਾਤਾਰ ਹਰ ਇੱਕ ਤਿਉਹਾਰ, ਪ੍ਰਕਾਸ਼ ਦਿਹਾੜੇ ਅਤੇ ਹੋਰ ਮਹੱਤਵਪੂਰਨ ਦਿਨ ਨੂੰ ਵੱਖ-ਵੱਖ ਇਲਾਕਿਆਂ ਵਿੱਚ ਬੂਟੇ ਲਗਾ ਕੇ ਉਨ੍ਹਾਂ ਦਾ ਪਾਲਣ-ਪੋਸ਼ਣ ਕਰ ਰਹੀ ਹੈ।ਇਸ ਮੌਕੇ ਤੇ ਜਸਵੰਤ ਸਿੰਘ ਭੱਟੀ, ਤਰਸੇਮ ਲਾਲ, ਅਰੁਣ ਬਾਲੀ, ਕੁਲਦੀਪ ਕੁਮਾਰ, ਧਰਮਪਾਲ ਬਾਲੀ, ਜਸਵੀਰ ਕੁਮਾਰ, ਰੇਸ਼ਮ ਸਿੰਘ ਅਤੇ ਅਮਰਜੀਤ ਪਲੰਬਰ ਮੌਜੂਦ ਸਨ।

# ਐੱਚ ਆਈ ਐੱਮ ਟੀ ਕਾਲਜ ਟਾਂਡਾ 'ਚ ਮਨਾਇਆ ਤੀਆਂ ਦਾ ਤਿਉਹਾਰ

**ਅੱਡਾ ਸਰਾਂ/ ਟਾਂਡਾ ਉੜਮੁੜ (ਕਾਜਲ , ਉਂਕਾਰ ਸਿੰਘ)**- ਐੱਚ .ਆਈ. ਐੱਮ . ਟੀ ਕਾਲਜ ਟਾਂਡਾ ਵਿਚ ਤੀਆ ਦਾ ਤਿਉਹਾਰ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਕਾਲਜ ਦੀਆਂ ਵਿਦਿਆਰਥਣਾਂ ਨੇ ਪੰਜਾਬੀ ਪਹਿਰਾਵੇ ਪਹਿਨ ਕੇ ਤਿਉਹਾਰ ਦੀਆਂ ਰੰਗਤਾਂ ਨੂੰ ਹੋਰ ਵੀ ਨਿਖਾਰਿਆ।ਪ੍ਰੋਗਰਾਮ ਦੀ ਸ਼ੁਰੂਆਤ ਗੀਤ-ਸੰਗੀਤ ਅਤੇ ਸੱਭਿਆਚਾਰਕ ਵਿਰਸੇ ਨਾਲ ਹੋਈ। ਵਿਦਿਆਰਥਣਾਂ ਨੇ ਗਿੱਧਾ, ਬੋਲੀਆਂ ਅਤੇ ਲੋਕਗੀਤ ਪੇਸ਼ ਕਰਕੇ ਸਭ ਦਾ ਮਨ ਮੋਹ ਲਿਆ।ਕਾਲਜ ਦੇ ਪ੍ਰਬੰਧਕ ਡਾ. ਰੋਹਿਤ ਟੰਡਨ ਵੱਲੋਂ ਵੀ ਵਿਦਿਆਰਥਣਾਂ ਨੂੰ ਤੀਆਂ ਦੇ ਤਿਉਹਾਰ ਦੀਆਂ ਵਧਾਈਆਂ ਦਿੱਤੀਆਂ ਗਈਆਂ ਅਤੇ



ਪੰਜਾਬੀ ਸੱਭਿਆਚਾਰ ਅਤੇ ਵਿਰਸੇ ਨਾਲ ਜੁੜੇ ਰਹਿਣ ਦਾ ਸੰਦੇਸ਼ ਦਿੱਤਾ ਗਿਆ।ਕਾਲਜ ਵਿਚ ਪਹੁੰਚੇ ਮੁੱਖ ਮਹਿਮਾਨ ਮੈਡਮ ਮਾਧਵੀ ਟੰਡਨ ਨੇ ਵਿਦਿਆਰਥਣਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅਜਿਹੇ ਤਿਉਹਾਰ ਸਾਡੀ ਮਿੱਟੀ ਦੀ ਖੁਸ਼ਬੂ ਅਤੇ ਸੱਭਿਆਚਾਰ ਨਾਲ ਸਾਡੀ ਪਛਾਣ ਬਣਾਏ ਰੱਖਦੇ ਹਨ।ਤੀਆਂ ਵਰਗੇ ਤਿਉਹਾਰ ਪੰਜਾਬੀ ਸੱਭਿਆਚਾਰ ਅਤੇ ਪਰੰਪਰਾਵਾਂ ਦੀ ਪਛਾਣ ਹਨ। ਇਸ ਮੌਕੇ 'ਤੇ ਸਾਰੀਆਂ ਵਿਦਿਆਰਥਣਾਂ ਨੇ ਝੂਲਿਆਂ ਦਾ ਆਨੰਦ ਲਿਆ ਅਤੇ ਤਿਉਹਾਰ ਦੀਆਂ ਰੌਣਕਾਂ ਵਿਚ ਸ਼ਮੂਲੀਅਤ ਕੀਤੀ।ਇਸ ਮੌਕੇ ਕਾਲਜ ਪ੍ਰਬੰਧਕਾਂ ਵੱਲੋਂ ਸਭ ਵਿਦਿਆਰਥਣਾਂ ਨੂੰ ਮਿਠਾਈਆਂ ਵੰਡੀਆਂ ਗਈਆਂ।ਇਸ ਮੌਕੇ ਭਾਰਤ ਰਤਨ ਟੰਡਨ, ਦਿਸ਼ਾਂਤ ਕੁਮਾਰ, ਅਮਨਦੀਪ ਕੁਮਾਰ, ਭਾਨੂੰ ਪ੍ਰੀਆ, ਹਰਜੀਤ ਕੌਰ, ਅੰਕੀਤਾ ਕੁਮਾਰੀ, ਗੁਰਪ੍ਰੀਤ ਕੌਰ, ਹਰਪ੍ਰੀਤ ਕੌਰ, ਹਰਪ੍ਰੀਤ ਕੌਰ ਮੱਲ੍ਹੀ, ਖੁਸ਼ਪ੍ਰੀਤ ਕੌਰ, ਅਮਨਦੀਪ ਕੋਰ, ਨਵਰਤ ਕੌਰ, ਹਰਜਿੰਦਰ ਕੌਰ ਅਤੇ ਅਨਮੋਲਪ੍ਰੀਤ ਕੌਰ ਮੌਜੂਦ ਸਨ।

# ਰਾਣਾ ਗੁਰਜੀਤ ਹੜ੍ਹ ਪੀੜ੍ਹਤਾਂ ਦੀ ਮਦਦ ਕਰਨ 'ਚ ਪ੍ਰਸ਼ਾਸਨ ਦਾ ਸਹਿਯੋਗ ਕਰਨ : ਜੁਗਨੂੰ

**ਕਾਲਾ ਸੰਘਿਆਂ (ਮਨਜੀਤ ਮਾਨ)**- ਸਾਬਕਾ ਮੰਤਰੀ ਰਾਣਾ ਗੁਰਜੀਤ ਸਿੰਘ ਵੱਲੋਂ ਸੁਲਤਾਨਪੁਰ ਦੇ ਮੰਡ ਖ਼ੇਤਰ ਵਿਖੇ ਆਏ ਹੜ੍ਹਾਂ ਦੌਰਾਨ ਸਰਕਾਰ ਤੇ ਪ੍ਰਸ਼ਾਸਨ ਵਲੋਂ ਕੀਤੇ ਜਾ ਰਹੇ ਰਾਹਤ ਤੇ ਬਚਾਅ ਕਾਰਜਾਂ ਬਾਰੇ ਦਿੱਤੇ ਗਏ ਬਿਆਨ ਕੀ ਹੜ ਪੀੜ੍ਹਤ ਲੋਕਾਂ ਲਈ ਸਰਕਾਰ ਕੁਝ ਨਹੀਂ ਕਰ ਰਹੀ, ਦੀ ਆਲਚੋਨਾ ਕਰਦਿਆਂ ਆਮ ਆਦਮੀ ਪਾਰਟੀ ਦੇ ਮੀਡਿਆ ਇੰਚਾਰਜ



ਜੱਥੇਦਾਰ ਇੰਦਰਜੀਤ ਸਿੰਘ ਜੁਗਨੂੰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜਿਨ੍ਹਾਂ ਖੇਤਰਾਂ ਵਿਚ ਇਹ ਹੜ੍ਹ ਆਏ ਹਨ ਉਥੇ ਪ੍ਰਸ਼ਾਸਨ ਤੇ ਪੰਜਾਬ ਸਰਕਾਰ ਵੱਲੋਂ ਜੰਗੀ ਪੱਧਰ ਤੇ ਰਾਹਤ ਤੇ ਬਚਾਅ ਕਾਰਜ ਕੀਤੇ ਜਾ ਰਹੇ ਹਨ। ਉਥੇ ਆਮ ਆਦਮੀ ਪਾਰਟੀ ਦੇ ਐਮ ਐਲ ਏ, ਮੰਤਰੀ, ਆਗੂ ਤੇ ਵਰਕਰ ਰੋਜ਼ਾਨਾ ਉਥੇ ਜਾ ਰਹੇ ਹਨ ਤੇ ਹੜ੍ਹ ਪ੍ਰਭਾਵਤ ਲੋਕਾਂ ਨੂੰ ਪੀਣ ਵਾਲਾ ਪਾਣੀ, ਰਾਸ਼ਨ ਦਵਾਈਆਂ ਤੇ ਪਸ਼ੂਆਂ ਲਈ ਚਾਰਾ ਤੇ ਜ਼ਰੂਰੀ ਵਸਤਾ ਦਵਾਈਆਂ ਮੁਹੱਈਆ ਕਰਵਾ ਰਹੇ ਹਨ। ਆਪ ਨੇਤਾ ਨੇ ਕਿਹਾ ਕੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਹੜ੍ਹ ਪੀੜ੍ਹਤ ਕਪੂਰਥਲਾ ਇਲਾਕੇ ਦਾ ਆਪ ਦੌਰਾ ਕਰਕੇ ਡਿਪਟੀ ਕਮਿਸ਼ਨਰ ਕਪੂਰਥਲਾ ਤੇ ਪ੍ਰਸ਼ਾਸਨ ਨੂੰ ਇਸ ਸਬੰਧੀ ਸਖ਼ਤ ਹਦਾਇਤਾਂ ਕੀਤੀਆਂ ਕੀ ਪਾਣੀ ਘਟਣ ਤੇ ਕਿਸਾਨਾਂ ਦੀਆਂ ਉਜੜੀਆ ਫਸਲਾਂ ਦੀ ਸਪੈਸ਼ਲ ਗਿਰਦਵਾਰੀਆ ਕਰਨ ਤੇ ਉਨ੍ਹਾਂ ਨੂੰ ਬਣਦਾ ਮੁਆਵਜ਼ਾ ਦਿਤਾ ਜਾਵੇ। ਆਪ ਨੇਤਾ ਇੰਦਰਜੀਤ ਸਿੰਘ ਜੁਗਨੂੰ ਨੇ ਰਾਣਾ ਗੁਰਜੀਤ ਸਿੰਘ ਨੂੰ ਅਪੀਲ ਕੀਤੀ ਕੇ ਉਹ ਫੋਕੀ ਬਿਆਨਬਾਜੀ ਕਰਨ ਦੀ ਬਜਾਏ ਹੜ੍ਹ ਪੀੜ੍ਹਤ ਲੋਕਾਂ ਦੀ ਮੱਦਦ ਕਰਨ ਵਿਚ ਸਰਕਾਰ ਤੇ ਪ੍ਰਸ਼ਾਸਨ ਦਾ ਸਹਿਯੋਗ ਕਰਨ।

## ਨਜ਼ਰ ਦੇ ਕਮਜ਼ੋਰ 70 ਬੱਚਿਆਂ ਨੂੰ ਐਨਕਾਂ ਵੰਡੀਆਂ

**ਮਾਹਿਲਪੁਰ (ਸ਼ਫਰੀ)**- ਨੈਸ਼ਨਲ ਕੰਟਰੋਲ ਆਫ ਬਲਾਇੰਡਨੈਸ ਕੰਟਰੋਲ ਤਹਿਤ 70 ਐਨਕਾਂ ਸਰਕਾਰੀ ਸਕੂਲ ਦੇ ਨਜ਼ਰ ਕਮਜ਼ੋਰ ਬੱਚਿਆ ਨੂੰ ਅਪਥਾਲਮਿਕ ਅਫਸਰ ਪਰਮਿੰਦਰ ਸਿੰਘ ਨੇ ਵੰਡੀਆ, ਜਿਸ ਵਿੱਚ ਸਰਕਾਰੀ ਹਾਈ ਸਕੂਲ ਜੰਡੋਲੀ ਦੋ, ਸਰਕਾਰੀਸਕੂਲ



ਖੁਸ਼ਹਾਲਪੁਰ 11, ਸਰਕਾਰੀ ਹਾਈ ਸਕੂਲ ਲਕਸੀਹਾ 2, ਸਰਕਾਰੀ ਸੀਨੀਅਰ ਸੈਕੰਡਰੀ ਸਕੂਲਖੈਰੜ ਅੱਛਰਵਾਲ 20, ਖਾਲਸਾ ਸੀਨੀਅਰ ਸੈਕੰਡਰੀ ਪਾਲਦੀ 18, ਸਰਕਾਰੀ ਸਕੂਲ ਰਹੱਲੀ 2, ਸਕਰੂਲੀ 4 ,ਭਾਰਟਾ ਸਕੂਲ 3, ਨੰਗਲ ਕਲਾ 1, ਰਾਮਪੁਰ 2, ਮੁੱਖੋ ਮਜਾਰਾ 3 ਅਤੇ ਸਰਕਾਰੀ ਹਾਈ ਸਕੂਲ ਬਿਛੋਹੀ 2 ਨਜ਼ਰ ਕਮਜ਼ੋਰ ਬੱਚਿਆ ਸਕੂਲ ਦੇ ਮੁੱਖ ਅਧਿਆਪਕ ਦੀ ਹਾਜ਼ਰੀ ਵਿੱਚ ਵੰਡੀਆਂ। ਇਸ ਮੌਕੇ ਰਵੀ ਕਾਂਤ ਸਿੰਘ, ਅਮਨਪ੍ਰੀਤ ਕੌਰ, ਸੰਦੀਪ ਕੁਮਾਰ, ਪਰਮਜੀਤ ਸਿੰਘ, ਅਮਨਦੀਪ ਕੌਰ ਰਾਜੇਸ਼ ਕੁਮਾਰ, ਸੁਮਨ ਆਦਿ ਹਾਜ਼ਰ ਸਨ।

# ਸੀ ਟੀ ਕਾਲਜ ਆਫ਼ ਐਜੂਕੇਸ਼ਨ ਦੇ ਵਿਦਿਆਰਥੀਆਂ ਨੂੰ ਐੱਮ ਐੱਡ ਪ੍ਰੀਖਿਆਵਾਂ 'ਚ ਮੁਕਾਮ ਹਾਸਲ

**ਜਲੰਧਰ (ਸ਼ੈਲੀ ਐਲਬਰਟ)**- ਮਕਸੂਦਾਂ ਸਥਿਤ ਸੀ.ਟੀ. ਕਾਲਜ ਆਫ਼ ਐਜੂਕੇਸ਼ਨ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵੱਲੋਂ ਸੰਚਾਲਿਤ ਐਮ.ਐਡ. ਸੈਮੇਸਟਰ ਦੂਜੀ ਅਤੇ ਚੌਥੀ ਦੀਆਂ ਪ੍ਰੀਖਿਆਵਾਂ ਵਿੱਚ ਆਪਣੀ ਅਕਾਦਮਿਕ ਸ੍ਰੇਸ਼ਠਤਾ ਦਾ ਲੋਹਾ ਮਨਵਾਉਂਦੇ ਹੋਏ ਯੂਨੀਵਰਸਿਟੀ ਭਰ ਵਿੱਚ ਮੁਕਾਮ ਹਾਸਲ ਕੀਤੇ ਹਨ।ਇਸ ਸਫਲਤਾ ਦੇ ਕੇਂਦਰ ਵਿੱਚ ਐਮ.ਐਡ.



ਸੈਮੇਸਟਰ ਦੂਜੀ ਦੀ ਵਿਦਿਆਰਥਣ ਤਨਿਆ ਬਾਲੀ ਰਹੀ, ਜਿਸ ਨੇ 8.64 ਦੇ ਸ਼ਾਨਦਾਰ ਐਸ ਜੀ ਪੀ ਏ ਨਾਲ ਯੂਨੀਵਰਸਿਟੀ ਵਿੱਚ ਪਹਿਲਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਐਮ.ਐਡ. ਸੈਮੇਸਟਰ ਚੌਥੀ ਦੀ ਦਿਨਾਕਸ਼ੀ ਮਹਿੰਦਰੂ ਨੇ 8.52 ਐਸ ਜੀ ਪੀ ਏ ਨਾਲ ਯੂਨੀਵਰਸਿਟੀ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ।ਕਾਲਜ ਦੀਆਂ ਹੋਰ ਵਿਦਿਆਰਥਣਾਂ ਨੇ ਵੀ ਇਸ ਸਫਲਤਾ ਵਿੱਚ ਆਪਣਾ ਯੋਗਦਾਨ ਪਾਇਆ। ਐਮ.ਐਡ. ਸੈਮੇਸਟਰ ਦੂਜੀ ਦੀਆਂ ਗੁਰਪ੍ਰੀਤ ਕੌਰ ਅਤੇ ਕਵਿਤਾ ਨੇ 8.18 ਐਸ ਪਜੀ ਪੀ ਏ ਨਾਲ ਚੌਥਾ ਸਥਾਨ ਸਾਂਝਾ ਕੀਤਾ। ਐਮ.ਐਡ. ਸੈਮੇ ?ਟਰ ਚੌਥੀ ਦੀ ਸਵਾਤੀ ਨੇ 8.02 ਸੀ ਪੀ ਪੀ ਏ ਨਾਲ ਅੱਠਵਾਂ ਅਤੇ ਆਇਸ਼ਾ ਆਨਿਸ ਨੇ 7.66 ਸੀ ਪੀ ਪੀ ਏ ਨਾਲ ਦਸਵਾਂ ਸਥਾਨ ਹਾਸਲ ਕੀਤਾ।ਸੀ.ਟੀ. ਗਰੁੱਪ ਦੇ ਚੇਅਰਮੈਨ ਸ. ਚਰਨਜੀਤ ਸਿੰਘ ਚੰਨੀ, ਮੈਨੇਜਿੰਗ ਡਾਇਰੈਕਟਰ ਡਾ. ਮਨਬੀਰ ਸਿੰਘ, ਕੈਂਪਸ ਡਾਇਰੈਕਟਰ ਡਾ. ਅਨੁਰਾਗ ਸ਼ਰਮਾ, ਡਿਪਟੀ ਡਾਇਰੈਕਟਰ ਡਾ. ਅਮਨਦੀਪ ਗੌਤਮ ਅਤੇ ਪ੍ਰਿੰਸੀਪਲ ਡਾ. ਅੰਜੂ ਸ਼ਰਮਾ ਨੇ ਇਨ੍ਹਾਂ ਮੇਧਾਵੀ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਇਸ ਉੱਲੇਖਨੀਯ ਸਫਲਤਾ ਲਈ ਵਧਾਈਆਂ ਦਿੱਤੀਆਂ। ਚੰਨੀ ਨੇ ਕਿਹਾ, ਇਹ ਸਫਲਤਾ ਸਾਡੇ ਕਾਲਜ ਵਿੱਚ ਪੜ੍ਹਾਈ ਦੇ ਉੱਚ ਸਤਰ ਅਤੇ ਸਹਿਯੋਗੀ ਸਿੱਖਿਆ ਮਾਹੌਲ ਨੂੰ ਦਰਸਾਉਂਦੀ ਹੈ। ਅਸੀਂ ਆਪਣੇ ਵਿਦਿਆਰਥੀਆਂ ਅਤੇ ਸਟਾਫ਼ ਦੇ ਲਗਾਤਾਰ ਯਤਨਾਂ ਅਤੇ ਸਮਰਪਣ ਲਈ ਗੌਰਵਾਨਵਿਤ ਹਾਂ।

# 8 ਲੱਖ ਪਰਵਾਰਾਂ ਦੇ ਰਾਸ਼ਨ ਕਾਰਡ ਕੱਟਣਾ ਭਾਜਪਾ ਦੀ ਸੋਚੀ-ਸਮਝੀ ਸਾਜ਼ਿਸ਼ : ਡਾ. ਰਵਜੋਤ ਸਿੰਘ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)**- ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਨੇ ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ ਜੈ ਕ੍ਰਿਸ਼ਨ ਸਿੰਘ ਰੌੜੀ, ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਤੇ ਵਿਧਾਇਕ ਕਰਮਬੀਰ ਸਿੰਘ ਘੁੰਮਣ ਦੀ ਮੌਜੂਦਗੀ ਵਿਚ ਹੋਈ ਪ੍ਰੈੱਸ ਕਾਨਫਰੰਸ ਦੌਰਾਨ ਡਾ. ਰਵਜੋਤ ਸਿੰਘ ਨੇ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਨੇ ਹਮੇਸ਼ਾ ਪੰਜਾਬ ਪ੍ਰਤੀ ਵਿਤਕਰੇ ਵਾਲਾ ਰਵੱਈਆ ਅਪਣਾਇਆ ਹੈ। ਉਨ੍ਹਾਂ ਕਿਹਾ ਕਿ ਹੁਣ ਕੇਂਦਰ ਨੇ ਪੰਜਾਬ ਦੇ ਲੱਗਭਗ 8 ਲੱਖ ਪਰਿਵਾਰਾਂ ਯਾਨੀ ਕਿ ਲੱਗਭਗ 32 ਲੱਖ ਲਾਭਪਾਤਰੀਆਂ ਦੇ ਰਾਸ਼ਨ ਕਾਰਡ ਕੱਟ ਦਿੱਤੇ ਹਨ, ਜੋ ਗ਼ਰੀਬ ਵਿਰੋਧੀ ਸੋਚ ਨੂੰ ਉਜਾਗਰ ਕਰਦਾ ਹੈ। ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਨੇ ਕਿਹਾ ਕਿ ਕੇਂਦਰ ਦਾ ਹਾਲੀਆ ਕਦਮ ਗ਼ਰੀਬਾਂ ਅਤੇ ਲੋੜਵੰਦਾਂ ਦੇ ਅਧਿਕਾਰਾਂ 'ਤੇ ਸਿੱਧਾ ਹਮਲਾ ਹੈ, ਕਿਉਂਕਿ ਰਾਸ਼ਨ ਕਾਰਡ ਸਿਰਫ ਉਨ੍ਹਾਂ ਵਰਗਾਂ ਨੂੰ ਜਾਰੀ ਕੀਤੇ ਜਾਂਦੇ ਹਨ, ਜਿਨ੍ਹਾਂ ਨੂੰ ਅਸਲ ਵਿਚ ਇਸ ਦੀ ਲੋੜ ਹੈ।ਇਸ ਮੌਕੇ ਬੈਕਫਿੰਕੋ ਪੰਜਾਬ ਦੇ ਚੇਅਰਮੈਨ ਸੰਦੀਪ ਸੈਣੀ, ਜ਼ਿਲ੍ਹਾ ਯੋਜਨਾ ਕਮੇਟੀ ਦੀ ਚੇਅਰਪਰਸਨ ਕਰਮਜੀਤ ਕੌਰ, ਮੇਅਰ ਸੁਰਿੰਦਰ ਕੁਮਾਰ, ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਗੁਰਵਿੰਦਰ ਸਿੰਘ ਪਾਬਲਾ, ਚੇਅਰਮੈਨ ਮਾਰਕੀਟ ਕਮੇਟੀ ਹੁਸ਼ਿਆਰਪੁਰ ਜਸਪਾਲ ਸਿੰਘ ਚੇਚੀ ਆਦਿ ਮੌਜੂਦ ਸਨ।

## ਸੈਨੀਟੇਸ਼ਨ ਮੰਤਰਾਲੇ ਦੇ ਵਧੀਕ ਸਕੱਤਰ ਵੱਲੋਂ ਮੋਹਾਲੀ ਜ਼ਿਲ੍ਹੇ ਦਾ ਦੌਰਾ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਭਾਰਤ ਸਰਕਾਰ ਦੇ ਜਲ ਸ਼ਕਤੀ ਮੰਤਰਾਲਾ ਦੇ ਡ੍ਰਿੰਕਿੰਗ ਵਾਟਰ ਅਤੇ ਸੈਨਿਟੇਸ਼ਨ ਵਿਭਾਗ ਦੇ ਵਧੀਕ ਸਕੱਤਰ ਅਤੇ ਮਿਸ਼ਨ ਡਾਇਰੈਕਟਰ (ਨਲ ਸੇ ਜਲ ਯੋਜਨਾ ਅਤੇ ਸਵੱਛ ਭਾਰਤ ਮਿਸ਼ਨ) ਕਮਲ ਕਿਸ਼ੋਰ ਸੋਨ ਮੋਹਾਲੀ ਜ਼ਿਲ੍ਹੇ ਦੇ ਦੌਰੇ 'ਤੇ ਆਏ। ਉਨ੍ਹਾਂ ਨੇ ਜਲ ਜੀਵਨ ਮਿਸ਼ਨ ਅਤੇ ਸਵੱਛ ਭਾਰਤ ਮਿਸ਼ਨ (ਗ੍ਰਾਮੀਣ) ਅਧੀਨ ਹੋ ਰਹੇ ਕੰਮਾਂ ਦੀ ਸਮੀਖਿਆ ਕੀਤੀ। ਆਪਣੇ ਦੌਰੇ ਦੌਰਾਨ, ਸ਼੍ਰੀ ਸੋਨ ਨੇ ਸਭ ਤੋਂ ਪਹਿਲਾਂ ਪਿੰਡ ਨੰਗਲ ਗੜ੍ਹੀਆਂ, ਬਲਾਕ ਮਜਰੀ ਵਿੱਚ ਲਿਕਵਿਡ ਵੇਸਟ ਮੈਨੇਜਮੈਂਟ (ਥਾਪਰ ਮਾਡਲ) ਪ੍ਰੋਜੈਕਟ ਦਾ ਨਿਰੀਖਣ ਕੀਤਾ। ਉਨ੍ਹਾਂ ਨੇ ਅਧਿਕਾਰੀਆਂ ਅਤੇ ਪਿੰਡ ਵਾਸੀਆਂ ਨਾਲ ਗੱਲਬਾਤ ਕਰਕੇ ਪਿੰਡ ਪੱਧਰ 'ਤੇ ਗੰਦੇ ਪਾਣੀ ਦੇ ਨਿਪਟਾਰੇ ਲਈ ਅਪਣਾਈਆਂ ਜਾ ਰਹੀਆਂ ਨਵੀਂਆਂ ਪਹਿਲਕਦਮੀਆਂ ਬਾਰੇ ਜਾਣਕਾਰੀ ਲਈ। ਇਸ ਤੋਂ ਬਾਅਦ, ਉਨ੍ਹਾਂ ਨੇ ਪਿੰਡ ਫ਼ਤਿਹਗੜ੍ਹ, ਬਲਾਕ ਮਾਜਰੀ ਵਿੱਚ ਘਰ-ਘਰ ਨਲ ਕਨੈਕਸ਼ਨਾਂ ਵਾਲੀ ਪਾਣੀ ਸਕੀਮ ਦੀ ਸਮੀਖਿਆ ਕੀਤੀ।

## ਨਗਰ ਕੌਂਸਲ ਵੱਲੋਂ ਪ੍ਰਾਪਰਟੀ ਟੈਕਸ ਸੰਬੰਧੀ ਸ਼ਹਿਰ ਵਾਸੀਆਂ ਨਾਲ ਮੀਟਿੰਗ

**ਅਲਾਵਲਪੁਰ (ਮਦਨ ਬੰਗੜ)**- ਨਗਰ ਕੌਂਸਲ ਅਲਾਵਲਪੁਰ ਵੱਲੋਂ ਪ੍ਰਾਪਰਟੀ ਟੈਕਸ ਦੇ ਡਿਫਾਲਟਰਾਂ ਨਾਲ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਹਾਜ਼ਰ ਪ੍ਰਾਪਰਟੀ ਟੈਕਸ ਦੇ ਡਿਫਾਲਟਰਾਂ ਨੂੰ ਬੇਨਤੀ ਕੀਤੀ ਗਈ ਕਿ ਸਰਕਾਰ ਵੱਲੋਂ ਮਿਤੀ 31/08/2025 ਤੱਕ



ਪ੍ਰਾਪਰਟੀ ਟੈਕਸ ਦੀ ਇਕ ਮੁਸ਼ਤ ਅਦਾਇਗੀ ਕਰਨ ਤੇ ਵਿਆਜ ਅਤੇ ਜੁਰਮਾਨੇ ਤੇ ਛੋਟ ਦਿੱਤੀ ਗਈ ਹੈ। ਇਸ ਲਈ ਆਪਣਾ ਬਣਦਾ ਪ੍ਰਾਪਰਟੀ ਟੈਕਸ ਮਿਤੀ 31/08/2025 ਤੋਂ ਪਹਿਲਾਂ-ਪਹਿਲਾਂ ਜਮ੍ਹਾਂ ਕਰਵਾ ਸਕਦੇ ਹਨ। ਜੇਕਰ ਮਿਤੀ 31/08/2025 ਤੱਕ ਉਨ੍ਹਾਂ ਵੱਲੋਂ ਬਣਦਾ ਪ੍ਰਾਪਰਟੀ ਟੈਕਸ ਜਮ੍ਹਾਂ ਨਹੀ ਕਰਵਾਇਆ ਗਿਆ ਤਾਂ ਸਰਕਾਰ ਵੱਲੋਂ ਮਿਤੀ ਤੋਂ ਬਾਅਦ ਟੈਕਸ ਡਿਫਾਲਟਰਾਂ ਦੇ ਖਿਲਾਫ ਸਖਤ ਕਰਵਾਈ ਕੀਤੀ ਜਾ ਸਕਦੀ ਹੈ।ਮੀਟਿੰਗ ਵਿੱਚ ਰਾਮ ਜੀਤ ਕਾਰਜ ਸਾਧਕ ਅਫਸਰ,ਨਗਰ ਕੌਂਸਲ ਅਲਾਵਲਪੁਰ,ਨਵੀਨ ਆਊਟ ਸੋਰਸ ਕਰਮਚਾਰੀ (ਪ੍ਰਾਪਰਟੀ ਟੈਕਸ ਸ਼ਾਖਾ) ਨਗਰ ਕੌਂਸਲ ਅਲਾਵਲਪੁਰ ਆਦਿ ਤੋਂ ਇਲਾਵਾ ਭਾਰੀ ਗਿਣਤੀ ਵਿੱਚ ਸ਼ਹਿਰ ਵਾਸੀ ਹਾਜ਼ਰ ਸਨ।

# ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਆਹ ਪੁਰਬ ਮੌਕੇ ਨਗਰ ਕੀਰਤਨ ਦਾ ਬਟਾਲਾ 'ਚ ਹੋਵੇਗਾ ਸ਼ਾਹੀ ਸਵਾਗਤ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**- ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਵਿੱਤਰ ਵਿਆਹ ਪੁਰਬ ਦੀ ਯਾਦ 'ਚ ਇਤਿਹਾਸਕ ਗੁਰਦੁਆਰਾ ਸ੍ਰੀ ਬੇਰ ਸਾਹਿਬ ਜੀ ਸੁਲਤਾਨਪੁਰ ਲੋਧੀ ਤੋਂ ਗੁਰਦੁਆਰਾ ਸਤਿਕਾਰਤਾਰੀਆ ਸਾਹਿਬ ਬਟਾਲਾ ਤੱਕ 29 ਅਗਸਤ ਨੂੰ ਸਜਾਏ ਜਾ ਰਹੇ ਵਿਸ਼ਾਲ ਨਗਰ ਕੀਰਤਨ ਦਾ ਬਟਾਲਾ ਵਿਖੇ ਪੁੱਜਣ ਤੇ ਸ਼ਾਹੀ ਸਵਾਗਤ ਕੀਤਾ ਜਾਵੇਗਾ। ਇਹ ਜਾਣਕਾਰੀ ਇੱਥੇ ਰਸਮੀ ਸੱਦਾ ਦੇਣ ਲਈ ਆਏ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੇ ਮੈਂਬਰ ਤੇ ਵਿਆਹ ਪੁਰਬ ਮੇਲਾ ਪ੍ਰਬੰਧਕ ਜਥੇ. ਗੁਰਿੰਦਰਪਾਲ ਸਿੰਘ ਗੋਰਾ ਤੇ ਸ਼੍ਰੋਮਣੀ ਕਮੇਟੀ ਮੈਂਬਰ ਜਥੇ. ਗੁਰਨਾਮ ਸਿੰਘ ਜੱਸਲ ਨੇ ਦਿੱਤੀ। ਉਨ੍ਹਾਂ ਨਾਲ ਬਟਾਲਾ ਤੋਂ ਮਨਜੀਤ ਸਿੰਘ ਜੱਫਰਵਾਲ ਮੈਨੇਜਰ ਗੁਰਦਵਾਰਾ ਸਤਿਕਰਤਾਰੀਆਂ ਤੇ ਡੇਹਰਾ ਸਾਹਿਬ ਬਟਾਲਾ, ਸ੍ਰੀ ਰਾਜਿੰਦਰ ਸਿੰਘ ਪਦਮ ਪ੍ਰਧਾਨ ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਬਟਾਲਾ, ਮਾਸਟਰ ਜੋਗਿੰਦਰ ਸਿੰਘ ਅੱਚਲੀ ਗੇਟ (ਪ੍ਰਧਾਨ) ਬਟਾਲਾ, ਜਤਿੰਦਰ ਸਿੰਘ ਚੀਮਾ ਮੈਨੇਜਰ ਗੁਰਦੁਆਰਾ ਕੰਧ ਸਾਹਿਬ ਬਟਾਲਾ, ਸ੍ਰੀ ਕੁਲਵੰਤ ਸਿੰਘ ਕੌਂਸਲਰ ਬਟਾਲਾ , ਸਤਿੰਦਰ ਸਿੰਘ ਗਿੱਲ , ਗੁਰਵਿੰਦਰ ਸਿੰਘ ਅੱਚਲ ਸਾਹਿਬ, ਸਿਮਰਤਪਾਲ ਸਿੰਘ ਬਟਾਲਾ ਨੇ ਸ਼ਿਰਕਤ ਕੀਤੀ ।ਜਿਨ੍ਹਾਂ ਦਾ ਇਤਿਹਾਸਕ ਗੁਰਦੁਆਰਾ ਸ੍ਰੀ ਬੇਰ ਸਾਹਿਬ ਜੀ ਸੁਲਤਾਨਪੁਰ ਲੋਧੀ ਪੁੱਜਣ ਤੇ ਸਥਾਨਕ ਸੰਗਤਾਂ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ।ਗੁਰਦੁਆਰਾ ਬੇਰ ਸਾਹਿਬ ਵਿਖੇ



ਨਤਮਸਤਕ ਹੋਣ ਉਪਰੰਤ ਉਕਤ ਸਮੂਹ ਆਗੂਆਂ ਨੂੰ ਗੁਰਦੁਆਰਾ ਸ੍ਰੀ ਬੇਰ ਸਾਹਿਬ ਵਿਖੇ ਪ੍ਰਬੰਧਕਾਂ ਦਾ ਸਿਰੋਪਾਓ ਨਾਲ ਸਨਮਾਨ ਕੀਤਾ ਗਿਆ। ਉਪਰੰਤ ਵਿਆਹ ਪੁਰਬ ਨਗਰ ਕੀਰਤਨ ਦੀਆਂ ਤਿਆਰੀਆਂ ਸਬੰਧੀ ਮੀਟਿੰਗ ਕੀਤੀ । ਜਿਸ ਵਿਚ ਸ਼੍ਰੋਮਣੀ ਕਮੇਟੀ ਮੈਂਬਰ ਬਟਾਲਾ ਜਥੇ ਗੋਰਾ ਤੇ ਜਥੇ ਜੱਸਲ ਤੇ ਹੋਰ ਪ੍ਰਬੰਧਕਾਂ ਨੇ ਨਗਰ ਕੀਰਤਨ ਲੈ ਕੇ ਆਉਣ ਲਈ ਸੱਦਾ ਪੱਤਰ ਤੇ ਇਸ਼ਤਿਹਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸੁਲਤਾਨਪੁਰ ਲੋਧੀ ਦੇ ਮੈਂਬਰ ਬੀਬੀ ਗੁਰਪ੍ਰੀਤ ਕੌਰ ਰੂਹੀ ਤੇ ਸ਼੍ਰੋਮਣੀ ਕਮੇਟੀ ਮੈਂਬਰ ਜਥੇ ਜਰਨੈਲ ਸਿੰਘ ਡੋਗਰਾਂਵਾਲ ਨੂੰ ਭੇਂਟ ਕੀਤਾ। ਗੁਰਦੁਆਰਾ ਬੇਰ ਸਾਹਿਬ ਸੁਲਤਾਨਪੁਰ ਲੋਧੀ ਤੋਂ ਦੇਸ਼ ਵਿਦੇਸ਼ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵਿਸ਼ਾਲ ਨਗਰ ਕੀਰਤਨ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਤੇ ਪੰਜ ਪਿਆਰੇ ਸਾਹਿਬਾਨ ਦੀ ਅਗਵਾਈ 'ਚ 29 ਅਗਸਤ ਨੂੰ ਸਵੇਰੇ 7 ਵਜੇ ਬਟਾਲਾ ਲਈ ਰਵਾਨਾ ਹੋਵੇਗਾ। ਉਨ੍ਹਾਂ ਦੱਸਿਆ ਕਿ 28 ਅਗਸਤ ਦੀ ਸ਼ਾਮ ਨੂੰ ਬਟਾਲਾ ਤੋਂ ਧਾਰਮਿਕ ਜਥੇਬੰਦੀਆਂ ਤੇ ਹੋਰ ਸਿੱਖ ਸੰਗਤਾਂ ਸ਼ਰਧਾ ਨਾਲ ਪੁਰਾਤਨ ਰਵਾਇਤ ਮੁਤਾਬਿਕ ਸ਼ਬਦ ਗੁਰਬਾਣੀ ਦਾ ਜਾਪ ਕਰਦੇ ਹੋਏ ਸੁਲਤਾਨਪੁਰ ਲੋਧੀ ਗੁਰਦੁਆਰਾ ਸ੍ਰੀ ਬੇਰ ਸਾਹਿਬ ਪੁੱਜਣਗੀਆਂ ਤੇ 29 ਅਗਸਤ ਨੂੰ ਸਵੇਰੇ ਨਗਰ ਕੀਰਤਨ ਨਾਲ ਚਾਲੇ ਪਾਉਣਗੀਆਂ। ਇਸ ਸਮੇ ਰਸਤੇ 'ਚ ਵੱਖ ਵੱਖ ਪਿੰਡਾਂ ਤੇ ਸ਼ਹਿਰਾਂ 'ਚ ਫੁੱਲਾਂ ਦੀ ਵਰਖਾ ਕਰਕੇ ਸੰਗਤਾਂ ਵੱਲੋਂ ਸਵਾਗਤ ਕੀਤਾ ਜਾਵੇਗਾ। ਉਨ੍ਹਾਂ ਹੋਰ ਦੱਸਿਆ ਕਿ ਬਟਾਲਾ ਸਾਹਿਬ ਵਿਖੇ ਵੀ ਅਗਲੇ ਦਿਨ 30 ਅਗਸਤ ਨੂੰ ਬਹੁਤ ਹੀ ਵਿਸ਼ਾਲ ਨਗਰ ਕੀਰਤਨ ਸਜਾਇਆ ਜਾਵੇਗਾ। ਇਸ ਸਮੇਂ ਮੀਟਿੰਗ ਵਿਚ ਸੁਲਤਾਨਪੁਰ ਲੋਧੀ ਤੋਂ ਸ਼ਾਮਲ ਹਸਤੀਆਂ ਵਿਚ ਜਥੇ ਜਰਨੈਲ ਸਿੰਘ ਡੋਗਰਾਂਵਾਲ ਮੈਂਬਰ ਸ਼੍ਰੋਮਣੀ ਕਮੇਟੀ, ਬੀਬੀ ਗੁਰਪ੍ਰੀਤ ਕੌਰ ਰੂਹੀ ਮੈਂਬਰ ਸ਼੍ਰੋਮਣੀ ਕਮੇਟੀ , ਮੈਨੇਜਰ ਬੇਰ ਸਾਹਿਬ ਅਵਤਾਰ ਸਿੰਘ,ਹੈਡ ਗ੍ਰੰਥੀ ਭਾਈ ਸਤਨਾਮ ਸਿੰਘ, ਐਡੀਸ਼ਨਲ ਹੈਡ ਗ੍ਰੰਥੀ ਹਰਜਿੰਦਰ ਸਿੰਘ, ਬੀਬੀ ਬਲਜੀਤ ਕੌਰ ਕਮਾਲਪੁਰ, ਪਵਨਦੀਪ ਸਿੰਘ ਰਿਕਾਰਡ ਕੀਪਰ, ਨੰਬਰਦਾਰ ਸੁਰਿੰਦਰਪਾਲ ਸਿੰਘ ਸੋਢੀ ਪ੍ਰਧਾਨ ਪ੍ਰੈਸ ਕਲੱਬ ਸੁਲਤਾਨਪੁਰ ਲੋਧੀ, ਜਰਨੈਲ ਸਿੰਘ ਅਕਾਊਂਟੈਂਟ ਬੇਰ ਸਾਹਿਬ, ਸੁਖਜਿੰਦਰ ਸਿੰਘ ਭਗਤਪੁਰ, ਸਲਵੰਤ ਸਿੰਘ ਸਟੋਰ ਕੀਪਰ, ਜਥੇ ਸਰਵਨ ਸਿੰਘ ਚੱਕਾਂ, ਹਰਪ੍ਰੀਤ ਸਿੰਘ ਆਰ.ਕੇ.,ਸਨਮਪ੍ਰੀਤ ਸਿੰਘ ਆਦਿ ਨੇ ਸ਼ਿਰਕਤ ਕੀਤੀ।

# ਦਿਹਾਤੀ ਪੁਲਸ ਵੱਲੋਂ ਨਸ਼ਿਆਂ ਵਿਰੁੱਧ ਜਾਗਰੂਕਤਾ ਤੇ ਸਾਂਝੀ ਰਣਨੀਤੀ

**ਜਲੰਧਰ (ਸ਼ੈਲੀ ਐਲਬਰਟ)**- ਯੁੱਧ ਨਸ਼ਿਆਂ ਵਿਰੁੱਧ ਚੱਲ ਰਹੀ ਮੁਹਿੰਮ ਤਹਿਤ ਐਸ.ਕੇ ਰਾਮ ਪਾਲ ਡੀ ਆਈ ਜੀ ਐਂਟੀ ਨਾਰਕੋਟਿਕ ਟਾਸਕ ਫੋਰਸ ਜੀ ਦੀ ਅਗਵਾਈ ਹੇਠ ਐਸ.ਐਸ.ਪੀ. ਹਰਵਿੰਦਰ ਸਿੰਘ ਵਿਰਕ ਜਲੰਧਰ ਦਿਹਾਤੀ, ਐਸ.ਪੀ. (ਇਨਵੈਸਟੀਗੇਸ਼ਨ) ਸਰਬਜੀਤ ਰਾਏ, ਡਿਪਟੀ ਮੇਅਰ ਬਲਬੀਰ ਸਿੰਘ ਉਪ ਪੁਲਸ ਕਪਤਾਨ ਆਦਮਪੁਰ ਕੁਲਵੰਤ ਸਿੰਘ, ਮੁੱਖ ਅਫਸਰ ਥਾਣਾ ਪਤਾਰਾ ਐਸ.ਆਈ. ਕਿਸ਼ਨ ਗੋਪਾਲ, ਮੁੱਖ ਅਫਸਰ ਥਾਣਾ ਭੋਗਪੁਰ ਇੰਸਪੈਕਟਰ ਰਾਕੇਸ਼ ਕੁਮਾਰ ਅਰੋੜਾ, ਅਤੇ ਮੁੱਖ ਅਫਸਰ ਥਾਣਾ ਆਦਮਪੁਰ ਇੰਸਪੈਕਟਰ ਰਵਿੰਦਰਪਾਲ ਸਿੰਘ ਦੀ ਹਾਜ਼ਰੀ ਵਿੱਚ ਇੱਕ ਮਹੱਤਵਪੂਰਨ ਸੰਪਰਕ ਮੀਟਿੰਗ ਦਾ ਆਯੋਜਨ ਕੀਤਾ ਗਿਆ।ਇਹ ਮੀਟਿੰਗ ਭੋਗਪੁਰ, ਪਤਾਰਾ ਅਤੇ ਆਦਮਪੁਰ ਇਲਾਕਿਆਂ ਦੇ ਸਰਪੰਚਾਂ, ਮੋਹਤਬਰ ਮੈਂਬਰਾਂ ਅਤੇ ਇਲਾਕਾ ਵਾਸੀਆਂ ਨਾਲ ਕੀਤੀ ਗਈ। ਮੀਟਿੰਗ ਵਿੱਚ ਖ਼ਾਸ ਤੌਰ 'ਤੇ ਸੰਦੀਪ ਵਰਮਾ ਸਰਪੰਚ ਪਤਾਰਾ, ਪ੍ਰਵੀਨ ਕੁਮਾਰ ਸਰਪੰਚ ਜੌਹਲਾਂ ਸਮੇਤ ਕਈ ਹੋਰ ਪਿੰਡਾਂ ਦੇ ਚੁਣੇ ਹੋਏ ਨੁਮਾਇੰਦਿਆਂ ਨੇ ਭਾਗ ਲਿਆ। ਮੀਟਿੰਗ ਦੌਰਾਨ ਨਸ਼ਾ ਤਿਆਗ ਚੁੱਕੇ ਨੌਜਵਾਨਾਂ ਵੱਲੋਂ ਵੱਧ ਚੜ੍ਹ ਕੇ ਹਿੱਸਾ ਲਿਆ ਗਿਆ ਅਤੇ ਨਸ਼ੇ ਦੀ ਦਲਦਲ ਫਸੇ



ਹੋਰ ਨੌਜਵਾਨਾਂ ਲਈ ਪ੍ਰੇਰਨਾ ਸਰੋਤ ਬਣੇ । ਐਸ.ਕੇ ਰਾਮ ਪਾਲ ਡੀ ਆਈ ਜੀ ਐਂਟੀ ਨਾਰਕੋਟਿਕ ਟਾਸਕ ਫੋਰਸ ਅਧਿਕਾਰੀਆਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਪੁਲਸ ਦਾ ਸਾਥ ਦੇਣ ਅਤੇ ਨਸ਼ਿਆਂ ਦੇ ਵਪਾਰ ਵਿੱਚ ਸ਼ਾਮਲ ਵਿਅਕਤੀਆਂ ਬਾਰੇ ਤੁਰੰਤ ਸੂਚਨਾ ਸਾਂਝੀ ਕਰਨ। ਉਹਨਾਂ ਦੱਸਿਆ ਕਿ ਹੁਣ ਤੱਕ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਕਰੀਬ 17000 ਦਰਖ਼ਾਸਤਾਂ ਮਿਲੀਆਂ ਸਨ ਜਿਸ ਕਰਵਾਈ ਕਰਦੇ ਹੋਏ ਕਰੀਬ 5400 ਮੁਕੱਦਮੇ ਦਰਜ ਕੀਤੇ ਗਏ ਅਤੇ 7500 ਦੇ ਕਰੀਬ ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕਰਕੇ ਜੇਲ੍ਹ ਭੇਜਿਆ ਜਾ ਚੁੱਕਾ ਹੈ।ਐਸ.ਐਸ.ਪੀ. ਹਰਵਿੰਦਰ ਸਿੰਘ ਵਿਰਕ ਜਲੰਧਰ ਦਿਹਾਤੀ ਨੇ ਕਿਹਾ ਨਸ਼ਾ ਤਸਕਰਾਂ ਦੀ ਸੂਚਨਾ ਦੇ ਵਾਲੇ ਵਿਅਕਤੀ ਦਾ ਨਾਮ ਅਤੇ ਪਤਾ ਗੁਪਤ ਰੱਖਿਆ ਜਾਵੇਗਾ। ਇਸ ਮੌਕੇ ਪਿੰਡ ਵਾਸੀਆਂ ਨੇ ਵੀ ਆਪਣੀਆਂ ਸਮੱਸਿਆਵਾਂ ਤੇ ਸੁਝਾਓ ਅਫਸਰਾਂ ਨਾਲ ਸਾਂਝੇ ਕੀਤੇ ਅਤੇ ਨਸ਼ਾ ਮੁਕਤ ਸਮਾਜ ਬਣਾਉਣ ਲਈ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿਵਾਇਆ। ਉਨ੍ਹਾਂ ਨੇ ਨੌਜਵਾਨਾਂ ਦੀ ਨਸ਼ਿਆਂ ਨੂੰ ਤਿਆਗਣ ਤੇ ਹੌਸਲਾ ਅਫਜ਼ਾਈ ਕੀਤੀ।ਐਸ.ਪੀ. (ਇਨਵੈਸਟੀਗੇਸ਼ਨ) ਸਰਬਜੀਤ ਰਾਏ ਨੇ ਦੱਸਿਆ ਕਿ ਇਸ ਮੁਹਿੰਮ ਤਹਿਤ ਹੁਣ ਤੱਕ ਜ਼ਿਲ੍ਹਾ ਜਲੰਧਰ ਦਿਹਾਤੀ ਪੁਲਸ ਵੱਲੋਂ ਕਰੀਬ 350 ਮੁਕੱਦਮੇ ਦਰਜ ਕੀਤੇ ਗਏ ਅਤੇ ਕਰੀਬ 11 ਕਰੋੜ ਦੀ ਨਸ਼ਾ ਤਸਕਰਾ ਦੀ ਪ੍ਰੋਪਰਟੀ ਫਰੀਜ਼ ਕੀਤੀ ਗਈ ਅਤੇ ਅੱਗੋਂ ਵੀ ਨਸ਼ਿਆਂ ਵਿਰੁੱਧ ਲੜਾਈ ਵਿੱਚ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਵੇਗੀ ਅਤੇ ਇਸ ਮੁਹਿੰਮ ਨੂੰ ਹੋਰ ਮਜ਼ਬੂਤੀ ਨਾਲ ਅੱਗੇ ਵਧਾਇਆ ਜਾਵੇਗਾ।

# ਖੇਤੀਬਾੜੀ ਮੰਤਰੀ ਖੁੱਡੀਆ ਵੱਲੋਂ ਹੜ੍ਹ ਪ੍ਰਭਾਵਤ ਸਰਹੱਦੀ ਪਿੰਡਾਂ ਦਾ ਦੌਰਾ

## ਪਸ਼ੂ ਪਾਲਕਾਂ ਨੂੰ ਹਰੇ ਚਾਰੇ ਦੇ ਨਾਲ ਫੀਡ ਦੇਣ ਦੀ ਵੀ ਕੀਤੀ ਹਦਾਇਤ





**ਮੰਡੀ ਘੁਬਾਇਆ (ਬਲਵਿੰਦਰ ਸਿੰਘ)**-ਪੰਜਾਬ ਦੇ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆ ਨੇ ਫਾਜ਼ਿਲਕਾ ਜ਼ਿਲ੍ਹੇ ਦੇ ਹੜ੍ਹ ਪ੍ਰਭਾਵਿਤ ਸਰਹੱਦੀ ਪਿੰਡਾਂ ਦਾ ਦੌਰਾ ਕੀਤਾ।ਇਸ ਮੌਕੇ ਉਨ੍ਹਾਂ ਐਲਾਨ ਕੀਤਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਪਸ਼ੂ ਪਾਲਕਾਂ ਨੂੰ ਹਰੇ ਚਾਰੇ ਦੇ ਨਾਲ ਨਾਲ ਫੀਡ ਵੀ ਦਿੱਤੀ ਜਾਵੇਗੀ।ਉਨ੍ਹਾਂ ਕਿਹਾ ਕਿ ਪੀਣ ਵਾਲੇ ਪਾਣੀ ਦੇ ਟੈਂਕਰ ਭੇਜਣ ਸੰਬੰਧੀ ਵੀ ਜ਼ਿਲ੍ਹਾ ਪ੍ਰਸ਼ਾਸਨ ਨੂੰ ਹਦਾਇਤ ਕੀਤੀ ਗਈ ਹੈ।ਇਸ ਮੌਕੇ ਫਾਜ਼ਿਲਕਾ ਦੇ ਵਿਧਾਇਕ ਨਰਿੰਦਰ ਪਾਲ ਸਿੰਘ ਸਵਨਾ ਵੀ ਉਨ੍ਹਾਂ ਨਾਲ ਸਨ।

ਕੈਬਨਿਟ ਮੰਤਰੀ ਨੇ ਕਾਵਾਂ ਵਾਲੀ ਪੱਤਣ, ਦੋਨਾ ਨਾਨਕਾ, ਤੇਜਾ ਰੁਹੇਲਾ ਆਦਿ ਪਿੰਡਾਂ ਦਾ ਦੌਰਾ ਕੀਤਾ ਤੇ ਲੋਕਾਂ ਨਾਲ ਮਿਲ ਕੇ ਉਨ੍ਹਾਂ ਦੀਆਂ ਮੁਸ਼ਕਲਾਂ ਸੁਣੀਆਂ।ਇਸ ਦੌਰਾਨ ਉਨ੍ਹਾਂ ਨੇ ਦੋਨਾਂ ਨਾਨਕਾ ਤੱਕ ਟਰੈਕਟਰ ਟਰਾਲੀ ਤੇ ਜਾ ਕੇ ਪਿੰਡ ਵਿੱਚ ਪਹੁੰਚ ਕੀਤੀ, ਪਰ ਪਿੰਡ ਵਿੱਚ ਸਾਰੇ ਘਰ ਸੁਰੱਖਿਅਤ ਹਨ ਤੇ ਪਿੰਡ ਅੰਦਰ ਪਾਣੀ ਦਾਖਲ ਨਹੀਂ ਹੋਇਆ ਹੈ, ਹਾਲਾਂਕਿ ਤੇਜਾ ਰੁਹੇਲਾ ਤੋਂ ਦੋਨਾ ਨਾਨਕਾਂ ਤੱਕ ਸੜਕ 'ਤੇ ਪਾਣੀ ਨਹੀਂ ਹੈ।ਪਿੰਡਾਂ ਦੇ ਲੋਕਾਂ ਨੇ ਆਖਿਆ ਕਿ ਹਰਾ ਚਾਰਾ ਪਹੁੰਚ ਰਿਹਾ ਹੈ, ਜਦਕਿ ਫਿਲਹਾਲ ਉਨ੍ਹਾਂ ਕੋਲ ਰਾਸ਼ਨ ਦੀ ਵਿਵਸਥਾ ਆਪਣੇ ਪੱਧਰ 'ਤੇ ਹੈ।ਲੋਕਾਂ ਦੇ ਕਹਿਣ ਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਉਚ ਅਧਿਕਾਰੀਆਂ ਨੂੰ ਹਦਾਇਤ ਕੀਤੀ ਤੇ ਕਿਹਾ ਕਿ ਪਿੰਡ ਵਿੱਚ ਮੈਡੀਕਲ ਤੇ ਪਸ਼ੂ ਪਾਲਣ ਵਿਭਾਗ ਦੀ ਟੀਮ ਪਹੁੰਚ ਰਹੀ ਹੈ।ਕੈਬਨਿਟ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਪਹਿਲਾਂ ਹੀ ਸਪੈਸ਼ਲ ਗਿਰਦਾਵਰੀ ਦੇ ਹੁਕਮ ਦਿੱਤੇ ਗਏ ਹਨ ਤੇ ਪ੍ਰਸ਼ਾਸਨ ਨੂੰ ਹਦਾਇਤ ਕੀਤੀ ਗਈ ਹੈ ਕਿ ਇਹ ਕੰਮ ਜਲਦ ਕੀਤਾ ਜਾਵੇ ਤੇ ਮਕਾਨਾਂ ਨੂੰ ਹੋਏ ਨੁਕਸਾਨ ਸਬੰਧੀ ਵੀ ਸਰਵੇ ਕੀਤਾ ਜਾਵੇ ਤਾਂ ਜੋ ਪ੍ਰਭਾਵਿਤ ਲੋਕਾਂ ਨੂੰ ਸਰਕਾਰ ਦੀ ਨੀਤੀ ਅਨੁਸਾਰ ਮੁਆਵਜ਼ਾ ਦਿੱਤਾ ਜਾ ਸਕੇ।ਉਨ੍ਹਾਂ ਕਿਹਾ ਕਿ ਪਸ਼ੂ ਪਾਲਣ ਤੇ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਨੂੰ ਵੀ ਹਦਾਇਤ ਕੀਤੀ ਗਈ ਹੈ ਕਿ ਉਹ ਲਗਾਤਾਰ ਪਿੰਡਾਂ ਵਿੱਚ ਰਹਿਣ ਤਾਂ ਜੋ ਲੋਕਾਂ ਨੂੰ ਹਰ ਸੰਭਵ ਮਦਦ ਮੁਹੱਈਆ ਕਰਵਾਈ ਜਾਵੇ।

## ਜ਼ਿਲ੍ਹਾ ਫੂਡ ਤੇ ਸਪਲਾਈ ਕੰਟਰੋਲਰ ਮੀਨਾਕਸ਼ੀ ਵੱਲੋਂ ਆੜ੍ਹਤੀਆਂ ਨਾਲ ਮੀਟਿੰਗ



**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਦੀਆਂ ਹਦਾਇਤਾਂ 'ਤੇ ਜ਼ਿਲ੍ਹਾ ਫੂਡ ਤੇ ਸਪਲਾਈ ਕੰਟਰੋਲਰ ਮੀਨਾਕਸ਼ੀ ਨੇ ਆੜ੍ਹਤੀਆਂ ਨਾਲ ਮੀਟਿੰਗ ਕਰਕੇ ਝੋਨੇ ਦੀ ਖਰੀਦ ਲਈ ਪ੍ਰਸ਼ਾਸਨ ਪੱਧਰ 'ਤੇ ਕੀਤੀਆਂ ਜਾ ਰਹੀਆਂ ਤਿਆਰੀਆਂ ਬਾਰੇ ਜਾਣਕਾਰੀ ਸਾਂਝਾ ਕੀਤੀ।ਡੀ.ਐੱਫ.ਐੱਸ.ਸੀ. ਨੇ ਕਿਹਾ ਕਿ ਫਾਜ਼ਿਲਕਾ ਜ਼ਿਲ੍ਹੇ ਦੀਆਂ ਅਨਾਜ ਮੰਡੀਆਂ ਵਿੱਚ ਝੋਨੇ ਦੀ ਆਮਦ ਵਿੱਚ ਲਗਭਗ ਇੱਕ ਮਹੀਨੇ ਦਾ ਸਮਾਂ ਪਿਆ ਹੈ, ਪਰ ਫਿਰ ਵੀ ਇਸ ਸੀਜ਼ਨ ਦੀ ਸਫ਼ਲਤਾ ਨੂੰ ਯਕੀਨੀ ਬਣਾਉਣ ਲਈ ਕਿਸਾਨ ਵੀਰਾਂ ਨੂੰ ਇਹ ਸੁਨੇਹਾ ਪਹੁੰਚਾਏ ਜਾਣ ਦੀ ਅਤਿਅੰਤ ਲੋੜ ਹੈ ਕਿ ਉਹ ਅਨਾਜ ਮੰਡੀਆਂ ਵਿੱਚ ਕੇਵਲ ਸੁੱਕੀ ਜਿਣਸ ਹੀ ਲਿਆਉਣ ਤਾਂ ਜੋ ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਦੀ ਇਨ ਬਿਨ ਪਾਲਣਾ ਕਰਦਿਆਂ ਨਿਰਧਾਰਤ ਸਮਾਂ ਵਿੱਚ ਅੰਦਰ ਝੋਨੇ ਦੀ ਸਰਕਾਰੀ ਖਰੀਦ ਕਰਵਾ ਕੇ ਅਦਾਇਗੀ ਪ੍ਰਕਿਰਿਆ ਅਮਲ ਵਿੱਚ ਲਿਆਂਦੀ ਜਾ ਸਕੇ।ਡੀ.ਐੱਫ.ਐੱਸ.ਸੀ. ਨੇ ਕਿਹਾ ਕਿ ਝੋਨੇ ਵਿੱਚ ਨਮੀ ਦੀ ਮਾਤਰਾ ਵਧੇਰੇ ਹੋਣ ਦੀ ਸੂਰਤ ਵਿੱਚ ਖਰੀਦ ਏਜੰਸੀਆਂ ਖਰੀਦ ਕਰਨ ਵਿੱਚ ਅਸਮਰੱਥ ਹੁੰਦੀਆਂ ਹਨ ਤੇ ਮੰਡੀਆਂ ਵਿੱਚ ਅਜਿਹੇ ਨਮੀ ਵਾਲੇ ਝੋਨੇ ਦੇ ਭੰਡਾਰ ਲੱਗ ਜਾਂਦੇ ਹਨ, ਜਿਸ ਕਾਰਨ ਕਿਸਾਨਾਂ ਵਿੱਚ ਰੋਸ ਪੈਦਾ ਹੁੰਦਾ ਹੈ।ਡੀ.ਐੱਫ.ਐੱਸ.ਸੀ. ਨੇ ਆੜ੍ਹਤੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਸਬੰਧੀ ਹਰ ਕਿਸਾਨ ਨੂੰ ਸੁਚੇਤ ਕਰਨ ਵਿੱਚ ਨਿੱਗਰ ਯੋਗਦਾਨ ਪਾਉਣ ਤਾਂ ਜੋ ਆਉਂਦੇ ਸੀਜ਼ਨ ਦੌਰਾਨ ਝੋਨੇ ਦੀ ਖਰੀਦ ਸਬੰਧੀ ਹਰ ਪ੍ਰਕਿਰਿਆ ਨੂੰ ਤੇਜ਼ੀ ਦੇ ਅਧਾਰ 'ਤੇ ਨੇਪਰੇ ਚੜ੍ਹਾਇਆ ਜਾ ਸਕੇ।ਇਸ ਮੌਕੇ ਆੜ੍ਹਤੀ ਐਸੋਸੀਏਸ਼ਨ ਦੇ ਪ੍ਰਧਾਨ ਸਾਧੂ ਰਾਮ ਤੋਂ ਇਲਾਵਾ ਤਰਸੇਮ ਲਾਲ, ਗੁਰਸੇਵਕ ਸਿੰਘ, ਅਵਤਾਰ ਸਿੰਘ, ਸਤਨਾਮ ਸਿੰਘ, ਵਰਿੰਦਰ ਸਿੰਘ, ਨਿਰਮਲ ਸਿੰਘ ਆੜ੍ਹਤੀ ਆਦਿ ਮੌਜੂਦ ਸਨ।

## ਔਰਤਾਂ ਦਾ ਪਰਸ ਖੋਹ ਕੇ ਭੱਜਣ ਵਾਲੇ ਲੁਟੇਰਿਆਂ ਦਾ ਐਨਕਾਊਂਟਰ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਪੁਲਸ ਵੱਲੋਂ ਲੁਟੇਰਿਆਂ ਦਾ ਪਿੱਛਾ ਕੀਤਾ ਜਾ ਰਿਹਾ ਸੀ ਕਿ ਲੁਟੇਰਿਆਂ ਵੱਲੋਂ ਕੀਤੇ ਗਏ ਹਵਾਈ ਫਾਇਰ ਮਗਰੋਂ ਪੁਲਸ ਵੱਲੋਂ ਜਵਾਬੀ ਕਾਰਵਾਈ ਕਰਦੇ ਹੋਏ ਚਲਾਈ ਗਈ ਗੋਲੀ ਇੱਕ ਲੁਟੇਰੇ ਦੇ ਲੱਤ ਵਿੱਚ ਲੱਗੀ। ਮੌਕੇ 'ਤੇ ਪਹੁੰਚੇ ਪੁਲਸ ਦੇ ਸੀਨੀਅਰ ਅਧਿਕਾਰੀ ਫੋਰੈਂਸਿਕ ਟੀਮ ਵੱਲੋਂ ਘਟਨਾ ਸਥਾਨ ਦਾ ਜਾਇਜ਼ਾ ਲਿਆ ਜਾ ਰਿਹਾ। ਐੱਸ ਐੱਸ ਪੀ ਡਾਕਟਰ ਜਯੋਤੀ ਕੌਂਡਲ ਨੇ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਸਾਰੀ ਵਾਰਦਾਤ ਬਾਰੇ ਦੱਸਿਆ ਕਿ ਇਨ੍ਹਾਂ ਮੁਲਜ਼ਮਾਂ ਉੱਪਰ ਪਹਿਲਾਂ ਵੀ ਕੇਸ ਦਰਜ ਹਨ। ਬੀਤੇ 19 ਅਗਸਤ ਨੂੰ ਇਨ੍ਹਾਂ ਵੱਲੋਂ ਦੋ ਔਰਤਾਂ ਦੀ ਸਨੈਚਿੰਗ ਕੀਤੀ ਗਈ ਸੀ, ਜਿਸ ਦੌਰਾਨ ਇੱਕ ਔਰਤ ਦੇ ਸਿਰ ਵਿੱਚ ਗੰਭੀਰ ਸੱਟ ਵੀ ਲੱਗੀ, ਜਿਸ ਨੂੰ ਹਸਪਤਾਲ ਵਿੱਚ ਭਰਤੀ ਕਰਵਾਇਆ ਹੋਇਆ ਹੈ, ਜੋ ਸੀਰੀਅਸ ਕੰਡੀਸ਼ਨ ਵਿੱਚ ਹੈ। ਇਨ੍ਹਾਂ ਮੁਲਜ਼ਮਾਂ ਦੀ ਸੀਸੀਟੀਵੀ ਫੁਟੇਜ ਵੀ ਲਈ ਗਈ, ਜਿਸ ਤੋਂ ਬਾਅਦ ਮਾਮਲਾ ਦਰਜ ਕਰਕੇ ਇਨ੍ਹਾਂ ਦਾ ਪਿੱਛਾ ਕੀਤਾ ਜਾ ਰਿਹਾ ਸੀ। ਅੱਜ ਇਨ੍ਹਾਂ ਵੱਲੋਂ ਪੁਲਸ ਉੱਪਰ ਫਾਇਰਿੰਗ ਕੀਤੀ, ਜਿਸ ਤੋਂ ਬਾਅਦ ਪੁਲਸ ਵੱਲੋਂ ਵੀ ਜਵਾਬੀ ਫਾਇਰਿੰਗ ਇਨ੍ਹਾਂ ਉੱਪਰ ਕੀਤੀ, ਜਿਸ ਦੌਰਾਨ ਮੁਲਜ਼ਮਾਂ ਵਿੱਚੋਂ ਇੱਕ ਸ਼ਖਸ ਜ਼ਖਮੀ ਹੋ ਗਿਆ, ਉਸ ਦੇ ਪੈਰ ਉੱਪਰ ਗੋਲੀ ਲੱਗੀ ਹੈ, ਜਿਸ ਨੂੰ ਮੌਕੇ 'ਤੇ ਹੀ ਫੜ ਲਿਆ ਗਿਆ ਅਤੇ ਉਸ ਤੋਂ ਪੁੱਛਗਿੱਛ ਸ਼ੁਰੂ ਕਰ ਦਿੱਤੀ ਹੈ।

## ਧੱਕੇ ਨਾਲ ਲੋਡ ਚੈੱਕ ਕਰ ਰਹੇ ਬਿਜਲੀ ਅਧਿਕਾਰੀਆਂ ਦਾ ਘਿਰਾਓ



**ਦਿੜ੍ਹਬਾ (ਜਸਵੀਰ ਲਾਡੀ)**-ਭਾਰਤੀ ਕਿਸਾਨ ਏਕਤਾ ਉਗਰਾਹਾਂ ਦੇ ਬਲਾਕ ਦਿੜ੍ਹਬਾ ਦੇ ਪਿੰਡ ਇਕਾਈ ਮਹਿਲਾਂ ਚੌਕ ਵਿਖੇ ਇਕਾਈ ਪ੍ਰਧਾਨ ਜਗਜੀਤ ਸਿੰਘ ਸੇਖੋਂ ਦੀ ਅਗਵਾਈ ਹੇਠ ਬਿਜਲੀ ਅਧਿਕਾਰੀਆਂ ਦਾ ਘਿਰਾਓ ਕੀਤਾ ਗਿਆ ਜੋ ਕਿ ਬਿਜਲੀ ਮੁਲਾਜ਼ਮ ਘਰਾਂ ਵਿੱਚ ਵੜ ਕੇ ਧੱਕੇ ਨਾਲ ਲੋਡ ਚੈੱਕ ਕਰ ਰਹੇ ਸਨ। ਇਸ ਮੌਕੇ ਬਲਾਕ ਆਗੂ ਹਰਜੀਤ ਸਿੰਘ ਮਹਿਲਾਂ ਅਤੇ ਅਮਨਦੀਪ ਸਿੰਘ ਮਹਿਲਾਂ ਨੇ ਦੱਸਿਆ ਕਿ ਸਵੇਰੇ ਲਗਭਗ 6 ਵਜੇ ਸਬ ਡਵੀਜ਼ਨ ਮਹਿਲਾਂ ਦੇ ਐਸ ਡੀ ਓ ਸਮੇਤ ਅੱਠ ਨੌਂ ਮੁਲਾਜ਼ਮਾਂ ਨੇ ਕਿਸਾਨ ਬਲਦੇਵ ਸਿੰਘ ਦੇ ਘਰ ਅੰਦਰ ਦਾਖਲ ਹੋ ਕੇ ਬਿਜਲੀ ਦਾ ਲੋਡ ਚੈੱਕ ਕਰਨ ਸਬੰਧੀ ਦਬਕੇ ਮਾਰੇ ਅਤੇ ਕਿਹਾ ਕਿ ਤੁਸੀਂ ਕੁੰਡੀ ਲਗਾਉਂਦੇ ਹੋ ਜਦੋਂ ਕਿ ਕਿਸਾਨ ਦਾ ਮੀਟਰ ਪਹਿਲਾਂ ਤੋਂ ਹੀ ਬਕਸ ਵਿੱਚ ਲੱਗਾ ਹੋਇਆ ਹੈ। ਕਿਸਾਨ ਐਵਰੇਜ ਬਿੱਲ ਹਰ ਮਹੀਨੇ ਭਰਦਾ ਹੈ। ਕਿਸਾਨ ਨੇ ਚਿੱਪ ਵਾਲਾ ਮੀਟਰ ਲਗਵਾਉਣ ਤੋਂ ਮਨ੍ਹਾ ਕੀਤਾ ਹੋਇਆ ਹੈ, ਇਸ ਲਈ ਕੁੰਡੀ ਦਾ ਮਸਲਾ ਬਣਾ ਕੇ ਲੋਕਾਂ ਨੂੰ ਡਰਾ ਧਮਕਾ ਕੇ ਚਿੱਪ ਵਾਲੇ ਮੀਟਰ ਲਗਾਏ ਜਾ ਰਹੇ ਹਨ। ਜਦੋਂ ਇਸ ਗੱਲ ਦਾ ਪਤਾ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਆਗੂਆਂ ਨੂੰ ਲੱਗਿਆ ਤਾਂ ਉਨ੍ਹਾਂ ਨੇ ਲੋਡ ਚੈੱਕ ਕਰਨ ਆਏ ਅਧਿਕਾਰੀਆਂ ਦਾ ਘਿਰਾਓ ਕਰ ਲਿਆ ਅਤੇ ਕਿਹਾ ਕਿ ਇਸ ਤਰ੍ਹਾਂ ਦਾ ਧੱਕਾ ਕਿਸੇ ਵੀ ਹਾਲਤ ਵਿੱਚ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਤੋਂ ਬਾਅਦ ਮਹਿਲਾਂ ਚੌਕੀ ਇੰਚਾਰਜ ਕਰਮਜੀਤ ਸਿੰਘ ਮੌਕੇ ਤੇ ਪਹੁੰਚੇ ਅਤੇ ਐਸ ਡੀ ਓ ਨੇ ਸਟੇਜ 'ਤੇ ਆ ਕੇ ਆਪਣੀ ਗਲਤੀ ਦਾ ਅਹਿਸਾਸ ਕੀਤਾ ਅਤੇ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਅੱਗੇ ਤੋਂ ਕਿਸੇ ਵੀ ਕਿਸਾਨ ਮਜ਼ਦੂਰ ਨੂੰ ਇਸ ਤਰ੍ਹਾਂ ਪਰੇਸ਼ਾਨ ਨਹੀਂ ਕੀਤਾ ਜਾਵੇਗਾ। ਇਸ ਤੋਂ ਬਾਅਦ ਘਿਰਾਓ ਸਮਾਪਤ ਕਰ ਦਿੱਤਾ ਗਿਆ। ਇਸ ਮੌਕੇ ਹਾਜ਼ਰ ਸਾਥੀ ਦਰਸ਼ਨ ਸਿੰਘ ਮਾਨ, ਗੁਰਜੰਟ ਸਿੰਘ ਘਰਾ, ਕੁਲਦੀਪ ਸਿੰਘ ਮਾਨ, ਚਮਕੌਰ ਸਿੰਘ ਘੁੰਮਣ, ਜਗਦੀਪ ਸਿੰਘ ਘੁੰਮਣ, ਕਰਨੈਲ ਦਾਸ, ਰਾਮ ਸਿੰਘ, ਅਜੈਬ ਸਿੰਘ, ਬਹਾਦਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਕਿਸਾਨ ਹਾਜ਼ਰ ਸਨ।

## ਗਲੋਬਲ ਡਿਸਕਵਰੀ ਸਕੂਲ ਦੇ ਹੋਣਹਾਰ ਵਿਦਿਆਰਥੀ ਸਨਮਾਨਤ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸੀ.ਬੀ.ਐੱਸ.ਈ. ਤੋਂ ਮਾਨਤਾ ਪ੍ਰਾਪਤ ਸਰਾਫ਼ ਐਜੂਕੇਸ਼ਨ ਗਲੋਬਲ ਡਿਸਕਵਰੀ ਸਕੂਲ ਰਾਮਪੁਰਾ ਫੂਲ ਦੀ ਅੱਠਵੀਂ ਜਮਾਤ ਦੇ ਵਿਦਿਆਰਥੀ ਨਕਸ਼ ਬਾਂਸਲ ਤੇ ਦੂਜੀ ਜਮਾਤ ਦੀ ਵਿਦਿਆਰਥਣ ਹੇਜ਼ਲ ਗਰੇਵਾਲ ਨੂੰ ਉਨ੍ਹਾਂ ਦੀਆਂ ਵਿਸ਼ੇਸ਼ ਪ੍ਰਾਪਤੀਆਂ ਲਈ ਆਜ਼ਾਦੀ ਦਿਵਸ ਦੇ ਮੌਕੇ 'ਤੇ ਸਨਮਾਨਤ ਕੀਤਾ ਗਿਆ।ਇਹ ਸਨਮਾਨ ਨਕਸ਼ ਨੂੰ 100 ਲਾਈਨਾਂ ਤੋਂ 10 ਕਰੋੜ 32 ਹਜ਼ਾਰ 922 ਦੀ ਗੁਣਾਂ ਸਾਰਣੀ ਦਾ ਪਾਠ ਕਰਕੇ ਵਿਸ਼ਵ ਰਿਕਾਰਡ ਬਣਾ ਕੇ ਇੰਟਰਨੈਸ਼ਨਲ ਬੁੱਕ ਆਫ਼ ਰਿਕਾਰਡਜ਼ ਵਿੱਚ ਆਪਣਾ ਨਾਮ ਦਰਜ ਕਰਵਾਉਣ ਅਤੇ ਹੇਜ਼ਲ ਗਰੇਵਾਲ ਰਾਹੀਂ ਇੰਡੀਅਨ ਰੋਲਰ ਸਕੇਟਿੰਗ ਫੈਡਰੇਸ਼ਨ ਦੁਆਰਾ ਆਯੋਜਿਤ ਰਾਸ਼ਟਰੀ ਪੱਧਰ ਦੇ ਸਕੇਟਿੰਗ ਮੁਕਾਬਲਿਆਂ ਵਿੱਚ ਹਿੱਸਾ ਲੈ ਕੇ ਲਈ ਦਿੱਤਾ ਗਿਆ।ਪ੍ਰੋਗਰਾਮ ਵਿੱਚ ਮੌਜੂਦ ਮੁੱਖ ਮਹਿਮਾਨਾਂ ਐੱਸਡੀਐੱਮ, ਡੀਐੱਸਪੀ, ਐੱਸਐੱਚਓ ਵੱਲੋਂ ਦੋਵਾਂ ਬੱਚਿਆਂ ਨੂੰ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਤ ਕੀਤਾ ਗਿਆ।ਸਕੂਲ ਦੇ ਚੇਅਰਮੈਨ ਇੰਜੀਨੀਅਰ ਸ੍ਰੀ ਕਮਲੇਸ਼ ਸਰਾਫ਼ ਨੇ ਨਕਸ਼ ਬਾਂਸਲ, ਹੇਜ਼ਲ ਗਰੇਵਾਲ ਦੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਤੇ ਬੱਚਿਆਂ ਦਾ ਹੌਸਲਾ ਵਧਾਇਆ।ਉਨ੍ਹਾਂ ਕਿਹਾ ਕਿ ਬੱਚਿਆਂ ਦਾ ਪੜ੍ਹਾਈ ਦੇ ਨਾਲ-ਨਾਲ ਵੱਖ-ਵੱਖ ਖੇਤਰਾਂ ਤੇ ਹੋਰ ਗਤੀਵਿਧੀਆਂ ਵਿੱਚ ਆਪਣਾ ਹੁਨਰ ਦਿਖਾਉਣਾ ਦੂਜੇ ਬੱਚਿਆਂ ਲਈ ਪ੍ਰੇਰਨਾਦਾਇਕ ਸਾਬਿਤ ਹੁੰਦਾ ਹੈ।

## ਧੂਰੀ ਹਲਕੇ ਦਾ ਵਿਕਾਸ ਸਰਕਾਰ ਦੀ ਮੋਹਰਲੀ ਸੂਚੀ 'ਚ ਸਭ ਤੋਂ ਉੱਪਰ : ਘੁੱਲੀ



**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਮੁੱਖ ਮੰਤਰੀ ਕੈਂਪਸ ਦਫ਼ਤਰ ਧੂਰੀ ਦੇ ਇੰਚਾਰਜ ਤੇ ਮਾਰਕਿਟ ਕਮੇਟੀ ਧੂਰੀ ਦੇ ਚੇਅਰਮੈਨ ਰਾਜਵੰਤ ਸਿੰਘ ਘੁੱਲੀ ਨੇ ਕਿਹਾ ਕਿ ਧੂਰੀ ਹਲਕੇ ਦਾ ਵਿਕਾਸ ਸਰਕਾਰ ਦੀ ਮੋਹਰੀ ਸੂਚੀ 'ਚ ਸਭ ਤੋਂ ਉੱਪਰ ਹੈ ਅਤੇ ਇੱਥੇ ਦੇ ਲੋਕਾਂ ਨੂੰ ਹਰ ਤਰ੍ਹਾਂ ਦੀ ਸਹੂਲਤ ਮੁਹੱਈਆ ਕਰਵਾਉਣ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਜਿਹੜੇ ਵਿਕਾਸ ਕਾਰਜ ਸ਼ੁਰੂ ਕੀਤੇ ਗਏ ਹਨ, ਉਨ੍ਹਾਂ ਦੀ ਮਿਆਦੀ ਪੂਰਤੀ ਨੂੰ ਯਕੀਨੀ ਬਣਾਇਆ ਜਾਵੇਗਾ।ਸ੍ਰੀ ਘੁੱਲੀ ਨੇ ਦੱਸਿਆ ਕਿ ਹਲਕੇ ਵਿੱਚ ਸੜਕਾਂ, ਸਟਰੀਟ ਲਾਈਟਾਂ, ਪਾਣੀ ਸਪਲਾਈ, ਸਕੂਲਾਂ ਤੇ ਹਸਪਤਾਲਾਂ ਦੀ ਸੁਧਾਰ ਲਈ ਸਰਕਾਰ ਵੱਲੋਂ ਵੱਡੀ ਗ੍ਰਾਂਟ ਜਾਰੀ ਕੀਤੀ ਗਈ ਹੈ।ਇਸ ਨਾਲ ਲੋਕਾਂ ਨੂੰ ਸੁਵਿਧਾਵਾਂ ਦੇਣ ਵਿੱਚ ਤੇਜ਼ੀ ਆਵੇਗੀ ਤੇ ਕੋਈ ਵੀ ਇਲਾਕਾ ਵਿਕਾਸ ਤੋਂ ਵਾਂਝਾ ਨਹੀਂ ਰਹੇਗਾ।ਉਨ੍ਹਾਂ ਚੇਤਾਵਨੀ ਦਿੱਤੀ ਕਿ ਜੋ ਵੀ ਅਫ਼ਸਰ ਜਾਂ ਠੇਕੇਦਾਰ ਵਿਕਾਸ ਕਾਰਜਾਂ ਵਿੱਚ ਅਣਗਹਿਲੀ ਜਾਂ ਲਾਪ੍ਰਵਾਹੀ ਕਰੇਗਾ, ਉਸ ਖਿਲਾਫ ਸਖ਼ਤ ਕਾਰਵਾਈ ਕੀਤੀ ਜਾਵੇਗੀ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦੀ ਹਦਾਇਤ ਹੈ ਕਿ ਹਲਕਾ ਧੂਰੀ ਮਾਡਲ ਹਲਕਾ ਬਣੇ, ਜਿੱਥੇ ਲੋਕਾਂ ਨੂੰ ਸਮੁੱਚੀਆਂ ਸਹੂਲਤਾਂ ਪ੍ਰਾਪਤ ਹੋਣ ਤੇ ਬੁਨਿਆਦੀ ਢਾਂਚਾ ਮਜ਼ਬੂਤ ਕੀਤਾ ਜਾਵੇ।ਘੁੱਲੀ ਨੇ ਕਿਹਾ ਕਿ ਲੋਕਾਂ ਦੀਆਂ ਜਾਇਜ਼ ਮੰਗਾਂ ਨੂੰ ਤੁਰੰਤ ਹੱਲ ਕੀਤਾ ਜਾਵੇਗਾ ਤੇ ਕਿਸੇ ਨੂੰ ਦਫ਼ਤਰਾਂ ਦੇ ਚੱਕਰ ਨਹੀਂ ਕੱਟਣੇ ਪੈਣਗੇ।ਚੇਅਰਮੈਨ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਵੀ ਵਿਕਾਸ ਕਾਰਜਾਂ ਵਿੱਚ ਆਪਣੀ ਭੂਮਿਕਾ ਨਿਭਾਉਣ ਤੇ ਸਰਕਾਰੀ ਸਕੀਮਾਂ ਦਾ ਲਾਭ ਲੈਣ।

## ਵਾਰੰਟ ਕਬਜ਼ੇ ਦਾ ਮਸਲਾ ਦੋਵਾਂ ਧਿਰਾਂ ਦੀ ਸਹਿਮਤੀ ਨਾਲ ਪ੍ਰਸ਼ਾਸਨ ਨੇ ਕੀਤਾ ਹੱਲ




**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪਿੰਡ ਹਰਦਾਸਪੁਰਾ ਵਿਖੇ ਵਾਰੰਟ ਕਬਜ਼ੇ ਨੂੰ ਲੈ ਕੇ ਉਸ ਵੇਲੇ ਤਣਾਅ ਪੈਦਾ ਹੋ ਗਿਆ, ਜਦੋਂ ਕਿਸਾਨ ਅਮਰੀਕ ਸਿੰਘ ਨਾਲ ਹੋ ਰਹੀ ਧੱਕੇਸ਼ਾਹੀ ਖਿਲਾਫ ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਤੇ ਡਕੌਂਦਾ ਧਨੇਰ ਗਰੁੱਪ ਦੇ ਆਗੂਆਂ ਨੇ ਧਰਨਾ ਲਗਾ ਕੇ ਇਸ ਧੱਕੇਸ਼ਾਹੀ ਖਿਲਾਫ ਜ਼ੋਰਦਾਰ ਨਾਅਰੇਬਾਜ਼ੀ ਕੀਤੀ।ਇਸ ਮੌਕੇ ਭਾਕਿਯੂ ਡਕੌਂਦਾ (ਧਨੇਰ) ਦੇ ਜ਼ਿਲ੍ਹਾ ਮੀਤ ਪ੍ਰਧਾਨ ਜਗਰਾਜ ਸਿੰਘ ਹਰਦਾਸਪੁਰਾ, ਉਗਰਾਹਾਂ ਦੇ ਬਲਰਾਜ ਸਿੰਘ, ਜਸਵੰਤ ਸਿੰਘ ਹਰਦਾਸਪੁਰਾ ਨੇ ਦੋਸ਼ ਲਗਾਇਆ ਕਿ ਇੱਕ ਪਾਸੇ ਪੰਜਾਬ ਸਰਕਾਰ ਕਿਸਾਨਾਂ, ਮਜ਼ਦੂਰਾਂ ਦੇ ਕਰਜ਼ੇ ਮਾਫੀ ਦੀਆਂ ਗੱਲਾਂ ਕਰਦੀ ਨਹੀਂ ਥੱਕਦੀ, ਪਰ ਦੂਜੇ ਪਾਸੇ ਕਿਸਾਨਾਂ, ਮਜ਼ਦੂਰਾਂ ਦੇ ਘਰ ਤੇ ਜ਼ਮੀਨਾਂ ਉੱਪਰ ਕਬਜ਼ੇ ਕੀਤੇ ਜਾ ਰਹੇ ਹਨ। ਉਨ੍ਹਾਂ ਚੇਤਾਵਨੀ ਦਿੱਤੀ ਕਿ ਕਿਸੇ ਵੀ ਹਾਲਤ ਵਿੱਚ ਜਬਰੀ ਧੱਕੇਸ਼ਾਹੀ ਸ਼ਹਿਣ ਨਹੀਂ ਕੀਤੀ ਜਾਵੇਗੀ। ਇਸ ਮੌਕੇ ਮਹਿਲ ਕਲਾਂ ਦੇ ਤਹਿਸੀਲਦਾਰ ਪਵਨ ਕੁਮਾਰ, ਡੀ ਐੱਸ ਪੀ ਬਲਜੀਤ ਸਿੰਘ ਢਿੱਲੋਂ, ਥਾਣਾ ਮੁਖੀ ਸ਼ੇਰਵਿੰਦਰ ਸਿੰਘ ਔਲਖ ਤੇ ਥਾਣਾ ਟੱਲੇਵਾਲ ਦੇ ਇੰਚਾਰਜ ਨਿਰਮਲਜੀਤ ਸਿੰਘ ਵੀ ਮੌਕੇ 'ਤੇ ਪਹੁੰਚੇ। ਤਹਿਸੀਲਦਾਰ ਪਵਨ ਕੁਮਾਰ ਤੇ ਡੀ ਐੱਸ ਪੀ ਬਲਜੀਤ ਸਿੰਘ ਢਿੱਲੋਂ ਨੇ ਸੂਝ-ਬੂਝ ਨਾਲ ਪਿੰਡ ਵਾਸੀਆਂ, ਪੰਚਾਇਤ ਤੇ ਦੋਵਾਂ ਧਿਰਾਂ ਵਿਚਕਾਰ ਸਹਿਮਤੀ ਕਰਵਾ ਕੇ ਮਾਮਲਾ ਸੁਲਝਾ ਦਿੱਤਾ।ਤਹਿਸੀਲਦਾਰ ਨੇ ਦੱਸਿਆ ਕਿ ਕਬਜ਼ੇ ਦੀ ਕਾਰਵਾਈ ਪੂਰੀ ਸਹਿਮਤੀ ਨਾਲ ਕੀਤੀ ਗਈ ਹੈ ਤੇ ਇਸ ਬਾਰੇ ਰਿਪੋਰਟ ਮਾਨਯੋਗ ਅਦਾਲਤ ਨੂੰ ਭੇਜੀ ਜਾਵੇਗੀ।ਸਰਪੰਚ ਜਸਪਾਲ ਕੌਰ, ਨਿਰਭੈ ਸਿੰਘ, ਹਰਪ੍ਰੀਤ ਸਿੰਘ ਹੈਪੀ, ਕਰਮਜੀਤ ਉਪਲ, ਭਜਨ ਸਿੰਘ ਦਿਉਲ ਨੇ ਮਾਮਲੇ ਨੂੰ ਸ਼ਾਂਤੀ ਪੂਰਵਕ ਢੰਗ ਨਾਲ ਹੱਲ ਕਰਵਾਉਣ ਲਈ ਪ੍ਰਸ਼ਾਸਨ ਦਾ ਧੰਨਵਾਦ ਕੀਤਾ।

## ਸੰਗਰੂਰ ਵਾਸੀਆਂ ਲਈ ਸਰਾਪ ਬਣੇ ਕੂੜੇ ਦੇ ਡੰਪ : ਹਰਪਾਲ ਸੋਨੂੰ



**ਸੰਗਰੂਰ (ਪ੍ਰਵੀਨ ਸਿੰਘ)**-ਸ਼ਹਿਰ ਸੰਗਰੂਰ ਵਿੱਚ ਥਾਂ ਥਾਂ ਲੱਗੇ ਕੂੜੇ ਦੇ ਢੇਰਾਂ ਕਾਰਨ ਸ਼ਹਿਰ ਵਾਸੀਆਂ ਦੀ ਜ਼ਿੰਦਗੀ ਨਰਕ ਵਰਗੀ ਬਣੀ ਪਈ ਹੈ, ਪਰ ਸਰਕਾਰ ਤੇ ਮਿਉਂਸਪਲ ਕਮੇਟੀ ਨੂੰ ਲੋਕਾਂ ਦੀ ਸਿਹਤ ਤੇ ਸ਼ਹਿਰ ਦੀ ਸਫਾਈ ਨਾਲ ਲੱਗਦਾ ਕੋਈ ਸਰੋਕਾਰ ਨਹੀਂ ਹੈ।ਇਸ ਬਾਬਤ ਅੱਜ ਪ੍ਰੈੱਸ ਨਾਲ ਰੂਬਰੂ ਹੁੰਦੀਆਂ ਪੰਜਾਬ ਪ੍ਰਦੇਸ਼ ਕਾਂਗਰਸ ਪਾਰਟੀ ਓ ਬੀ ਸੀ ਡਿਪਾਰਟਮੈਂਟ ਦੇ ਵਾਈਸ ਚੇਅਰਮੈਨ ਤੇ ਸੰਗਰੂਰ ਤੋਂ ਮੁੱਖ ਬੁਲਾਰੇ ਹਰਪਾਲ ਸੋਨੂੰ ਨੇ ਕਿਹਾ ਕਿ ਆਮ ਲੋਕਾਂ ਨਾਲ ਕੀਤੇ ਵਾਅਦੇ ਸਦਕਾ ਸੱਤਾ ਵਿੱਚ ਆਈ ਆਮ ਆਦਮੀ ਪਾਰਟੀ ਨੂੰ ਆਮ ਲੋਕਾਂ ਤੇ ਪੰਜਾਬ ਦੀਆਂ ਅਸਲ ਮੁਸ਼ਕਲਾਂ ਨਾਲ ਕੋਈ ਸਰੋਕਾਰ ਨਹੀਂ ਹੈ, ਕਿਉਂਕਿ ਪਿਛਲੇ ਲੰਬੇ ਸਮੇਂ ਤੋਂ ਸ਼ਹਿਰ ਦੇ ਰਣਬੀਰ ਕਾਲਜ, ਹਰੀਪੁਰਾ, ਰੇਲਵੇ ਚੌਂਕ ਤੇ ਸਥਾਨਕ ਬਨਾਸਰ ਬਾਗ਼ ਦੇ ਸਟੇਡੀਅਮ ਕੋਲ ਕੂੜੇ ਦੇ ਵੱਡੇ ਢੇਰਾਂ ਕਾਰਨ ਡੰਪ ਬਣ ਚੁੱਕੇ ਹਨ, ਜਿਸ ਸਬੰਧੀ ਉਨ੍ਹਾਂ ਵੱਲੋਂ ਕਈ ਬਾਰ ਨਗਰ ਕੌਂਸਲ ਤੇ ਪ੍ਰਸ਼ਾਸਨਕ ਅਧਿਕਾਰੀਆਂ ਨੂੰ ਲਿਖਤੀ ਰੂਪ ਵਿੱਚ ਸ਼ਿਕਾਇਤ ਦਿੱਤੀ ਗਈ ਹੈ, ਪ੍ਰੰਤੂ ਲੰਬਾ ਸਮਾਂ ਬੀਤ ਜਾਣ ਉਪਰੰਤ ਅਜੇ ਤੱਕ ਇਹ ਕੂੜੇ ਦੇ ਢੇਰ ਜਿਉਂ ਦੇ ਤਿਉਂ ਕਾਇਮ ਹਨ, ਜਿਸ ਕਾਰਨ ਜਿੱਥੇ ਸ਼ਹਿਰ ਵਾਸੀਆਂ ਦੀ ਜ਼ਿੰਦਗੀ ਰੋਜ਼ਾਨਾ ਬਦਬੂ ਨਾਲ ਭਰ ਗਈ ਹੈ, ਉਥੇ ਹੀ ਭਿਆਨਕ ਬੀਮਾਰੀਆਂ ਫੈਲਣ ਦਾ ਖ਼ਦਸ਼ਾ ਬਣ ਗਿਆ ਹੈ।ਹਰਪਾਲ ਸੋਨੂੰ ਨੇ ਪੰਜਾਬ ਸਰਕਾਰ ਤੇ ਨਗਰ ਕੌਂਸਲ ਅਧਿਕਾਰੀਆਂ ਨੂੰ ਅਪੀਲ ਕੀਤੀ ਹੈ ਕਿ ਸੰਗਰੂਰ ਸ਼ਹਿਰ ਦੇ ਲੋਕਾਂ ਦੀ ਸਿਹਤ ਨੂੰ ਧਿਆਨ ਵਿੱਚ ਰੱਖਦੇ ਹੋਏ ਇਨ੍ਹਾਂ ਕੂੜੇ ਦੇ ਢੇਰਾਂ ਨੂੰ ਤੁਰੰਤ ਹਟਾਇਆ ਜਾਵੇ।

## ਬੀ. ਕਾਮ ਸਮੈਸਟਰ ਚੌਥੇ ਦਾ ਨਤੀਜਾ ਸ਼ਾਨਦਾਰ



**ਸਮਰਾਲਾ (ਸੁਰਜੀਤ ਸਿੰਘ)**-ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵਿਮੈਨ, ਝਾੜ ਸਾਹਿਬ ਦਾ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵੱਲੋਂ ਐਲਾਨਿਆ ਬੀ.ਕਾਮ ਸਮੈਸਟਰ ਚੌਥਾ ਦਾ ਨਤੀਜਾ ਸ਼ਾਨਦਾਰ ਰਿਹਾ। ਬੀ.ਕਾਮ ਸਮੈਸਟਰ ਚੌਥੇ ਦੀ ਵਿਦਿਆਰਥਣ ਰਸਲੀਨ ਕੌਰ ਨੇ 84 ਫੀਸਦੀ ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਪਹਿਲਾ, ਅਮਨਦੀਪ ਕੌਰ ਨੇ 72.5 ਫੀਸਦੀ ਅੰਕ ਹਾਸਲ ਕਰਕੇ ਦੂਜਾ, ਹਰਵਲਭ ਕੌਰ ਨੇ 71 ਅੰਕ ਹਾਸਲ ਕਰਕੇ ਤੀਜਾ ਸਥਾਨ ਹਾਸਲ ਕੀਤਾ। ਕਾਲਜ ਪ੍ਰਿੰਸੀਪਲ ਡਾ. ਰਜਿੰਦਰ ਕੌਰ ਨੇ ਵਿਦਿਆਰਥਣਾਂ ਅਤੇ ਸਟਾਫ਼ ਮੈਂਬਰ, ਮਾਪਿਆਂ ਨੂੰ ਵਧਾਈ ਦਿੱਤੀ ਅਤੇ ਸ਼ੁੱਭਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਇਹ ਸੰਸਥਾ ਵਿਦਿਆਰਥਣਾਂ ਦੇ ਸਰਵਪੱਖੀ ਵਿਕਾਸ ਦੀ ਪੂਰਤੀ ਲਈ ਸਦਾ ਯਤਨਸ਼ੀਲ ਰਹਿੰਦੀ ਹੈ।ਕਾਮਰਸ ਵਿਭਾਗ ਦੀਆਂ ਵਿਦਿਆਰਥਣਾਂ ਨੂੰ ਪੜ੍ਹਾਈ ਦੇ ਨਾਲ ਨਾਲ ਰੁਜ਼ਗਾਰ ਦੇ ਮੌਕੇ ਵੀ ਪ੍ਰਦਾਨ ਕੀਤੇ ਜਾ ਰਹੇ ਹਨ। ਸਮੇਂ ਸਮੇਂ 'ਤੇ ਕਾਲਜ ਵਿੱਚ ਇਸ ਸਬੰਧੀ ਰੁਜ਼ਗਾਰ ਮੇਲਾ ਵੀ ਆਯੋਜਿਤ ਕੀਤਾ ਜਾਂਦਾ ਹੈ। ਕਾਲਜ ਦੀ ਲੋਕਲ ਮੈਨੇਜਿੰਗ ਕਮੇਟੀ ਵੱਲੋਂ ਵਿਦਿਆਰਥਣਾਂ ਦੀ ਇਸ ਪ੍ਰਾਪਤੀ ਦੀ ਸ਼ਲਾਘਾ ਕੀਤੀ ਗਈ।

## ਗੁਰਦੁਆਰਾ ਸਿੱਧਸਰ ਵਿਖੇ ਸਾਲਾਨਾ ਇਕੋਤਰੀ ਸਮਾਗਮ ਕਰਵਾਇਆ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਇਤਿਹਾਸਕ ਗੁਰਦੁਆਰਾ ਸਿੱਧਸਰ ਕਾਲਾਮਾਲਾ ਸਾਹਿਬ ਛਾਪਾ ਵਿਖੇ ਸੱਚਖੰਡ ਵਾਸੀ ਬਾਬਾ ਮੱਲ ਸਿੰਘ, ਸੰਤ ਜਸਵੀਰ ਸਿੰਘ ਖ਼ਾਲਸਾ ਕਾਲਾਮਾਲਾ ਸਾਹਿਬ ਵੱਲੋਂ ਚਲਾਈ ਪ੍ਰੰਪਰਾ ਅਨੁਸਾਰ ਸਾਲਾਨਾ ਇਕੋਤਰੀ ਧਾਰਮਿਕ ਸਮਾਗਮ ਗੁਰਦੁਆਰਾ ਕਮੇਟੀ ਦੀ ਅਗਵਾਈ ਹੇਠ ਸਮੂਹ ਸੰਗਤਾਂ ਦੇ ਸਹਿਯੋਗ ਸਦਕਾ ਸ਼ਰਧਾ ਭਾਵਨਾ ਨਾਲ ਕਰਵਾਇਆ ਗਿਆ।ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਸ: ਜੱਸਾ ਸਿੰਘ ਆਹਲੂਵਾਲੀਆ ਗੁਰਮਤਿ ਸੰਗੀਤ ਵਿਦਿਆਲਾ ਦੇ ਰਾਗੀ ਜਥਿਆਂ ਨੇ ਮਨੋਹਰ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ।ਇਸ ਮੌਕੇ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ ਸਾਬਕਾ ਮੈਂਬਰ ਪਾਰਲੀਮੈਂਟ ਸ: ਰਾਜਦੇਵ ਸਿੰਘ ਖ਼ਾਲਸਾ, ਹਲਕਾ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਨੇ ਪ੍ਰਬੰਧਕਾਂ ਨੂੰ ਇਸ ਉੱਦਮ ਦੀ ਵਧਾਈ ਦਿੰਦਿਆਂ ਆਪਣੇ ਵੱਲੋਂ ਹਰ ਸੰਭਵ ਸਹਿਯੋਗ ਦਾ ਵਿਸ਼ਵਾਸ ਦੁਆਇਆ।ਹੈੱਡ ਗਰੰਥੀ ਭਾਈ ਜਸਵੀਰ ਸਿੰਘ ਮਾਣਕੀ ਨੇ ਦੱਸਿਆ ਕਿ ਸੱਚਖੰਡ ਵਾਸੀ ਸੰਤ ਬਾਬਾ ਮੱਲ ਸਿੰਘ, ਸੰਤ ਬਾਬਾ ਜਸਵੀਰ ਸਿੰਘ ਖ਼ਾਲਸਾ ਵੱਲੋਂ ਧਰਮ ਪ੍ਰਚਾਰ ਤੇ ਸਮਾਜ ਸੇਵਾ ਦੇ ਖੇਤਰ ਵਿੱਚ ਨਿਭਾਈਆਂ ਅਣਥੱਕ ਸੇਵਾਵਾਂ ਨੂੰ ਹਮੇਸ਼ਾ ਯਾਦ ਕੀਤਾ ਜਾਵੇਗਾ।ਸਰਪੰਚ ਗੁਰਦੀਪ ਸਿੰਘ ਛਾਪਾ, ਗੁਰਦੁਆਰਾ ਕਮੇਟੀ ਪ੍ਰਧਾਨ ਕੁਲਵੰਤ ਸਿੰਘ ਸੂਮ ਨੇ ਇਸ ਇਤਿਹਾਸਕ ਧਾਰਮਿਕ ਅਸਥਾਨ ਦੇ ਇਤਿਹਾਸ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੰਦਿਆਂ ਵੱਡੀ ਗਿਣਤੀ ਵਿੱਚ ਪਹੁੰਚਣ 'ਤੇ ਆਗੂਆਂ ਤੇ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ।ਇਸ ਮੌਕੇ ਚੇਅਰਮੈਨ ਅਮਰਜੀਤ ਸਿੰਘ ਸਹਿਜੜਾ, ਖਜ਼ਾਨਚੀ ਬਲਵੀਰ ਸਿੰਘ, ਸੁਖਵਿੰਦਰ ਸਿੰਘ, ਗੁਰਮੇਲ ਸਿੰਘ ਨਾਮਧਾਰੀ, ਜਗਜੀਤ ਸਿੰਘ, ਸ਼ਿੰਗਾਰਾ ਸਿੰਘ, ਭੋਲਾ ਸਿੰਘ ਫੌਜੀ, ਜਰਨੈਲ ਸਿੰਘ, ਬਲਵਿੰਦਰ ਸਿੰਘ, ਬੂਟਾ ਸਿੰਘ, ਬਿੱਲੂ ਸਿੰਘ, ਭੋਲਾ ਸਿੰਘ ਭੱਠਲ, ਜਰਨੈਲ ਸਿੰਘ ਚੀਮਾ ਲੁਧਿਆਣਾ, ਜਥੇ: ਨਾਥ ਸਿੰਘ ਹਮੀਦੀ, ਤ੍ਰਲੋਕ ਸਿੰਘ ਕੈਨੇਡਾ, ਭਾਈ ਗੁਰਜੰਟ ਸਿੰਘ ਛੀਨੀਵਾਲ, ਬੇਅੰਤ ਸਿੰਘ ਸੇਖੋਂ, ਪ੍ਰਧਾਨ ਬਾਬਾ ਸ਼ੇਰ ਸਿੰਘ ਖ਼ਾਲਸਾ, ਹਰਜੰਟ ਸਿੰਘ ਫੌਜੀ, ਮੁਖਤਿਆਰ ਸਿੰਘ, ਹੁਕਮ ਚੰਦ ਪਾਸੀ ਆਦਿ ਤੋਂ ਇਲਾਵਾ ਵੱਡੀ ਗਿਣਤੀ 'ਚ ਸ਼ਰਧਾਲੂ ਸੰਗਤਾਂ ਹਾਜ਼ਰ ਸਨ।ਇਸ ਮੌਕੇ ਪ੍ਰਸਿੱਧ ਢਾਡੀ ਕਰਨੈਲ ਸਿੰਘ ਛਾਪਾ, ਮਨਜੀਤ ਸਿੰਘ ਛਾਪਾ, ਗਿਆਨੀ ਗੁਰਮੇਲ ਸਿੰਘ ਕਾਲੇਕੇ, ਸੁਖਮੰਦਰ ਸਿੰਘ ਕ੍ਰਿਪਾਲ ਸਿੰਘ ਵਾਲਾ, ਬਾਵਾ ਸਿੰਘ ਕਲਸੀਆਂ ਦੇ ਜਥਿਆਂ ਨੇ ਸੂਰਮਿਆਂ ਦੀਆਂ ਵਾਰਾਂ ਪੇਸ਼ ਕੀਤੀਆਂ।

## ਸਰਕਾਰ ਵਪਾਰੀਆਂ ਦੇ ਮਸਲੇ ਹੱਲ ਕਰਨ ਨੂੰ ਦੇ ਰਹੀ ਹੈ ਤਰਜੀਹ : ਆਸ਼ੀਸ਼ ਅੱਤਰੀ

**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਪੰਜਾਬ ਸਰਕਾਰ ਵਪਾਰੀਆਂ ਤੇ ਉਦਯੋਗਪਤੀਆਂ ਦੀਆਂ ਸਮੱਸਿਆਵਾਂ ਨੂੰ ਤਰਜੀਹ ਦੇ ਕੇ ਹੱਲ ਕਰ ਰਹੀ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਟ੍ਰੇਡ ਵਿੰਗ ਆਸ਼ੀਸ਼ ਅੱਤਰੀ ਨੇ ਕੀਤਾ। ਉਨ੍ਹਾਂ ਗੱਲਬਾਤ ਕਰਦਿਆਂ ਕਿਹਾ ਕਿ ਮਾਨ ਸਰਕਾਰ ਵੱਲੋਂ ਵਪਾਰੀਆਂ ਦੀ ਸਹੂਲਤ ਲਈ ਸਿੰਗਲ ਵਿੰਡੋ ਸਿਸਟਮ ਸ਼ੁਰੂ ਕੀਤਾ ਗਿਆ ਹੈ, ਜਿਸ ਰਾਹੀਂ ਨਿਵੇਸ਼ ਦੀ ਪ੍ਰਕਿਰਿਆ ਸੌਖੀ ਤੇ ਪਾਰਦਰਸ਼ੀ ਬਣੀ ਹੈ, ਮਾਨ ਸਰਕਾਰ ਦੀ ਨੇਕ ਨੀਅਤ ਤੇ ਸਾਫ਼ ਨੀਤੀ ਦਾ ਨਤੀਜਾ ਹੈ ਕਿ ਅੱਜ ਪੰਜਾਬ ਨਿਵੇਸ਼ਕਾਰਾਂ ਦੀ ਪਹਿਲੀ ਪਸੰਦ ਬਣ ਰਿਹਾ ਹੈ, ਵੱਡੀਆਂ ਰਾਸ਼ਟਰੀ ਤੇ ਅੰਤਰਰਾਸ਼ਟਰੀ ਕੰਪਨੀਆਂ ਪੰਜਾਬ ਵਿੱਚ ਨਿਵੇਸ਼ ਕਰਨ ਵਿੱਚ ਰੁਚੀ ਵਿਖਾ ਰਹੀਆਂ ਹਨ, ਆਸ਼ੀਸ਼ ਅੱਤਰੀ ਨੇ ਇਹ ਵੀ ਕਿਹਾ ਕਿ ਕਿਸੇ ਵੀ ਉੱਦਮੀ ਜਾਂ ਵਪਾਰੀ ਦੀ ਸਮੱਸਿਆ ਨੂੰ ਲੰਬੇ ਸਮੇਂ ਤੱਕ ਅਣਡਿੱਠਾ ਨਹੀਂ ਛੱਡਿਆ ਜਾ ਰਿਹਾ, ਬਲਕਿ ਉਸ ਨੂੰ ਤੁਰੰਤ ਹੱਲ ਕਰਨ ਲਈ ਜ਼ਿਲ੍ਹਾ ਪੱਧਰ 'ਤੇ ਵੀ ਤੁਰੰਤ ਯਤਨ ਕੀਤੇ ਜਾ ਰਹੇ ਹਨ।

## ਆਂਗਣਵਾੜੀ ਸੈਂਟਰ ਦੀ ਖਸਤਾ ਹਾਲਤ ਇਮਾਰਤ ਦਾ ਮਸਲਾ ਤੁਰੰਤ ਹੱਲ ਕਰਨ ਲਈ ਮੰਗ ਪੱਤਰ ਸੌਂਪਿਆ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਸਰਕਾਰੀ ਪ੍ਰਾਇਮਰੀ ਸਕੂਲ ਮਹਿਲ ਕਲਾਂ ਵਿਖੇ ਚੱਲ ਰਹੇ ਆਂਗਣਵਾੜੀ ਸੈਂਟਰ ਦੇ ਕਮਰਿਆਂ ਦੀ ਖਸਤਾ ਹਾਲਤ ਨੂੰ ਲੈ ਕੇ ਭਾਈ ਲਾਲੋ ਪੰਜਾਬੀ ਮੰਚ ਦੇ ਆਗੂ ਹਰਜੀਤ ਸਿੰਘ ਖਿਆਲੀ ਦੀ ਅਗਵਾਈ ਹੇਠ ਆਂਗਣਵਾੜੀ ਸੈਂਟਰ ਵਿਖੇ ਰੋਸ ਪ੍ਰਗਟ ਕੀਤਾ ਗਿਆ।ਇਸ ਮੌਕੇ ਆਗੂ ਹਰਜੀਤ ਖਿਆਲੀ ਨੇ ਕਿਹਾ ਕਿ ਜਿੱਥੇ ਪੰਜਾਬ ਸਰਕਾਰ ਸਿੱਖਿਆ ਤੇ ਸਿਹਤ, ਰੁਜ਼ਗਾਰ ਨੂੰ ਲੈ ਕੇ ਵੱਡੇ ਵੱਡੇ ਵਾਅਦੇ ਕੀਤੇ ਜਾ ਰਹੇ ਹਨ, ਉਹ ਮਹਿਲ ਕਲਾਂ ਵਿੱਚ ਫੇਲ੍ਹ ਸਾਬਿਤ ਹੋਏ ਹਨ।ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਨਿੱਕੇ ਨਿੱਕੇ ਬੱਚਿਆਂ ਦੇ ਬੈਠਣ ਲਈ ਇਮਾਰਤ ਦਾ ਯੋਗ ਪ੍ਰਬੰਧ ਨਾ ਹੋਣ ਕਰਕੇ ਕਿਸੇ ਵੇਲੇ ਵੀ ਵੱਡੇ ਹਾਦਸੇ ਦਾ ਕਾਰਨ ਬਣ ਸਕਦਾ ਹੈ।ਉਨ੍ਹਾਂ ਸਪੱਸ਼ਟ ਕਿਹਾ ਕਿ ਜੇਕਰ ਇੱਕ ਹਫਤੇ ਦੇ 'ਚ ਇਸ ਮੁਸ਼ਕਲ ਦਾ ਕੋਈ ਠੋਸ ਹੱਲ ਨਾ ਕੀਤਾ, ਤਾਂ ਵੱਡੀ ਪੱਧਰ 'ਤੇ ਸੰਘਰਸ਼ ਵਿੱਢਿਆ ਜਾਵੇਗਾ, ਜਿਸ ਦੀ ਜ਼ਿੰਮੇਵਾਰੀ ਸਬੰਧਤ ਅਧਿਕਾਰੀਆਂ ਸਿਰ ਹੋਵੇਗੀ।ਇਸ ਮੌਕੇ ਭਾਈ ਲਾਲੋ ਮੰਚ ਦੇ ਆਗੂਆਂ ਨੇ ਸੀ ਡੀ ਪੀ ਓ ਦਫ਼ਤਰ ਮਹਿਲ ਕਲਾਂ ਦੇ ਅਧਿਕਾਰੀਆਂ ਨੂੰ ਮੰਗ ਪੱਤਰ ਦਿੱਤਾ ਗਿਆ।ਇਸ ਮੌਕੇ ਬਲਾਕ ਪ੍ਰਧਾਨ ਬਲਦੇਵ ਸਿੰਘ ਸਹਿਜੜਾ, ਮੇਜਰ ਸਿੰਘ ਸਹਿਜੜਾ, ਸੇਵਕ ਸਿੰਘ ਮਹਿਲ ਕਲਾਂ, ਮਹਿੰਦਰ ਕੌਰ, ਹਰਦੀਪ ਕੌਰ, ਅੰਜਲੀ, ਬਲਜੀਤ ਕੌਰ, ਮਹਿੰਦਰ ਕੌਰ, ਮਨਪ੍ਰੀਤ ਸਿੰਘ, ਨਿਰਮਲ ਸਿੰਘ, ਸੁਰਜੀਤ ਸਿੰਘ ਗੋਰਾ, ਜਗਸੀਰ ਸਿੰਘ, ਬੱਗਾ ਸਿੰਘ ਆਦਿ ਹਾਜ਼ਰ ਸਨ।ਮੌਕੇ 'ਤੇ ਪਹੁੰਚੇ ਸੀ ਡੀ ਪੀ ਓ ਦਫਤਰ ਦੇ ਸੀਨੀਅਰ ਸਹਾਇਕ ਮੱਖਣ ਸਿੰਘ, ਕਲਰਕ ਕੁਲਵਿੰਦਰ ਸਿੰਘ ਨੇ ਕਿਹਾ ਕਿ ਇਸ ਮੰਗ ਪੱਤਰ ਨੂੰ ਪੰਜਾਬ ਸਰਕਾਰ, ਉੱਚ ਅਧਿਕਾਰੀਆਂ ਤੱਕ ਛੇਤੀ ਪਹੁੰਚਾਇਆ ਜਾਵੇਗਾ।

## ਨਸ਼ੀਲੀਆਂ ਗੋਲੀਆਂ ਸਮੇਤ ਕਾਬੂ

**ਜਗਰਾਓਂ (ਅਮਿਤ ਖੰਨਾ)**-ਥਾਣਾ ਹਠੂਰ ਦੀ ਪੁਲਸ ਨੇ ਇੱਕ ਵਿਅਕਤੀ ਨੂੰ ਕਾਬੂ ਕਰਕੇ ਉਸ ਕੋਲੋਂ ਨਸ਼ੀਲੀਆਂ ਗੋਲੀਆਂ ਬਰਾਮਦ ਕਰਕੇ ਗ੍ਰਿਫ਼ਤਾਰੀ ਦੌਰਾਨ ਉਸ ਖਿਲਾਫ਼ ਮੁਕੱਦਮਾ ਦਰਜ ਕਰਕੇ ਕੇਸ ਰਜਿਸਟਰ ਕੀਤਾ ਗਿਆ ਹੈ।

ਇਸ ਮਾਮਲੇ ਸਬੰਧੀ ਥਾਣਾ ਹਠੂਰ ਦੇ ਇੰਚਾਰਜ ਇੰਸਪੈਕਟਰ ਕੁਲਜਿੰਦਰ ਸਿੰਘ ਅਪਣੀ ਪੁਲਿਸ ਪਾਰਟੀ ਸਮੇਤ ਗਸ਼ਤ ਚੈਕਿੰਗ ਸ਼ੱਕੀ ਵਿਅਕਤੀਆਂ ਅਤੇ ਸ਼ੱਕੀ ਵਹੀਕਲਜ਼ ਦੇ ਸਬੰਧ ਵਿੱਚ ਪਿੰਡ ਮਾਣੂੰਕੇ ਦੇ ਮੇਨ ਚੌਂਕ ਵਿੱਚ ਖੜ੍ਹੇ ਸਨ ਤਾਂ ਕਿਸੇ ਖ਼ਾਸ ਮੁਖ਼ਬਰ ਦੀ ਇਤਲਾਹ ਉੱਤੇ ਪਿੰਡ ਦੇਹੜਕਾ ਤੋਂ ਪਿੰਡ ਡੱਲਾ ਵਾਲੀ ਸੜਕ ਉਤੇ ਪੈਂਦੇ ਸੇਮ ਨਾਲੇ ਨੇੜੇ ਝਾੜੀਆਂ ਵਿੱਚ ਖੜ੍ਹੇ ਇੱਕ ਸ਼ੱਕੀ ਨੂੰ ਕਾਬੂ ਕਰਕੇ ਉਸ ਕੋਲੋਂ 40 ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆਂ। ਪੁਲਸ ਵੱਲੋਂ ਪੁੱਛਗਿੱਛ ਦੌਰਾਨ ਮੁਲਜ਼ਮ ਨੇ ਅਪਣੀ ਪਹਿਚਾਣ ਹਰਪ੍ਰੀਤ ਸਿੰਘ ਸੰਘਾ ਪਿੰਡ ਦੇਹੜਕਾ ਵਜੋਂ ਦੱਸੀ।

## ਲਾਇਨ ਕਲੱਬ ਸੁਨਾਮ (ਪ੍ਰਾਈਮ) ਦੀ ਨਵੀਂ ਟੀਮ ਦਾ ਤਾਜਪੋਸ਼ੀ ਸਮਾਰੋਹ




**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ ਹਾਕਮ ਭੱਟੀ)**-ਲਾਇਨ ਕਲੱਬ ਸੁਨਾਮ (ਪ੍ਰਾਈਮ) ਨੇ ਨਵੀਂ ਟੀਮ ਦੀ ਤਾਜਪੋਸ਼ੀ ਸਮਾਰੋਹ ਦਾ ਆਯੋਜਨ ਕੀਤਾ। ਪੰਜਾਬ ਦੇ ਕੈਬਨਿਟ ਮੰਤਰੀ ਅਮਨ ਅਰੋੜਾ ਅਤੇ ਲਾਇਨ ਅੰਮ੍ਰਿਤਪਾਲ ਸਿੰਘ ਝੰਡੂ ਮੁੱਖ ਜ਼ਿਲ੍ਹਾ ਗਵਰਨਰ 3216 ਮਹਿਮਾਨ ਵਜੋਂ ਮੌਜੂਦ ਸਨ। ਵਾਈਸ ਜ਼ਿਲ੍ਹਾ ਗਵਰਨਰ 1 ਅਜੇ ਗੋਇਲ, ਵਾਈਸ ਜ਼ਿਲ੍ਹਾ ਗਵਰਨਰ 2 ਨਰੇਸ਼ ਗੋਇਲ, ਸਾਬਕਾ ਜ਼ਿਲ੍ਹਾ ਗਵਰਨਰ ਲਾਇਨ ਯੋਗੇਸ਼ ਸੋਨੀ ਅਤੇ ਬੀ.ਐਸ. ਸੋਹਲ, ਜ਼ਿਲ੍ਹਾ ਪ੍ਰਬੰਧਕੀ ਇੰਜੀਨੀਅਰ ਸੰਜੀਵ ਸੂਦ, ਡੀ ਡੀ ਸੀ ਐਸ ਅਤੇ ਖੇਤਰ ਮੁੱਖ ਸਲਾਹਕਾਰ ਲਾਇਨ ਸੰਜੀਵ ਮੈਨਨ, ਡੀ ਡੀ ਸੀ ਐਸ ਜ਼ੋਨਲ ਚੇਅਰਮੈਨ ਕਰਨ ਗੋਇਲ, ਡੀ ਸੀ ਐਸ ਡਾ. ਜਤਿੰਦਰਪਾਲ ਸਹਿਦੇਵ, ਖੇਤਰ ਚੇਅਰਮੈਨ ਡਾ. ਪੁਰਸ਼ੋਤਮ ਸਾਹਨੀ, ਜ਼ੋਨ ਚੇਅਰਮੈਨ ਅੰਕਿਤ ਪਾਹੂਜਾ, ਲਾਇਨ ਕੁਲਵਿੰਦਰ ਸਿੰਘ ਨਾਮਧਾਰੀ, ਜ਼ਿਲ੍ਹਾ ਪੀ ਆਰ ਓ ਡਾ. ਵੀਨਸ ਜਿੰਦਲ ਮੌਜੂਦ ਸਨ।ਨਵ-ਨਿਯੁਕਤ ਪ੍ਰਧਾਨ ਪਵਿੱਤਰ ਸਿੰਗਲਾ ਅਤੇ ਉਨ੍ਹਾਂ ਦੀ ਪਤਨੀ ਸਵੀਟੀ ਸਿੰਗਲਾ ਨੂੰ ਲਾਇਨ ਅੰਮ੍ਰਿਤਪਾਲ ਸਿੰਘ ਝੰਡੂ ਨੇ ਤਾਜ ਪਹਿਨਾਇਆ।ਪਿਛਲੇ ਸਾਲ ਦੇ ਪ੍ਰਧਾਨ ਅੰਕਿਤ ਪਾਹੂਜਾ ਨੇ ਨਵ-ਨਿਯੁਕਤ ਪ੍ਰਧਾਨ ਪਵਿੱਤਰ ਸਿੰਗਲਾ ਨੂੰ ਪੂਰਾ ਕਾਰਜਕਾਲ ਸੌਂਪਿਆ। ਰੀਜਨ ਚੀਫ਼ ਐਡਵਾਈਜ਼ਰ ਲਾਇਨ ਸੰਜੀਵ ਮੈਨਨ ਵੱਲੋਂ ਸਾਰੇ ਮੈਂਬਰਾਂ ਦਾ ਸਵਾਗਤ ਕੀਤਾ ਗਿਆ ਅਤੇ ਚੇਅਰਮੈਨ ਅੰਕੁਰ ਜ਼ਖਮੀ ਵੱਲੋਂ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ ਅਤੇ ਲਾਇਨ ਡਾਕਟਰ ਪੁਨੀਤ ਗੋਇਲ ਅਤੇ ਪਰਮਿੰਦਰ ਜਾਰਜ ਨੇ ਸਟੇਜ ਦਾ ਸੰਚਾਲਨ ਕੀਤਾ। ਪ੍ਰਧਾਨ ਪਵਿੱਤਰ ਸਿੰਗਲਾ ਵੱਲੋਂ ਇੱਕ ਨਵੀਂ ਟੀਮ ਬਣਾਈ ਗਈ।ਇਸ ਵਿੱਚ ਭੁਪਿੰਦਰ ਭਾਰਦਵਾਜ ਨੂੰ ਸਕੱਤਰ ਅਤੇ ਸੁਨੀਲ ਖਿਪਲਾ ਸੋਨੂੰ ਨੂੰ ਖਜ਼ਾਨਚੀ ਅਤੇ ਪੀ ਆਰ ਓ ਰੁਪਿੰਦਰ ਸਿੰਘ ਨੂੰ ਨਿਯੁਕਤ ਕੀਤਾ ਗਿਆ।ਕਲੱਬ ਵਿੱਚ ਸ਼ਾਮਲ ਹੋਏ ਨਵੇਂ ਮੈਂਬਰਾਂ ਨੂੰ ਸਹੁੰ ਚੁਕਾਈ ਗਈ। ਪ੍ਰਧਾਨ ਪਵਿੱਤਰ ਸਿੰਗਲਾ ਅਤੇ ਉਨ੍ਹਾਂ ਦੀ ਟੀਮ ਨੇ ਕਿਹਾ ਕਿ ਉਹ ਕਲੱਬ ਦੀ ਬਿਹਤਰੀ ਅਤੇ ਸਮਾਜਿਕ ਕਾਰਜਾਂ ਲਈ ਵਚਨਬੱਧ ਹਨ। ਇਸ ਇਕੱਠ ਵਿੱਚ ਕਲੱਬ ਦੇ ਚਾਰਟਰ ਮੈਂਬਰਾਂ ਅਤੇ ਸੀਨੀਅਰ ਮੈਂਬਰਾਂ ਤੋਂ ਇਲਾਵਾ ਸਾਰੇ ਮੈਂਬਰ ਮੌਜੂਦ ਸਨ।

## ਲੋੜਵੰਦ ਵਿਦਿਆਰਥੀਆਂ ਨੂੰ ਐਨਕਾਂ ਤੇ ਬੈਗ ਵੰਡੇ



**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਸ਼ਹੀਦ ਸੂਬੇਦਾਰ ਅਵਤਾਰ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਾਛੀਕੇ (ਮੋਗਾ) ਵਿਖੇ ਸ੍ਰ. ਮੈਲਾ ਸਿੰਘ ਸਿੱਧੂ ਕੈਨੇਡੀਅਨ ਵੱਲੋਂ ਲੋੜਵੰਦ ਵਿਦਿਆਰਥੀਆਂ ਦਾ ਚੈੱਕਅਪ ਕਰਵਾ ਕੇ ਐਨਕਾਂ ਵੰਡੀਆਂ ਗਈਆਂ।ਇਸ ਤੋਂ ਇਲਾਵਾ ਪਰਗਟ ਸਿੰਘ ਬਿਜਲੀ ਵਾਲਾ ਸਪੁੱਤਰ ਲਾਭ ਸਿੰਘ ਗ੍ਰੰਥੀ ਵੱਲੋਂ ਲੋੜਵੰਦ ਵਿਦਿਆਰਥੀਆਂ ਨੂੰ ਸਕੂਲ ਬੈਗ ਦਿੱਤੇ ਗਏ।ਇਸ ਮੌਕੇ ਇੰਚਾਰਜ ਗੁਰਜੀਤ ਸਿੰਘ ਪ੍ਰਿੰਸੀਪਲ ਨੇ ਸ੍ਰ. ਮੈਲਾ ਸਿੰਘ ਸਿੱਧੂ ਤੇ ਪਰਗਟ ਸਿੰਘ ਦਾ ਇਸ ਨੇਕ ਕਾਰਜ ਲਈ ਧੰਨਵਾਦ ਕੀਤਾ।ਇਸ ਮੌਕੇ ਸ੍ਰੀਮਤੀ ਚਰਨਜੀਤ ਕੌਰ, ਪਰਗਟ ਸਿੰਘ, ਹਰਪ੍ਰੀਤ ਸਿੰਘ, ਕਿਰਨਦੀਪ ਸਿੰਘ, ਸੰਦੀਪ ਕੁਮਾਰ, ਹਰਜੀਵਨ ਸਿੰਘ, ਰਮਨਦੀਪ ਸਿੰਘ, ਤਰਸੇਮ ਸਿੰਘ, ਰਵਨੀਤ ਸਿੰਘ, ਡਾਕਟਰ ਹਰਤਾਜ ਸਿੰਘ, ਅਰਸ਼ਦੀਪ ਸਿੰਘ, ਡਾਕਟਰ ਪਰਗਟ ਸਿੰਘ, ਸੁਖਜੀਤ ਸਿੰਘ, ਸ੍ਰੀਮਤੀ ਸੰਦੀਪ, ਸ੍ਰੀਮਤੀ ਕਿਰਨਜੀਤ ਕੌਰ, ਸ੍ਰੀਮਤੀ ਗੁਰਮੀਤ ਕੌਰ, ਮਿਸ ਜਸਪ੍ਰੀਤ ਕੌਰ ਤੇ ਵਿਪਨ ਕੁਮਾਰ ਆਦਿ ਹਾਜ਼ਰ ਸਨ।

## ਬਾਬਾ ਫਰੀਦ 'ਵਰਸਿਟੀ ਵਿਖੇ ਨਸ਼ਾ ਮੁਕਤੀ ਲਈ ਸਮਰੱਥਾ ਨਿਰਮਾਣ ਵਰਕਸ਼ਾਪ

### ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਮੁੱਖ ਮਹਿਮਾਨ ਵਜੋਂ ਕੀਤੀ ਸ਼ਿਰਕਤ



**ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)**

ਬਾਬਾ ਫ਼ਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਜ਼ ਫ਼ਰੀਦਕੋਟ ਦੇ ਸੇਨੇਟ ਹਾਲ ਵਿੱਚ ਨਸ਼ਾ ਮੁਕਤੀ ਤੇ ਨਸ਼ੇ ਨਾਲ ਸੰਬੰਧਿਤ ਬਿਮਾਰੀਆਂ ਦੇ ਪ੍ਰਬੰਧਨ ਲਈ ਪੰਜ ਦਿਨਾਂ ਸਮਰੱਥਾ ਨਿਰਮਾਣ ਵਰਕਸ਼ਾਪ ਦੀ ਸ਼ੁਰੂਆਤ ਕੀਤੀ ਗਈ।ਇਸ ਵਰਕਸ਼ਾਪ ਵਿੱਚ ਪੰਜਾਬ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਇਸ ਮੌਕੇ ਵਿਧਾਇਕ ਸ੍ਰ. ਗੁਰਦਿੱਤ ਸਿੰਘ ਸੇਖੋਂ, ਡਿਪਟੀ ਕਮਿਸ਼ਨਰ ਮੈਡਮ ਪੂਨਮਦੀਪ ਕੌਰ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।ਇਹ ਵਰਕਸ਼ਾਪ ਨੈਸ਼ਨਲ ਐਕਸ਼ਨ ਪ੍ਰੋਗਰਾਮ ਫਾਰ ਡਰੱਗ ਡਿਮਾਂਡ ਰਿਡਕਸ਼ਨ ਤਹਿਤ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਤੇ ਹਸਪਤਾਲ ਫ਼ਰੀਦਕੋਟ ਦੇ ਕਲਸਟਰ ਰਿਸੋਰਸ ਸੈਂਟਰ ਵੱਲੋਂ ਕੀਤੀ ਗਈ ਹੈ।ਇਸ ਦਾ ਮੁੱਖ ਉਦੇਸ਼ ਵੱਖ-ਵੱਖ ਜ਼ਿਲ੍ਹਿਆਂ ਦੇ ਮੈਡੀਕਲ ਅਧਿਕਾਰੀਆਂ ਨੂੰ ਮਾਨਸਿਕ ਸਿਹਤ ਤੇ ਡੀ-ਐਡੀਕਸ਼ਨ ਸੇਵਾਵਾਂ ਦੇ ਖੇਤਰ ਵਿੱਚ ਵਧੀਆ ਗਿਆਨ ਤੇ ਹੁਨਰ ਪ੍ਰਦਾਨ ਕਰਨਾ ਹੈ।ਮੁੱਖ ਮਹਿਮਾਨ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਨਸ਼ਿਆਂ ਖ਼ਿਲਾਫ਼ ਲੜਾਈ ਸਿਰਫ਼ ਇੱਕ ਚੁਣੌਤੀ ਨਹੀਂ, ਸਗੋਂ ਸਮਾਜਕ ਜ਼ਿੰਮੇਵਾਰੀ ਹੈ।ਮੈਡੀਕਲ ਟੀਮਾਂ ਨੂੰ ਮਾਹਰ ਬਣਾਉਣ ਨਾਲ ਪੰਜਾਬ ਸਰਕਾਰ ਸਿਹਤ ਖੇਤਰ ਵਿੱਚ ਵੱਡੀ ਸਫ਼ਲਤਾ ਹਾਸਲ ਕਰ ਰਹੀ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਜਿੱਥੇ ਨੌਜਵਾਨਾਂ ਨੂੰ ਨਸ਼ਿਆਂ ਦੀ ਦਲਦਲ ਵਿੱਚੋਂ ਕੱਢਿਆ ਜਾ ਰਿਹਾ ਹੈ, ਉਥੇ ਹੀ ਉਨ੍ਹਾਂ ਦੇ ਪੁਨਰਵਾਸ ਲਈ ਉਨ੍ਹਾਂ ਨੂੰ ਸਕਿੱਲ ਟ੍ਰੇਨਿੰਗ ਕਾਰਵਾਈ ਜਾ ਰਹੀ ਹੈ ਤਾਂ ਜੋ ਉਹ ਅਪਣਾ ਜੀਵਨ ਮੁੜ ਤੋਂ ਸ਼ੁਰੂ ਕਰ ਸਕਣ।ਉਨ੍ਹਾਂ ਸਮੂਹ ਡਾਕਟਰਾਂ, ਨਰਸਿੰਗ ਸਟਾਫ ਤੇ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਸਰਕਾਰ ਦੀ ਇਸ ਮੁਹਿੰਮ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਤੇ ਪੰਜਾਬ ਨੂੰ ਨਸ਼ਾ ਮੁਕਤ ਕਰਨ ਵਿੱਚ ਸਹਿਯੋਗ ਦੇਣ।ਇਸ ਮੌਕੇ ਗੁਰਕਰਨਦੀਪ ਸਿੰਘ ਸਿੱਧੂ ਜੀ ਏ, ਡੀਨ ਕਾਲਜ ਦੀਪਕ ਜੌਨ ਭੱਟੀ, ਐਡੀਸ਼ਨਲ ਰਜਿਸਟਰਾਰ ਡਾ. ਰੋਹਿਤ ਚੋਪੜਾ, ਸਿਵਲ ਸਰਜਨ ਡਾ. ਚੰਦਰ ਸ਼ੇਖਰ, ਮੈਡੀਕਲ ਸੁਪਰਿੰਟੈਂਡੈਂਟ ਡਾ. ਨੀਤੂ ਕੁੱਕੜ ਤੇ ਡਾ. ਸੀਮਾ ਭੱਟੀ, ਡਿਪਟੀ ਮੈਡੀਕਲ ਕਮਿਸ਼ਨਰ ਡਾ. ਵਿਸ਼ਵਦੀਪ ਗੋਇਲ, ਆਪ ਆਗੂ ਸੁਖਜੀਤ ਸਿੰਘ ਢਿੱਲਵਾਂ, ਚੇਅਰਮੈਨ ਮਾਰਕੀਟ ਕਮੇਟੀ ਫ਼ਰੀਦਕੋਟ ਅਮਨਦੀਪ ਸਿੰਘ ਬਾਬਾ ਚੇਅਰਮੈਨ ਮਾਰਕੀਟ ਕਮੇਟੀ ਸਾਦਿਕ ਸ. ਰਮਨਦੀਪ ਸਿੰਘ ਮੁਮਾਰਾ ਸਮੇਤ ਹੋਰ ਅਧਿਕਾਰੀ ਹਾਜ਼ਰ ਸਨ।

## 529 ਗ੍ਰਾਮ ਹੈਰੋਇਨ ਬਰਾਮਦ, ਅਣਪਛਾਤੇ ਵਿਰੁੱਧ ਪਰਚਾ ਦਰਜ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਸਦਰ ਜਲਾਲਾਬਾਦ ਦੀ ਪੁਲਸ ਵੱਲੋਂ ਢਾਣੀ ਮਾਘ ਸਿੰਘ ਦਾਖਲੀ ਗਹਿਲੇਵਾਲਾ ਦੇ ਕੋਲ 529 ਗ੍ਰਾਮ ਹੈਰੋਇਨ ਬਰਾਮਦ ਹੋਣ 'ਤੇ ਅਣਪਛਾਤੇ ਵਿਅਕਤੀ ਦੇ ਵਿਰੁੱਧ ਮੁਕੱਦਮਾ ਦਰਜ ਕੀਤਾ ਗਿਆ ਹੈ। ਇਸ ਸਬੰਧੀ ਜਾਂਚ ਅਧਿਕਾਰੀ ਇੰਸਪੈਕਟਰ ਅੰਗਰੇਜ ਕੁਮਾਰ ਨੇ ਦੱਸਿਆ ਕਿ ਉਹ ਸਮੇਤ ਸਾਥੀ ਕਰਮਚਾਰੀਆਂ ਨਾਲ ਗਸ਼ਤ ਦੌਰਾਨ ਥਾਣਾ ਸਦਰ ਏਰੀਏ ਵਿੱਚ ਮੌਜੂਦ ਸੀ ਤਾਂ ਉਨ੍ਹਾਂ ਨੂੰ ਇੰਸਪੈਕਟਰ ਮਨੋਜ ਕੁਮਾਰ ਰਾਊਟ ਕੰਪਨੀ ਕਮਾਂਡਰ, ਬੀ.ਓ.ਪੀ. ਟਾਹਲੀਵਾਲਾ, 65 ਬਟਾਲੀਅਨ ਬੀ.ਐਸ.ਐਫ. ਸਮੇਤ ਫੋਰਸ ਹਾਜ਼ਰ ਮਿਲਿਆ, ਜਿਸ ਨੇ ਇਕ ਬੋਤਲ ਪਲਾਸਟਿਕ ਜੋ ਕਿ ਹੈਰੋਇਨ 529 ਗ੍ਰਾਮ ਸਮੇਤ ਮਟੀਰੀਅਲ ਪੀਲੀ ਅਤੇ ਕਾਲੀ ਟੇਪ ਨਾਲ ਲਪੇਟੀ ਹੋਈ ਸੀ, ਜਿਸ ਤੇ ਇਕ ਲਾਇਟ ਰੰਗ ਹਰਾ ਅਤੇ ਬੋਤਲ ਦੇ ਢੱਕਣ 'ਤੇ ਕਾਲੀ ਡੋਰੀ ਨਾਲ ਲਪੇਟੀ ਹੋਈ ਸੀ, ਉਹ ਪੁਲਸ ਪਾਰਟੀ ਕੋਲ ਪੇਸ਼ ਕੀਤੀ ਗਈ। ਜਿਸ ਦੇ ਬਾਅਦ ਥਾਣਾ ਸਦਰ ਜਲਾਲਾਬਾਦ ਵਿਖੇ ਅਣਪਛਾਤੇ ਵਿਅਕਤੀ ਵਿਰੁੱਧ ਦਰਜ ਕੀਤਾ ਗਿਆ ਹੈ।

## ਨਗਰ ਨਿਗਮ ਤੇ ਪੀ ਪੀ ਸੀ ਬੀ ਟੀਮਾਂ ਵੱਲੋਂ ਪਲਾਸਟਿਕ ਦੀ ਵਰਤੋਂ 'ਤੇ ਪਾਬੰਦੀ ਲਈ ਪ੍ਰਦਰਸ਼ਨ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪਲਾਸਟਿਕ ਦੀ ਵਰਤੋਂ 'ਤੇ ਪਾਬੰਦੀ ਨੂੰ ਲਾਗੂ ਕਰਨ ਲਈ ਨਗਰ ਨਿਗਮ ਪਟਿਆਲਾ ਵੱਲੋਂ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ (ਪੀ ਪੀ ਸੀ ਬੀ) ਦੇ ਸਹਿਯੋਗ ਨਾਲ ਸ਼ਹਿਰ ਦੀਆਂ ਵੱਖ-ਵੱਖ ਮੰਡੀਆਂ ਦਾ ਸਾਂਝਾ ਦੌਰਾ ਕੀਤਾ ਗਿਆ। ਦੌਰੇ ਦੌਰਾਨ ਟੀਮਾਂ ਨੇ ਦੁਕਾਨਦਾਰਾਂ, ਸਬਜ਼ੀ ਵਿਕਰੇਤਾਵਾਂ ਤੇ ਆਮ ਲੋਕਾਂ ਨੂੰ ਪਲਾਸਟਿਕ ਕੈਰੀ-ਬੈਗਾਂ ਦੀ ਵਰਤੋਂ ਬੰਦ ਕਰਨ ਅਤੇ ਇਸ ਦੀ ਬਜਾਏ ਵਾਤਾਵਰਣ-ਅਨੁਕੂਲ ਬਦਲ ਜਿਵੇਂ ਕੱਪੜੇ ਤੇ ਜੂਟ ਆਦਿ ਦੇ ਥੈਲੇ ਅਪਣਾਉਣ ਲਈ ਸਰਗਰਮੀ ਨਾਲ ਪ੍ਰੇਰਿਤ ਕਰਦਿਆਂ ਜਾਗਰੂਕ ਕੀਤਾ।ਇਸ ਨਿਰੀਖਣ ਦੌਰੇ ਦੀ ਅਗਵਾਈ ਨਗਰ ਨਿਗਮ ਦੇ ਮੈਡੀਕਲ ਅਫਸਰ ਹੈਲਥ ਡਾ. ਨਵਿੰਦਰ ਸਿੰਘ ਨੇ ਕੀਤੀ, ਜਿਸ ਵਿੱਚ ਨਗਰ ਨਿਗਮ ਦੀ ਆਪਣੀ ਟੀਮ ਸ਼ਾਮਲ ਸਮੇਤ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਤੋਂ ਜੇ.ਈ.ਈ. ਇੰਜ ਦਵਿੰਦਰ ਸਿੰਘ, ਅਤੇ ਇੰਜ ਰਵੀ ਕੁਮਾਰ ਸ਼ਾਮਲ ਸਨ। ਇਸ ਮੁਹਿੰਮ ਦੌਰਾਨ ਟੀਮ ਨੇ ਵਾਤਾਵਰਣ ਅਤੇ ਜਨਤਕ ਸਿਹਤ 'ਤੇ ਪਲਾਸਟਿਕ ਦੇ ਨੁਕਸਾਨਦੇਹ ਪ੍ਰਭਾਵਾਂ ਦੀ ਜਾਗਰੂਕਤਾ 'ਤੇ ਜ਼ੋਰ ਦਿੰਦਿਆਂ ਨਾਗਰਿਕਾਂ ਨੂੰ ਪਟਿਆਲਾ ਨੂੰ ਸਾਫ਼ ਅਤੇ ਪ੍ਰਦੂਸ਼ਣ ਮੁਕਤ ਰੱਖਣ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਲਈ ਉਤਸ਼ਾਹਤ ਕੀਤਾ।

## ਰਾਜੇਸ਼ ਧੀਮਾਨ ਨੇ ਡਿਪਟੀ ਕਮਿਸ਼ਨਰ ਵਜੋਂ ਸੰਭਾਲਿਆ ਚਾਰਜ

**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਡਿਪਟੀ ਕਮਿਸ਼ਨਰ ਵਜੋਂ ਸ੍ਰੀ ਰਾਜੇਸ਼ ਧੀਮਾਨ (ਆਈ.ਏ.ਐਸ) ਨੇ ਚਾਰਜ ਸੰਭਾਲ ਲਿਆ ਹੈ।2014 ਬੈਚ ਦੇ ਆਈ.ਏ.ਐਸ. ਅਧਿਕਾਰੀ ਸ੍ਰੀ ਰਾਜੇਸ਼ ਧੀਮਾਨ ਇਸ ਤੋਂ ਪਹਿਲਾ ਪ੍ਰੋਜੈਕਟ ਡਾਇਰੈਕਟਰ, ਵਿਸ਼ਵ ਬੈਂਕ ਪ੍ਰੋਜੈਕਟ, ਸਕੂਲ ਸਿੱਖਿਆ ਵਿਭਾਗ-ਕਮ-ਵਿਸ਼ੇਸ਼ ਸਕੱਤਰ, ਸਕੂਲ ਸਿੱਖਿਆ ਤੇ ਡਾਇਰੈਕਟਰ ਖੇਡ ਵਿਭਾਗ 'ਚ ਆਪਣੀਆਂ ਸੇਵਾਵਾਂ ਨਿਭਾਅ ਚੁੱਕੇ ਹਨ।ਇਸ ਤੋਂ ਪਹਿਲਾਂ ਸ੍ਰੀ ਰਾਜੇਸ਼ ਧੀਮਾਨ ਫਿਰੋਜ਼ਪੁਰ ਤੇ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹਿਆਂ ਵਿੱਚ ਵੀ ਬਤੌਰ ਡਿਪਟੀ ਕਮਿਸ਼ਨਰ ਵਜੋਂ ਵੀ ਆਪਣੀਆਂ ਸੇਵਾਵਾਂ ਨਿਭਾਅ ਚੁੱਕੇ ਹਨ।ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਪਹੁੰਚਣ 'ਤੇ ਡਿਪਟੀ ਕਮਿਸ਼ਨਰ ਨੂੰ ਪੰਜਾਬ ਪੁਲਿਸ ਦੀ ਟੁਕੜੀ ਵਲੋਂ ਗਾਰਡ ਆਫ ਆਨਰ ਨਾਲ ਸਨਮਾਨਤ ਵੀ ਕੀਤਾ ਗਿਆ।ਉਪਰੰਤ ਡਿਪਟੀ ਕਮਿਸ਼ਨਰ ਸ੍ਰੀ ਰਾਜੇਸ਼ ਧੀਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਚਲਾਈਆਂ ਜਾ ਰਹੀਆਂ ਲੋਕ ਭਲਾਈ ਸਕੀਮਾਂ ਸਬੰਧੀ ਵੱਧ ਤੋਂ ਵੱਧ ਲੋਕਾਂ ਨੂੰ ਜਾਣੂ ਕਰਾਉਂਦਿਆਂ ਹਰ ਯੋਗ ਲਾਭਪਾਤਰੀ ਤੱਕ ਇਨ੍ਹਾਂ ਦਾ ਲਾਭ ਪੁਚਾਇਆ ਜਾਵੇਗਾ।ਉਨ੍ਹਾਂ ਇਹ ਵੀ ਕਿਹਾ ਕਿ ਜਿਥੇ ਜ਼ਿਲ੍ਹੇ ਅੰਦਰ ਚੱਲ ਰਹੇ ਤੇ ਹੋਣ ਵਾਲੇ ਵਿਕਾਸ ਕਾਰਜਾਂ ਨੂੰ ਜਲਦ ਤੋਂ ਜਲਦ ਨੇਪਰੇ ਚਾੜ੍ਹਿਆ ਜਾਵੇਗਾ, ਉਥੇ ਜ਼ਿਲ੍ਹੇ ਅੰਦਰ ਪੈਂਦੇ ਸ਼ਹਿਰਾਂ, ਕਸਬਿਆਂ ਤੇ ਪਿੰਡਾਂ ਦੀ ਸਵੱਛਤਾ ਨੂੰ ਵੀ ਯਕੀਨੀ ਬਣਾਇਆ ਜਾਵੇਗਾ।ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਉਨ੍ਹਾਂ ਦਾ ਮੁੱਖ ਮੰਤਵ ਆਮ ਲੋਕਾਂ ਦੀਆਂ ਸਮੱਸਿਆਵਾਂ ਦਾ ਜਲਦ ਤੋਂ ਜਲਦ ਨਿਪਟਾਰਾ ਕਰਨਾ ਵਿਸ਼ੇਸ਼ ਪਹਿਲਕਦਮੀ ਹੋਵੇਗੀ।ਡਿਪਟੀ ਕਮਿਸ਼ਨਰ ਨੇ ਮੀਡੀਆ ਸਵਾਲਾਂ ਦਾ ਜਵਾਬ ਦਿੰਦਿਆਂ ਕਿਹਾ ਕਿ ਜ਼ਿਲ੍ਹਾ ਵਾਸੀਆਂ ਨੂੰ ਸਿਹਤ ਤੇ ਸਿੱਖਿਆ ਆਦਿ ਸਹੂਲਤਾਂ ਮੁਹੱਈਆ ਕਰਾਉਣ ਨੂੰ ਪਹਿਲ ਦਿੱਤੀ ਜਾਵੇਗੀ।

## ਖੇਡਾਂ ਵਤਨ ਪੰਜਾਬ ਦੀਆਂ : ਮਸ਼ਾਲ ਮਾਰਚ ਦਾ ਫਿਰੋਜ਼ਪੁਰ ਜ਼ਿਲ੍ਹੇ 'ਚ ਪਹੁੰਚਣ 'ਤੇ ਸਵਾਗਤ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਪੰਜਾਬ ਸਰਕਾਰ ਦੇ ਖੇਡ ਵਿਭਾਗ ਪੰਜਾਬ ਵੱਲੋਂ ਖੇਡਾਂ ਦੇ ਮਿਆਰ ਨੂੰ ਹੋਰ ਉੱਚਾ ਚੁੱਕਣ ਲਈ ਹਾਕੀ ਦੇ ਮਹਾਨ ਜਾਦੂਗਰ ਮੇਜਰ ਧਿਆਨ ਚੰਦ ਜੀ ਦੇ ਜਨਮ ਦਿਵਸ ਮੌਕੇ ਰਾਸ਼ਟਰੀ ਖੇਡ ਦਿਵਸ ਦੇ ਮੱਦੇਨਜ਼ਰ ਖੇਡਾਂ ਵਤਨ ਪੰਜਾਬ ਦੀਆਂ 2025 ਤਹਿਤ ਪੂਰੇ ਪੰਜਾਬ ਵਿੱਚ ਮਸ਼ਾਲ ਮਾਰਚ ਕੱਢਿਆ ਜਾ ਰਿਹਾ ਹੈ, ਜਿਸ ਤਹਿਤ ਇਸ ਮਸ਼ਾਲ ਮਾਰਚ ਦਾ ਫਿਰੋਜ਼ਪੁਰ ਜ਼ਿਲ੍ਹੇ ਵਿੱਚ ਪਹੁੰਚਣ 'ਤੇ ਸਮੂਹ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਵਾਗਤ ਕੀਤਾ ਗਿਆ। ਇਸ ਮਸ਼ਾਲ ਮਾਰਚ ਦੌਰਾਨ ਵਿਧਾਇਕ ਫਿਰੋਜ਼ਪੁਰ ਸ਼ਹਿਰੀ ਰਣਬੀਰ ਸਿੰਘ ਭੁੱਲਰ ਤੇ ਵਿਧਾਇਕ ਗੁਰੂ ਹਰਸਹਾਏ ਫੌਜ਼ਾ ਸਿੰਘ ਸਰਾਰੀ ਬਤੌਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਇਸ ਮੌਕੇ ਜ਼ਿਲ੍ਹਾ ਖੇਡ ਅਫਸਰ ਰੁਪਿੰਦਰ ਸਿੰਘ ਬਰਾੜ ਵੱਲੋਂ ਆਏ ਹੋਏ ਮੁੱਖ ਮਹਿਮਾਨਾਂ ਦਾ ਸਵਾਗਤ ਕੀਤਾ ਗਿਆ ਤੇ ਉਨ੍ਹਾਂ ਨੂੰ ਜੀ ਆਇਆਂ ਕਿਹਾ ਗਿਆ। ਵਿਧਾਇਕ ਫਿਰੋਜ਼ਪੁਰ ਸ਼ਹਿਰੀ ਰਣਬੀਰ ਸਿੰਘ ਭੁੱਲਰ ਤੇ ਵਧਾਇਕ ਗੁਰੂ ਹਰਸਹਾਏ ਫੌਜ਼ਾ ਸਿੰਘ ਸਰਾਰੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ, ਖੇਡ ਵਿਭਾਗ ਪੰਜਾਬ ਵੱਲੋਂ ਖੇਡਾਂ ਵਤਨ ਪੰਜਾਬ ਦੀਆਂ 2025 ਕਰਵਾਈਆਂ ਜਾ ਰਹੀਆਂ ਹਨ ਤੇ ਉਨ੍ਹਾਂ ਨੌਜਵਾਨਾਂ ਨੂੰ ਵੱਧ ਤੋਂ ਵੱਧ ਖੇਡਾਂ ਵਿਚ ਭਾਗ ਲੈਣ ਲਈ ਪ੍ਰੇਰਿਤ ਕੀਤਾ ਤਾਂ ਜੋ ਖੇਡ ਖੇਤਰ ਵਿੱਚ ਜ਼ਿਲ੍ਹੇ ਤੇ ਪੰਜਾਬ ਦਾ ਨਾਮ ਰੋਸ਼ਨ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਇਸ ਮਸ਼ਾਲ ਮਾਰਚ ਦਾ ਮੁੱਖ ਉਦੇਸ਼ ਵੱਧ ਤੋਂ ਵੱਧ ਨੌਜਵਾਨਾਂ ਨੂੰ ਖੇਡਾਂ ਬਾਰੇ ਜਾਗਰੂਕ ਕਰਨਾ ਹੈ ਤੇ ਪੂਰੇ ਪੰਜਾਬ ਵਿੱਚ ਮਸ਼ਾਲ ਮਾਰਚ ਸਫਲਤਾ ਪੂਰਵਕ ਸੰਪੰਨ ਹੋਣ ਤੇ ਰਾਜ ਦੇ ਹਰੇਕ ਜ਼ਿਲ੍ਹੇ ਵਿੱਚ ਬਲਾਕ ਪੱਧਰੀ, ਜ਼ਿਲ੍ਹਾ ਪੱਧਰੀ ਤੇ ਰਾਜ ਪੱਧਰੀ ਖੇਡਾਂ ਦੇ ਆਗਾਜ਼ ਹੋਣਗੇ। ਇਸ ਦੌਰਾਨ ਇਸ ਮਸ਼ਾਲ ਮਾਰਚ ਨੂੰ ਜ਼ਿਲ੍ਹਾ ਤਰਨਤਾਰਨ ਲਈ ਰਵਾਨਾ ਕੀਤਾ ਗਿਆ। ਇਸ ਮੌਕੇ ਚੇਅਰਮੈਨ ਬਲਰਾਜ ਕਟੋਰਾ, ਖੇਡ ਵਿਭਾਗ ਦੇ ਕੋਚ ਤੇ ਦਫਤਰੀ ਸਟਾਫ ਮੌਕੇ 'ਤੇ ਹਾਜ਼ਰ ਸਨ।

## ਡਾ. ਅਮਰਪਾਲ ਸਿੰਘ ਨੇ ਡੀ ਬੀ ਯੂ ਦੇ ਵਿਦਿਆਰਥੀਆਂ ਨੂੰ ਸਿੱਖਣ ਲਈ ਕੀਤਾ ਪ੍ਰੇਰਿਤ




**ਮੰਡੀ ਗੋਬਿੰਦਗੜ੍ਹ (ਪ੍ਰਮੋਦ ਭਾਰਦਵਾਜ)**-ਦੇਸ਼ ਭਗਤ ਯੂਨੀਵਰਸਿਟੀ (ਡੀ ਬੀ ਯੂ) ਵੱਲੋਂ ਨਵੇਂ ਵਿਦਿਆਰਥੀਆਂ ਦੀ ਆਮਦ ਵਿੱਚ ਕਰਵਾਏ ਗਏ ਦੀਕਸ਼ਾਰੰਭ ਪ੍ਰੋਗਰਾਮ ਦੌਰਾਨ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਚੇਅਰਮੈਨ ਡਾ. ਅਮਰਪਾਲ ਸਿੰਘ (ਸੇਵਾਮੁਕਤ) ਦੁਆਰਾ ਦਿੱਤੇ ਗਏ ਕੀਮਤੀ ਅਤੇ ਅਰਥਪੂਰਨ ਸ਼ਬਦਾਂ ਨਾਲ ਮਨਾਇਆ ਗਿਆ। ਉਹ ਇਸ ਮੌਕੇ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਅਤੇ ਸੈਸ਼ਨ ਦਾ ਰਸਮੀ ਉਦਘਾਟਨ ਕੀਤਾ। ਡੀ ਬੀ ਯੂ ਕੈਂਪਸ ਵਿੱਚ ਇੱਕ ਪ੍ਰੇਰਨਾਦਾਇਕ ਭਾਸ਼ਣ ਦੌਰਾਨ ਡਾ. ਸਿੰਘ ਨੇ ਦੇਸ਼ ਭਰ ਦੇ ਵਿਦਿਆਰਥੀਆਂ ਦੇ ਨਾਲ-ਨਾਲ ਕਈ ਦੇਸ਼ਾਂ ਦੀ ਨੁਮਾਇੰਦਗੀ ਕਰਨ ਵਾਲੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ।ਇਸ ਮੌਕੇ ਡੀ.ਬੀ.ਯੂ. ਦੇ ਚਾਂਸਲਰ ਡਾ. ਜ਼ੋਰਾ ਸਿੰਘ, ਪ੍ਰੈਜ਼ੀਡੈਂਟ ਡਾ. ਸੰਦੀਪ ਸਿੰਘ ਅਤੇ ਵਾਈਸ ਚਾਂਸਲਰ ਡਾ. ਹਰਸ਼ ਸਦਾਵਰਤੀ ਵੱਲੋਂ ਮਹਿਮਾਨਾਂ ਦਾ ਨਿੱਘਾ ਸਵਾਗਤ ਕੀਤਾ ਅਤੇ ਸਮਾਗਮ ਦੇ ਮੁੱਖ ਮਹਿਮਾਨ ਨੂੰ ਸਨਮਾਨਤ ਕੀਤਾ ਗਿਆ। ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਡਾ. ਅਮਰਪਾਲ ਸਿੰਘ ਨੇ ਸਫਲਤਾ ਪ੍ਰਾਪਤ ਕਰਨ ਵਿੱਚ ਸਮਰਪਣ, ਦ੍ਰਿੜ੍ਹਤਾ ਅਤੇ ਆਤਮ-ਵਿਸ਼ਵਾਸ ਦੀ ਮਹੱਤਤਾ 'ਤੇ ਜ਼ੋਰ ਦਿੱਤਾ।ਸਮਾਗਮ ਦੇ ਅੰਤ ਵਿੱਚ ਵਿਦਿਆਰਥੀਆਂ ਅਤੇ ਫੈਕਲਟੀ ਮੈਂਬਰਾਂ ਨੇ ਇੰਟਰੈਕਟਿਵ ਸੈਸ਼ਨ ਅਤੇ ਅਰਥਪੂਰਨ ਵਿਚਾਰ-ਵਟਾਂਦਰੇ ਵਿੱਚ ਸਰਗਰਮੀ ਨਾਲ ਹਿੱਸਾ ਲਿਆ।

25-Aug-page-11-Majha-2025.qxd 8/24/2025 9:53 PM Page 1



# ਈਟੀਓ ਵੱਲੋਂ ਰੋਮਾਣਾ ਚੱਕ, ਜੱਬੋਵਾਲ ਤੇ ਕੋਟਲਾ ਬਥੂਨਗੜ੍ਹ 'ਚ ਖੇਡ ਸਟੇਡੀਅਮਾਂ ਦੀ ਸ਼ੁਰੂਆਤ

## * ਜਥੇਦਾਰ ਬਾਬਾ ਜੋਗਾ ਸਿੰਘ ਨੇ ਨੀਂਹ ਪੱਥਰ ਰੱਖ ਕੇ ਕੀਤੀ ਕਾਰਜਾਂ ਦੀ ਆਰੰਭਤਾ



**ਅੰਮ੍ਰਿਤਸਰ (ਨਰਿੰਦਰਜੀਤ ਸਿੰਘ, ਕਮਲੇਸ਼)**- ਪੰਜਾਬ ਵਿੱਚ ਖੇਡਾਂ ਨੂੰ ਉਤਸ਼ਾਹਤ ਕਰਨ ਲਈ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ ਖੇਡ ਸਟੇਡੀਅਮ ਬਣਾਉਣ ਦੀ ਕੀਤੀ ਗਈ ਸ਼ੁਰੂਆਤ ਦੇ ਮੱਦੇਨਜ਼ਰ ਕੈਬਨਿਟ ਮੰਤਰੀ ਸ ਹਰਭਜਨ ਸਿੰਘ ਈਟੀਓ ਨੇ ਆਪਣੇ ਹਲਕੇ ਦੇ ਪਿੰਡ ਰੋਮਾਣਾ ਚੱਕ, ਜੱਬੋਵਾਲ ਅਤੇ ਕੋਟਲਾ ਬਥੂਨਗੜ੍ਹ ਵਿੱਚ ਆਧੁਨਿਕ ਖੇਡ ਸਟੇਡੀਅਮ ਬਣਾਉਣ ਦੀ ਸ਼ੁਰੂਆਤ ਕੀਤੀ।ਇਲਾਕੇ ਦੀ ਪ੍ਰਸਿੱਧ ਹਸਤੀ ਜਥੇਦਾਰ ਬਾਬਾ ਜੋਗਾ ਸਿੰਘ ਨੇ ਆਪਣੇ ਹੱਥੀਂ ਨੀਂਹ ਪੱਥਰ ਰੱਖ ਕੇ ਇਹ ਉਸਾਰੀ ਸ਼ੁਰੂ ਕਰਵਾਈ। ਕੈਬਨਿਟ ਮੰਤਰੀ ਨੇ ਇਸ ਨੇਕ ਕੰਮ ਲਈ ਆਸ਼ੀਰਵਾਦ ਦੇਣ ਲਈ ਉਚੇਚੇ ਤੌਰ ਉਤੇ ਪਹੁੰਚੇ ਜਥੇਦਾਰ ਬਾਬਾ ਜੋਗਾ ਸਿੰਘ ਦਾ ਧੰਨਵਾਦ ਵੀ ਕੀਤਾ।ਇਸ ਮੌਕੇ ਪਿੰਡ ਵਾਸੀਆਂ ਨੂੰ ਵਧਾਈ ਦਿੰਦੇ ਕੈਬਨਿਟ ਮੰਤਰੀ ਨੇ ਦੱਸਿਆ ਕਿ ਪੰਜਾਬ ਸਰਕਾਰ ਰਾਜ ਵਿੱਚੋਂ ਨਸ਼ੇ ਨੂੰ ਜੜ੍ਹੋਂ ਖਤਮ ਕਰਕੇ ਨੌਜਵਾਨਾਂ ਨੂੰ ਖੇਡਾਂ ਵੱਲ ਆਕਰਸ਼ਿਤ ਕਰਨ ਲਈ ਨਿਰੰਤਰ ਕੰਮ ਕਰ ਰਹੀ ਹੈ ਅਤੇ ਅੱਜ ਦਾ ਇਹ ਖੇਡ ਸਟੇਡੀਅਮ ਵੀ ਇਸੇ ਸੋਚ ਦਾ ਹਿੱਸਾ ਹੈ। ਉਨ੍ਹਾਂ ਦੱਸਿਆ ਕਿ ਇਹ ਖੇਡ ਸਟੇਡੀਅਮ ਬਣਾਉਣ ਲਈ ਮੈਂ ਜੋ ਪ੍ਰਸਤਾਵ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਵਿਚਾਰਿਆ ਤਾਂ ਉਨ੍ਹਾਂ ਨੇ ਤੁਰੰਤ ਇਸ ਲਈ 5 ਕਰੋੜ ਰੁਪਏ ਜਾਰੀ ਕਰ ਦਿੱਤੇ।ਉਨ੍ਹਾਂ ਦੱਸਿਆ ਕਿ ਸਟੇਡੀਅਮ ਦਾ ਟੈਂਡਰ ਅਲਾਟ ਕੀਤਾ ਜਾ ਚੁੱਕਾ ਹੈ ਅਤੇ ਛੇ ਮਹੀਨਿਆਂ ਵਿੱਚ ਇਹ ਕੰਮ ਪੂਰਾ ਕਰ ਦਿੱਤਾ ਜਾਵੇਗਾ, ਜਿਸ ਵਿੱਚ ਫੁੱਟਬਾਲ ਦਾ ਮੈਦਾਨ, ਕ੍ਰਿਕਟ ਪਿੱਚ, ਜੌਗਿੰਗ ਲਈ ਟਰੈਕ, ਚਾਰ ਦੁਆਰੀ, ਬੈਠਣ ਲਈ ਪੌੜੀਆਂ, ਟੋਇਲਟ ਬਲਾਕ ਅਤੇ ਲਾਈਟਾਂ ਲਗਾਈਆਂ ਜਾਣਗੀਆਂ। ਉਹਨਾਂ ਸਬੰਧਤ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਕੰਮ ਸਮੇਂ ਸੀਮਾ ਦੇ ਅੰਦਰ ਪੂਰਾ ਕੀਤਾ ਜਾਵੇ ਅਤੇ ਕੰਮ ਦੀ ਕੁਆਲਿਟੀ ਦਾ ਖਾਸ ਖਿਆਲ ਰੱਖਿਆ ਜਾਵੇ ਤਾਂ ਜੋ ਲੋਕਾਂ ਦੇ ਇਸ ਪੈਸੇ ਦਾ ਲੰਮਾ ਸਮਾਂ ਸੁੱਖ ਇਲਾਕਾ ਵਾਸੀ ਲੈ ਸਕਣ।ਸ: ਈਟੀਓ ਨੇ ਦੱਸਿਆ ਕਿ ਕੋਟਲਾ ਬਥੂਨਗੜ੍ਹ ਸਟੇਡੀਅਮ ਦੀ ਅਪਗ੍ਰੇਡੇਸ਼ਨ 'ਤੇ 2 ਕਰੋੜ 50 ਲੱਖ ਰੁਪਏ, ਰੋਮਾਣਾ ਚੱਕ ਸਟੇਡੀਅਮ ਦੀ ਅਪਗਰੇਡੇਸ਼ਨ 'ਤੇ 1 ਕਰੋੜ 33 ਲੱਖ ਰੁਪਏ ਅਤੇ ਜੱਬੋਵਾਲ ਸਟੇਡੀਅਮ ਦੇ ਅਪਗਰੇਡੇਸ਼ਨ 'ਤੇ 1 ਕਰੋੜ 76 ਲੱਖ ਰੁਪਏ ਦੇ ਕਰੀਬ ਲਾਗਤ ਆਵੇਗੀ।ਉਨ੍ਹਾਂ ਕਿਹਾ ਕਿ ਸਾਡੇ ਨੌਜਵਾਨ ਨਸ਼ਿਆਂ ਨੂੰ ਅਲਵਿਦਾ ਆਖ ਕੇ ਖੇਡਾਂ ਨਾਲ ਜੁੜ ਰਹੇ ਹਨ। ਉਨਾਂ ਦੱਸਿਆ ਕਿ ਖੇਡਾਂ ਸਾਡੀ ਜ਼ਿੰਦਗੀ ਦਾ ਅਹਿਮ ਹਿੱਸਾ ਹਨ ਜਿਸ ਨਾਲ ਸਾਡੇ ਅੰਦਰ ਅਨੁਸ਼ਾਸਨ ਦੀ ਭਾਵਨਾ ਪੈਦਾ ਹੁੰਦੀ ਹੈ ਅਤੇ ਮਾਨਸਿਕ ਤੌਰ ਤੇ ਵੀ ਅਸੀਂ ਮਜ਼ਬੂਤ ਹੁੰਦੇ ਹਾਂ।ਉਨ੍ਹਾਂ ਨਾਲ ਇਸ ਮੌਕੇ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਗੁਰਪ੍ਰਤਾਪ ਸਿੰਘ ਸੰਧੂ, ਬਲਾਕ ਪ੍ਰਧਾਨ ਭੁਪਿੰਦਰ ਸਿੰਘ, ਪਿੰਡ ਦੇ ਸਰਪੰਚ ਅਤੇ ਹੋਰ ਸ਼ਖਸੀਅਤਾਂ ਵੀ ਹਾਜ਼ਰ ਸਨ।

# ਸਕੂਲ ਬੱਸ ਪਲਟਣ ਕਾਰਨ ਡਰਾਈਵਰ ਤੇ ਚਾਰ ਬੱਚੇ ਜ਼ਖਮੀ



ਚੇਤਨਪੁਰਾ (ਸੁਖਵੰਤ ਚੇਤਨਪਰੀ)-ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਮਹਿਲ ਜੰਡਿਆਲਾ, ਸੰਤੂ ਨੰਗਲ ਦੀ ਬੱਚਿਆਂ ਨਾਲ ਭਰੀ ਬੱਸ ਪਲਟਣ ਕਾਰਨ ਡਰਾਈਵਰ ਸਮੇਤ ਕੁਝ ਬੱਚਿਆਂ ਨੂੰ ਸੱਟਾਂ ਲੱਗਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ।ਬੱਸ ਦੇ ਪਲਟਣ ਸਮੇਂ ਕੋਈ ਜਾਨੀ ਨੁਕਸਾਨ ਹੋਣ ਤੋਂ ਤਾਂ ਬਚਾਅ ਹੋ ਗਿਆ ਪਰ ਡਰਾਈਵਰ ਅਤੇ ਚਾਰ ਬੱਚਿਆਂ ਨੂੰ ਸੱਟਾਂ ਲੱਗੀਆਂ ਹਨ।

ਪ੍ਰਾਪਤ ਜਾਣਕਾਰੀ ਅਨੁਸਾਰ ਅੱਜ ਸਕੂਲ ਵਿੱਚ ਛੁੱਟੀ ਹੋਣ ਉਪਰੰਤ ਸਕੂਲ ਦੇ ਬੱਚਿਆਂ ਨੂੰ ਘਰੋਂ-ਘਰੀ ਛੱਡਣ ਲਈ ਬੱਸ ਸਕੂਲ ਤੋਂ ਰਵਾਨਾ ਹੋਈ ਅਤੇ ਸਕੂਲ ਦਾ ਮੁੱਖ ਗੇਟ ਲੰਘਣ ਉਪਰੰਤ ਸਕੂਲ ਤੋਂ ਕੁਝ ਹੀ ਦੂਰੀ ਤੇ ਡਰਾਈਵਰ ਕੋਲੋਂ ਬੱਸ ਦਾ ਸੰਤੁਲਨ ਵਿਗੜਣ ਕਾਰਨ ਬੱਸ ਝੋਨੇ ਦੀ ਫਸਲ ਵਾਲੇ ਖੇਤਾਂ ਵਿੱਚ ਪਲਟ ਗਈ ਜਿਸ ਕਾਰਨ 4 ਬੱਚਿਆਂ ਅਤੇ ਡਰਾਈਵਰ ਨੂੰ ਮਾਮੂਲੀ ਸੱਟਾਂ ਲੱਗਣ ਦੀ ਜਾਣਕਾਰੀ ਮਿਲੀ ਹੈ। ਹਾਦਸੇ ਵਿੱਚ ਜ਼ਖਮੀ ਹੋਏ ਬੱਚਿਆਂ ਨੂੰ ਡਾਕਟਰੀ ਸਹਾਇਤਾ ਦੇਣ ਉਪਰੰਤ ਘਰੋਂ-ਘਰੀ ਭੇਜ ਦਿੱਤਾ ਗਿਆ ਹੈ। ਇਸ ਸਬੰਧੀ ਕੁਝ ਲੋਕਾਂ ਵੱਲੋਂ ਆਪਣਾ ਨਾਮ ਗੁਪਤ ਰੱਖਣ ਦੀ ਸ਼ਰਤ ਤੇ ਸਕੂਲ ਬੱਸ ਪਲਟਣ ਦਾ ਕਾਰਨ ਸਕੂਲ ਬੱਸ ਡਰਾਈਵਰ ਦੀ ਵੱਡੀ ਅਣਗਹਿਲੀ ਦੱਸਿਆ ਹੈ। ਦੂਸਰੇ ਪਾਸੇ ਬੱਚਿਆਂ ਦੇ ਮਾਪਿਆਂ ਨੇ ਸਕੂਲ ਪ੍ਰਬੰਧਕਾਂ ਤੋਂ ਸਕੂਲ ਬੱਸਾਂ ਚਲਾਉਣ ਲਈ ਯੋਗ ਲਾਇਸੈਂਸ ਪ੍ਰਾਪਤ ਸਿੱਖਿਅਤ ਡਰਾਈਵਰ ਰੱਖਣ ਦੀ ਮੰਗ ਕੀਤੀ ਹੈ ਤਾਂ ਕਿ ਅੱਗੇ ਤੋਂ ਕੋਈ ਅਜਿਹੀ ਘਟਨਾ ਨਾ ਵਾਪਰੇ।

# ਕਟਾਰੂਚੱਕ ਨੇ ਹਿੰਦ-ਪਾਕਿ ਸਰਹੱਦ ਨਾਲ ਲੱਗਦੇ ਹੜ੍ਹ ਪ੍ਰਭਾਵਿਤ ਪਿੰਡਾਂ ਦਾ ਕੀਤਾ ਦੌਰਾ

## * ਦੀਨਾਨਗਰ-ਬਮਿਆਲ ਮਾਰਗ 'ਤੇ ਪਏ ਪਾੜ ਨੂੰ ਜਲਦੀ ਹੀ ਭਰਨ ਦਾ ਦਿੱਤਾ ਭਰੋਸਾ



ਪਠਾਨਕੋਟ, (ਦਵਿੰਦਰ ਸਿੰਘ)-ਸ਼ਨੀਵਾਰ ਦੀ ਰਾਤ ਤੋਂ ਜੰਮੂ-ਕਸ਼ਮੀਰ ਅਤੇ ਹਿਮਾਚਲ ਪ੍ਰਦੇਸ ਵਿੱਚ ਹੋ ਰਹੀ ਤੇਜ਼ ਬਾਰਿਸ਼ ਦੇ ਚਲਦਿਆਂ ਜ਼ਿਲ੍ਹਾ ਪਠਾਨਕੋਟ ਵਿੱਚ ਹਿੰਦ ਪਾਕਿ ਸਰਹੱਦ ਦੇ ਨਾਲ ਲੱਗਦੇ ਪਿੰਡਾਂ ਅੰਦਰ ਹਾਲਾਤ ਨਾਜ਼ੁਕ ਬਣੇ ਹੋਏ ਹਨ, ਉੱਜ ਦਰਿਆ, ਰਾਵੀ ਅਤੇ ਹੋਰ ਨਿਕਾਸੀ ਨਾਲਿਆਂ ਅੰਦਰ ਪਾਣੀ ਦਾ ਵਹਾਓ ਤੇਜ਼ ਹੋਣ ਕਰਕੇ ਕਿਸਾਨਾਂ ਦੀ ਫਸਲ ਕਾਫੀ ਪ੍ਰਭਾਵਿਤ ਹੋਈ ਹੈ ਜਿਸ ਦਾ ਜਾਇਜ਼ਾ ਲੈਣ ਲਈ ਕੈਬਨਿਟ ਮੰਤਰੀ ਪੰਜਾਬ ਲਾਲ ਚੰਦ ਕਟਾਰੂਚੱਕ ਅਤੇ ਉਨ੍ਹਾਂ ਦੀ ਟੀਮ ਵੱਲੋਂ ਪ੍ਰਭਾਵਿਤ ਪਿੰਡਾਂ ਦਾ ਦੌਰਾ ਕੀਤਾ ਗਿਆ ਅਤੇ ਲੋਕਾਂ ਨੂੰ ਭਰੋਸਾ ਦਿੱਤਾ ਕਿ ਜਿਨ੍ਹਾਂ ਕਿਸਾਨਾਂ ਦੀ ਫਸਲ ਪ੍ਰਭਾਵਿਤ ਹੋਈ ਹੈ ਉਨ੍ਹਾਂ ਦਾ ਅਗਰ ਕਿਸੇ ਤਰ੍ਹਾਂ ਦਾ ਵੀ ਨੁਕਸਾਨ ਹੁੰਦਾ ਹੈ ਤਾਂ ਉਸ ਦਾ ਮੁਆਵਜ਼ਾ ਪੰਜਾਬ ਸਰਕਾਰ ਵੱਲੋਂ ਦਿੱਤਾ ਜਾਵੇਗਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਰਾਕੇਸ਼ ਮੀਨਾ ਐੱਸਡੀਐੱਮ ਪਠਾਨਕੋਟ, ਅਮਨਦੀਪ ਸੰਧੂ ਜ਼ਿਲ੍ਹਾ ਪ੍ਰਧਾਨ ਆਮ ਆਦਮੀ ਪਾਰਟੀ, ਮੁਨੀਸ਼ ਗੁਪਤਾ ਸਰਪੰਚ ਬਮਿਆਲ, ਚੱਕ ਅਮੀਰ ਸਰਪੰਚ ਦਵਿੰਦਰ ਸਿੰਘ, ਮਨਵਾਲ ਸਰਪੰਚ ਸੰਦੀਪ, ਬਲਜਿੰਦਰ ਬੰਟੀ ਪ੍ਰਧਾਨ ਕਿਸਾਨ ਮੋਰਚਾ, ਵਿਕਾਸ ਦਵਿਆਲ, ਠਾਕੁਰ ਰਾਜੇਸ਼ ਸਿੰਘ ਬਲਾਕ ਪ੍ਰਧਾਨ, ਅਮਰਜੀਤ ਬਲਾਕ ਪ੍ਰਧਾਨ, ਸਰੋਜ ਕੁਮਾਰ ਸਰਪੰਚ ਰਮਕਾਲਮਾ ਅਤੇ ਹੋਰ ਵੀ ਹਾਜ਼ਰ ਸਨ।ਉਨ੍ਹਾਂ ਦੱਸਿਆ ਕਿ ਦੀਨਾਨਗਰ ਤੋਂ ਕੋਹਲੀਆਂ ਹੁੰਦੇ ਹੋਏ ਬਮਿਆਲ ਨੂੰ ਜਾਣ ਵਾਲੇ ਮਾਰਗ ਤੇ ਵੀ ਬਾਰਿਸ਼ ਦਾ ਕਹਿਰ ਦੇਖਣ ਨੂੰ ਮਿਲਿਆ ਹੈ। ਜ਼ਿਲ੍ਹਾ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਲੋਕਾਂ ਨੂੰ ਭਰੋਸਾ ਦਿੱਤਾ ਕਿ ਪਾਣੀ ਦੇ ਘੱਟ ਹੋਣ ਤੋਂ ਬਾਅਦ ਜਲਦੀ ਹੀ ਇਥੇ ਰੁੜ੍ਹੇ ਰਸਤੇ ਨੂੰ ਬਹਾਲ ਕੀਤਾ ਜਾਵੇਗਾ।

# ਬਿਊਟੀਸ਼ੀਅਨ ਅਤੇ ਕੰਪਿਊਟਰ ਕੋਰਸਾਂ ਦੀ ਸਾਲਾਨਾ/ਸਮੈਸਟਰ ਪ੍ਰੀਖਿਆ ਕਰਵਾਈ



ਗੁਰਦਾਸਪੁਰ (ਦਿਨੇਸ਼ ਕੁਮਾਰ)-ਜ਼ਿਲ੍ਹਾ ਬਾਲ ਕਲਿਆਣ ਕੌਂਸਲ, ਗੁਰਦਾਸਪੁਰ ਵੱਲੋਂ ਬਾਲ ਭਵਨ ਕੈਂਪਸ ਵਿੱਚ ਬਿਊਟੀਸ਼ੀਅਨ ਅਤੇ ਕੰਪਿਊਟਰ ਕੋਰਸਾਂ ਦੀ ਸਾਲਾਨਾ ਅਤੇ ਸਮੈਸਟਰ ਪ੍ਰੀਖਿਆਵਾਂ ਸਫਲਤਾਪੂਰਵਕ ਕਰਵਾਈਆਂ ਗਈਆਂ।ਜ਼ਿਲ੍ਹੇ ਦੇ ਵੱਖ-ਵੱਖ ਹਿੱਸਿਆਂ ਤੋਂ 45 ਵਿਦਿਆਰਥੀਆਂ ਨੇ ਇਨ੍ਹਾਂ ਪ੍ਰੀਖਿਆਵਾਂ ਵਿੱਚ ਭਾਗ ਲਿਆ।ਇਹ ਕੋਰਸ ਬਹੁਤ ਘੱਟ ਫੀਸ ਤੇ ਦੱਸਣਯੋਗ ਤਰੀਕੇ ਨਾਲ ਚਲਾਏ ਜਾਂਦੇ ਹਨ, ਤਾਂ ਜੋ ਨੌਜਵਾਨਾਂ ਨੂੰ ਵਿਵਹਾਰਕ ਹੁਨਰ ਸਿਖਾ ਕੇ ਉਨ੍ਹਾਂ ਦਾ ਭਵਿੱਖ ਸਵਾਰਿਆ ਜਾ ਸਕੇ।ਇਸ ਮੌਕੇ ਕੌਂਸਲ ਦੇ ਮਾਣਯੋਗ ਮਾਨਦ ਸਚਿਵ ਅਤੇ ਰਾਸ਼ਟਰੀ ਇਨਾਮ ਜੇਤੂ ਰਮੇਸ਼ ਮਹਾਜਨ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ।ਉਨ੍ਹਾਂ ਨੇ ਵਿਦਿਆਰਥੀਆਂ ਨਾਲ ਮੁਲਾਕਾਤ ਕੀਤੀ ਅਤੇ ਹੁਨਰ ਅਧਾਰਤ ਸਿੱਖਿਆ ਦੀ ਮਹੱਤਤਾ ਉਤੇ ਰੌਸ਼ਨੀ ਪਾਈ।ਉਨ੍ਹਾਂ 2023 ਤੋਂ ਸ਼ੁਰੂ ਹੋਏ ਬਿਊਟੀਸ਼ਨ ਕੋਰਸ ਦੀ ਸਫਲਤਾ ਦੀ ਗੱਲ ਕੀਤੀ, ਜਿਥੇ ਕਈ ਵਿਦਿਆਰਥੀਆਂ ਨੇ ਵਿਦੇਸ਼ਾਂ ਵਿੱਚ ਰੋਜ਼ਗਾਰ ਹਾਸਲ ਕੀਤਾ ਜਾਂ ਆਪਣਾ ਕਾਰੋਬਾਰ ਸ਼ੁਰੂ ਕੀਤਾ।

ਇਸ ਮੌਕੇ ਕੌਂਸਲ ਕੋਆਰਡੀਨੇਟਰ ਬਖਸ਼ੀ ਰਾਜ, ਸੈਂਟਰ ਇੰਚਾਰਜ ਬਲਜੀਤ ਸਿੰਘ, ਕੰਪਿਊਟਰ ਅਧਿਆਪਕ ਪਰਮਿੰਦਰ ਕੌਰ, ਕਰਨਦੀਪ ਸਿੰਘ, ਪ੍ਰਭਜੋਤ ਕੌਰ ਅਤੇ ਬਾਲ ਭਵਨ ਦੀ ਸਮਰਪਿਤ ਟੀਮ ਵੀ ਮੌਜੂਦ ਸੀ।ਸ਼੍ਰੀ ਮਹਾਜਨ ਨੇ ਦੱਸਿਆ ਕਿ ਇਨ੍ਹਾਂ ਵੋਕੇਸ਼ਨਲ ਕੋਰਸਾਂ ਦੀ ਪਹੁੰਚ ਜ਼ਿਲ੍ਹੇ ਦੇ ਹੋਰ ਹਿੱਸਿਆਂ ਤੱਕ ਵੀ ਵਧਾਈ ਜਾਵੇਗੀ ਤਾਂ ਜੋ ਹੋਰ ਨੌਜਵਾਨ ਵੀ ਘੱਟ ਲਾਗਤ ਤੇ ਇਨ੍ਹਾਂ ਤੋਂ ਲਾਭ ਉਠਾ ਸਕਣ।

# ਵਿਧਾਇਕ ਨਿੱਝਰ ਨੇ ਬਲਕ ਵਾਟਰ ਸਪਲਾਈ ਪ੍ਰੋਜੈਕਟ ਦੀ ਪ੍ਰਗਤੀ ਦਾ ਲਿਆ ਜਾਇਜ਼ਾ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਅੰਮ੍ਰਿਤਸਰ ਦੱਖਣੀ ਹਲਕੇ ਤੋਂ ਵਿਧਾਇਕ ਅਤੇ ਸਥਾਨਕ ਸਰਕਾਰਾਂ ਵਿਭਾਗ ਪੰਜਾਬ ਦੇ ਸਾਬਕਾ ਮੰਤਰੀ ਡਾ. ਇੰਦਰਬੀਰ ਸਿੰਘ ਨਿੱਝਰ ਵੱਲੋਂ ਵੱਲਾ ਨੇੜੇ ਅੰਮ੍ਰਿਤਸਰ ਬਲਕ ਵਾਟਰ ਸਪਲਾਈ ਪ੍ਰੋਜੈਕਟ ਅਧੀਨ ਬਣਾਏ ਜਾ ਰਹੇ ਵਾਟਰ ਟ੍ਰੀਟਮੈਂਟ ਪਲਾਂਟ ਦਾ ਦੌਰਾ ਕੀਤਾ ਅਤੇ ਪ੍ਰੋਜੈਕਟ ਦੀ ਪ੍ਰਗਤੀ ਦਾ ਜਾਇਜ਼ਾ ਲਿਆ।ਜ਼ਿਕਰਯੋਗ ਹੈ ਕਿ ਨਗਰ ਨਿਗਮ ਦੁਆਰਾ ਵਿਸ਼ਵ ਬੈਂਕ ਅਤੇ ਏਸ਼ੀਅਨ ਇਨਫਰਾਸਟਰਕਚਰ ਇਨਵੈਸਟਮੈਂਟ ਬੈਂਕ ਦੇ ਸਹਿਯੋਗ ਨਾਲ ਪੰਜਾਬ ਮਿਊਂਸੀਪਲ ਸਰਵਿਸਿਜ਼ ਇੰਪਰੂਵਮੈਂਟ ਪ੍ਰੋਜੈਕਟ ਚਲਾਇਆ ਜਾ ਰਿਹਾ ਹੈ, ਜਿਸਦੇ ਤਹਿਤ ਆਉਣ ਵਾਲੇ ਸਮੇਂ ਵਿੱਚ ਅਪਰ ਬਾਰੀ ਦੋਆਬ ਨਹਿਰ ਦੇ ਪਾਣੀ ਨੂੰ ਸ਼ੁੱਧ ਕਰਕੇ ਘਰ-ਘਰ ਸਪਲਾਈ ਕੀਤਾ ਜਾਵੇਗਾ।ਇਸ ਪ੍ਰੋਜੈਕਟ ਤਹਿਤ, 44 ਕਰੋੜ ਲੀਟਰ ਪ੍ਰਤੀ ਦਿਨ ਦੀ ਸਮਰੱਥਾ ਵਾਲੇ ਇੱਕ ਆਧੁਨਿਕ ਵਾਟਰ ਟ੍ਰੀਟਮੈਂਟ ਪਲਾਂਟ ਦੀ ਉਸਾਰੀ, 45 ਨਵੀਆਂ ਪਾਣੀ ਦੀਆਂ ਟੈਂਕੀਆਂ ਦੀ ਉਸਾਰੀ, 24 ਮੌਜੂਦਾ ਟੈਂਕੀਆਂ ਦੀ ਮੁਰੰਮਤ ਦੇ ਨਾਲ-ਨਾਲ ਸ਼ਹਿਰ ਵਿੱਚ 112 ਕਿਲੋਮੀਟਰ ਲੰਬੀ ਪਾਈਪਲਾਈਨ ਵਿਛਾਉਣ ਦਾ ਕੰਮ ਚੱਲ ਰਿਹਾ ਹੈ।ਇਸ ਮੌਕੇ ਡਾ. ਨਿੱਝਰ ਨੇ ਪ੍ਰੋਜੈਕਟ 'ਤੇ ਕੰਮ ਕਰ ਰਹੀ ਲਾਰਸਨ ਐਂਡ ਟੂਬਰੋ ਕੰਪਨੀ ਅਤੇ ਨਗਰ ਨਿਗਮ ਦੇ ਅਧਿਕਾਰੀਆਂ ਨਾਲ ਪ੍ਰੋਜੈਕਟ ਦੀ ਪ੍ਰਗਤੀ ਸਬੰਧੀ ਮੀਟਿੰਗ ਵੀ ਕੀਤੀ। ਉਨ੍ਹਾਂ ਕਿਹਾ ਕਿ ਇਹ ਪ੍ਰੋਜੈਕਟ ਆਉਣ ਵਾਲੇ 30 ਸਾਲਾਂ ਲਈ ਸ਼ਹਿਰ ਦੀਆਂ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖ ਕੇ ਤਿਆਰ ਕੀਤਾ ਜਾ ਰਿਹਾ ਹੈ, ਤਾਂ ਜੋ ਸਾਲ 2055 ਵਿੱਚ ਸ਼ਹਿਰ ਦੀ ਅਨੁਮਾਨਤ 25 ਲੱਖ ਆਬਾਦੀ ਨੂੰ ਪਾਣੀ ਦੀ ਸਪਲਾਈ ਯਕੀਨੀ ਬਣਾਈ ਜਾ ਸਕੇ।ਪ੍ਰੋਜੈਕਟ ਦੀ ਮਹੱਤਤਾ ਨੂੰ ਧਿਆਨ ਵਿੱਚ ਰੱਖਦੇ ਹੋਏ, ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਉਨ੍ਹਾਂ ਦੇ ਘਰਾਂ ਜਾਂ ਦੁਕਾਨਾਂ ਦੇ ਨੇੜੇ ਕੋਈ ਨਿਰਮਾਣ ਕਾਰਜ ਚੱਲ ਰਿਹਾ ਹੈ ਤਾਂ ਪ੍ਰੋਜੈਕਟ ਨੂੰ ਪੂਰਾ ਕਰਨ ਵਿੱਚ ਸਹਿਯੋਗ ਦਿੱਤਾ ਜਾਵੇ।ਡਾ. ਨਿੱਝਰ ਵੱਲੋਂ ਪਲਾਂਟ ਅਹਾਤੇ ਵਿੱਚ ਦਿਲ ਅਤੇ ਫੇਫੜਿਆਂ ਦੀਆਂ ਬਿਮਾਰੀਆਂ ਦੀ ਜਾਂਚ ਲਈ ਲਗਾਏ ਗਏ ਇੱਕ ਵਿਸ਼ੇਸ਼ ਕੈਂਪ ਦਾ ਉਦਘਾਟਨ ਵੀ ਕੀਤਾ ਗਿਆ।ਇਸ ਕੈਂਪ ਵਿੱਚ ਡਾ. ਵਿਜੇ ਕੋਤਵਾਲ, ਜ਼ਿਲ੍ਹਾ ਟੀਬੀ ਅਫ਼ਸਰ, ਡਾ. ਅਨਿਲ, ਕਾਰਡੀਓਲੋਜਿਸਟ ਅਤੇ ਡਾ. ਅਮਿਤ, ਮੈਡੀਕਲ ਅਫ਼ਸਰ, ਸਿਵਲ ਹਸਪਤਾਲ ਨੇ ਪਲਾਂਟ ਵਿੱਚ ਕੰਮ ਕਰਨ ਵਾਲੇ ਕਾਮਿਆਂ, ਕਰਮਚਾਰੀਆਂ ਅਤੇ ਅਧਿਕਾਰੀਆਂ ਦੀ ਸਿਹਤ ਦੀ ਜਾਂਚ ਕੀਤੀ ਅਤੇ ਫੇਫੜਿਆਂ ਅਤੇ ਦਿਲ ਨੂੰ ਸਿਹਤਮੰਦ ਰੱਖਣ ਲਈ ਕੀਤੇ ਜਾਣ ਵਾਲੇ ਉਪਾਵਾਂ ਬਾਰੇ ਵੀ ਜਾਣਕਾਰੀ ਦਿੱਤੀ।ਇਸ ਮੌਕੇ ਡਾ. ਨਿੱਝਰ ਨੇ ਪਲਾਂਟ ਅਹਾਤੇ ਵਿੱਚ ਇੱਕ ਰੁੱਖ ਵੀ ਲਗਾਇਆ।ਇਸ ਮੌਕੇ ਜਤਿਨ ਵਾਸੁਦੇਵਾ ਐੱਸ ਈ ਪ੍ਰੋਜੈਕਟ, ਲਾਰਸਨ ਐਂਡ ਟੂਬਰੋ ਦੇ ਪ੍ਰੋਜੈਕਟ ਮੈਨੇਜਰ ਰਾਹੁਲ ਪਟੇਲ, ਉਸਾਰੀ ਮੈਨੇਜਰ ਅਸ਼ਵਨੀ ਕੁਮਾਰ, ਐੱਸਡੀਓ ਰਣਜੀਤ ਸਿੰਘ, ਡਾ. ਮੋਨਿਕਾ ਸੱਭਰਵਾਲ, ਗਿਰੀਰਾਜ ਸਿੰਘ ਹਾਂਡਾ, ਹਰਪ੍ਰੀਤ ਸਿੰਘ ਆਦਿ ਵੀ ਮੌਜੂਦ ਸਨ।

# ਕੁੱਲ ਹਿੰਦ ਕਿਸਾਨ ਸਭਾ ਦਾ ਜਥਾ ਸਮਰਾਲਾ ਰੈਲੀ ਲਈ ਰਵਾਨਾ



ਝਬਾਲ (ਹਰਜਿੰਦਰ ਸਿੰਘ ਸੋਨੀ)-ਸਯੁੰਕਤ ਕਿਸਾਨ ਮੋਰਚਾ ਵੱਲੋਂ ਸਮਰਾਲਾ ਵਿਖੇ ਕੀਤੀ ਜਾ ਰਹੀ ਜੇਤੂ ਕਿਸਾਨ ਰੈਲੀ ਵਿੱਚ ਸ਼ਾਮਲ ਹੋਣ ਲਈ ਕੁੱਲ ਹਿੰਦ ਕਿਸਾਨ ਸਭਾ ਦਾ ਜਥਾ ਤਰਨ ਤਾਰਨ ਤੋਂ ਰਵਾਨਾ ਹੋਇਆ।ਇਸ ਮੌਕੇ ਕੁੱਲ ਹਿੰਦ ਕਿਸਾਨ ਸਭਾ ਦੇ ਆਗੂਆਂ ਸੁਖਦੇਵ ਸਿੰਘ ਮਾਨੋਚਾਹਲ ਬਲਕਾਰ ਸਿੰਘ ਵਲਟੋਹਾ, ਕੁਲਬੀਰ ਸਿੰਘ ਕਸੇਲ ਨੇ ਕਿਹਾ ਕਿ ਲੈਂਡ ਪੂਲਿੰਗ ਨੀਤੀ ਤੇ ਸੰਯੁਕਤ ਕਿਸਾਨ ਮੋਰਚਾ ਦੀ ਵੱਡੀ ਜਿੱਤ ਹੋਈ ਹੈ। ਪਰ ਟਰੰਪ ਦੇ ਦਬਕਿਆਂ ਅੱਗੇ ਪ੍ਰਧਾਨ ਮੰਤਰੀ ਮੋਦੀ ਦਾ ਝੁਕ ਜਾਣ ਦਾ ਡਰ ਹੈ।ਮੋਦੀ ਸਰਕਾਰ ਨੇ ਕਿਸਾਨਾਂ ਮਜ਼ਦੂਰਾਂ ਦੀ ਜ਼ਿੰਦਗੀ ਨਾਲ ਜੁੜਿਆ ਸਹਿਕਾਰੀ ਵਿਭਾਗ ਖੋਹ ਲਿਆ ਹੈ।ਪੰਜਾਬ ਸਰਕਾਰ ਨੇ ਇਸ ਨੀਤੀ ਦਾ ਵਿਰੋਧ ਨਹੀਂ ਕੀਤਾ। ਡੀ ਏ ਪੀ ਖਾਦ ਦੀ ਬਲੈਕ ਮਾਰਕੀਟ ਜ਼ੋਰਾਂ ਤੇ ਹੈ।ਝੋਨਾ ਮੰਡੀਆਂ ਵਿੱਚ ਰੁਲਣ ਦਾ ਖ਼ਤਰਾ ਬਰਕਰਾਰ ਹੈ।

ਐੱਮ. ਐੱਸ. ਪੀ. ਦੀ ਵੱਡੀ ਮੰਗ ਲਈ ਸੰਘਰਸ਼ ਜਾਰੀ ਹੈ।ਇਸ ਕਰਕੇ ਅੱਜ ਦੀ ਰੈਲੀ ਮੋਦੀ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਭਗਵੰਤ ਮਾਨ ਸਰਕਾਰ ਨੂੰ ਸੋਚ ਵਿਚਾਰ ਨਾਲ ਕੰਮ ਕਰਨ ਦੀ ਤਾਕੀਦ ਕੀਤੀ ਜਾਵੇਗੀ।ਇਸ ਮੌਕੇ ਹੋਰਨਾਂ ਤੋਂ ਇਲਾਵਾ ਮੋਤਾ ਸਿੰਘ ਸੋਹਲ, ਰਾਜ ਗੋਬਿੰਦ ਸਿੰਘ, ਜਗਜੀਤ ਸਿੰਘ ਮੰਨਣ ਵੀ ਹਾਜ਼ਰ ਸਨ।

# ਰੇਅ ਵੰਨ ਇੰਟਰਨੈਸ਼ਨਲ ਸਕੂਲ ਦੇ ਦੋ ਬੱਚੇ ਪੰਜਾਬ ਸਟੇਟ ਫੁੱਟਬਾਲ ਟੀਮ ਲਈ ਸਿਲੈਕਟ



ਮਜੀਠਾ (ਸੋਇਮ ਆਨੰਦ)-ਪਿਛਲੇ ਦਿਨੀਂ ਸਕੂਲ ਸਿੱਖਿਆ ਵਿਭਾਗ ਵੱਲੋਂ ਸਕੂਲੀ ਵਿਦਿਆਰਥੀਆਂ ਦੀਆਂ ਖੇਡਾਂ ਕਰਵਾਈਆਂ ਗਈਆਂ ਜਿਸ ਤਹਿਤ ਅੰਡਰ 19 ਉਮਰ ਵਰਗ ਦੇ ਬੱਚਿਆਂ ਦੇ ਫੁੱਟਬਾਲ ਮੁਕਾਬਲੇ ਹੋਏ ਜਿਸ ਵਿਚ ਰੇਅ ਵੰਨ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ ਮਜੀਠਾ ਦੇ ਵਿਦਿਆਰਥੀਆਂ ਨੇ ਵੀ ਭਾਗ ਲਿਆ ਅਤੇ ਇਸ ਸਕੂਲ ਨੇ ਜਿਲ੍ਹਾ ਪੱਧਰੀ ਟੂਰਨਾਮੈਂਟ ਵਿੱਚ ਚੰਗਾ ਪ੍ਰਦਰਸ਼ਨ ਕਰਕੇ ਤੀਸਰੀ ਪੁਜ਼ੀਸ਼ਨ ਹਾਸਲ ਕੀਤੀ। ਵਿਦਿਆਰਥੀਆਂ ਦੇ ਇਸ ਫੁੱਟਬਾਲ ਦੀ ਖੇਡ ਵਿਚ ਵਧੀਆ ਪ੍ਰਦਰਸ਼ਨ ਨੂੰ ਵੇਖਦੇ ਹੋਏ ਸਿਲੈਕਸ਼ਨ ਕਮੇਟੀ ਵੱਲੋਂ ਇਸ ਸਕੂਲ ਦੇ ਦੋ ਵਿਦਿਆਰਥੀ ਸਨਮੋਲਪ੍ਰੀਤ ਸਿੰਘ ਅਤੇ ਸਾਹਿਲਪ੍ਰੀਤ ਸਿੰਘ ਨੂੰ ਪੰਜਾਬ ਸਟੇਟ ਫੁੱਟਬਾਲ ਦੀ ਟੀਮ ਵਿਚ ਸਿਲੈਕਟ ਕਰ ਲਿਆ।ਇਨ੍ਹਾਂ ਵਿਦਿਆਰਥੀਆਂ ਦੀ ਸਟੇਟ ਟੀਮ ਵਿਚ ਸਿਲੈਕਸ਼ਨ ਤੋਂ ਬਾਅਦ ਇਨ੍ਹਾਂ ਦਾ ਆਪਣੇ ਸਕੂਲ ਵਿਖੇ ਪੁੱਜਣ 'ਤੇ ਸਕੂਲ ਮੈਨੇਜਮੈਂਟ ਕਮੇਟੀ ਅਤੇ ਅਧਿਆਪਕਾਂ ਵੱਲੋਂ ਸਨਮਾਨ ਕੀਤਾ ਗਿਆ ਅਤੇ ਇਨ੍ਹਾਂ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਭਵਿੱਖ ਵਿਚ ਕਾਮਯਾਬੀ ਦੀ ਕਾਮਨਾ ਕੀਤੀ ਗਈ। ਵਿਦਿਆਰਥੀਆਂ ਨੂੰ ਸਨਮਾਨਿਤ ਕਰਨ ਵਾਲਿਆਂ ਵਿਚ ਸਕੂਲ ਕਮੇਟੀ ਦੇ ਮੈਨੇਜਿੰਗ ਡਾਇਰੈਕਟਰ ਅਮਰਪ੍ਰੀਤ ਸਿੰਘ, ਗੁਰਪ੍ਰੀਤ ਕੌਰ, ਪ੍ਰਿੰਸੀਪਲ ਵਰਿੰਦਰ ਕੁਮਾਰ ਨਈਅਰ, ਰਮਨਦੀਪ ਕੌਰ, ਕਮਲਪ੍ਰੀਤ ਸਿੰਘ, ਪਰਮਪ੍ਰੀਤ ਸਿੰਘ, ਮਨਦੀਪ ਕੌਰ ਅਤੇ ਪ੍ਰਭਜੋਤ ਕੌਰ ਆਦਿ ਅਧਿਆਪਕ ਹਾਜ਼ਰ ਸਨ।

# ਸੀ ਪੀ ਆਈ ਐੱਮ ਐੱਲ ਲਿਬਰੇਸ਼ਨ ਤੇ ਮਜ਼ਦੂਰ ਮੁਕਤੀ ਮੋਰਚੇ ਵੱਲੋਂ ਮਨਰੇਗਾ ਤੇ ਹੋਰ ਮਜ਼ਦੂਰ ਮੰਗਾਂ ਬਾਬਤ ਰੈਲੀ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-ਸੀਪੀਆਈ ਐੱਮਐੱਲ ਲਿਬਰੇਸ਼ਨ ਅਤੇ ਮਜ਼ਦੂਰ ਮੁਕਤੀ ਮੋਰਚੇ ਵੱਲੋਂ ਪਿੰਡ ਕੁਹਾੜ ਵਿੱਚ ਮਨਰੇਗਾ ਤੇ ਹੋਰ ਮਜ਼ਦੂਰ ਮੰਗਾਂ ਬਾਬਤ ਰੈਲੀ ਕੀਤੀ ਗਈ।ਇਸ ਸਮੇਂ ਬੋਲਦਿਆਂ ਮਜ਼ਦੂਰ ਮੁਕਤੀ ਮੋਰਚਾ ਦੇ ਜ਼ਿਲਾ ਪ੍ਰਧਾਨ ਦਲਬੀਰ ਭੋਲਾ, ਬਚਨ ਸਿੰਘ ਬੋਪਾ ਰਾਏ, ਸਾਬਕਾ ਸਰਪੰਚ ਰਣਧੀਰ ਸਿੰਘ ਅਤੇ ਲਿਬਰੇਸ਼ਨ ਦੇ ਸੂਬਾ ਸਕਤਰ ਗੁਰਮੀਤ ਸਿੰਘ ਬਖਤਪੁਰਾ ਨੇ ਕਿਹਾ ਕਿ ਪਜਾਬ ਦੇ ਸੈਂਕੜੇ ਹੋਰ ਪਿੰਡਾਂ ਸਮੇਤ ਪਿੰਡ ਬਟਾਲਾ ਹਲਕੇ ਦੇ ਪਿੰਡ ਕੁਹਾੜ ਵਿੱਚ ਵੀ ਆਮ ਆਦਮੀ ਪਾਰਟੀ ਦੇ ਸਾਢੇ ਤਿੰਨ ਸਾਲਾ ਰਾਜ ਦੌਰਾਨ ਕਿਸੇ ਮਜ਼ਦੂਰ ਨੂੰ ਇਕ ਦਿਨ ਦਾ ਵੀ ਮਨਰੇਗਾ ਰੁਜ਼ਗਾਰ ਨਹੀਂ ਮਿਲਿਆ, ਇਹ ਵੱਖਰੀ ਗੱਲ ਹੈ ਕਿ ਪੰਚਾਇਤ ਅਤੇ ਬੀਡੀਪੀਓ ਦਫਤਰ ਨੇ ਮਿਲ ਕੇ ਚੁੱਪ ਚੁਪੀਤੇ ਮਨਰੇਗਾ ਦੇ ਕੰਮ ਵਿੱਚ ਵੱਡੀ ਹੇਰਾਫੇਰੀ ਕੀਤੀ ਹੋਵੇ ਜਿਸ ਦੀ ਜਾਂਚ ਹੋਣੀ ਚਾਹੀਦੀ ਹੈ,ਪਰ ਆਮ ਆਦਮੀ ਪਾਰਟੀ ਦੇ ਰਾਜ ਵਿਚ ਮਨਰੇਗਾ ਦੇ ਨਾਂ ਹੇਠ ਹਰ ਪਿੰਡ ਵਿੱਚ ਹੇਰਾ ਫੇਰੀ ਆਮ ਵਰਤਾਰਾ ਬਣ ਚੁੱਕਾ ਹੈ। ਪਿੰਡ ਦੇ ਮਜ਼ਦੂਰਾਂ ਨੇ ਲਿਬਰੇਸ਼ਨ ਆਗੂਆਂ ਨੂੰ ਮਜ਼ਦੂਰ ਮੁਹੱਲੇ ਵਿੱਚ ਰੁਕਿਆ ਹੋਇਆ ਗੰਦਾ ਪਾਣੀ ਵੀ ਦਿਖਾਇਆ ਤੇ ਕਿਹਾ ਕਿ ਕਰੀਬ ਪਿੰਡ ਦਾ ਕਈ ਕਨਾਲਾਂ ਦਾ ਛੱਪੜ ਪਿੰਡ ਦੇ ਧਨਾਢ ਲੋਕਾਂ ਨੇ ਆਪਣੇ ਕਬਜ਼ੇ ਵਿੱਚ ਲੈ ਕੇ ਉਸ ਉੱਪਰ ਕੋਠੀਆਂ ਦੀ ਉਸਾਰੀ ਕਰ ਰੱਖੀ ਹੈ ਜਿਸ ਕਾਰਨ ਗਰੀਬਾਂ ਦੇ ਘਰਾਂ ਦੇ ਗੰਦੇ ਪਾਣੀ ਦਾ ਕਿਧਰੇ ਵੀ ਕੋਈ ਨਿਕਾਸ ਨਹੀਂ ਹੋ ਰਿਹਾ। ਪਿੰਡ ਵਾਸੀਆਂ ਨੇ ਇਹ ਵੀ ਕਿਹਾ ਕਿ ਬੀਤੇ 70 ਸਾਲਾਂ ਵਿੱਚ ਭਾਵੇਂ ਆਬਾਦੀ ਬਹੁਤ ਵੱਧ ਗਈ ਹੈ ਪਰ ਕਿਸੇ ਵੀ ਗਰੀਬ ਪਰਿਵਾਰ ਨੂੰ ਰਹਿਣ ਲਈ ਕਿਸੇ ਵੀ ਪੰਚਾਇਤ ਅਤੇ ਸਰਕਾਰ ਨੇ ਸਰਸਾਹੀ ਥਾਂ ਵੀ ਅਲਾਟ ਨਹੀਂ ਕੀਤੀ।ਮਜ਼ਦੂਰ ਆਗੂਆਂ ਪਿੰਡ ਦੇ ਲੋਕਾਂ ਨੂੰ ਭਰੋਸਾ ਦਵਾਇਆ ਕਿ ਉਨ੍ਹਾਂ ਨੂੰ ਮਨਰੇਗਾ ਦਾ ਰੁਜ਼ਗਾਰ ਦਿਵਾਉਣ, ਰਿਹਾਇਸ਼ ਲਈ ਪਲਾਟ, ਅਤੇ ਮਾਈਕਰੋ ਫਾਇਨਾਂਸ ਕੰਪਨੀਆਂ ਦਾ ਕਰਜ਼ਾ ਖੂਹ ਖਾਤੇ ਪਾਉਣ ਲਈ ਮਜ਼ਦੂਰਾਂ ਦਾ ਹਰ ਤਰ੍ਹਾਂ ਨਾਲ ਸਾਥ ਦਿੱਤਾ ਜਾਵੇਗਾ।ਸਮਾਜਿਕ ਜਬਰ ਬਾਰੇ ਬੋਲਦਿਆਂ ਆਗੂਆਂ ਨੇ ਕਿਹਾ ਕਿ ਥਾਣਾ ਘੁੰਮਣ ਕਲਾਂ ਦੇ ਪਿੰਡ ਰੇਲ ਵਾਲਾ ਛੀਨੇ ਵਿਖੇ ਇੱਕ ਮਜ਼ਦੂਰ ਪਰਿਵਾਰ ਦੀ ਕੁੱਟਮਾਰ ਕਰਨ ਅਤੇ ਉਨ੍ਹਾਂ ਦੀ ਤੂੜੀ ਦੇ ਮੂਸਲ ਅਤੇ ਪਸ਼ੂ ਦੇ ਢਾਰੇ ਅੱਗ ਲਾ ਕੇ ਸਾੜ ਦੇਣ ਦੇ ਸਬੰਧ ਵਿੱਚ ਪੁਲਸ ਕਾਰਵਾਈ ਕਰਾਉਣ ਲਈ 28 ਅਗਸਤ ਨੂੰ ਐੱਸਐੱਸਪੀ ਗੁਰਦਾਸਪੁਰ ਦੇ ਦਫ਼ਤਰ ਮੋਹਰੇ ਧਰਨਾ ਦਿੱਤਾ ਜਾਵੇਗਾ।

# ਖਾਲਸਾ ਕਾਲਜ ਗਵਰਨਿੰਗ ਕੌਂਸਲ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਪੁਰਬ ਸ਼ਰਧਾ ਸਹਿਤ ਮਨਾਇਆ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**-ਖਾਲਸਾ ਕਾਲਜ ਗਵਰਨਿੰਗ ਕੌਂਸਲ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ 421ਵਾਂ ਪ੍ਰਕਾਸ਼ ਪੁਰਬ ਖਾਲਸਾ ਕਾਲਜ ਕੈਂਪਸ ਸਥਿਤ ਗੁਰਦੁਆਰਾ ਸਾਹਿਬ ਵਿਖੇ ਬੜੇ ਉਤਸ਼ਾਹ ਤੇ ਸ਼ਰਧਾ ਭਾਵਨਾ ਸਹਿਤ ਮਨਾਇਆ ਗਿਆ।ਇਸ ਪਵਿੱਤਰ ਦਿਹਾੜੇ 'ਤੇ ਖਾਲਸਾ ਕਾਲਜ ਪਬਲਿਕ ਸਕੂਲ ਜੀ. ਟੀ. ਰੋਡ ਦੇ ਵਿਦਿਆਰਥੀਆਂ ਨੇ ਹਾਜ਼ਰ ਸੰਗਤ ਨੂੰ ਰਸਭਿੰਨੇ ਕੀਰਤਨ ਦੀ ਛਹਿਬਰ ਰਾਹੀਂ ਗੁਰੂ ਚਰਨਾਂ ਨਾਲ ਜੋੜਿਆ।ਕੌਂਸਲ ਦੇ ਜੁਆਇੰਟ ਸਕੱਤਰ ਸ: ਅਜਮੇਰ ਸਿੰਘ ਹੇਰ ਨੇ ਗੁਰੂ ਚਰਨਾਂ 'ਚ ਨਤਮਸਤਕ ਹੋਣ ਉਪਰੰਤ ਹਾਜ਼ਰ ਅਤੇ ਦੇਸ਼-ਵਿਦੇਸ਼ 'ਚ ਵੱਸਦੀ ਸਮੂਹ ਸੰਗਤ ਨੂੰ ਪਾਵਨ ਦਿਹਾੜੇ 'ਤੇ ਵਧਾਈ ਦਿੱਤੀ।ਉਨ੍ਹਾਂ ਨੇ ਨੌਜਵਾਨਾਂ ਨੂੰ ਜ਼ਿੰਦਗੀ ਦੀ ਸਹੀ ਦਿਸ਼ਾ ਨੂੰ ਪਛਾਣਨ ਦਾ ਸੁਨੇਹਾ ਦਿੰਦਿਆਂ ਗੁਰੂ ਸਾਹਿਬਾਨ ਦੁਆਰਾ ਵਿਖਾਏ ਗਏ ਮਾਰਗ ਅਤੇ ਉਪਦੇਸ਼ਾਂ 'ਤੇ ਚੱਲਣ ਲਈ ਪ੍ਰੇਰਿਤ ਕੀਤਾ।ਇਸ ਮੌਕੇ ਪ੍ਰਿੰ. ਡਾ. ਇੰਦਰਜੀਤ ਸਿੰਘ ਗੋਗੋਆਣੀ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ' ਸਬੰਧੀ ਵਿਸਥਾਰ ਪੂਰਵਕ ਸੰਗਤ ਨੂੰ ਜਾਣੂ ਕਰਵਾਇਆ ਅਤੇ ਗੁਰੂ ਸਾਹਿਬਾਨ ਦੁਆਰਾ ਦਿੱਤੇ ਗਏ ਉਪਦੇਸ਼ਾਂ 'ਤੇ ਚਾਨਣਾ ਪਾਇਆ।ਇਸ ਮੌਕੇ ਸ: ਹੇਰ ਨੇ ਖਾਲਸਾ ਯੂਨੀਵਰਸਿਟੀ ਦੇ ਉਪ ਕੁਲਪਤੀ ਡਾ. ਮਹਿਲ ਸਿੰਘ, ਖ਼ਾਲਸਾ ਕਾਲਜ ਪ੍ਰਿੰ. ਡਾ. ਆਤਮ ਸਿੰਘ ਰੰਧਾਵਾ ਨਾਲ ਮਿਲ ਕੇ ਕੀਰਤਨ ਗਾਇਨ ਕਰ ਰਹੇ ਵਿਦਿਆਰਥੀਆਂ ਨੂੰ ਸਿਰੋਪਾਓ ਭੇਟ ਕਰਕੇ ਸਨਮਾਨਿਤ ਕੀਤਾ।

# ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ ਪੁਰਬ ਮਨਾਇਆ



ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਕਾਲਜ ਮਹਿਤਾ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਪੁਰਬ ਬੜੀ ਸ਼ਰਧਾ ਅਤੇ ਆਸਥਾ ਨਾਲ ਮਨਾਇਆ ਗਿਆ ਜਿਸ ਵਿੱਚ ਕਾਲਜ ਦੇ ਵਿਦਿਆਰਥੀਆਂ ਵੱਲੋਂ ਰਸਭਿੰਨਾ ਕੀਰਤਨ ਕੀਤਾ ਗਿਆ ਅਤੇ ਭਾਸ਼ਣ ਤੇ ਕਵਿਤਾ ਰਾਹੀ ਗੁਰੂ ਜੀ ਦੀ ਸਿੱਖਿਆ ਨੂੰ ਸਾਂਝਾ ਕੀਤਾ।ਇਸ ਦੌਰਾਨ ਕਾਲਜ ਦੇ ਪ੍ਰਿੰਸੀਪਲ ਗੁਰਦੀਪ ਸਿੰਘ ਜਲਾਲ ਉਸਮਾ ਨੇ ਵਿਦਿਆਰਥੀਆਂ ਨੂੰ ਗੁਰਬਾਣੀ ਦੇ ਅਸੂਲਾਂ ਨੂੰ ਜੀਵਨ ਨਾਲ ਜੋੜ ਕੇ ਸੱਚਾਈ ਤੇ ਇਨਸਾਨੀਅਤ ਦੀਆਂ ਕਦਰਾਂ ਨੂੰ ਜੀਵਨ ਵਿੱਚ ਲਾਗੂ ਕਰਨ ਲਈ ਪ੍ਰੇਰਿਤ ਕੀਤਾ।ਉਨ੍ਹਾਂ ਨੇ ਕਿਹਾ ਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਨੂੰ ਸਰਬੱਤ ਦਾ ਭਲਾ, ਸਮਾਨਤਾ, ਪਿਆਰ ਅਤੇ ਸੱਚ ਦੇ ਰਸਤੇ ਤੇ ਤੁਰਨ ਦੀ ਪ੍ਰੇਰਣਾ ਦਿੰਦੇ ਹਨ ਇਸ ਲਈ ਸਾਨੂੰ ਸਾਰਿਆਂ ਨੂੰ ਗੁਰਬਾਣੀ ਦੇ ਮੂਲ ਸਿਧਾਂਤ ਨਾਮ ਜਪਣਾ, ਕਿਰਤ ਕਰਨੀ ਅਤੇ ਵੰਡ ਛਕਣਾ ਨੂੰ ਆਪਣੀ ਜ਼ਿੰਦਗੀ ਦਾ ਅਟੁੱਟ ਹਿੱਸਾ ਬਣਾਉਣਾ ਚਾਹੀਦਾ ਹੈ।ਅੰਤ ਉਨ੍ਹਾਂ ਨੇ ਸਾਰੇ ਸਟਾਫ ਤੇ ਵਿਦਿਆਰਥੀਆਂ ਨੂੰ ਇਸ ਮਹਾਨ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ ਦਿੱਤੀਆਂ।

# ਪ੍ਰਾਪਰਟੀ ਟੈਕਸ ਭਰਨ ਦੀ ਆਖਰੀ ਤਰੀਕ 31 ਤੱਕ

**ਬਟਾਲਾ, (ਡਾ. ਮਲਵਿੰਦਰ ਸਿੰਘ)**-ਵਿਕਰਮਜੀਤ ਸਿੰਘ ਪਾਂਥੇ ਐੱਸਡੀਐੱਮ-ਕਮ-ਕਮਿਸ਼ਨਰ ਨਗਰ ਨਿਗਮ ਬਟਾਲਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਸਰਕਾਰ ਵੱਲੋ ਕ੍ਰਮਵਾਰ ਜਾਰੀ ਹੁਕਮਾਂ 15-5-2025 ਅਤੇ 1-8-2025 ਰਾਹੀਂ ਜਿਨ੍ਹਾਂ ਪ੍ਰਾਪਰਟੀ ਮਾਲਕਾਂ ਵੱਲੋਂ ਪ੍ਰਾਪਰਟੀ ਟੈਕਸ ਨਹੀ ਭਰਿਆ ਗਿਆ ਸੀ ਜਾਂ ਅਧੂਰਾ ਭਰਿਆ ਗਿਆ ਸੀ, ਨੂੰ ਕਲਾਜ਼-1 ਦੇ ਸਨਮੁੱਖ ਵਨ ਟਾਈਮ ਸੈਟਲਮੈਂਟ ਸਕੀਮ ਅਧੀਨ ਪ੍ਰਾਪਰਟੀ ਟੈਕਸ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ 31 ਅਗਸਤ ਤੱਕ ਦਾ ਵਾਧਾ ਕੀਤਾ ਗਿਆ ਹੈ।ਉਨ੍ਹਾਂ ਦੱਸਿਆ ਕਿ ਇਸ ਲਈ ਉਕਤ ਨੂੰ ਮੁੱਖ ਰੱਖਦੇ ਹੋਏ ਮਾਨਯੋਗ ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ ਸਥਾਨਕ ਸਰਕਾਰ ਵਿਭਾਗ ਦੇ ਹੁਕਮਾਂ ਅਨੁਸਾਰ ਪ੍ਰਾਪਰਟੀ ਟੈਕਸ ਕੁਲੈਕਸ਼ਨ ਦੇ ਟੀਚੇ ਨੂੰ ਪੂਰਾ ਕਰਨ ਲਈ ਸਮੂਹ ਅਧਿਕਾਰੀਆਂ/ਕਰਮਚਾਰੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ 31 ਅਗਸਤ ਤੱਕ ਆਉਣ ਵਾਲੇ ਸਮੂਹ ਸ਼ਨੀਵਾਰ ਅਤੇ ਐਤਵਾਰ ਨੂੰ ਦਫਤਰ ਆਮ ਦਿਨ੍ਹਾਂ ਵਾਂਗ ਹੀ ਲੱਗੇਗਾ ਅਤੇ ਇਸ ਸਬੰਧੀ ਆਮ ਜਨਤਾ ਨੂੰ ਜਾਗਰੂਕ ਵੀ ਕੀਤਾ ਜਾਵੇ।

# ਪ੍ਰਧਾਨ ਡੀ ਪੀ ਗੋਸਾਈ ਦੀ ਅਗਵਾਈ 'ਚ ਬ੍ਰਾਹਮਣ ਸਭਾ ਦੀ ਮੀਟਿੰਗ ਹੋਈ



ਫਤਿਹਗੜ੍ਹ ਚੂੜੀਆਂ, (ਜਸਦੇਵ ਸਿੰਘ ਮਾਨ)-ਜ਼ਿਲ੍ਹਾ ਬ੍ਰਾਹਮਣ ਸਭਾ ਗੁਰਦਾਸਪੁਰ ਦੀ ਬੈਠਕ ਜ਼ਿਲਾ ਪ੍ਰਧਾਨ ਬ੍ਰਾਹਮਣ ਸਭਾ ਪੰਡਿਤ ਡੀ. ਪੀ. ਗੋਸਾਈ ਦੀ ਅਗਵਾਈ ਹੇਠ ਬ੍ਰਾਹਮਣ ਸਭਾ ਭਵਨ ਫਤਿਹਗੜ੍ਹ ਚੂੜੀਆਂ ਵਿਖੇ ਹੋਈ ਜਿਸ ਵਿੱਚ ਬਟਾਲਾ, ਕਾਦੀਆਂ, ਧਾਰੀਵਾਲ, ਗੁਰਦਾਸਪੁਰ, ਦੀਨਾ ਨਗਰ, ਕਲਾਨੌਰ, ਡੇਰਾ ਬਾਬਾ ਨਾਨਕ ਆਦਿ ਤੋਂ ਸਾਰੇ ਯੂਨਿਟ ਹਾਜ਼ਰ ਹੋਏ।ਜ਼ਿਕਰਯੋਗ ਹੈ ਕੀ ਬ੍ਰਾਹਮਣ ਸਭਾ ਦੇ ਜ਼ਿਲਾ ਪ੍ਰਧਾਨ ਡੀਪੀ ਗੋਸਾਈ ਆਪਣੀ ਨਿਯੁਕਤੀ ਤੋਂ ਬਾਅਦ ਪਹਿਲੀ ਵਾਰ ਫਤਿਹਗੜ੍ਹ ਚੂੜੀਆਂ ਵਿਖੇ ਪਹੁੰਚੇ ਸਨ।ਪ੍ਰੋਗਰਾਮ ਦੀ ਸ਼ੁਰੂਆਤ ਗਾਇਤਰੀ ਮੰਤਰ ਨਾਲ ਕੀਤੀ ਗਈ।ਉਪਰੰਤ ਜ਼ਿਲ੍ਹਾ ਅਧਿਕਾਰੀਆਂ ਦੀ ਸ਼ਮੂਲੀਅਤ ਬਾਰੇ ਐਲਾਨ ਕੀਤਾ ਗਿਆ।ਇਸ ਮੌਕੇ ਪੰਡਿਤ ਕਮਲਜੀਤ ਸ਼ਰਮਾ ਗੁਰਦਾਸਪੁਰ, ਬ੍ਰਹਮ ਦੱਤ ਧਾਰੀਵਾਲ, ਡਾਕਟਰ ਮੰਗਤ ਰਾਮ ਕਾਦੀਆਂ, ਬਲਦੇਵ ਪਰਾਸ਼ਰ, ਬਟਾਲਾ ਤੋਂ ਇਲਾਵਾ ਫਤਿਹਗੜ੍ਹ ਚੂੜੀਆਂ ਦੇ ਜ਼ਿਲਾ ਜਨਰਲ ਸੈਕਟਰੀ ਰੋਹਿਤ ਸ਼ਰਮਾ ਨੇ ਭਗਵਾਨ ਪਰਸੂ ਰਾਮ ਦੀ ਜੀਵਨੀ 'ਤੇ ਚਾਨਣਾ ਪਾਇਆ।ਜ਼ਿਲਾ ਪ੍ਰਧਾਨ ਡੀਪੀ ਗੋਸਾਈ ਨੇ ਜ਼ਿਲ੍ਹੇ ਭਰ ਤੋਂ ਪਹੁੰਚੇ ਬ੍ਰਾਹਮਣ ਸਭਾ ਦੇ ਸਮੂਹ ਮੈਂਬਰ ਸਹਿਬਾਨ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਬ੍ਰਾਹਮਣ ਸਭਾ ਦਾ ਬੜਾ ਗੌਰਵਮਈ ਇਤਿਹਾਸ ਹੈ ਜਿਸ 'ਤੇ ਸਾਨੂੰ ਨਾਜ਼ ਹੋਣਾ ਚਾਹੀਦਾ ਹੈ।ਇਸ ਮੌਕੇ ਬ੍ਰਾਹਮਣ ਸਭਾ ਫਤਿਹਗੜ੍ਹ ਚੂੜੀਆਂ ਦਾ ਪ੍ਰਧਾਨ ਸੰਦੀਪ ਸ਼ਰਮਾ, ਜਨਰਲ ਸੈਕਟਰੀ ਰੋਹਿਤ ਸ਼ਰਮਾ, ਨਗੇਸ਼ ਬਾਵਾ, ਨਿਸ਼ਾਨ ਬੰਦੇਸ਼ਾ, ਭੂਸ਼ਣ ਜੋਸ਼ੀ, ਹਰੀ ਜੋਸ਼ੀ, ਰਾਮ ਪਾਲ, ਨਿਤੀਸ਼, ਰਾਕੇਸ਼, ਰਾਜੇਸ਼ ਆਦਿ ਹਾਜ਼ਰ ਸਨ।ਪ੍ਰੋਗਰਾਮ ਦੇ ਅੰਤ 'ਚ ਸ਼ਾਂਤੀ ਪਾਠ ਕੀਤਾ ਗਿਆ।ਸਟੇਜ ਸੈਕਟਰੀ ਦੀ ਭੂਮਿਕਾ ਰੋਹਿਤ ਸ਼ਰਮਾ ਨੇ ਬਾਖੂਬੀ ਨਿਭਾਈ।

# ਥਾਣਾ ਪੁਰਾਣਾ ਸ਼ਾਲਾ ਕੋਲ ਛੱਪੜ 'ਚ ਗੰਦਗੀ ਹੀ ਗੰਦਗੀ, ਬਦਬੂ ਕਾਰਨ ਨੇੜੇ ਦੇ ਘਰਾਂ ਵਾਲੇ ਪ੍ਰੇਸ਼ਾਨ




**ਗੁਰਦਾਸਪੁਰ (ਜਨਕ ਮਹਾਜਨ)**- ਥਾਣਾ ਪੁਰਾਣਾ ਸ਼ਾਲਾ ਨੇੜੇ ਛੱਪੜ ਵਿਚ ਗੰਦਗੀ ਨਾਲ ਭਰਿਆ ਹੋਣ ਕਾਰਨ ਭੈੜੀ ਬਦਬੂ ਫੈਲ ਰਹੀ ਹੈ। ਜਿਥੇ ਪੁਲਸ ਮੁਲਾਜ਼ਮ ਪ੍ਰੇਸ਼ਾਨ ਹਨ ਉਥੇ ਨੇੜਲੇ ਪਿੰਡਾਂ ਦੇ ਲੋਕਾਂ ਦਾ ਜਿਊਣਾ ਵੀ ਦੂਭਰ ਹੋਇਆ ਪਿਆ ਹੈ।ਇਸ ਪਾਸੇ ਜ਼ਿਲ੍ਹਾ ਪ੍ਰਸ਼ਾਸਨ ਕੋਈ ਵੀ ਧਿਆਨ ਨਹੀਂ ਦੇ ਰਿਹਾ ਜਿਸ ਕਰਕੇ ਲੋਕਾਂ ਦਾ ਸਬੰਧਿਤ ਵਿਭਾਗ ਪ੍ਰਤੀ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਸ ਸਬੰਧੀ ਮੁਹੱਲਾ ਵਾਸੀਆਂ ਨੇ ਦੱਸਿਆ ਕਿ ਬਰਸਾਤਾਂ ਦੇ ਦਿਨਾਂ ਵਿਚ ਛਪੜ ਪਾਣੀ ਨਾਲ ਭਰ ਜਾਂਦਾ ਹੈ ਅਤੇ ਇਸ ਵਿਚ ਜ਼ਹਿਰੀਲੇ ਕੀੜੇ ਮਕੌੜਿਆਂ ਦੀ ਭਰਮਾਰ ਹੋ ਜਾਂਦੀ ਹੈ ਅਤੇ ਰਾਤ ਸਮੇਂ ਲੋਕਾਂ ਦੇ ਘਰਾਂ ਵਿਚ ਜ਼ਹਿਰੀਲੇ ਸੱਪ ਆ ਜਾਂਦੇ ਹਨ ਜਿਸ ਨਾਲ ਲੋਕਾਂ ਦੇ ਅੰਦਰ ਡਰ ਦਾ ਮਾਹੌਲ ਬਣਿਆ ਰਹਿੰਦਾ ਹੈ।ਉਨ੍ਹਾਂ ਕਿਹਾ ਸਬੰਧਿਤ ਵਿਭਾਗ ਇਸ ਪਾਸੇ ਕੋਈ ਧਿਆਨ ਨਹੀਂ ਦੇ ਰਿਹਾ।ਉਨ੍ਹਾਂ ਕਿਹਾ ਥਾਣੇ ਅੰਦਰ ਆਉਣ ਵਾਲੇ ਲੋਕ ਵੀ ਕਾਫ਼ੀ ਦੁਖੀ ਹਨ ਅਤੇ ਕਈ ਲੋਕ ਘਰਾਂ ਦੀ ਗੰਦਗੀ ਵੀ ਇਸ ਵਿਚ ਸੁੱਟਦੇ ਹਨ ਅਤੇ ਛੱਪੜ ਓਵਰਫਲੋ ਹੋ ਕੇ ਪਾਣੀ ਥਾਣਾ, ਲੋਕਾਂ ਦੇ ਘਰਾਂ ਅਤੇ ਪਲਾਟਾਂ ਵਿਚ ਚਲਾ ਜਾਂਦਾ ਹੈ।ਲੋਕਾਂ ਦਾ ਕਹਿਣਾ ਹੈ ਜੇਕਰ ਸਬੰਧਿਤ ਵਿਭਾਗ ਛੱਪੜ ਪਾਣੀ ਨਾਲ ਭਰ ਦੇਵੇ ਤਾਂ ਇਹ ਜਗ੍ਹਾ ਥਾਣੇ ਦੇ ਕੰਮ ਆ ਸਕਦੀ ਹੈ ਅਤੇ ਵਧੀਆ ਪਾਰਕਿੰਗ ਦੇ ਕੰਮ ਆ ਸਕਦੀ ਹੈ।ਲੋਕਾਂ ਨੇ ਡਿਪਟੀ ਕਮਿਸ਼ਨਰ ਅਤੇ ਜ਼ਿਲ੍ਹਾ ਪੁਲਿਸ ਮੁਖੀ ਗੁਰਦਾਸਪੁਰ ਪਾਸੋਂ ਮੰਗ ਕੀਤੀ ਕਿ ਥਾਣੇ ਨੇੜੇ ਬਣੇ ਛੱਪੜ ਵਿਚ ਮਿੱਟੀ ਪੁਆਈ ਜਾਵੇ ਜਿਸ ਨਾਲ ਲੋਕਾਂ ਨੂੰ ਗੰਦਗੀ ਤੋਂ ਰਾਹਤ ਮਿਲ ਸਕੇ।ਜਦੋਂ ਇਸ ਸਬੰਧੀ ਬੀ. ਡੀ. ਪੀ. ਓ. ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਨਾਲ ਸੰਪਰਕ ਨਹੀਂ ਹੋ ਸਕਿਆ।

# ਕੇਂਦਰ ਵੱਲੋਂ ਪੰਜਾਬ ਵਿਰੁੱਧ ਚਲੀਆਂ ਜਾ ਰਹੀਆਂ ਕੋਝੀਆਂ ਚਾਲਾਂ ਨੂੰ ਕਦੇ ਸਫ਼ਲ ਨਹੀਂ ਹੋਣ ਦਿੱਤਾ ਜਾਵੇਗਾ: ਈ ਟੀ ਓ




**ਅੰਮ੍ਰਿਤਸਰ,(ਨਰਿੰਦਰ ਜੀਤ ਸਿੰਘ)**-ਜ਼ਿਲ੍ਹਾ ਅੰਮ੍ਰਿਤਸਰ ਦੀ ਸਮੂਚੀ ਲੀਡਰਸ਼ਿਪ ਨੇ ਭਾਰਤੀ ਜਨਤਾ ਪਾਰਟੀ ਦੁਆਰਾ ਪੰਜਾਬ ਵਿਰੁੱਧ ਚਲਾਈਆਂ ਜਾਂਦੀਆਂ ਕੋਝੀਆਂ ਚਾਲਾਂ ਵਿਰੁੱਧ ਇਕੱਠੇ ਹੋ ਕੇ ਇਕ ਸੁਰ ਵਿੱਚ ਕਿਹਾ ਕਿ ਪੰਜਾਬ ਆਪਣੇ ਹਿੱਤਾਂ ਦੀ ਰਾਖੀ ਕਰਨਾ ਚੰਗੀ ਤਰ੍ਹਾਂ ਜਾਣਦਾ ਹੈ ਅਤੇ ਪੰਜਾਬ ਵਿਰੁੱਧ ਚਲਾਈਆਂ ਜਾ ਰਹੀਆਂ ਕੋਝੀਆਂ ਚਾਲਾਂ ਨੂੰ ਸਫ਼ਲ ਨਹੀਂ ਹੋਣ ਦਿੱਤਾ ਜਾਵੇਗਾ।ਪੱਤਰਕਾਰਾਂ ਨਾਲ ਗੱਲ ਕਰਦੇ ਹੋਏ ਕੈਬਨਿਟ ਮੰਤਰੀ ਸ: ਹਰਭਜਨ ਸਿੰਘ ਈਟੀਓ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਕਿਸੇ ਵੀ ਕੀਮਤ ਤੇ ਪੰਜਾਬੀਆਂ ਨਾਲ ਧੋਖਾ ਨਹੀਂ ਹੋਣ ਦੇਵੇਗੀ ਅਤੇ ਮਜ਼ਦੂਰਾਂ, ਦਲਿਤਾਂ, ਕਿਸਾਨਾਂ ਦੇ ਰਾਸ਼ਨ ਕਾਰਡਾਂ ਨੂੰ ਨਹੀਂ ਕੱਟਣ ਦੇਵੇਗੀ।ਉਨਾਂ ਚੇਤਾਵਨੀ ਭਰੇ ਲਹਿਜੇ ਵਿੱਚ ਕਿਹਾ ਕਿ ਜੇਕਰ ਅਜਿਹਾ ਕੀਤਾ ਗਿਆ ਤਾਂ ਆਮ ਆਦਮੀ ਪਾਰਟੀ ਦੀ ਸਰਕਾਰ ਕਿਸੇ ਵੀ ਸੰਘਰਸ਼ ਤੋਂ ਪਿੱਛੇ ਨਹੀਂ ਹਟੇਗੀ।ਸ: ਈਟੀਓ ਨੇ ਕਿਹਾ ਕਿ ਬੜੇ ਦੁੱਖ ਦੀ ਗੱਲ ਹੈ ਕਿ ਭਾਰਤੀ ਜਨਤਾ ਪਾਰਟੀ ਵਲੋਂ ਪਹਿਲਾਂ ਕੇਵਾਈਸੀ ਦੇ ਨਾਂ ਤੇ 23 ਲੱਖ ਲੋਕਾਂ ਦੇ ਰਾਸ਼ਨ ਕਾਰਡ ਕੱਟ ਦਿੱਤੇ ਗਏ ਅਤੇ ਹੁਣ 8 ਲੱਖ ਪਰਿਵਾਰਾਂ (ਭਾਵ 32 ਲੱਖ ਲੋਕਾਂ) ਦੇ ਰਾਸ਼ਨ ਕਾਰਡ ਹੋਰ ਕੱਟੇ ਜਾ ਰਹੇ ਹਨ, ਜਿਸ ਨਾਲ ਲੋੜਵੰਦ ਪਰਿਵਾਰ ਕਾਫ਼ੀ ਮੁਸ਼ਕਿਲ ਵਿੱਚ ਆ ਜਾਣਗੇ।ਉਨਾਂ ਕਿਹਾ ਕਿ ਸੂਬੇ ਭਰ ਵਿੱਚ ਇਕ ਕਰੋੜ 53 ਲੱਖ ਲਾਭਪਾਤਰੀ ਹਨ ਜਿਨ੍ਹਾਂ ਵਿਚੋਂ ਕੇਂਦਰ ਦੀ ਭਾਜਪਾ ਸਰਕਾਰ 55 ਲੱਖ ਲੋਕਾਂ ਦੇ ਰਾਸ਼ਨ ਕਾਰਡ ਕੱਟਣ ਜਾ ਰਹੀ, ਜਿਸ ਨਾਲ ਇਨਾਂ ਗਰੀਬ ਪਰਿਵਾਰਾਂ ਨੂੰ ਰਾਸ਼ਨ ਨਹੀਂ ਮਿਲੇਗਾ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ: ਭਗਵੰਤ ਸਿੰਘ ਮਾਨ ਨੇ ਸਾਫ਼ ਸ਼ਬਦਾਂ ਵਿੱਚ ਕਹਿ ਦਿੱਤਾ ਹੈ ਕਿ ਅਸੀਂ ਕੋਈ ਵੀ ਨਾਮ ਰਾਸ਼ਨ ਕਾਰਡ ਵਿਚੋਂ ਕੱਟਣ ਦੇਣਾ ਅਤੇ ਜਦ ਤੱਕ ਸੂਬੇ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਹੈ ਅਸੀਂ ਕਿਸੇ ਵੀ ਪਰਿਵਾਰ ਨੂੰ ਨੁਕਸਾਨ ਨਹੀਂ ਹੋਣ ਦਿਆਂਗੇ।ਕੈਬਨਿਟ ਮੰਤਰੀ ਕਿਹਾ ਕਿ ਭਾਜਪਾ ਮਾਝਾ ਜੋਨ ਦੇ ਸੱਤ ਲੱਖ ਤੋਂ ਵੱਧ, ਦੁਆਬਾ ਜ਼ੋਨ ਦੇ 5 ਲੱਖ ਤੋਂ ਵੱਧ ਅਤੇ ਮਾਲਵਾ ਜ਼ੋਨ ਦੇ 20 ਲੱਖ ਤੋਂ ਵੱਧ ਲੋਕਾਂ ਦੇ ਰਾਸ਼ਨ ਕਾਰਡ ਕੱਟਣ ਦੀਆਂ ਸਾਜ਼ਿਸ਼ਾਂ ਰੱਚ ਰਹੀ ਹੈ, ਜਿਸਨੂੰ ਆਮ ਆਦਮੀ ਪਾਰਟੀ ਕਦੇ ਵੀ ਕਾਮਯਾਬ ਨਹੀਂ ਹੋਣ ਦੇਵੇਗੀ। ਉਨਾਂ ਇਕ ਸਵਾਲ ਦੇ ਜਵਾਬ ਵਿੱਚ ਕਿਹਾ ਕਿ ਕੇਂਦਰ ਦੀ ਸਰਕਾਰ ਨੇ ਸਰਹੱਦੀ ਖੇਤਰ ਹੋਣ ਦੇ ਨਾਤੇ ਸਾਨੂੰ ਸਹੂਲਤਾਂ ਤਾਂ ਕੀ ਦੇਣੀਆਂ ਸਨ, ਇਹ ਸਾਡਾ 8 ਹਜ਼ਾਰ ਕਰੋੜ ਰੁਪਏ ਦਾ ਆਰਡੀਐੱਫ ਦਾ ਪੈਸਾ ਵੀ ਨਹੀਂ ਦੇ ਰਹੇ। ਉਨਾਂ ਕਿਹਾ ਕਿ ਅਸੀਂ ਕੇਂਦਰ ਕੋਲੋਂ ਭੀਖ ਨਹੀਂ ਮੰਗ ਰਹੇ ਆਪਣੇ ਹੀ ਪੈਸੇ ਮੰਗ ਰਹੇ ਹਾਂ।ਉਨ੍ਹਾਂ ਕਿਹਾ ਕਿ ਭਾਰਤ ਇਕ ਸੰਘਾਤਮਕ ਢਾਂਚਾ ਹੈ, ਜਿਸ ਅਨੁਸਾਰ ਦੇਸ਼ ਸੰਵਿਧਾਨ ਅਨੁਸਾਰ ਚਲਦਾ ਹੈ, ਕੇਂਦਰ ਅਤੇ ਰਾਜਾਂ ਦੀਆਂ ਆਪਣੀਆਂ ਆਪਣੀਆਂ ਸ਼ਕਤੀਆਂ ਹਨ, ਪਰ ਭਾਜਪਾ ਇਸ ਸੰਘਾਤਮਕ ਢਾਂਚੇ ਨੂੰ ਨਸ਼ਟ ਕਰਨ 'ਤੇ ਤੁਲੀ ਹੋਈ ਹੈ।ਉਨਾਂ ਕਿਹਾ ਕਿ ਸਾਡੀ ਪਾਰਟੀ ਇਕ ਜੁੱਟ ਹੈ, ਭਾਜਪਾ ਵੱਲੋਂ ਗਰੀਬ ਲੋਕਾਂ ਦੇ ਰਾਸ਼ਨ ਕਾਰਡ ਕੱਟੇ ਜਾਣ ਤੇ ਸੰਘਰਸ਼ ਕਰੇਗੀ ਅਤੇ ਕਿਸੇ ਵੀ ਕੀਮਤ ਲੋਕਾਂ ਦੇ ਰਾਸ਼ਨ ਕਾਰਡ ਨਹੀਂ ਕੱਟੇ ਜਾਣਗੇ।

# ਐੱਸੀ ਵਿਭਾਗ ਦੀ ਸਲਾਹਕਾਰ ਪ੍ਰੀਸ਼ਦ 'ਚ ਸਾਬਕਾ ਮੁੱਖ ਮੰਤਰੀ ਚੰਨੀ ਦਾ ਨਾਂ ਸ਼ਾਮਿਲ



ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ):-ਏਆਈਸੀਸੀ ਨੇ ਐੱਸਸੀ ਵਿਭਾਗ ਦੀ ਸਲਾਹਕਾਰ ਪ੍ਰੀਸ਼ਦ ਦਾ ਗਠਨ ਕੀਤਾ ਜਿਸ 'ਚ ਸਾਬਕਾ ਮੁੱਖ ਮੰਤਰੀ ਚੰਨੀ ਦਾ ਨਾਮ ਸ਼ਾਮਿਲ ਹੋਣ 'ਤੇ ਕਾਂਗਰਸ ਪਾਰਟੀ ਦੇ ਯੂਥ ਵਿੰਗ ਦੇ ਸੀਨੀਅਰ ਜਨਰਲ ਸਕੱਤਰ ਨਵਤੇਜ ਸਿੰਘ ਅਮਰਕੋਟ ਵੱਲੋਂ ਵਧਾਈ ਦਿੱਤੀ ਗਈ। ਆਲ ਇੰਡੀਆ ਕਾਂਗਰਸ ਕਮੇਟੀ ਨੇ ਐੱਸਸੀ ਵਿਭਾਗ ਦੀ ਸਲਾਹਕਾਰ ਪ੍ਰੀਸ਼ਦ ਦੇ ਗਠਨ ਵਿੱਚ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਵੀ ਸ਼ਾਮਿਲ ਕੀਤਾ ਗਿਆ। ਇਸ ਨਿਯੁਕਤੀ ਤੋਂ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਨਵਤੇਜ ਸਿੰਘ ਅਮਰਕੋਟ ਤੇ ਉਨ੍ਹਾਂ ਦੇ ਸਾਥੀਆਂ ਨੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਕਿਹਾ ਕਿ ਪੰਜਾਬ ਲਈ ਖਾਸ ਕਰਕੇ ਐੱਸਸੀ ਭਾਈਚਾਰੇ ਲਈ ਇੱਕ ਬਹੁਤ ਵੱਡੀ ਖੁਸ਼ੀ ਵਾਲੀ ਗੱਲ ਹੈ ਕਿ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਬਤੌਰ ਪ੍ਰੀਸ਼ਦ ਮੈਂਬਰ ਪੰਜਾਬ ਦੇ ਭੱਖਦੇ ਮੁੱਦਿਆਂ 'ਤੇ ਵਿਚਾਰ ਚਰਚਾ ਕਰਨਗੇ। ਉਨ੍ਹਾਂ ਨੇ ਚੰਨੀ ਦੀ ਨਿਯੁਕਤੀ ਕਰਨ ਲਈ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਮਲਕਾਰਜੁਨ ਖੜਗੇ ਤੇ ਪਾਰਟੀ ਆਗੂ ਰਾਹੁਲ ਗਾਂਧੀ ਤੇ ਹੋਰ ਪਾਰਟੀ ਨੇਤਾਵਾਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕੀਤਾ।

# ਰਾਜ ਪੱਧਰੀ ਯੋਗ ਪ੍ਰਤੀਯੋਗਤਾ ਲਈ ਬਟਾਲਾ ਦੇ ਵੱਖ-ਵੱਖ ਵਿਦਿਆਰਥੀਆਂ ਦੀ ਚੋਣ



ਬਟਾਲਾ (ਡਾ. ਮਲਵਿੰਦਰ ਸਿੰਘ)-ਆਰ. ਡੀ. ਖੋਸਲਾ ਡੀਏਵੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਬਟਾਲਾ ਵਿਖੇ ਆਯੋਜਿਤ ਜ਼ਿਲ੍ਹਾ ਪੱਧਰੀ ਯੋਗ ਪ੍ਰਤੀਯੋਗਤਾ ਵਿੱਚ ਆਰ. ਡੀ. ਖੋਸਲਾ ਡੀਏਵੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਬਟਾਲਾ ਦੇ ਵਿਦਿਆਰਥੀਆਂ ਨੇ ਇੱਕ ਤੋਂ ਵੱਧ ਉਪਲਬਧੀਆਂ ਹਾਸਲ ਕੀਤੀਆਂ।ਪ੍ਰਤੀਯੋਗਤਾ ਵਿੱਚ ਕੁੱਲ ਅੱਠ ਜ਼ੋਨਾਂ ਨੇ ਹਿੱਸਾ ਲਿਆ, ਜਿਸ ਵਿੱਚ ਬਟਾਲਾ ਦੀ ਟੀਮ ਨੇ ਪਾਰੰਪਰਿਕ ਅਤੇ ਕਲਾਤਮਕ (ਆਰਟਿਸਟਿਕ) ਦੋਵੇਂ ਹੀ ਵਰਗਾਂ ਵਿੱਚ ਆਪਣੀ ਸ਼੍ਰੇਸ਼ਠਤਾ ਸਾਬਤ ਕੀਤੀ।ਮੁੰਡਿਆਂ ਦੀ ਰਾਜ ਪੱਧਰ ਲਈ ਚੋਣ ਹੋਈ।ਪਾਰੰਪਰਿਕ ਯੋਗ (ਟ੍ਰੈਡੀਸ਼ਨਲ) ਵਰਗ ਵਿੱਚ ਮੁੰਡਿਆਂ ਦੀ ਟੀਮ ਨੇ ਅੰਡਰ-14 ਅਤੇ ਅੰਡਰ-19 ਵਰਗ ਵਿੱਚ ਪਹਿਲਾ ਸਥਾਨ ਅਤੇ ਅੰਡਰ-17 ਵਰਗ ਵਿੱਚ ਦੂਜਾ ਸਥਾਨ ਹਾਸਲ ਕੀਤਾ।ਕਲਾਤਮਕ ਯੋਗ (ਆਰਟਿਸਟਿਕ) ਵਰਗ ਵਿੱਚ ਸੋਨੇ ਦੇ ਤਗਮੇ ਤੇ ਕਬਜ਼ਾ ਜਮਾਇਆ।ਅੰਡਰ-19 ਲੜਕਿਆਂ ਦੀ ਟੀਮ ਵਿੱਚ ਤਰੁਣ ਕੁਮਾਰ ਅਤੇ ਭਾਵਿਸ਼ ਨੇ ਸੋਨ ਤਗਮਾ ਜਿੱਤਿਆ ਅਤੇ ਰਾਜ ਪ੍ਰਤੀਯੋਗਤਾ ਲਈ ਚੁਣੇ ਗਏ।ਅੰਡਰ-19 ਲੜਕਿਆਂ ਇਕਲੇ (ਸੋਲੋ) ਤਰੁਣ ਕੁਮਾਰ ਨੇ ਸੋਨ ਤਗਮਾ ਜਿੱਤਿਆ।ਅੰਡਰ-17 ਲੜਕਿਆਂ ਇਕੱਲੇ (ਸੋਲੋ) ਸਕਸ਼ਮ ਮਹਾਜਨ ਨੇ ਵੀ ਸੋਨ ਤਗਮਾ ਜਿੱਤਿਆ।ਅੰਡਰ-14 ਲੜਕਿਆਂ ਦੀ ਟੀਮ ਵਿੱਚ ਏਕਮਜੋਤ ਨੇ ਸੋਨ ਤਗਮਾ ਹਾਸਲ ਕੀਤਾ ਅਤੇ ਇਹ ਸਾਰੇ ਰਾਜ ਪੱਧਰ 'ਤੇ ਜਾਣਗੇ।ਕੁੜੀਆਂ ਨੇ ਪਾਰੰਪਰਿਕ ਯੋਗ ਵਿੱਚ ਧਮਾਲ ਮਚਾਈ। ਕਲਾਤਮਕ ਵਿੱਚ ਅੰਡਰ-14, ਅੰਡਰ-17 ਅਤੇ ਅੰਡਰ-19 ਤਿੰਨਾਂ ਹੀ ਵਰਗਾਂ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ।ਅੰਡਰ-14 ਰਜਵੀਰ ਕੌਰ ਨੇ ਕਲਾਤਮਕ (ਆਰਟਿਸਟਿਕ ਸੋਲੋ) ਵਿੱਚ ਅਤੇ ਗੁਰਲੀਨ ਕੌਰ ਦੀ ਕਲਾਤਮਕ (ਆਰਟਿਸਟਿਕ ਪੇਅਰ) ਅਤੇ ਕਲਾਤਮਕ (ਆਰਟਿਸਟਿਕ ਸੋਲੋ) ਦੋਵੇਂ ਵਰਗਾਂ ਵਿੱਚ ਰਾਜ ਪੱਧਰ ਲਈ ਚੋਣ ਹੋਈ।ਅੰਡਰ-17 ਅਨੁਗੀਤ ਕੌਰ ਨੇ ਕਲਾਤਮਕ (ਆਰਟਿਸਟਿਕ ਸੋਲੋ) ਵਰਗ ਵਿੱਚ ਰਾਜ ਪ੍ਰਤੀਯੋਗਤਾ ਲਈ ਚੁਣੇ ਜਾਣ ਦਾ ਮਾਣ ਪ੍ਰਾਪਤ ਕੀਤਾ।ਅੰਡਰ-19 ਖੁਸ਼ਮੀਤ ਨੇ ਕਲਾਤਮਕ ਜੋੜੀ ਵਰਗ ਵਿੱਚ ਰਾਜ ਪੱਧਰ ਤੇ ਪ੍ਰਤੀਯੋਗਤਾ ਕਰਨ ਦਾ ਮੌਕਾ ਪ੍ਰਾਪਤ ਕੀਤਾ। ਪ੍ਰਿੰ. ਡਾ. ਬਿੰਦੂ ਭੱਲਾ ਨੇ ਸਾਰੇ ਜੇਤੂ ਵਿਦਿਆਰਥੀ-ਵਿਦਿਆਰਥਣਾਂ, ਉਨ੍ਹਾਂ ਦੇ ਮਾਪਿਆਂ ਨੂੰ ਵਧਾਈਆਂ ਦਿੱਤੀਆਂ।

25 Aug Page 12.qxd 8/24/2025 9:47 PM Page 1



# ਆਹਲੀ ਕਲਾਂ ਦੇ ਐਡਵਾਂਸ ਬੰਨ੍ਹ ਨੂੰ ਪੰਜ ਥਾਵਾਂ ਤੋਂ ਲੱਗੀ ਢਾਅ

## ● ਸੰਤ ਸੀਚੇਵਾਲ ਦੀ ਅਗਵਾਈ ਹੇਠ ਬੰਨ੍ਹ ਮਜ਼ਬੂਤ ਕਰਨ ਦਾ ਕੰਮ ਜੰਗੀ ਪੱਧਰ 'ਤੇ ਜਾਰੀ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**- ਬਿਆਸ ਦਰਿਆ ਵਿੱਚ ਪਾਣੀ ਦਾ ਪੱਧਰ ਵੱਧਣ ਕਾਰਨ ਹੜ੍ਹ ਦਾ ਖਤਰਾ ਬਣਿਆ ਹੋਇਆ ਹੈ। ਆਹਲੀ ਕਲਾਂ ਵਿੱਚ ਕਿਸਾਨਾਂ ਵੱਲੋਂ ਲਾਏ ਗਏ ਐਡਵਾਂਸ ਬੰਨ੍ਹ ਨੂੰ ਟੁੱਟਣ ਤੋਂ ਬਚਾਉਣ ਲਈ ਇਲਾਕੇ ਦੇ ਲੋਕਾਂ ਨੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਦੀ ਅਗਵਾਈ ਹੇਠ ਦਿਨ-ਰਾਤ ਇੱਕ ਕੀਤਾ ਹੋਇਆ ਹੈ। ਕਮਜ਼ੋਰ ਥਾਵਾਂ 'ਤੇ ਬੰਨ੍ਹ ਨੂੰ ਮਜ਼ਬੂਤ ਕਰਨ ਦਾ ਕੰਮ 16 ਅਗਸਤ ਤੋਂ ਜਾਰੀ ਹੈ। ਸੰਤ ਬਲਬੀਰ ਸਿੰਘ ਸੀਚੇਵਾਲ ਦੇ ਸੇਵਾਦਾਰਾਂ ਨੇ ਦੱਸਿਆ ਕਿ ਹੁਣ ਤੱਕ 15 ਹਾਜ਼ਾਰ ਮਿੱਟੀ ਦੇ ਬੋਰੇ ਭਰ ਕੇ ਬੰਨ੍ਹ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਹੁਣ ਤੱਕ ਕਰੇਟ ਬਣਾਉਣ ਲਈ 15 ਕੁਇੰਟਲ ਲੋਹੇ ਦੀ ਤਾਰ ਲੱਗ ਚੁੱਕੀ।ਆਹਲੀ ਕਲਾਂ ਦੇ ਰਣਜੀਤ ਸਿੰਘ ਅਤੇ ਜਥੇਦਾਰ ਬਲਵਿੰਦਰ ਸਿੰਘ ਨੇ ਦੱਸਿਆ ਡਰੇਨਜ਼ ਵਿਭਾਗ ਦੀਆਂ ਰਿਪੋਰਟਾਂ ਅਨੁਸਾਰ ਦੁਪਹਿਰ ਤਿੰਨ ਵਜੇ ਬਿਆਸ ਦਰਿਆ ਵਿੱਚ ਢਿੱਲਵਾਂ ਪੁਲ ਤੋਂ 1 ਲੱਖ 30 ਹਜ਼ਾਰ ਕਿਊਸਿਕ ਤੋਂ ਵੱਧ ਪਾਣੀ ਲੰਘ ਰਿਹਾ ਹੈ। ਏਨਾ ਪਾਣੀ ਆਉਣ ਨਾਲ 18 ਕਿਲੋਮੀਟਰ ਲੰਮੇ ਕੱਚੇ ਬੰਨ੍ਹ ਨੂੰ ਤਿੰਨ ਥਾਵਾਂ ਤੋਂ ਢਾਅ ਲੱਗ ਰਹੀ ਹੈ। ਕਿਸਾਨਾਂ ਦਾ ਕਹਿਣਾ ਸੀ ਕਿ ਪੰਜ ਥਾਵਾਂ ਤੋਂ ਬੰਨ੍ਹ ਸੰਵੇਦਨਸ਼ੀਲ ਹੈ। ਇੱਥੇ ਬੰਨ੍ਹ ਨੂੰ ਮਜ਼ਬੂਤ ਕਰਨ ਲਈ ਹੁਣ ਤੱਕ 15 ਹਾਜ਼ਾਰ ਮਿੱਟੀ ਦੇ ਬੋਰੇ ਭਰਕੇ ਚਿਣੇ ਜਾ ਚੁੱਕੇ ਹਨ। ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਦੀ ਅਗਵਾਈ ਵਿੱਚ ਸੇਵਾਦਾਰਾਂ ਤੇ ਕਿਸਾਨਾਂ ਨੇ ਪਿੰਡ ਅਹਲੀਕਲਾਂ ਵਿਖੇ ਪੰਦਰਾਂ ਹਜ਼ਾਰ ਰੇਤ ਦੇ ਭਰੇ ਬੋਰੇ ਪਾ ਕੇ 1000 ਫੁੱਟ ਤੱਕ ਕਮਜ਼ੋਰ ਹੋਏ ਬੰਨ੍ਹ ਨੂੰ ਮਜ਼ਬੂਤ ਕਰਨ ਵਿੱਚ ਲੱਗੇ ਹੋਏ ਹਨ। ਸੰਤ ਸੀਚੇਵਾਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆ ਦੱਸਿਆ ਕਿ ਕਿਸਾਨਾਂ ਦੀ ਮੱਦਦ ਨਾਲ ਐਡਵਾਂਸ ਬੰਨ੍ਹ 'ਤੇ ਚਾਰ ਹੋਰ ਕਮਜ਼ੋਰ ਥਾਵਾਂ ਨੂੰ ਮਜ਼ਬੂਤ ਕਰਨ ਦਾ ਕੰਮ ਜਾਰੀ ਹੈ ਅਤੇ ਕਮਜ਼ੋਰ ਥਾਵਾਂ ਨੂੰ ਜਲਦੀ ਹੀ ਮਜ਼ਬੂਤ ਕੀਤਾ ਜਾਵੇਗਾ।



# ਕਾਮਰੇਡ ਦੇਵ ਫ਼ਿਲੌਰ ਨੂੰ ਤੀਸਰੀ ਬਰਸੀ ਮੌਕੇ ਸ਼ਰਧਾਂਜਲੀ ਭੇਟ

**ਫਿਲੌਰ (ਨਿਰਮਲ)**- ਕਾਮਰੇਡ ਦੇਵ ਫ਼ਿਲੌਰ ਦੀ ਤੀਸਰੀ ਬਰਸੀ ਮੌਕੇ ਲੋਕ ਇਨਸਾਫ਼ ਮੰਚ ਅਤੇ ਕਾਮਰੇਡ ਦੇਵ ਫ਼ਿਲੌਰ ਦੇ ਪਰਿਵਾਰ ਵੱਲੋਂ ਮੁਹੱਲਾ ਰਵਿਦਾਸ ਪੁਰਾ ਫਿਲੌਰ ਵਿੱਚ ਪ੍ਰਭਾਵਸ਼ਾਲੀ ਸਮਾਗਮ ਕੀਤਾ ਗਿਆ। ਇਸ ਮੌਕੇ ਵੱਖ ਵੱਖ ਭਰਾਤਰੀ ਜਥੇਬੰਦੀਆਂ ਦੇ ਆਗੂਆਂ ਵੱਲੋਂ ਸ਼ਰਧਾਂਜਲੀ ਭੇਂਟ ਕੀਤੀ ਗਈ ਅਤੇ ਕਾਮਰੇਡ ਦੇਵ ਫ਼ਿਲੌਰ ਵਾਂਗ ਲੋਕ ਮਸਲਿਆਂ ਤੇ ਸਿਰੜ ਨਾਲ ਲੋਕ ਸੰਘਰਸ਼ ਲਾਮਬੰਦ ਕਰਨ ਦਾ ਸੱਦਾ ਦਿੱਤਾ। ਇਸ ਮੌਕੇ ਸਮਾਗਮ ਦੀ ਪ੍ਰਧਾਨਗੀ ਬੀਬੀ ਹੰਸ ਕੌਰ, ਬੀਬੀ ਮਹਿੰਦਰ ਕੌਰ, ਸੰਦੀਪ ਕੁਮਾਰੀ ਸਰਪੰਚ ਰਾਮਗੜ੍ਹ, ਗਰੀਬ ਦਾਸ ਨੀਹਰ, ਮਹਿੰਦਰ ਲਾਲ ਚੁੰਬਰ ਪ੍ਰਧਾਨ ਨਗਰ ਕੌਂਸਲ ਫ਼ਿਲੌਰ, ਰਾਮ ਮੂਰਤੀ ਪ੍ਰਧਾਨ ਗੁਰੂ ਰਵਿਦਾਸ ਮੰਦਿਰ ਪ੍ਰਬੰਧਕ ਕਮੇਟੀ ਰਵਿਦਾਸਪੁਰਾ ਫ਼ਿਲੌਰ, ਮਾਸਟਰ ਹੰਸ ਰਾਜ ਸੰਤੋਖ ਪੁਰਾ, ਪ ਸ ਸ ਫ ਦੇ ਆਗੂ ਕੁਲਦੀਪ ਸਿੰਘ ਕੌੜਾ ਆਦਿ ਨੇ ਕੀਤੀ। ਇਸ ਮੌਕੇ ਭਰਾਤਰੀ ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਕਾਮਰੇਡ ਦੇਵ ਫ਼ਿਲੌਰ ਦਾ ਸੰਘਰਸ਼ਮਈ ਜੀਵਨ ਸਾਨੂੰ ਹਮੇਸ਼ਾਂ ਲੋਕ ਮਸਲਿਆਂ ਤੇ ਸੰਘਰਸ਼ ਕਰਨ ਲਈ ਮਾਰਗ ਦਰਸ਼ਨ ਕਰਦਾ ਰਹੇਗਾ। ਲੋਕ ਇਨਸਾਫ਼ ਮੰਚ ਦੇ ਪ੍ਰਧਾਨ ਜਰਨੈਲ ਫਿਲੌਰ ਵਲੋਂ ਬਰਸੀ ਸਮਾਗਮ ਵਿੱਚ ਸ਼ਿਰਕਤ ਕਰਨ ਲਈ ਲੋਕਾਂ ਦਾ ਧੰਨਵਾਦ ਕੀਤਾ। ਬਰਸੀ ਸਮਾਗਮ ਨੂੰ ਡਾਕਟਰ ਸੰਦੀਪ ਕੁਮਾਰ ਲਾਡੀ ਮਹਿਸਮਪੁਰ, ਡਾਕਟਰ ਅਸ਼ੋਕ ਕੁਮਾਰ, ਹਨੀ ਸੰਤੋਖਪੁਰਾ, ਸੋਮ ਨਾਥ ਸ਼ੇਖੂਪੁਰ, ਰਾਜਵਿੰਦਰ ਸਿੰਘ ਮੁਠੱਡਾ, ਰਵੀ ਕਲੇਰ, ਸਰਬਜੀਤ ਸਾਬਕਾ ਸਰਪੰਚ ਰਾਮਗੜ੍ਹ, ਸੁਰਿੰਦਰ ਮਾਹਲਾ, ਡਾਕਟਰ ਸੁਨੀਲ ਗੰਨਾ ਪਿੰਡ ਆਦਿ ਨੇ ਆਪਣੇ ਵਿਚਾਰ ਪ੍ਰਗਟ ਕੀਤੇ।ਇਸ ਮੌਕੇ ਨਿਰਮਲ ਜੀਤ ਸਾਬਕਾ ਸਰਪੰਚ ਮੀਆਂਵਾਲ, ਸਤਵਿੰਦਰ ਸਿੰਘ ਮੈਂਟਾ ਮਾਓ ਸਾਹਿਬ, ਚੂਹੜ ਰਾਮ ਸਰਪੰਚ ਅੱਟੀ, ਤਿਲਕ ਰਾਜ ਲੰਬੜਦਾਰ, ਸੁਰਿੰਦਰ ਲੰਬੜਦਾਰ, ਸਤਨਾਮ ਸੁਮਨ, ਚਰਨਜੀਤ ਲੰਬੜਦਾਰ, ਗੁਰਮੀਤ ਸਿੰਘ ਲੰਬੜਦਾਰ, ਕਮਲਜੀਤ ਰਾਮਗੜ੍ਹ, ਅਲੀ ਖਾਨ, ਬਖਸ਼ੀਸ਼ ਸਿੰਘ ਪੰਜ ਢੇਰਾ ਪੰਚ, ਰਜਿੰਦਰ ਰਾਜੂ ਬਰਹਮੁਪਰੀ, ਸਤਨਾਮ ਸੁਮਨ, ਜਗਜੀਵਨ ਰਾਮ ਰਾਮਗੜ੍ਹ, ਬਿੰਦਰ ਫ਼ਿਲੌਰ, ਜਸਪਾਲ ਬੰਗੜ, ਵਿਜੇ ਬੰਗੜ, ਜਸਵਿੰਦਰ ਕੁਮਾਰ ਚੋਪੜਾ, ਰਾਜ ਕੁਮਾਰ ਗਿੰਦਾਂ, ਮੱਖਣ ਸੰਤੋਖਪੁਰਾ, ਪਰਮਾਨੰਦ ਸਾਬਕਾ ਕੌਂਸਲਰ, ਚਮਨ ਲਾਲ ਚੌਂਕੜੀਆਂ, ਰਤਨ ਸਿੰਘ ਮਿੱਠੜਾ, ਕੁਲਵੰਤ ਰੁੜਕਾ, ਲੇਖ ਰਾਜ ਪੰਜਾਬੀ ਆਦਿ ਹਾਜ਼ਰ ਸਨ।



## ਪ੍ਰਸ਼ਾਸਨ ਦੀ ਮੁਸਤੈਦੀ ਨੇ ਬਜ਼ੁਰਗ ਦੀ ਜਾਨ ਬਚਾਈ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ, ਬਲਵੀਰ ਸ਼ਾਲ੍ਹਪੁਰੀ)**- ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵਰਤੀ ਗਈ ਮੁਸਤੈਦੀ ਤੇ ਤੁਰੰਤ ਐਕਸ਼ਨ ਹੜ੍ਹ ਪ੍ਰਭਾਵਿਤ ਮੰਡ ਬੰਦੂ ਕਦੀਮ ਪਿੰਡ ਦੇ 78 ਸਾਲਾ ਬਜ਼ੁਰਗ ਕਿਸਾਨ ਬਲਵਿੰਦਰ ਸਿੰਘ ਦੀ ਜਾਨ ਬਚਾਉਣ ਵਿੱਚ ਸਹਾਈ ਹੋਇਆ । ਹੜ੍ਹਾਂ ਦੀ ਸਥਿਤੀ ਵਿੱਚ ਛਾਤੀ ਵਿੱਚ ਤੇਜ ਦਰਦ ਅਤੇ ਬੇਚੈਨੀ ਹੋਣ 'ਤੇ ਪ੍ਰਸ਼ਾਸਨ ਨੂੰ ਸ਼ਨੀਵਾਰ ਸਵੇਰ ਨੂੰ 7 ਵਜੇ ਇਕ ਫੋਨ ਕਾਲ ਆਈ ਜਿਸ 'ਤੇ ਬਚਾਅ ਟੀਮਾਂ ਵਲੋਂ ਤੁਰੰਤ ਕਰਵਾਈ ਕਰਦਿਆਂ ਬਲਵਿੰਦਰ ਸਿੰਘ ਨੂੰ ਤੁਰੰਤ ਹੜ੍ਹ ਪ੍ਰਭਾਵਿਤ ਖੇਤਰ ਵਿਚੋਂ ਕੱਢ ਕੇ ਐਂਬੂਲੈਂਸ ਰਾਹੀਂ ਪਿੰਡ ਲੱਖ ਵਰਿਆਂਹ ਦੇ ਮੈਡੀਕਲ ਕੈਂਪ ਵਿੱਚ ਲਿਆਂਦਾ ਗਿਆ । ਮੁੱਢਲਾ ਇਲਾਜ ਕਰਨ ਉਪਰੰਤ ਬਲਵਿੰਦਰ ਸਿੰਘ ਨੂੰ ਸੁਲਤਾਨਪੁਰ ਲੋਧੀ ਸਿਵਲ ਹਸਪਤਾਲ ਵਿਖੇ ਅਗਾਊਂ ਇਲਾਜ ਲਈ ਰੈਫਰ ਕਰ ਦਿੱਤਾ ਗਿਆ ।ਸਿਵਲ ਸਰਜਨ ਡਾ.ਹਰਪਾਲ ਸਿੰਘ ਅਨੁਸਾਰ ਹੁਣ ਮਰੀਜ਼ ਦੀ ਹਾਲਤ ਸਥਿਰ ਹੈ ਅਤੇ ਉਸ ਦੀ ਹਾਲਤ ਵਿੱਚ ਸੁਧਾਰ ਹੋ ਰਿਹਾ ਹੈ । ਬਲਵਿੰਦਰ ਸਿੰਘ ਦੇ ਪੁੱਤਰ ਗੁਰਦਾਸ ਸਿੰਘ ਨੇ ਪ੍ਰਸ਼ਾਸਨ ਵਲੋਂ ਕੀਤੀ ਗਈ ਤੁਰੰਤ ਕਾਰਵਾਈ ਦਾ ਧੰਨਵਾਦ ਕਰਦਿਆਂ ਕਿਹਾ ਕਿ ਬਚਾਅ ਟੀਮਾਂ ਵਲੋਂ ਤੁਰੰਤ ਸਹਾਇਤਾ ਪਹੁੰਚਾਕੇ ਮੇਰੀ ਪਿਤਾ ਦੀ ਜਾਨ ਨੂੰ ਬਚਾਇਆ ਹੈ ।



## ਸ੍ਰੀ ਨਾਭ ਕੰਵਲ ਰਾਜਾ ਸਾਹਿਬ ਦੀ ਬਰਸੀ ਤੇ ਦੀਵਾਨ ਸਜਾਏ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਸ੍ਰੀ ਨਾਭ ਕੰਵਲ ਰਾਜਾ ਸਾਹਿਬ ਦੀ 85ਵੀਂ ਬਰਸੀ ਤੇ ਪਿੰਡ ਮੁਜਾਰਾ ਨੌ ਆਬਾਦ ਵਿਖੇ ਗੁਰਦੁਆਰਾ ਰਸੋਖਾਲਾ ਸ੍ਰੀ ਨਾਭ ਕੰਵਲ ਰਾਜਾ ਸਾਹਿਬ ਵਿਖੇ ਦੀਵਾਨ ਸਜਾਏ ਗਏ ਅਤੇ ਵੱਡੀ ਗਿਣਤੀ ਵਿੱਚ ਸੰਗਤਾਂ ਦਰਬਾਰ 'ਚ ਨਤਮਸਤਕ ਹੋਈਆਂ ।ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਗਵਾਈ ਚ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ । ਨਗਰ ਕੀਰਤਨ ਦਾ ਸੰਗਤਾਂ ਵੱਲੋਂ ਥਾਂ ਥਾਂ ਸਵਾਗਤ ਕੀਤਾ ਗਿਆ। ।ਜਿਸ ਵਿੱਚ ਭਾਈ ਉਂਕਾਰ ਸਿੰਘ ਮਾਨ, ਭਾਈ ਗੁਰਦੀਪ ਸਿੰਘ ਉਡਾਪੜ ਗੁਰਵਿੰਦਰ ਸਿੰਘ ਬੈਂਸ,ਪੰਡਿਤ ਸੋਮਨਥ ਰੋਡਿਆਂ ਵਾਲਿਆਂ ਦੇ ਜੱਥੇ ਨੇ ਗੁਰ ਇਤਿਹਾਸ ਸੁਣਾਇਆ ।ਸੰਗਤਾਂ ਦੀ ਸਹੂਲਤ ਵਾਸਤੇ ਥਾਂ ਥਾਂ ਤੇ ਲੰਗਰ ਲਗਾਏ ਗਏ। ਵੱਡੀ ਗਿਣਤੀ 'ਚ ਗੱਡੀਆਂ ਵੱਲੋਂ ਸੰਗਤਾਂ ਦੀ ਸੇਵਾ ਲਈ ਮੁਫਤ ਸੇਵਾ ਕੀਤੀ ਗਈ ।ਇਸ ਮੌਕੇ ਇੰਦਰਜੀਤ ਸਿੰਘ ਸਿਆਣ ,ਕੁਲਵੰਤ ਸਿੰਘ ਹੀਰ ਸਾਬਕਾ ਜ਼ਿਲ੍ਹਾ ਪੁਲਿਸ ਮੁਖੀ , ਕਰਨੈਲ ਸਿੰਘ, ਸ਼ਿੰਗਾਰਾ ਸਿੰਘ, ਸੋਹਣ ਸਿੰਘ,ਅਵਤਾਰ ਸਿੰਘ, ਕੁਲਵੰਤ ਸਿੰਘ ਘੁਮਣ , ਪਰਮਜੀਤ ਕੌਰ ਪ੍ਰਧਾਨ ਹਸਪਤਲ ਕਮੇਟੀ,ਤੇਜਿੰਦਰ ਸਿੰਘ, ਸੁਰਿੰਦਰ ਸਿੰਘ, ਬਾਬਾ ਬਿਕਰ ਸਿੰਘ, ਹਰਭਜਨ ਸਿੰਘ, ਦੀਦਾਰ ਸਿੰਘ, ਗੁਰਦੀਪ ਸਿੰਘ ,ਗੁਰਪ੍ਰੀਤ ਸਿੰਘ ਗੋਰਾ, ਸੁਖਵਿੰਦਰ ਸਿੰਘ ਆਦਿ ਹਾਜ਼ਰ ਸਨ।

# ਗ੍ਰੈਂਡ ਫਿਨਾਲੇ ਪੰਜਾਬ ਦੀ ਹਰੀ ਉਦਮੀ ਲਹਿਰ ਦੇ ਅਹਿਮ ਪੜਾਅ ਵਜੋਂ ਉੱਭਰਿਆ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਪੰਜ ਦਿਨਾਂ ਈਕੋਪ੍ਰਵਾਹ 2025 -ਪੰਜਾਬ ਦਾ ਪਹਿਲਾ ਜਲਵਾਯੂ ਹਫ਼ਤਾ ਨੈਸ਼ਨਲ ਐਗਰੀ-ਫੂਡ ਬਾਇਓਟੈਕਨਾਲੋਜੀ ਇੰਸਟੀਚਿਊਟ (ਐਨ ਏ ਬੀ ਆਈ), ਮੋਹਾਲੀ ਵਿਖੇ ਇੱਕ ਯਾਦਗਾਰੀ ਗ੍ਰੈਂਡ ਫਿਨਾਲੇ ਨਾਲ ਸਮਾਪਤ ਹੋਇਆ, ਜੋ ਕਿ ਪੰਜਾਬ ਦੀ ਸਥਿਰਤਾ ਅਤੇ ਹਰੀ ਉਦਮੀ ਨਵੀਨਤਾ ਪ੍ਰਤੀ ਵਚਨਬੱਧਤਾ ਨੂੰ ਹੋਰ ਮਜ਼ਬੂਤ ਕਰਦਾ ਹੈ। ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਇਕੱਠ ਨੂੰ ਸੰਬੋਧਨ ਕਰਦੇ ਹੋਏ, ਇੱਕ ਲਚਕੀਲੇ ਭਵਿੱਖ ਨੂੰ ਆਕਾਰ ਦੇਣ ਵਿੱਚ ਨੌਜਵਾਨਾਂ ਅਤੇ ਖੋਜਾਰਥੀਆਂ ਦੀ ਮਹੱਤਵਪੂਰਨ ਭੂਮਿਕਾ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਜਲਵਾਯੂ ਚੁਣੌਤੀਆਂ ਦੇ ਸਿਰਜਣਾਤਮਕ ਹੱਲ ਲਈ ਭਾਗੀਦਾਰਾਂ ਦੀ ਸ਼ਲਾਘਾ ਕੀਤੀ ਅਤੇ ਟਿਕਾਊ ਉੱਦਮਤਾ ਨੂੰ ਉਤਸ਼ਾਹਿਤ ਕਰਨ ਵਿੱਚ ਪ੍ਰਸ਼ਾਸਨ ਦੇ ਸਮਰਥਨ ਦਾ ਭਰੋਸਾ ਦਿੱਤਾ। ਨਾਬੀ ਮੋਹਾਲੀ ਵਿਖੇ ਸਮਾਪਤੀ ਸਮਾਰੋਹ ਡੀ ਸੀ ਕੋਮਲ ਮਿੱਤਲ ਅਤੇ ਸ਼੍ਰੀ ਅਸ਼ਵਨੀ ਪਾਰੀਕ, ਕਾਰਜਕਾਰੀ ਨਿਰਦੇਸ਼ਕ, ਨੈਸ਼ਨਲ ਐਗਰੀ-ਫੂਡ ਬਾਇਓਟੈਕਨਾਲੋਜੀ ਇੰਸਟੀਚਿਊਟ ਦੇ ਉਦਘਾਟਨੀ ਭਾਸ਼ਣਾਂ ਨਾਲ ਸ਼ੁਰੂ ਹੋਇਆ, ਜਿਸ ਨੇ ਪ੍ਰਭਾਵਸ਼ਾਲੀ ਵਿਚਾਰ-ਵਟਾਂਦਰੇ ਅਤੇ ਨਵੀਨਤਾਵਾਂ ਦੇ ਪ੍ਰਦਰਸ਼ਨ ਲਈ ਦਿਸ਼ਾ ਦਿੱਤੀ।




# ਸੜਕ ਹਾਦਸੇ 'ਚ ਹੋਏ ਨੁਕਸਾਨ ਦਾ ਮੁਆਵਜ਼ਾ ਯਕੀਨੀ ਬਣਾਇਆ ਜਾਵੇਗਾ : ਚੱਬੇਵਾਲ

## ● ਰਾਜ ਸਰਕਾਰ ਹਰੇਕ ਪ੍ਰਭਾਵਿਤ ਪਰਵਾਰ ਦੇ ਨਾਲ ਖੜ੍ਹੀ : ਜਿੰਪਾ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)**- ਹੁਸ਼ਿਆਰਪੁਰ-ਜਲੰਧਰ ਸੜਕ 'ਤੇ ਪਿੰਡ ਮੰਡਿਆਲਾ ਨੇੜੇ ਹੋਏ ਭਿਆਨਕ ਸੜਕ ਹਾਦਸੇ ਅਤੇ ਉਸ ਤੋਂ ਬਾਅਦ ਐਲ ਪੀ ਜੀ ਟੈਂਕਰ ਦੇ ਧਮਾਕੇ ਵਿਚ ਕਈ ਲੋਕ ਗੰਭੀਰ ਜ਼ਖਮੀ ਹੋ ਗਏ। ਇਸ ਦੁਖਦਾਈ ਹਾਦਸੇ ਤੋਂ ਬਾਅਦ ਜ਼ਖਮੀਆਂ ਨੂੰ ਤੁਰੰਤ ਇਲਾਜ ਲਈ ਹੁਸ਼ਿਆਰਪੁਰ ਸਿਵਲ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ। ਸ਼ਨੀਵਾਰ ਨੂੰ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ, ਸੰਸਦ ਮੈਂਬਰ ਡਾ. ਰਾਜਕੁਮਾਰ ਚੱਬੇਵਾਲ ਅਤੇ ਹੁਸ਼ਿਆਰਪੁਰ ਦੇ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਹਸਪਤਾਲ ਪਹੁੰਚੇ ਅਤੇ ਜ਼ਖਮੀਆਂ ਦਾ ਹਾਲਚਾਲ ਪੁੱਛਿਆ ਅਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਮੁਲਾਕਾਤ ਕੀਤੀ। ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਨੇ ਕਿਹਾ ਕਿ ਉਨ੍ਹਾਂ ਮੌਕੇ 'ਤੇ ਜਾ ਕੇ ਸਥਿਤੀ ਦਾ ਜਾਇਜ਼ਾ ਲਿਆ ਸੀ ਤੇ ਹੁਣ ਉਨ੍ਹਾਂ ਹਸਪਤਾਲ ਵਿਚ ਡਾਕਟਰੀ ਸਹੂਲਤਾਂ ਦਾ ਵੀ ਜਾਇਜ਼ਾ ਲਿਆ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਜ਼ਖਮੀਆਂ ਦੇ ਇਲਾਜ ਵਿਚ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਸਰਕਾਰ ਉਨ੍ਹਾਂ ਦੀ ਹਰ ਸੰਭਵ ਸਹਾਇਤਾ ਲਈ ਵਚਨਬੱਧ ਹੈ। ਸੰਸਦ ਮੈਂਬਰ ਡਾ. ਰਾਜਕੁਮਾਰ ਚੱਬੇਵਾਲ ਨੇ ਕਿਹਾ ਕਿ ਸਿਹਤ ਵਿਭਾਗ ਦੇ ਡਾਕਟਰ ਅਤੇ ਸਟਾਫ਼ ਪੂਰੀ ਤਨਦੇਹੀ ਨਾਲ ਜ਼ਖਮੀਆਂ ਦੇ ਇਲਾਜ ਵਿਚ ਲੱਗੇ ਹੋਏ ਹਨ। ਤਿੰਨੋਂ ਜਨ ਪ੍ਰਤੀਨਿਧੀਆਂ ਨੇ ਜ਼ਖਮੀਆਂ ਦੇ ਜਲਦੀ ਠੀਕ ਹੋਣ ਦੀ ਕਾਮਨਾ ਕੀਤੀ ਅਤੇ ਹਸਪਤਾਲ ਪ੍ਰਸ਼ਾਸਨ ਨੂੰ ਇਲਾਜ ਵਿਚ ਸਭ ਤੋਂ ਵਧੀਆ ਸਹੂਲਤਾਂ ਪ੍ਰਦਾਨ ਕਰਨ ਦੇ ਨਿਰਦੇਸ਼ ਦਿੱਤੇ। ਇਸ ਮੌਕੇ ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਗੁਰਵਿੰਦਰ ਸਿੰਘ ਪਾਬਲਾ, ਸਿਵਲ ਸਰਜਨ ਡਾ. ਪਵਨ ਕੁਮਾਰ, ਐਸ.ਐਮ.ਓ ਡਾ. ਕੁਲਦੀਪ ਸਿੰਘ ਤੋਂ ਇਲਾਵਾ ਜ਼ਿਲ੍ਹਾ ਪ੍ਰਸ਼ਾਸਨ ਅਤੇ ਸਿਹਤ ਵਿਭਾਗ ਦੇ ਹੋਰ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ।



## ਦਿਵਿਆਂਗ ਕਰਮਚਾਰੀਆਂ ਨੂੰ ਰਾਤ ਦੀ ਡਿਊਟੀ ਤੋਂ ਛੋਟ : ਬਲਜੀਤ ਕੌਰ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਹੁਣ ਸਾਰੇ ਸਰਕਾਰੀ ਵਿਭਾਗਾਂ ਦੇ ਮੁੱਖੀਆਂ ਨੂੰ ਸਪਸ਼ਟ ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਹਨ ਕਿ ਨੇਤਰਹੀਣ ਅਤੇ ਚੱਲਣ ਫਿਰਨ ਤੋਂ ਅਸਮਰੱਥ ਦਿਵਿਆਂਗ ਕਰਮਚਾਰੀਆਂ ਨੂੰ ਰਾਤ ਦੀ ਡਿਊਟੀ ਤੋਂ ਛੋਟ ਦਿੱਤੀ ਜਾਵੇ ਤੇ ਕਿਸੇ ਵੀ ਦਿਵਿਆਂਗ ਕਰਮਚਾਰੀ ਦੀ ਰਾਤ ਦੀ ਡਿਊਟੀ ਨਾ ਲਗਾਈ ਜਾਵੇ। ਡਾ. ਬਲਜੀਤ ਕੌਰ ਨੇ ਇਹ ਵੀ ਕਿਹਾ ਕਿ ਦਿਵਿਆਂਗ ਅਧਿਕਾਰ ਐਕਟ, 2016 ਦੀ ਧਾਰਾ 3 ਅਤੇ ਧਾਰਾ 20 ਅਨੁਸਾਰ ਬੈਰੀਅਰ-ਫਰੀ ਮਾਹੌਲ ਬਣਾਉਣ ਦੀਆਂ ਹਦਾਇਤਾਂ ਪਹਿਲਾਂ ਵੀ ਕੀਤੀਆਂ ਹੋਈਆਂ ਹਨ, ਤਾਂ ਜੋ ਦਿਵਿਆਂਗ ਕਰਮਚਾਰੀਆਂ ਲਈ ਸਰਕਾਰੀ ਦਫ਼ਤਰਾਂ ਵਿੱਚ ਕੰਮ ਕਰਨ ਲਈ ਸੁਵਿਧਾਜਨਕ ਤੇ ਆਸਾਨ ਵਾਤਾਵਰਣ ਤਿਆਰ ਕੀਤਾ ਜਾ ਸਕੇ।

## ਪੀ ਡਬਲਯੂ ਡੀ ਫੀਲਡ ਐਂਡ ਵਰਕਸ਼ਾਪ ਵਰਕਰ ਯੂਨੀਅਨ ਵੱਲੋਂ 10 ਨੂੰ ਧਰਨਾ : ਮੱਖਣ

**ਕਾਲਾ ਸੰਘਿਆਂ (ਮਨਜੀਤ ਮਾਨ)** ਪੀ ਡਬਲਯੂ ਡੀ ਫੀਲਡ ਐਂਡ ਵਰਕਸ਼ਾਪ ਵਰਕਰ ਯੂਨੀਅਨ ਦੇ ਸੂਬਾ ਸਕੱਤਰ ਸੰਜੀਵ ਕੌਂਡਲ ਨੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਦੱਸਿਆ ਕਿ ਯੂਨੀਅਨ ਦੀ ਹੰਗਾਮੀ ਮੀਟਿੰਗ ਸੂਬਾ ਪ੍ਰਧਾਨ ਮੱਖਣ ਸਿੰਘ ਵਾਹਿਦਪੁਰੀ ਦੀ ਪ੍ਰਧਾਨਗੀ ਹੇਠ ਮਹਿਕਮੇ ਦੇ ਹੈਡ ਆਫਿਸ ਵਿੱਚ ਹੋਈ ਯੂਨੀਅਨ ਦੇ ਸੂਬਾ ਜਰਨਲ ਸੈਕਟਰੀ ਫੁੰਮਣ ਸਿੰਘ ਕਾਠਗੜ੍ਹ ਨੇ ਦੱਸਿਆ ਕਿ ਯੂਨੀਅਨ ਦੀਆਂ ਮੰਗਾਂ ਨੂੰ ਪੂਰਾ ਕਰਨ ਲਈ ਯੂਨੀਅਨ ਵੱਲੋਂ 10 ਸਤੰਬਰ ਨੂੰ ਮਹਿਕਮੇ ਦੇ ਵਿਭਾਗੀ ਮੁਖੀ ਮੁਹਾਲੀ ਦਫਤਰ ਸਾਹਮਣੇ ਧਰਨਾ ਲਾਇਆ ਜਾਵੇਗਾ। ਇਸ ਮੀਟਿੰਗ ਵਿੱਚ ਸੂਬਾ ਕੈਸ਼ੀਅਰ ਬਲਜਿੰਦਰ ਸਿੰਘ , ਸੀਨੀਅਰ ਵਾਈਸ ਪ੍ਰਧਾਨ ਬਲਰਾਜ ਸਿੰਘ ਮੌੜ , ਸਤਨਾਮ ਸਿੰਘ, ਹਰਪ੍ਰੀਤ ਸਿੰਘ ਗਰੇਵਾਲ , ਦਰਸ਼ਨ ਸਿੰਘ ਚੀਮਾ , ਤੇਜਵੰਤ ਸਿੰਘ ਢਿੱਲਵਾਂ , ਰਾਜਪਾਲ ਲਸੋਈ , ਜਗਵੰਤ ਸਿੰਘ, ਨਰਿੰਦਰ ਸਿੰਘ, ਸੁਖਵਿੰਦਰ ਬਲ੍ਹਾ, ਸਤਿਅਮ ਮੋਗਾ, ਲਖਵਿੰਦਰ ਖਾਨਪੁਰ, ਰਾਮ ਲੁਭਾਇਆ ਤ੍ਰਿਵੇਦੀ , ਕੁਲਦੀਪ ਘੱਗਾ, ਅਮਰੀਕ ਸਿੰਘ, ਪੁਸ਼ਪਿੰਦਰ ਪਿੰਕੀ , ਅਤੇ ਧਰਮਪਾਲ ਲੋਟ ਆਦਿ ਮੈਂਬਰ ਸ਼ਾਮਲ ਹੋਏ।



## ਪ੍ਰਸ਼ਾਸਨ ਦੀ ਲਾਪਰਵਾਹੀ ਕਾਰਨ ਹੋਇਆ ਦਰਦਨਾਕ ਹਾਦਸਾ : ਗੈਂਦ, ਠਾਕੁਰ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਰਾਤ 10:30 ਵਜੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਮੰਡਿਆਲਾ ਵਿੱਚ ਗੈਸ ਲਿਜਾ ਰਹੇ ਟੈਂਕਰ ਵਿੱਚ ਹੋਏ ਧਮਾਕੇ ਨਾਲ ਵਾਪਰੇ ਦਰਦਨਾਕ ਹਾਦਸੇ 'ਤੇ ਦੁੱਖ ਪ੍ਰਗਟ ਕਰਦੇ ਹੋਏ, ਨਵੀਂ ਸੋਚ ਸੰਸਥਾ ਦੇ ਸੰਸਥਾਪਕ ਪ੍ਰਧਾਨ ਅਸ਼ਵਨੀ ਗੈਂਦ ਅਤੇ ਵਾਤਾਵਰਨ ਪ੍ਰੇਮੀ ਠਾਕੁਰ ਵੀਰ ਪ੍ਰਤਾਪ ਨੇ ਦੁਖੀ ਮਨ ਨਾਲ ਮ੍ਰਿਤਕਾਂ ਨੂੰ ਸ਼ਰਧਾਂਜਲੀ ਦਿੱਤੀ ਅਤੇ ਜ਼ਖਮੀਆਂ ਦੇ ਜਲਦੀ ਠੀਕ ਹੋਣ ਦੀ ਕਾਮਨਾ ਕੀਤੀ। ਉਨ੍ਹਾਂ ਕਿਹਾ ਕਿ ਸਰਕਾਰ ਲਾਪਰਵਾਹ ਅਧਿਕਾਰੀਆਂ ਖਿ ?ਲਾਫ਼ ਸਖ਼ਤ ਕਾਰਵਾਈ ਕਰੇ। ਜੇਕਰ ਸਮਾਂ ਰਹਿੰਦੇ ਜ਼ਿਲ੍ਹਾ ਪ੍ਰਸ਼ਾਸਨ ਨੇ ਪਿੰਡ ਵਾਸੀਆਂ ਦੇ ਪਹਿਲਾਂ ਅਗਾਹ ਕਰਨ 'ਤੇ ਇਨ੍ਹਾਂ ਗੈਸ ਚੋਰਾਂ ਖਿਲਾਫ਼ ਕਾਰਵਾਈ ਕੀਤੀ ਹੁੰਦੀ ਤਾਂ ਸ਼ਾਇਦ ਇੰਨਾ ਦਰਦਨਾਕ ਅਤੇ ਭਿਆਨਕ ਹਾਦਸਾ ਨਾ ਵਾਪਰਦਾ। ਮੌਕੇ 'ਤੇ ਮੌਜੂਦ ਗੇਂਦ ਤੇ ਰਾਣਾ ਤੋਂ ਇਲਾਵਾ ਹਰੀਸ਼ ਗੁਪਤਾ ਹੈਪੀ, ਨੀਰਜ ਗੇਂਦ, ਰਾਕੇਸ਼ ਕੁਮਾਰ ਵਸ਼ਿਸ਼ਟ, ਰਮਨ ਵਾਲੀਆ, ਦੀਪਕ ਭੱਲਾ ਆਦਿ ਵੀ ਸਨ।

# ਕੰਦੋਲਾ ਵਿਖੇ ਬਾਬਾ ਸ਼ੇਖ ਫਰੀਦ ਦੇ ਸਾਲਾਨਾ ਜੋੜ ਮੇਲੇ ਦਾ ਪੋਸਟਰ ਰਿਲੀਜ਼



**ਆਦਮਪੁਰ (ਪਰਮਜੀਤ ਸਿੰਘ)**- ਫਕੀਰ ਬਾਦਸ਼ਾਹ ਰੋਜ਼ਾ ਸ਼ਰੀਫ਼ ਬਾਬਾ ਸ਼ੇਖ ਫਰੀਦ ਜੀ ਦਾ ਸਲਾਨਾ ਜੋੜ ਮੇਲਾ ਕੰਦੋਲਾ-ਹਰੀਪੁਰ ਰੋਡ, ਕੰਦੋਲਾ (ਆਦਮਪੁਰ) ਜਲੰਧਰ ਵਿਖੇ ਮਿਤੀ 31 ਅਗਸਤ ਦਿਨ ਐਤਵਾਰ ਨੂੰ ਬੜੀ ਸ਼ਰਧਾ ਪੂਰਵਕ ਕਰਵਾਇਆ ਜਾ ਰਿਹਾ ਹੈ। ਸਾਲਾਨਾ ਜੋੜ ਮੇਲੇ ਸਬੰਧੀ ਅੱਜ ਪੋਸਟਰ ਰਿਲੀਜ਼ ਕਰਦਿਆਂ ਡੇਰੇ ਦੀਆਂ ਸੰਗਤਾਂ ਅਤੇ ਡੇਰੇ ਦੇ ਮੁੱਖ ਸੇਵਾਦਾਰ ਬਾਬਾ ਰਵੀਪਾਲ ਸਿੰਘ ਨੇ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਸਲਾਨਾ ਜੋੜ ਮੇਲੇ ਸਬੰਧੀ 30 ਅਗਸਤ ਨੂੰ ਝੰਡੇ ਦੀ ਰਸਮ ਦੁਪਹਿਰ 12 ਵਜੇ ਅਦਾ ਕੀਤੀ ਜਾਵੇਗੀ ਅਤੇ 31 ਅਗਸਤ ਨੂੰ ਸਵੇਰੇ 10 ਵਜੇ ਤੋਂ ਲੈ ਕੇ ਸ਼ਾਮ 5 ਵਜੇ ਤੱਕ ਸੂਫੀਆਨਾ ਮਹਿਫਲ ਸਜਾਈ ਜਾਵੇਗੀ। ਜਿਸ ਦੌਰਾਨ ਪੰਜਾਬੀ ਲੋਕ ਗਾਇਕ ਪੰਮਾ ਡੂਮੇਵਾਲ, ਮੇਲਿਆਂ ਦੇ ਬਾਦਸ਼ਾਹ ਪੰਜਾਬੀ ਲੋਕ ਗਾਇਕ ਦਲਵਿੰਦਰ ਦਿਆਲਪੁਰੀ, ਪੰਜਾਬੀ ਦੋਗਾਣਾ ਜੋੜੀ ਸਰਬਜੀਤ-ਫੁੱਲ ਪ੍ਰੀਤ ਸਮਰਾਲਾ, ਕਮਲ ਕਟਾਣੀਆਂ, ਚਿਰਾਗ ਕਲੋਈਆ ਜਲੰਧਰ, ਲਵਿਸ਼ ਚੌਹਾਨ, ਸੋਨੂ ਗਾਜੀਪੁਰੀਆ, ਚਰਨਪ੍ਰੀਤ ਚੰਨੀ ਅਤੇ ਨੀਟੂ ਸ਼ਟਰਾਂ ਵਾਲਾ ਬਾਬਾ ਜੀ ਦੀ ਮਹਿਮਾ ਦਾ ਗੁਣਗਾਨ ਕਰਨਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮਹਾਵੀਰ ਸਿੰਘ ਰਾਜੂ, ਪਰਮਿੰਦਰ ਸਿੰਘ ਸੋਨੂ, ਕੁਲਜੀਤ ਸਿੰਘ, ਰਣਜੀਤ ਸਿੰਘ ਕਾਲਾ ਜਲਪੋਤਾਂ, ਬਹਾਦਰ ਸਿੰਘ, ਕੁਲਜੀਤ ਸਿੰਘ ਢਿੱਲੋਂ, ਮੰਗਾ, ਚਰਨਜੀਤ ਸਿੰਘ ਯੂ ਐਸ ਏ, ਮਲਕੀਤ ਸਿੰਘ, ਮਨਪ੍ਰੀਤ ਸਿੰਘ, ਜੋਗਰਾਜ ਸਿੰਘ ਦਿਉਲ (ਦਿਉਲ ਇੰਟਰਟੇਨਮੈਂਟ) ਫਿਲਮ ਪ੍ਰੋਡਿਊਸਰ ਡਾਇਰੈਕਟਰ, ਸੁਖਵਿੰਦਰ ਸਿੰਘ, ਪ੍ਰੀਤ ਇੰਦਰ ਸਿੰਘ, ਸੁਰਿੰਦਰ ਪਾਲ ਸਿੰਘ, ਮਨਜੀਤ ਸਿੰਘ ਹਾਜ਼ਰ ਸਨ।

# ਜੰਗਲੀ ਸੂਰ ਮਾਰਨ 'ਤੇ ਅੱਧੀ ਦਰਜਨ ਤੋਂ ਵੱਧ ਮੁਲਜ਼ਮ ਗ੍ਰਿਫ਼ਤਾਰ

**ਚਮਕੌਰ ਸਾਹਿਬ (ਗੁਰਵਿੰਦਰ ਸਿੰਘ ਬੋਬੀ)**- ਨਜ਼ਦੀਕੀ ਪਿੰਡ ਸੈਦਪੁਰ ਵਿੱਚ ਕੁਝ ਨੌਜਵਾਨਾਂ ਵੱਲੋਂ ਜੰਗਲੀ ਸੂਰ (ਵਾਇਲਡ ਬੋਰ) ਦਾ ਸ਼ਿਕਾਰ ਕਰਕੇ ਉਸ ਦਾ ਮਾਸ ਵੇਚਣ ਦੀ ਕੋਸ਼ਿਸ਼ ਕਰਨ ਦੇ ਮਾਮਲੇ ਦਾ ਪਰਦਾਫਾਸ਼ ਹੋਇਆ ਹੈ। ਵਣ ਤੇ ਜੰਗਲੀ ਜੀਵ ਸੁਰੱਖਿਆ ਵਿਭਾਗ ਦੇ ਬਲਾਕ ਅਫਸਰ ਸੁਖਬੀਰ ਸਿੰਘ, ਫਾਰੈਸਟ ਗਾਰਡ ਪ੍ਰਭਜੋਤ ਕੌਰ ਤੇ ਹੇਮ ਰਾਜ ਵੱਲੋਂ ਮੌਕੇ ਤੇ ਪਹੁੰਚ ਕੇ ਕਾਰਵਾਈ ਕਰਦਿਆਂ, ਜਿੱਥੇ ਘਟਨਾ ਸਥਾਨ ਤੋਂ ਸੈਂਪਲ ਆਦਿ ਇਕੱਤਰ ਕੀਤੇ ਗਏ ਹਨ, ਉੱਥੇ ਹੀ ਪਿੰਡ ਦੇ 6 ਨੌਜਵਾਨਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ । ਸਬੰਧਤ ਵਿਭਾਗ ਨੇ ਇਸ ਮਾਮਲੇ ਵਿੱਚ ਸ਼ਾਮਲ ਦੱਸੇ ਗਏ ਹੋਰ ਲੋਕਾਂ ਦੀ ਗ੍ਰਿਫਤਾਰੀ ਲਈ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਫਾਰੈਸਟ ਗਾਰਡ ਪ੍ਰਭਜੋਤ ਕੌਰ ਨੇ ਦੱਸਿਆ ਕਿ ਉਨ੍ਹਾਂ ਨੂੰ ਖ਼ਬਰ ਮਿਲੀ ਸੀ ਕਿ ਪਿੰਡ ਸੈਦਪੁਰ ਅਤੇ ਆਲੇ-ਦੁਆਲੇ ਦੇ ਪਿੰਡਾਂ ਦੇ ਕੁਝ ਨੌਜਵਾਨ ਜੰਗਲੀ ਸੂਰ ਨੂੰ ਮਾਰਨ ਉਪਰੰਤ ਆਪਸ ਵਿੱਚ ਮਾਸ ਵੰਡ ਰਹੇ ਹਨ । ਉਨ੍ਹਾਂ ਮੌਕੇ ਤੇ ਪਹੁੰਚ ਕੇ ਸੀਸੀਟੀਵੀ ਕੈਮਰਿਆਂ ਦੀ ਜਾਂਚ ਉਪਰੰਤ ਵਿਭਾਗੀ ਕਾਰਵਾਈ ਕਰਦਿਆਂ ਅਮਰਜੀਤ ਸਿੰਘ, ਕ੍ਰਿਸ਼ਨ ,ਗੈਰੀ , ਸਾਗਰ, ਗੋਲੂ ਅਤੇ ਦਵਿੰਦਰ ਸਿੰਘ ਸਾਰੇ ਵਾਸੀ ਪਿੰਡ ਸੈਦਪੁਰ ਨੂੰ ਗ੍ਰਿਫ਼ਤਾਰ ਕਰ ਲਿਆ ਹੈ । ਉਨ੍ਹਾਂ ਦੱਸਿਆ ਕਿ ਉਕਤ ਮੁਲਜ਼ਮਾਂ ਨੂੰ ਅਦਾਲਤ ਵਿੱਚ ਪੇਸ਼ ਕਰਨ ਅਤੇ ਇਕੱਤਰ ਕੀਤੇ ਗਏ ਸੈਂਪਲ ਡੀਐਨਏ ਜਾਂਚ ਲਈ ਦੇਹਰਾਦੂਨ ਭੇਜੇ ਜਾਣਗੇ। ਉਨ੍ਹਾਂ ਦੱਸਿਆ ਕਿ ਇਨ੍ਹਾਂ ਮੁਲਜ਼ਮਾਂ ਨੂੰ ਵਣ ਜੀਵ ਸੁਰੱਖਿਆ ਐਕਟ 1972 ਦੀਆਂ ਵੱਖ-ਵੱਖ ਧਾਰਾਵਾਂ ਹੇਠ ਗ੍ਰਿਫ਼ਤਾਰ ਕੀਤਾ ਗਿਆ ਹੈ । ਇਨ੍ਹਾਂ 'ਤੇ ਦੋਸ਼ ਸਾਬਤ ਹੋ ਜਾਣ ਉਪਰੰਤ 3 ਤੋਂ 7 ਸਾਲ ਤੱਕ ਦੀ ਸਜ਼ਾ ਅਤੇ ਭਾਰੀ ਜੁਰਮਾਨਾ ਵੀ ਹੋ ਸਕਦਾ ਹੈ।ਵਣ ਵਿਭਾਗ ਵੱਲੋਂ ਅਜੇ ਹੋਰ ਗ੍ਰਿਫਤਾਰੀਆਂ ਦੀ ਸੰਭਾਵਨਾ ਵੀ ਜਤਾਈ ਜਾ ਰਹੀ ਹੈ ਕਿਉਂਕਿ ਮਾਮਲੇ ਦੀ ਜਾਂਚ ਜਾਰੀ ਹੈ



## 25 ਤੋਂ 8 ਸਤੰਬਰ ਤੱਕ ਮਨਾਇਆ ਜਾਵੇਗਾ ਰਾਸ਼ਟਰੀ ਨੇਤਰਦਾਨ ਪੰਦਰਵਾੜਾ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਨੇਤਰ ਦਾਨ ਐਸੋਸੀਏਸ਼ਨ, ਹੁਸ਼ਿਆਰਪੁਰ ਵੱਲੋਂ 40ਵਾਂ ਰਾਸ਼ਟਰੀ ਨੇਤਰ ਦਾਨ ਪੰਦਰਵਾੜਾ 25 ਅਗਸਤ ਤੋਂ 8 ਸਤੰਬਰ ਤੱਕ ਮਨਾਇਆ ਜਾਵੇਗਾ।ਇਸ ਦਾ ਉਦੇਸ਼ ਵਿਦਿਆਰਥੀਆਂ ਅਤੇ ਆਮ ਲੋਕਾਂ ਨੂੰ ਨੇਤਰ ਦਾਨ ਦੀ ਮਹੱਤਤਾ ਬਾਰੇ ਜਾਗਰੂਕ ਕਰਨਾ ਹੈ।ਇੱਕ ਖ਼ਾਸ ਮੀਟਿੰਗ ਕਾਰਜਕਾਰੀ ਪ੍ਰਧਾਨ ਸੁਰੇਸ਼ ਕਪਾਟੀਆ ਦੀ ਅਗਵਾਈ ਹੇਠ ਹੋਈ, ਜਿਸ ਵਿੱਚ ਪੈਟਰਨ ਬਹਾਦੁਰ ਸਿੰਘ ਸੁਨੇਤ ਅਤੇ ਜਨਰਲ ਸਕੱਤਰ ਬਲਜੀਤ ਸਿੰਘ ਸਮੇਤ ਹੋਰ ਮੈਂਬਰ ਮੌਜੂਦ ਸਨ।ਜਨਰਲ ਸਕੱਤਰ ਬਲਜੀਤ ਸਿੰਘ ਨੇ ਦੱਸਿਆ ਕਿ ਪੰਦਰਵਾੜਾ ਦੀ ਸ਼ੁਰੂਆਤ ਸਿਵਲ ਹਸਪਤਾਲ ਹੁਸ਼ਿਆਰਪੁਰ ਦੇ ਨਰਸਿੰਗ ਸਕੂਲ ਹਾਲ ਵਿੱਚ ਉਦਘਾਟਨੀ ਸਮਾਗਮ ਨਾਲ ਹੋਵੇਗੀ, ਜਿਸ ਵਿੱਚ ਮੁੱਖ ਮਹਿਮਾਨ ਡਾ. ਪਵਨ ਕੁਮਾਰ, ਸਿਵਲ ਸਰਜਨ ਹੁਸ਼ਿਆਰਪੁਰ ਹੋਣਗੇ।ਉਦਘਾਟਨ ਤੋਂ ਬਾਅਦ ਮਾਡਲ ਟਾਊਨ ਕਲੱਬ, ਹੁਸ਼ਿਆਰਪੁਰ ਵਿੱਚ ਪ੍ਰੈਸ ਮੀਟ ਕਰਵਾਈ ਜਾਵੇਗੀ।




## ਰਿਆਤ ਬਾਹਰਾ ਯੂਨੀਵਰਸਿਟੀ ਨੇ 25 ਕਰੋੜ ਦੀ ਸਕਾਲਰਸ਼ਿਪ ਵੰਡੀ




**ਚੰਡੀਗੜ੍ਹ (ਗੁਰਜੀਤ ਬਿੱਲਾ)**- ਰਿਆਤ ਬਾਹਰਾ ਯੂਨੀਵਰਸਿਟੀ ਨੇ ਯੂਨੀਵਰਸਿਟੀ ਕੈਂਪਸ 'ਚ ਆਯੋਜਿਤ ਇੱਕ ਸਮਾਰੋਹ ਵਿੱਚ ਆਰ ਬੀ ਯੂ ਸਕਾਲਰਸ਼ਿਪ ਐਂਟਰੈਂਸ ਟੈਸਟ ਆਰ ਬੀ ਯੂ ਸੈਟ 2025 ਦੇ ਹੋਣਹਾਰ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਅਤੇ ਰਸਮੀ ਤੌਰ 'ਤੇ ਆਰ ਬੀ ਯੂ ਸੈਟ 2026 ਦੀ ਸ਼ੁਰੂਆਤ ਕੀਤੀ।ਇਸ ਸਮਾਗਮ ਦੀ ਪ੍ਰਧਾਨਗੀ ਚਾਂਸਲਰ ਗੁਰਵਿੰਦਰ ਸਿੰਘ ਬਾਹਰਾ ਨੇ ਕੀਤੀ ਅਤੇ ਟੀਸੀਆਈ ਫਰੇਟ ਦੇ ਸੀਈਓ ਈਸ਼ਵਰ ਸਿੰਘ ਸਿਗਾਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਚਾਂਸਲਰ ਗੁਰਵਿੰਦਰ ਸਿੰਘ ਬਾਹਰਾ ਨੇ ਐਲਾਨ ਕੀਤਾ ਕਿ ਆਰਬੀਯੂਸੈਟ 2025 ਦੇ ਤਹਿਤ 25 ਕਰੋੜ ਦੇ ਵਜ਼ੀਫੇ ਦਿੱਤੇ ਗਏ ਹਨ, ਜਿਸ ਨਾਲ ਸੈਂਕੜੇ ਯੋਗ ਅਤੇ ਹੋਣਹਾਰ ਵਿਦਿਆਰਥੀਆਂ ਨੂੰ ਲਾਭ ਹੋਇਆ ਹੈ।

# 'ਆਪ' ਦੇ ਪਰਵਾਰ 'ਚ ਲਗਾਤਾਰ ਹੋ ਰਿਹਾ ਵੱਡੀ ਗਿਣਤੀ 'ਚ ਵਾਧਾ : ਪਾਰਟੀ ਆਗੂ



**ਮਹਿਤਪੁਰ (ਰਾਜਾ)**- ਹਲਕਾ ਸ਼ਾਹਕੋਟ ਦੇ ਬਲਾਕ ਮਹਿਤਪੁਰ ਦੇ ਪਿੰਡ ਗੋਬਿੰਦਪੁਰ ਵਿੱਚ ਕਈ ਪਰਿਵਾਰ ਰਿਵਾਇਤੀ ਪਾਰਟੀਆਂ ਨੂੰ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ।ਬਲਾਕ ਪ੍ਰਧਾਨ ਲਖਵਿੰਦਰ ਸਿੰਘ ਵੱਲੋਂ ਰੱਖੀ ਮੀਟਿੰਗ ਵਿੱਚ ਵੱਡੀ ਗਿਣਤੀ ਵਿੱਚ ਵਿਅਕਤੀਆਂ ਨੇ ਹਿੱਸਾ ਲਿਆ। ਜਿਸ ਵਿੱਚ ਸਰਪੰਚ ਬਲਵਿੰਦਰ ਸਿੰਘ, ਮੈਂਬਰ ਕੁਲਵਿੰਦਰ ਸਿੰਘ, ਸੁਖਵਿੰਦਰ ਸਿੰਘ, ਦਾਰਾ ਸਿੰਘ, ਦਿਲਰਾਜ ਸਿੰਘ ਨਗਰ ਗੋਬਿੰਦਪੁਰ ਹਾਜ਼ਰ ਸੀ। ਇਸ ਮੌਕੇ ਵਿਸ਼ੇਸ਼ ਤੌਰ ਤੇ ਪਹੁੰਚੇ ਜ਼ਿਲਾ ਪ੍ਰਧਾਨ ਪ੍ਰਦੀਪ ਦੁੱਗਲ, ਜਿਲਾ ਸੈਕਟਰੀ ਮਦਨ ਲਾਲ, ਹਲਕਾ ਇੰਚਾਰਜ ਪਿੰਦਰ ਪੰਡੋਰੀ, ਸੰਗਠਨ ਤੇ ਚੇਅਰਮੈਨ ਪੱਛੜੀਆਂ ਸ਼੍ਰੇਣੀਆਂ ਪੰਜਾਬ ਹਰਜਿੰਦਰ ਸਿੰਘ ਸੀਚੇਵਾਲ ਸ਼ਾਮਿਲ ਹੋਏ, ਪਰਿਵਾਰਾਂ ਨੂੰ ਜੀ ਆਇਆ ਕਿਹਾ ਗਿਆ।ਇਸ ਮੌਕੇ ਲਖਵਿੰਦਰ ਸਿੰਘ ਬਲਾਕ ਪ੍ਰਧਾਨ, ਸਰਪੰਚ ਸਰਬਜੀਤ ਲੋਹਗੜ, ਸਰਪੰਚ ਬਖਸੀਸ਼ ਸਿੰਘ, ਸਰਪੰਚ ਸੰਤੋਖ ਸਿੰਘ, ਸਤਨਾਮ ਸਿੰਘ ਲੋਹਗੜ, ਬਲਾਕ ਪ੍ਰਧਾਨ ਬਲਵੀਰ ਮਹੇੜੂ, ਬਲਾਕ ਪ੍ਰਧਾਨ ਕ੍ਰਿਸ਼ਨ ਕੁਮਾਰ ਬਿੱਟੂ, ਗਗਨਦੀਪ ਸਿੰਘ ਸੋਨੂ, ਕਮਲਜੀਤ ਸਿੰਘ ਬੱਬੂ, ਸਰਪੰਚ ਮੱਖਣ ਸਿੰਘ, ਸਰਤਾਜ ਬਾਜਵਾ, ਨਵਦੀਪ ਕੁਮਾਰ ਦੀਪਾ ਮਹਿਤਪੁਰ, ਸੋਨੀ ਝੁੱਗੀਆਂ, ਸੁਰਿੰਦਰ ਕੁਮਾਰ ਸੋਨੂੰ ਆਦਿ ਹਾਜ਼ਰ ਸਨ।

# ਸੁਲਤਾਨਪੁਰ ਲੋਧੀ ਫ਼ੋਟੋਗ੍ਰਾਫਰ ਕਲੱਬ ਵੱਲੋਂ ਵਰਕਸ਼ਾਪ

**ਸੁਲਤਾਨਪੁਰ ਲੋਧੀ (ਹਨੀ)** ਸੁਲਤਾਨਪੁਰ ਲੋਧੀ ਫ਼ੋਟੋਗ੍ਰਾਫਰ ਕਲੱਬ ਵੱਲੋਂ ਵਿਸ਼ਵ ਫ਼ੋਟੋਗ੍ਰਾਫ਼ੀ ਦਿਵਸ ਬਹੁਤ ਹੀ ਉਤਸ਼ਾਹ ਨਾਲ ਮਨਾਇਆ ਗਿਆ।ਦੋ ਦਿਨ ਚੱਲੇ ਸਮਾਗਮ 'ਚ ਪਹਿਲੇ ਦਿਨ ਵਾਤਾਵਰਣ ਦੀ ਸੰਭਾਲ ਲਈ ਵੱਡੀ ਗਿਣਤੀ 'ਚ ਵੱਖ-ਵੱਖ ਪ੍ਰਕਾਰ ਦੇ ਰੁੱਖਾਂ ਦੇ ਬੂਟੇ ਲਗਾਏ ਗਏ।ਉਪਰੰਤ ਸਾਰੇ ਫੋਟੋਗ੍ਰਾਫਰ ਵੀਰਾਂ ਨੇ ਰਲ ਮਿਲ ਕੇ ਕੇਕ ਕੱਟਿਆ ਅਤੇ ਇੱਕ ਦੂਜੇ ਨੂੰ ਵਿਸ਼ਵ ਫ਼ੋਟੋਗ੍ਰਾਫ਼ੀ ਦਿਵਸ ਦੀਆਂ ਵਧਾਈਆਂ ਦਿੱਤੀਆਂ।ਦੂਜੇ ਦਿਨ ਦੇ ਸਮਾਗਮ 'ਚ ਪ੍ਰਧਾਨ ਜਤਿੰਦਰਪਾਲ ਸਿੰਘ ਰਿੱਕੀ ਅਤੇ ਬਲਵੰਤ ਸਿੰਘ ਸੰਗਰ ਦੀ ਅਗਵਾਈ ਵਿਚ ਸਥਾਨਕ ਰੈਸਟੋਰੈਂਟ ਵਿਖੇ ਸੋਨੀ ਕੰਪਨੀ ਵੱਲੋਂ ਤਕਨੀਕੀ ਗਿਆਨ ਅਤੇ ਸਿਰਜਣਾਤਮਕਤਾ ਨੂੰ ਉਤਸ਼ਾਹਿਤ ਕਰਨ ਲਈ ਇੱਕ ਵਿਸ਼ੇਸ਼ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ।ਇਹ ਵਰਕਸ਼ਾਪ ਸੋਨੀ ਕੰਪਨੀ ਦੇ ਸਲਾਹਕਾਰ ਪ੍ਰਸ਼ਾਂਤ ਸ਼ਰਮਾ ਦੁਆਰਾ ਚਲਾਈ ਗਈ।ਇਸ ਦੌਰਾਨ ਵੱਡੀ ਗਿਣਤੀ 'ਚ ਹਾਜ਼ਰ ਫੋਟੋਗਰਾਫਰਾਂ ਨੂੰ ਸੋਨੀ ਕੰਪਨੀ ਦੇ ਕੈਮਰੇ ਦੀਆਂ ਨਵੀਨਤਮ ਵਿਸ਼ੇਸ਼ਤਾਵਾਂ ਅਤੇ ਨਵੀ ਤਕਨੋਲਜੀ ਸਬੰਧੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ।ਇਸ ਤੋਂ ਪਹਿਲਾਂ ਪ੍ਰਧਾਨ ਜਤਿੰਦਰਪਾਲ ਸਿੰਘ ਰਿੱਕੀ ਨੇ ਵਰਕਸ਼ਾਪ 'ਚ ਪਹੁੰਚੇ ਸਾਰੇ ਫ਼ੋਟੋਗ੍ਰਾਫਰਾਂ ਅਤੇ ਸੋਨੀ ਕੰਪਨੀ ਵੱਲੋਂ ਪਹੁੰਚੇ ਕੈਮਰਾ ਮਾਹਿਰਾਂ ਨੂੰ ਜੀ ਆਇਆ ਆਖਿਆ। ਅੰਤ 'ਚ ਬਲਵੰਤ ਸਿੰਘ ਸੰਗਰ ਨੇ ਵਰਕਸ਼ਾਪ ਦੀ ਸਫਲਤਾ ਲਈ ਪਹੁੰਚੇ ਸਾਰੇ ਫ਼ੋਟੋਗ੍ਰਾਫਰਾਂ ਧੰਨਵਾਦ ਕੀਤਾ।ਪ੍ਰੋਗਰਾਮ ਦੇ ਅਖੀਰ 'ਚ ਪ੍ਰਧਾਨ ਰਿੱਕੀ, ਬਲਵੰਤ ਸਿੰਘ ਸੰਗਰ, ਹਰਬੰਸ ਸਿੰਘ ਸੰਗਰ, ਸਰਬਜੀਤ ਸਿੰਘ ਅਤੇ ਤਰਸੇਮ ਸਿੰਘ ਥਿੰਦ ਨੇ ਸੋਨੀ ਕੰਪਨੀ ਤੋਂ ਪਹੁੰਚੀ ਟੀਮ 'ਚ ਅਰਵਿੰਦ, ਪ੍ਰਸ਼ਾਂਤ ਸ਼ਰਮਾ, ਮਿਸਟਰ ਜੁਲਕਾ ਅਤੇ ਰਜਨੀਸ਼ ਸ਼ਰਮਾ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ। ਇਸ ਮੌਕੇ ਕਲੱਬ ਪ੍ਰਧਾਨ ਰਿੱਕੀ ਤੋਂ ਇਲਾਵਾ ਸਰਬਜੀਤ ਸਿੰਘ ਸੈਕਟਰੀ, ਹਰਬੰਸ ਸਿੰਘ ਕੋਆਰਡੀਨੇਟਰ ਕੁਲਵੰਤ ਸਿੰਘ ਕੋਆਰਡੀਨੇਟਰ, ਅਜਮੇਰ ਸਿੰਘ ਪੀ ਆਰ ਓ, ਤਰਸੇਮ ਸਿੰਘ ਥਿੰਦ ਕੈਸ਼ੀਅਰ, ਤੇਜਿੰਦਰ ਸਿੰਘ ਸੱਚਦੇਵਾ, ਸਤਨਾਮ ਸਿੰਘ ਬਿੱਲਾ, ਮੱਖਣ ਸਿੰਘ ਢਿੱਲੋਂ, ਸੰਦੀਪ ਸਿੰਘ ਸੰਨੀ, ਨਵਪ੍ਰੀਤ ਸਿੰਘ ਪੰਮਣ, ਰਨਦੀਪ ਚੌਹਾਨ, ਲਵਪ੍ਰੀਤ ਚੰਦੀ, ਸੁਰਜੀਤ ਸੱਧੂਵਾਲ, ਰੋਹਿਤ, ਜਸਵੀਰ ਸਿੰਘ, ਸੰਦੀਪ ਸ਼ੰਟੀ, ਮੰਗਤ ਗਿੱਲ, ਰਾਜਵੀਰ ਸਿੰਘ ਰਾਜਾ, ਤਰਲੋਕ ਸਿੰਘ, ਜਰਨੈਲ ਸਿੰਘ ਗਿੱਲ, ਵਿੱਕੀ ਨਵ ਸਟੂਡੀਓ, ਜਗਜੀਤ ਸਿੰਘ, ਗੁਰਸਾਹਿਬ ਸਿੰਘ, ਦਲਜੀਤ ਸਿੰਘ ਆਦਿ ਵੱਡੀ ਗਿਣਤੀ 'ਚ ਫੋਟੋਗ੍ਰਾਫਰ ਹਾਜ਼ਰ ਸਨ।



## ਵਰਕ ਵੀਜ਼ਾ 'ਤੇ ਅਸਥਾਈ ਪਾਬੰਦੀ ਦੇ ਮਾਮਲੇ 'ਚ ਸਰਕਾਰ ਤੁਰੰਤ ਦਖਲ ਦੇਵ : ਪ੍ਰਗਟ ਸਿੰਘ

**ਜਲੰਧਰ (ਸ਼ੈਲੀ ਐਲਬਰਟ)**- ਆਲ ਇੰਡੀਆ ਕਾਂਗਰਸ ਕਮੇਟੀ ਦੇ ਸਕੱਤਰ ਅਤੇ ਵਿਧਾਇਕ ਪਦਮਸ਼੍ਰੀ ਪਰਗਟ ਸਿੰਘ ਨੇ ਭਾਰਤ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਹ ਅਮਰੀਕਾ ਵਿੱਚ ਟਰੱਕ ਡਰਾਈਵਰਾਂ ਲਈ ਵਰਕ ਵੀਜ਼ਾ 'ਤੇ ਅਸਥਾਈ ਪਾਬੰਦੀ ਦੇ ਮਾਮਲੇ ਵਿੱਚ ਤੁਰੰਤ ਦਖਲ ਦੇਵੇ। ਵਿਦੇਸ਼ ਨੀਤੀ 'ਤੇ ਸਵਾਲ ਉਠਾਉਂਦੇ ਹੋਏ ਉਨ੍ਹਾਂ ਕਿਹਾ ਕਿ ਹੁਣ ਅਮਰੀਕਾ ਦੇ ਇਸ ਸਖ਼ਤ ਹੁਕਮ ਦਾ ਸਿੱਧਾ ਅਸਰ ਨਾ ਸਿਰਫ਼ ਅਮਰੀਕਾ ਵਿੱਚ ਵਸੇ ਪੰਜਾਬੀਆਂ ਤੇ ਉਨ੍ਹਾਂ ਦੇ ਪਰਵਾਰਾਂ 'ਤੇ ਪਵੇਗਾ, ਸਗੋਂ ਦੇਸ਼ ਦਾ ਵਿਦੇਸ਼ੀ ਰਿਜ਼ਰਵ ਵੀ ਇਸ ਤੋਂ ਅਛੂਤਾ ਨਹੀਂ ਰਹੇਗਾ।ਪਰਗਟ ਸਿੰਘ ਨੇ ਕਿਹਾ ਕਿ ਪੰਜਾਬੀ ਪ੍ਰਵਾਸੀ ਭਾਰਤੀਆਂ ਨੇ ਆਪਣੀ ਮਿਹਨਤ ਅਤੇ ਇਮਾਨਦਾਰੀ ਨਾਲ ਦੁਨੀਆ ਭਰ ਵਿੱਚ ਸਤਿਕਾਰ ਕਮਾਇਆ ਪਰ ਅਚਾਨਕ ਵੀਜ਼ਾ ਫ੍ਰੀਜ਼ ਹੋਣ ਨਾਲ ਉਨ੍ਹਾਂ ਦੀ ਰੋਜ਼ੀ-ਰੋਟੀ ਅਤੇ ਪੰਜਾਬ ਦੇ ਹਜ਼ਾਰਾਂ ਪਰਿਵਾਰਾਂ ਦੀ ਆਰਥਿਕ ਸੁਰੱਖਿਆ 'ਤੇ ਡੂੰਘਾ ਅਸਰ ਪਿਆ ਹੈ।ਉਨ੍ਹਾਂ ਭਾਰਤ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਇਸ ਮਾਮਲੇ ਨੂੰ ਤੁਰੰਤ ਕੂਟਨੀਤਕ ਪੱਧਰ 'ਤੇ ਉਠਾਏ।

## ਬੰਨ੍ਹ ਟੁੱਟਣ ਕਾਰਨ ਪਾਣੀ ਲੋਕਾਂ ਦੇ ਘਰਾਂ 'ਚ ਹੋਇਆ ਦਾਖਲ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਚੋਅ ਦਾ ਬੰਨ੍ਹ ਟੁੱਟਣ ਕਾਰਨ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਅਜਨੋਹਾ ਵਿੱਚ ਪਾਣੀ ਦਾਖਲ ਹੋਣ ਦੀ ਖ਼ਬਰ ਮਿਲੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪੰਜਾਬ ਵਿੱਚ ਭਾਰੀ ਮੀਂਹ ਕਾਰਨ ਜ਼ਿਲ੍ਹੇ ਦੀਆਂ ਸਾਰੀਆਂ ਨਦੀਆਂ, ਨਹਿਰਾਂ ਅਤੇ ਚੋ ਵਿੱਚ ਬਹੁਤ ਜ਼ਿਆਦਾ ਪਾਣੀ ਵਹਿਣਾ ਸ਼ੁਰੂ ਹੋ ਗਿਆ ਹੈ। ਇਸ ਕਾਰਨ ਚੱਬੇਵਾਲ ਵਿਧਾਨ ਸਭਾ ਹਲਕੇ ਅਧੀਨ ਆਉਂਦੇ ਪਿੰਡ ਰੂਪੋਵਾਲ ਵਿੱਚ ਚੋਅ ਦਾ ਬੰਨ੍ਹ ਪਿੰਡ ਕੁਕੜਾ ਨੇੜੇ ਟੁੱਟ ਗਿਆ ਤੇ ਪਾਣੀ ਅਜਨੋਹਾ ਵਿੱਚ ਕਈ ਪਿੰਡਾਂ ਵਿੱਚੋਂ ਹੁੰਦਾ ਹੋਇਆ ਅਜਨੋਹਾ ਦੇ ਸੇਫ਼ਨ ਰਾਹੀਂ ਤੇਜ਼ੀ ਨਾਲ ਵਹਿਣਾ ਸ਼ੁਰੂ ਹੋ ਗਿਆ। ਇਹ ਪਾਣੀ ਪਿੰਡ ਅਜਨੋਹਾ ਦੇ ਪ੍ਰਾਇਮਰੀ ਸਕੂਲ ਅਤੇ ਅਜਨੋਹਾ ਬੱਸ ਸਟਾਪ ਸਾਮ੍ਹਣੇ ਤੋਂ ਹੁੰਦਾ ਹੋਇਆ ਕਈ ਲੋਕਾਂ ਦੇ ਘਰਾਂ ਵਿੱਚ ਦਾਖਲ ਹੋ ਗਿਆ ਹੈ। ਇਸ ਕਾਰਨ ਦੋਵਾਂ ਸਕੂਲਾਂ ਦੇ ਬੱਚਿਆਂ ਨੂੰ ਛੁੱਟੀ ਕਰ ਦਿੱਤੀ ਗਈ । ਪਾਣੀ ਦੇ ਤੇਜ਼ ਵਹਾਅ ਕਾਰਨ ਫ਼ਸਲਾਂ ਦਾ ਬਹੁਤ ਨੁਕਸਾਨ ਹੋਇਆ ਹੈ। ਇਹ ਪਾਣੀ ਅਜਨੋਹਾ ਤੋਂ ਅੱਗੇ ਪਿੰਡ ਨੰਗਲਾ, ਠੰਡਲਾ ਵਿੱਚ ਵੀ ਦਾਖਲ ਹੋ ਗਿਆ ਹੈ ਅਤੇ ਫ਼ਸਲਾਂ ਨੂੰ ਨੁਕਸਾਨ ਪਹੁੰਚਾਇਆ ਹੈ।



# ਕਲੱਬ ਦੇ ਖਿਡਾਰੀਆਂ ਨੇ ਜ਼ਿਲ੍ਹਾ ਸਕੂਲ ਖੇਡਾਂ 'ਚ ਜਿੱਤੇ ਤਗਮੇ



**ਅੱਡਾ ਸਰਾਂ/ਟਾਂਡਾ ਉੜਮੁੜ (ਜਸਵੀਰ ਕਾਜਲ,ਉਂਕਾਰ ਸਿੰਘ)**- ਲਿਟਲ ਕਿੰਗਡਮ ਇੰਟਰਨੈਸ਼ਨਲ ਸਕੂਲ ਦੁਆਰਾ ਚਲਾਏ ਜਾ ਰਹੇ ਵੈਦ ਕਰਾਸਫਿੱਟ ਕਲੱਬ ਦੇ ਖਿਡਾਰੀਆਂ ਨੇ ਜ਼ਿਲ੍ਹਾ ਸਕੂਲ ਖੇਡਾਂ ਵਿਚ ਤਗਮੇ ਜਿੱਤ ਕੇ ਕਲੱਬ ਦਾ ਨਾਂਅ ਰੌਸ਼ਨ ਕੀਤਾ ਹੈ।ਸਕੂਲ ਅਤੇ ਕਲੱਬ ਦੇ ਪ੍ਰੈਜ਼ੀਡੈਂਟ ਗਗਨ ਵੈਦ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਵਾਈਸ ਚੇਅਰਪਰਸਨ ਨੇਹਾ ਵੈਦ ਨੇ ਜੇਤੂ ਖਿਡਾਰੀਆਂ ਨੂੰ ਸਨਮਾਨਿਤ ਕੀਤਾ। ਇਸ ਮੌਕੇ ਕੋਚ ਰੋਹਿਤ ਕੁਮਾਰ ਨੇ ਕਿਹਾ ਕਿ ਸੇਂਟ ਸੋਲਜਰ ਸਕੂਲ ਗੜ੍ਹਦੀਵਾਲਾ ਵਿਖੇ ਆਯੋਜਿਤ 69ਵੀਆਂ ਸਕੂਲ ਖੇਡਾਂ ਜ਼ਿਲ੍ਹਾ ਪੱਧਰੀ ਕਿੱਕਬਾਕਸਿੰਗ ਚੈਂਪੀਅਨਸ਼ਿਪ ਵਿਚ ਹਿੱਸਾ ਲੈਂਦੇ ਹੋਏ, ਕਲੱਬ ਦੀਆਂ ਖਿਡਾਰਨਾਂ ਸਚਲੀਨ ਕੌਰ, ਜਸਨੂਰ ਕੌਰ, ਪ੍ਰਭਜੋਤ ਕੌਰ, ਜਸਮੀਤ ਭਾਟੀਆ, ਪੀਯੂਸ਼ ਨੇ ਆਪਣੇ-ਆਪਣੇ ਵਰਗਾਂ ਵਿੱਚ ਸੋਨੇ ਦੇ ਤਗਮੇ ਜਿੱਤੇ।ਇਸੇ ਤਰ੍ਹਾਂ ਅਰਪਨਦੀਪ ਕੌਰ, ਜਸਮੀਤ ਕੌਰ ਸਿੱਧੂ ਤੇ ਅਰਜੁਨ ਨੇ ਚਾਂਦੀ ਅਤੇ ਅਦਿਤ ਕੁਮਾਰ, ਸਮਰਾਟ ਅਤੇ ਲਿਆ ਨੇ ਕਾਂਸੀ ਦੇ ਤਗਮੇ ਜਿੱਤੇ।ਇਸ ਮੌਕੇ ਕੌਂਸਲਰ ਆਸ਼ੂ ਵੈਦ, ਦੀਕਸ਼ਾ, ਨੈਨਾ ਕੁਮਾਰੀ, ਜਤਿਨ, ਮਿਲਨਦੀਪ, ਸਚਿਨ, ਮੁਕੁਲ, ਆਦਰਸ਼, ਗੁਰਸਾਂਝ, ਸੁਰਜੀਤ ਸਿੰਘ, ਵੰਦਨਾ ਅਤੇ ਜੋਤੀ ਹਾਜ਼ਰ ਸਨ।

# ਗੁਰਦੁਆਰਾ ਟਾਂਵੀ ਸਾਹਿਬ ਨੂੰ ਜਾਂਦੀ ਸੜਕ ਦਾ ਲੈਵਲ ਪਹਿਲੀ ਸੜਕ ਦੇ ਮੁਤਾਬਕ ਹੀ ਰੱਖਿਆ ਜਾਵੇਗਾ : ਐਡਵੋਕੇਟ ਕਰਮਵੀਰ ਸਿੰਘ ਚੰਦੀ

**ਕਾਲਾ ਸੰਘਿਆਂ (ਮਨਜੀਤ ਮਾਨ)** ਜ਼ਿਲ੍ਹਾ ਕਪੂਰਥਲਾ ਦੇ ਇਤਿਹਾਸਕ ਕਸਬਾ ਕਾਲਾ ਸੰਘਿਆਂ ਗੁਰਦੁਆਰਾ ਛੇਵੀਂ ਪਾਤਿਸ਼ਾਹੀ ਟਾਂਵੀ ਸਾਹਿਬ ਰੋਡ 'ਤੇ ਸਥਿਤ ਵਸਨੀਕਾਂ ਨੇ ਮੌਜੂਦਾ ਸਰਕਾਰ ਤੇ ਪ੍ਰਸ਼ਾਸਨ ਨੂੰ ਅਪੀਲ ਕਰਦਿਆਂ ਕਿਹਾ ਕਿ ਗੁਰਦੁਆਰਾ ਛੇਵੀਂ ਪਾਤਿਸ਼ਾਹੀ ਟਾਂਵੀ ਸਾਹਿਬ ਨੂੰ ਜਾਂਦੀ ਸੜਕ ਨੂੰ ਤਿੰਨ ਬਾਰ ਉੱਚਾ ਚੁੱਕਿਆ ਗਿਆ ਜਿਸ ਕਾਰਨ ਉਨ੍ਹਾਂ ਦੇ ਘਰ ਕਾਫੀ ਨੀਵੇਂ ਹੋ ਚੁੱਕੇ ਹਨ, ਜਿਸ ਕਾਰਨ ਬਾਰਸ਼ ਦੌਰਾਨ ਗੰਦਾ ਪਾਣੀ ਤੇ ਜ਼ਹਿਰੀਲੇ ਸੱਪ ਸਪੋਲੀਏ ਉਨ੍ਹਾਂ ਦੇ ਘਰਾਂ ਅੰਦਰ ਦਾਖਲ ਹੋ ਜਾਂਦੇ ਸਨ। ਜਿਸ ਕਾਰਨ ਉਨ੍ਹਾਂ ਦਾ ਜਾਨੀ ਤੇ ਮਾਲੀ ਨੁਕਸਾਨ ਹੋਣ ਦਾ ਡਰ ਬਣਿਆ ਰਹਿੰਦਾ। ਪੀੜ੍ਹਤ ਪਰਵਾਰਾਂ ਨੇ ਕਿਹਾ ਕਿ ਉਨ੍ਹਾਂ ਦੇ ਘਰ ਨੀਵੇਂ ਹੋਣ ਕਾਰਨ ਹੁਣ ਉਹ ਆਪਣੇ ਘਰਾਂ ਨੂੰ ਉੱਚਾ ਨਹੀਂ ਚੁੱਕ ਸਕਦੇ ਘਰਾਂ ਨੂੰ ਉੱਚਾ ਚੁੱਕਣ ਵਿੱਚ ਉਨ੍ਹਾਂ ਵਿੱਚ ਸਮਰਥਾ ਨਹੀਂ ਹੈ। ਪੀੜ੍ਹਤ ਲੋਕਾਂ ਨੇ ਮੌਜੂਦਾ ਸਰਕਾਰ, ਪ੍ਰਸ਼ਾਸਨ ਤੇ ਆਲਮਗੀਰ ਤੇ ਪਿੰਡ ਖ਼ਾਸ ਕਾਲਾ ਦੀਆਂ ਪੰਚਾਇਤਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਇਸ ਸੜਕ ਨੂੰ ਉੱਚਾ ਨਾ ਚੁੱਕਣ ਦੀ ਗੁਹਾਰ ਲਗਾਈ ਸੀ ਜਿਸ ਦਾ ਅੱਜ ਜਾਇਜ਼ਾ ਲੈਣ ਲਈ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਐਡਵੋਕੇਟ ਕਰਮਵੀਰ ਸਿੰਘ ਚੰਦੀ ਆਪਣੇ ਸਾਥੀਆਂ ਸਮੇਤ ਸ਼ਿਰਕਤ ਕੀਤੀ। ਐਡਵੋਕੇਟ ਕਰਮਵੀਰ ਸਿੰਘ ਚੰਦੀ ਨੇ ਕਿਹਾ ਕਿ ਪੀੜ੍ਹਤ ਲੋਕਾਂ ਦੀ ਸਮੱਸਿਆਂ ਨੂੰ ਧਿਆਨ ਵਿੱਚ ਰੱਖਦਿਆਂ ਗੁਰਦੁਆਰਾ ਛੇਵੀਂ ਪਾਤਿਸ਼ਾਹੀ ਟਾਂਵੀ ਸਾਹਿਬ ਰੋਡ ਦੀ ਬਣ ਰਹੀ ਸੜਕ ਨੂੰ ਪਹਿਲਾਂ ਵਾਲੇ ਲੈਵਲ 'ਤੇ ਹੀ ਰੱਖਿਆ ਜਾਵੇਗਾ। ਇਸ ਸੜਕ ਨੂੰ ਘਰਾਂ ਦੇ ਮੂਹਰੇ ਤੋਂ ਉੱਚਾ ਨਾ ਚੁੱਕਣ ਦਾ ਭਰੋਸਾ ਦਿੱਤਾ।



# ਵਿਸ਼ਵ ਫੋਟੋਗ੍ਰਾਫੀ ਦਿਵਸ ਮਨਾਇਆ



**ਅਲਾਵਲਪੁਰ (ਮਦਨ ਬੰਗੜ)**- ਬੀਤੇ ਦਿਨ ਆਦਮਪੁਰ ਦੇ ਇੱਕ ਨਿੱਜੀ ਰੈਸਟੋਰੈਂਟ ਵਿੱਚ ਪੰਜਾਬ ਫੋਟੋਗ੍ਰਾਫਰ ਐਸੋਸੀਏਸ਼ਨ ਇਕਾਈ ਕਿਸ਼ਨਗੜ ਤੇ ਇਕਾਈ ਆਦਮਪੁਰ ਵੱਲੋ ਸਾਂਝੇ ਤੌਰ 'ਤੇ ਵਿਸ਼ਵ ਫੋਟੋਗ੍ਰਾਫਰੀ ਦਿਵਸ ਮਨਾਇਆ ਗਿਆ। ਇਸ ਮੌਕੇ 'ਤੇ ਆਦਮਪੁਰ ਇਕਾਈ ਦੇ ਪ੍ਰਧਾਨ ਬਲਜਿੰਦਰ ਸਿੰਘ ਵੱਲੋ ਆਏ ਹੋਏ ਸਾਰੇ ਫੋਟੋਗ੍ਰਾਫਰਾਂ ਦਾ ਨਿੱਘਾ ਸਵਾਗਤ ਕੀਤਾ। ਪੰਜਾਬ ਫੋਟੋਗ੍ਰਾਫਰ ਐਸੋਸੀਏਸ਼ਨ ਦੀਆਂ ਦੋਨੋਂ ਇਕਾਈਆਂ ਕਿਸ਼ਨਗੜ੍ਹ ਤੇ ਆਦਮਪੁਰ ਦੇ ਸਾਰੇ ਫੋਟੋਗ੍ਰਾਫਰਾਂ ਵੱਲੋ ਆਪਣੇ ਆਪਣੇ ਵਿਚਾਰ ਪੇਸ਼ ਕਰਦਿਆਂ ਵਿਸ਼ਵ ਫੋਟੋਗ੍ਰਾਫੀ ਦਿਵਸ 'ਤੇ ਮੁਬਾਰਕਬਾਦ ਦਿੰਦਿਆਂ ਕੇਕ ਕੱਟ ਕੇ ਵਿਸ਼ਵ ਫੋਟੋਗ੍ਰਾਫੀ ਦਿਵਸ ਮਨਾਇਆ ਗਿਆ। ਉਚੇਚੇ ਤੌਰ 'ਤੇ ਭੋਗਪੁਰ ਇਕਾਈ ਤੋ ਪ੍ਰਧਾਨ ਜਗੀਰ ਸਿੰਘ, ਸੈਕਟਰੀ ਸੁਖਦੀਪ ਸਿੰਘ, ਕਰਤਾਰਪੁਰ ਫੋਟੋਗ੍ਰਾਫਰ ਇਕਾਈ ਦੇ ਪ੍ਰਧਾਨ ਭੁਪਿੰਦਰ ਸਿੰਘ, ਸੈਕਟਰੀ ਰਾਹੁਲ ਸ਼ਰਮਾ,ਆਦਮਪੁਰ ਇਕਾਈ ਦੇ ਪ੍ਰਧਾਨ ਬਲਜਿੰਦਰ ਸਿੰਘ, ਸੈਕਟਰੀ ਫਤਿਹਜੀਤ ਸਿੰਘ, ਜ਼ਿਲਾ ਮੀਤ ਪ੍ਰਧਾਨ ਬਲਜਿੰਦਰ ਸਿੰਘ ਕਿਸ਼ਨਗੜ੍ਹ ਇਕਾਈ ਤੋਂ ਪ੍ਰਧਾਨ ਮਦਨ ਲਾਲ, ਸੈਕਟਰੀ ਭੁਪਿੰਦਰ ਪਾਲ ਭਿੰਦਾ, ਕੈਸ਼ੀਅਰ ਗੁਰਪ੍ਰੀਤ ਸਿੰਘ, ਸੀਨੀਅਰ ਮੀਤ ਪ੍ਰਧਾਨ ਸੁਖਜਿੰਦਰ ਕੁਮਾਰ, ਮੀਤ ਪ੍ਰਧਾਨ ਸੁਖਜਿੰਦਰ ਸੁੱਖਾ, ਪ੍ਰਧਾਨ ਸੁਖਵਿੰਦਰ ਸਿੰਘ ਅਮਨਦੀਪ, ਸਤੀਸ਼ ਕੁਮਾਰ, ਸਾਹਿਲ ਚੋਪੜਾ,ਦੀਪਕ ਵਿਰਦੀ, ਦਿਲਰਾਜ ਸੋਧੀ, ਰਜਿੰਦਰ ਕੁਮਾਰ, ਦੀਪਕ ਮਾਹੀ ਆਦਿ ਹਾਜ਼ਰ ਸਨ।

## ਰਘੂਵੀਰ ਸੈਣੀ ਦੇ ਅਕਾਲ ਚਲਾਣੇ ਤੇ ਕੀਤਾ ਸੋਗ ਪ੍ਰਗਟ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਸੀਨੀਅਰ ਵਕੀਲ ਰਘੂਵੀਰ ਸੈਣੀ ਦੇ ਅਕਾਲ ਚਲਾਣੇ 'ਤੇ ਸੋਗ ਪ੍ਰਗਟ ਕੀਤਾ ਤੇ ਦੁਖੀ ਪਰਵਾਰ ਪ੍ਰਤੀ ਆਪਣੀ ਸੰਵੇਦਨਾ ਪ੍ਰਗਟ ਕੀਤੀ।

**ਜਨਮ ਦਿਨ ਮੁਬਾਰਕ**



ਗੁਰਜੈਸਮ ਜੌਹਲ
ਪਿਤਾ : ਮਨਿੰਦਰ ਸਿੰਘ
ਮਾਤਾ : ਨਵਪ੍ਰੀਤ ਕੌਰ
ਵਾਸੀ : ਜੈਨਪੁਰ